








Twelfth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 38, September 17, 2011
20451 N Plum Grove Rd. Palatine, IL 60074
Ph:847-359-0746, Fax:847-705-9388



ਸ਼ੇਰੇ ਪੰਜਾਬ ਸਪੋਰਸਟ ਕਲੱਬ ਸ਼ਿਕਾਗੋ ਦੇ ਕਬੱਡੀ ਕੱਪ ਦੀ ਜੇਤੂ ਸਿਨਸਿਨੈਟੀ ਦੀ ਟੀਮ (ਖਬਰਾ ਸਫਾ 18 'ਤੇ)

## ਗੁਜਰਾਤ ਦੰਗੇ:ਦਸ ਵਰ੍ਹੇ ਬਾਅਦ ਵੀ ਮੁੱਕ ਨਹੀਂ ਰਿਹਾ ਅਦਾਲਤੀ ਗੇੜ

### ਸੁਪਰੀਮ ਕੋਰਟ ਵੱਲੋਂ ਮੋਦੀ ਨੂੰ ਦਿੱਤੀ ਰਾਹਤ ਤੋਂ ਪੀੜਤ ਨਿਰਾਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਗੁਜਰਾਤ ਦੰਗਿਆਂ ਦੇ ਪੀੜਤਾਂ ਨੂੰ 10 ਵਰ੍ਹਿਆਂ ਬਾਅਦ ਵੀ ਇਨਸਾਫ਼ ਮਿਲਦਾ ਨਜ਼ਰ ਨਹੀਂ ਆ ਰਿਹਾ। ਸੁਪਰੀਮ ਕੋਰਟ ਨੇ 2002 ਦੇ ਦੰਗਿਆਂ ਨੂੰ ਰੋਕਣ ਲਈ ਕਾਰਵਾਈ ਨਾ ਕਰਨ ਦੇ ਮਾਮਲੇ 'ਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਬਾਰੇ ਕੋਈ ਵੀ ਆਦੇਸ਼ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਨਾਲ ਇਨ੍ਹਾਂ ਦੰਗਿਆਂ ਦੀ ਚੀਸ ਝੱਲ ਰਹੇ ਲੋਕ ਇਕ ਵਾਰ ਫਿਰ ਕੁਰਲਾ ਉਠੇ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ ਦਾ ਫੈਸਲਾ ਸਬੰਧਤ ਮੈਜਿਸਟਰੇਟ 'ਤੇ ਛੱਡ ਦਿੱਤਾ ਹੈ ਜੋ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਕਰੇਗਾ।

ਜ਼ਿਕਰਯੋਗ ਹੈ ਕਿ 2002 ਦੇ ਗੁਜਰਾਤ ਦੰਗਿਆਂ ਵਿਚ ਘੱਟ-ਗਿਣਤੀ ਮੁਸਲਿਮ ਫਿਰਕੇ ਨਾਲ ਸਬੰਧਤ ਅੰਦਾਜ਼ਨ ਦੋ ਹਜ਼ਾਰ ਵਿਅਕਤੀ ਮਾਰੇ ਗਏ ਸਨ। ਸੁਪਰੀਮ ਕੋਰਟ ਵਿਚ ਇਹ ਪਟੀਸ਼ਨ ਪਾਈ ਗਈ ਸੀ ਕਿ ਇਸ ਮਾਮਲੇ ਦੀ ਨਿਗਰਾਨੀ ਸੁਪਰੀਮ ਕੋਰਟ ਖੁਦ ਕਰੇ ਕਿਉਂਕਿ ਸੂਬੇ ਦੇ ਮੁੱਖ ਮੰਤਰੀ ਹੋਣ ਕਾਰਨ ਸ੍ਰੀ ਮੋਦੀ ਮਾਮਲੇ ਦੀ ਜਾਂਚ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਸ ਮਾਮਲੇ ਦੀ ਸੁਣਵਾਈ ਜਸਟਿਸ ਡੀ.ਕੇ. ਜੈਨ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕੀਤੀ ਅਤੇ ਉਨ੍ਹਾਂ ਸ੍ਰੀ ਮੋਦੀ ਜਾਂ ਹੋਰ ਸਰਕਾਰੀ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕਰਨ ਬਾਰੇ ਕੋਈ ਆਦੇਸ਼ ਨਹੀਂ ਦਿੱਤਾ ਜਿਨ੍ਹਾਂ ਨੂੰ ਇਸ ਮਾਮਲੇ 'ਚ ਧਿਰ ਬਣਾਇਆ ਗਿਆ ਸੀ। ਇਸ ਬਾਰੇ ਸ਼ਿਕਾਇਤ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜ਼ਾਫਰੀ ਦੀ ਪਤਨੀ ਜ਼ਕੀਆ ਜ਼ਾਫਰੀ ਵੱਲੋਂ ਕੀਤੀ ਗਈ ਸੀ। ਅਹਿਮਦਾਬਾਦ 'ਚ ਦੰਗਿਆਂ ਦੌਰਾਨ ਗੁਲਬਰਗ ਸੁਸਾਇਟੀ 'ਚ ਹੋਏ ਕਤਲੇਆਮ 'ਚ ਸ੍ਰੀ ਜ਼ਾਫਰੀ ਮਾਰੇ ਗਏ ਸਨ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ 'ਤੇ ਵਿਸ਼ੇਸ਼ ਟੀਮ ਨੇ ਇਸ ਮਾਮਲੇ ਦੀ ਜੋ ਜਾਂਚ ਕੀਤੀ ਸੀ, ਉਸ ਦੀ ਅੰਤਿਮ ਰਿਪੋਰਟ ਹੁਣ ਸਬੰਧਤ ਮੈਜਿਸਟਰੇਟ ਕੋਲ ਪੇਸ਼ ਕੀਤੀ ਜਾਵੇਗੀ ਅਤੇ ਉਹ ਹੀ ਇਸ 'ਤੇ ਅਗਲੀ ਕਾਰਵਾਈ ਬਾਰੇ ਫੈਸਲਾ ਕਰੇਗਾ।



ਬੀਬੀ ਜ਼ਕੀਆ ਜ਼ਾਫਰੀ

(ਬਾਕੀ ਸਫਾ 6 'ਤੇ)

## ਅਦਾਲਤ ਵੱਲੋਂ ਹਰਭਗਵਾਨ ਖ਼ਿਲਾਫ਼ ਕਾਰਵਾਈ ਤੋਂ ਨਾਂਹ

### ਸਹਿਜਧਾਰੀ ਮਾਮਲਾ:ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਰੱਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੀਨੀਅਰ ਵਕੀਲ ਹਰਭਗਵਾਨ ਸਿੰਘ ਖ਼ਿਲਾਫ਼ ਫੌਜਦਾਰੀ ਕਾਰਵਾਈ ਕਰਨ ਲਈ ਦਾਖ਼ਲ ਅਰਜ਼ੀ ਖਾਰਜ ਕਰ ਦਿੱਤੀ ਹੈ ਪਰ ਨਾਲ ਹੀ ਕਮੇਟੀ ਨੂੰ ਖੁੱਲ੍ਹ ਦਿੱਤੀ ਹੈ ਕਿ ਕਾਰਵਾਈ ਲਈ ਕੋਈ ਠੋਸ ਕਾਰਨ ਹੋਣ ਦੀ ਸੂਰਤ ਵਿਚ ਨਵੀਂ ਅਰਜ਼ੀ ਦਾਖਲ ਕੀਤੀ ਜਾ ਸਕਦੀ ਹੈ। ਅਗਲੀ ਸੁਣਵਾਈ ਹੁਣ 20 ਸਤੰਬਰ ਨੂੰ ਹੋਵੇਗੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ 'ਤੇ ਸੁਪਰੀਮ ਕੋਰਟ ਜਾਣ ਦਾ ਮਨ ਵੀ ਬਣਾ ਲਿਆ ਹੈ।

ਸ਼੍ਰੋਮਣੀ ਕਮੇਟੀ ਨੇ ਆਪਣੀ ਅਰਜ਼ੀ ਵਿਚ ਸਹਿਜਧਾਰੀ ਸਿੱਖਾਂ ਦੇ ਮਾਮਲੇ ਵਿਚ ਸੀਨੀਅਰ ਵਕੀਲ ਹਰਭਗਵਾਨ ਸਿੰਘ ਵੱਲੋਂ ਪਹਿਲੀ ਸਤੰਬਰ ਨੂੰ ਉਨ੍ਹਾਂ ਦੇ ਵੋਟ ਖੋਹਣ ਵਾਲੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਦੇ ਬਿਆਨ ਨੂੰ ਅਣਅਧਿਕਾਰਤ ਤੌਰ 'ਤੇ ਅਦਾਲਤ ਦੇ ਸਾਹਮਣੇ ਰਿਕਾਰਡ ਕਰਵਾਉਣ ਨੂੰ ਝੂਠੀ ਗਵਾਹੀ ਅਤੇ ਸਾਜ਼ਿਸ਼ ਕਿਹਾ ਸੀ। ਇਸੇ ਤਹਿਤ ਇਸ ਸੀਨੀਅਰ ਵਕੀਲ ਅਤੇ ਦੂਜੇ ਸਾਜ਼ਿਸ਼ ਕਰਨ ਵਾਲਿਆਂ ਵਿਰੁਧ ਕਾਰਵਾਈ ਕਰਨ ਦੀ ਅਦਾਲਤ ਨੂੰ ਬੇਨਤੀ ਕੀਤੀ ਸੀ। ਕਾਰਜਕਾਰੀ ਚੀਫ ਜਸਟਿਸ ਐਮ.ਐਮ. ਕੁਮਾਰ, ਜਸਟਿਸ ਆਲੋਕ ਸਿੰਘ ਤੇ ਜਸਟਿਸ ਗੁਰਦੇਵ ਸਿੰਘ 'ਤੇ ਆਧਾਰਤ ਪੂਰੇ ਬੈਂਚ ਨੇ ਮੰਨਿਆ ਕਿ ਅਜੇ ਤੱਕ ਕਿਸੇ ਵੀ ਅਦਾਲਤ ਨੇ ਇਹ ਫੈਸਲਾ ਨਹੀਂ ਦਿੱਤਾ ਕਿ ਸੀਨੀਅਰ ਵਕੀਲ ਹਰਭਗਵਾਨ ਸਿੰਘ ਨੇ ਅਣਅਧਿਕਾਰਤ ਬਿਆਨ ਦਿੱਤਾ ਹੈ। ਇਸ 'ਤੇ ਸ਼੍ਰੋਮਣੀ ਕਮੇਟੀ ਦੇ ਵਕੀਲ ਨੇ ਧਾਰਾ 340 ਤਹਿਤ ਮੁੱਢਲੀ ਜਾਂਚ ਕਰਵਾਉਣ ਦੀ ਬੇਨਤੀ ਕੀਤੀ। ਬੈਂਚ ਨੇ ਕਿਹਾ ਕਿ ਪਹਿਲੀ ਸਤੰਬਰ ਦੇ ਹੁਕਮ ਵਾਪਸ ਲੈਣ ਦੀ ਕਾਰਵਾਈ ਹਾਈ ਕੋਰਟ ਵਿਚ ਅਜੇ ਚੱਲ ਰਹੀ ਹੈ। ਇਸ ਲਈ ਇਸ ਅਰਜ਼ੀ ਨੂੰ ਸਮੇਂ ਤੋਂ ਪਹਿਲਾਂ ਦਾਖ਼ਲ ਕੀਤੀ ਗਈ ਮੰਨਦੇ ਹੋਏ ਖਾਰਜ ਕੀਤਾ ਜਾਂਦਾ ਹੈ।

ਇਸੇ ਦੌਰਾਨ ਸਹਿਜਧਾਰੀਆਂ ਦੇ ਮਾਮਲੇ ਵਿਚ ਭਾਰਤ ਸਰਕਾਰ ਵੱਲੋਂ ਪਹਿਲੀ ਸਤੰਬਰ ਦੇ ਹੁਕਮ ਵਾਪਸ ਲੈਣ ਦੀ ਅਰਜ਼ੀ ਦਾ ਜਵਾਬ ਪੰਜਾਬ ਸਰਕਾਰ ਨੇ ਦਾਖਲ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਦਾਖਲ ਕੀਤੇ ਜਵਾਬ ਵਿਚ ਕਿਹਾ ਹੈ ਕਿ 2 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਸੰਸਦ ਵਿਚ ਦਿੱਤੇ ਗਏ

(ਬਾਕੀ ਸਫਾ 6 'ਤੇ)









# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

## Pacific Coast Law Firm P.C.


**(916)443-1190**
9245 Laguna Springs Dr., Ste. 200,
Elk Grove, CA 95758

Now Serving Two Locations
www.pacificcoastlawfirm.com

**(209) 475-6001**
2351 W. March Lane Suite A,
Stockton, CA 95207




# ਉਤਰੀ ਕੈਲੀਫੋਰਨੀਆ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ





**ਉਤਰੀ ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਕਲ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਨਹੀਂ ਸੀ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। *-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।*



ਮੈਨੂੰ ਸੰਨ 2007 ਤੋਂ ਲੱਕ ਦਰਦ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣੀ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। *-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।*



ਇਸ ਡਾਕਟਰ ਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ, ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209-464-7738, 916-564-5551**

### ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

***Northern California*** ਕਲੀਨਿਕ **2531** N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

ਨੋਟ (1):ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਨੋਟ (2): ਜੇ ਤੁਸੀਂ ਅਪੁਆਇੰਟਮੈਂਟ 23 ਸਤੰਬਰ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਹੋਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸ ਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

# ਗੁਰਦੁਆਰਾ ਸੈਨ ਹੋਜ਼ੇ ਦੇ ਚੱਲਦੇ ਕੇਸਾਂ ਦੀ ਅਸਲੀਅਤ-ਤੱਥਾਂ ਦੀ ਜ਼ੁਬਾਨੀ

# ਕੇਸਾਂ ਨੂੰ ਹਊਆ ਬਣਾ ਕੇ ਪੇਸ਼ ਕਰ ਰਹੇ ਹਨ ਸੁਧਾਰਕ ! ! !

**ਸੈਨ ਹੋਜ਼ੇ:** ਪਿਛਲੇ ਕੁਝ ਹਫ਼ਤਿਆਂ ਤੋਂ ਸੁਧਾਰ ਕਮੇਟੀ ਜਿਨ੍ਹਾਂ ਦੀ ਪਿੱਠ 'ਤੇ ਜਸਜੀਤ ਸਿੰਘ ਚੇਲਾ (ਅੰਮ੍ਰਿਤਸਰ ਟਾਈਮਜ਼), ਬਲਬੀਰ ਢਿੱਲੋਂ ਅਤੇ ਜਸਵੰਤ ਸਿੰਘ ਹੋਠੀ ਆਦਿ ਹਨ, ਵਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸੈਨ ਹੋਜ਼ੇ ਗੁਰਦੁਆਰਾ ਕਮੇਟੀ ਨੇ ਲੱਖਾਂ ਡਾਲਰ ਗੁਰੂਘਰ ਦੇ ਕੇਸਾਂ 'ਤੇ ਲਾ ਦਿੱਤਾ ਹੈ। ਦੋ ਹਫਤੇ ਪਹਿਲਾਂ ਉਨ੍ਹਾਂ ਦੇ ਮਨਘੜਤ ਅੰਕੜੇ 1,50,000 ਡਾਲਰ ਦੇ ਕਰੀਬ ਸਨ ਪਰ ਪਿਛਲੇ ਹਫ਼ਤੇ ਵਧ ਕੇ ਤਿੰਨ ਲੱਖ ਡਾਲਰ ਦੇ ਕਰੀਬ ਪਹੁੰਚ ਗਏ। ਸਿਆਣਿਆਂ ਦਾ ਕਹਿਣਾ ਹੈ ਕਿ ਜੇ ਗੱਲਾਂ ਦਾ ਕੜਾਹ ਹੀ ਕਰਨਾ ਹੋਵੇ ਤਾਂ ਫਿਰ ਚਾਸ਼ਨੀ ਕਾਹਤੋਂ ਘੱਟ ਪਾਉਣੀ! ਭਾਵ ਜਦ ਝੂਠ ਹੀ ਮਾਰਨਾ ਹੋਵੇ ਤਾਂ ਫਿਰ ਸੰਕੋਚ ਕਾਹਤੋਂ ਕਰਨਾ!

ਇਹ ਜੋਟੀਦਾਰ ਗੁਰੂ ਘਰ ਦੇ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਬਾਰੇ ਲਿਖਦੇ ਹਨ ਕਿ ਉਹ ਪੈਸਿਆਂ ਦੇ ਜ਼ੋਰ ਨਾਲ ਵਿਰੋਧੀਆਂ 'ਤੇ ਕੇਸ ਕਰੀ ਜਾ ਰਹੇ ਹਨ। ਇੱਥੇ ਇਹ ਗੱਲ ਸਾਫ਼ ਹੈ ਕਿ ਜੇ ਵਿਰੋਧੀ ਸਮੇਤ ਅਖਬਾਰ ਅੰਮ੍ਰਿਤਸਰ ਟਾਈਮਜ਼, ਢਿੱਲੋਂ ਸਾਹਿਬ ਬਾਰੇ ਅਸਲੀਅਤ ਤੋਂ ਕੋਹਾਂ ਦੂਰ ਮਨਘੜਤ ਖ਼ਬਰਾਂ ਛਪਵਾਉਂਦੇ ਅਤੇ ਛਾਪਦੇ ਰਹਿਣਗੇ, ਫਿਰ ਢਿੱਲੋਂ ਸਾਹਿਬ ਵੱਲੋਂ ਉਨ੍ਹਾਂ ਉਪਰ ਕੇਸ ਤਾਂ ਹੋਏਗਾ ਹੀ, ਕੋਈ ਤਮਗੇ ਤਾਂ ਬਖ਼ਸ਼ੇ ਨਹੀਂ ਜਾਣ ਲੱਗੇ। ਜੇ ਗੁਰਦੁਆਰਾ ਸੁਧਾਰਕਾਂ ਦਾ ਨਕਾਬ ਪਾਈ ਬੈਠੇ ਸ਼ਖ਼ਸ ਸਿਰਫ਼ ਦੋ ਹਫਤਿਆਂ ਅੰਦਰ ਹੀ ਕੇਸਾਂ ਦਾ ਖਰਚਾ ਡੇਢ ਲੱਖ ਡਾਲਰ ਤੋਂ ਤਿੰਨ ਲੱਖ ਡਾਲਰ ਬਣਾ ਦੇਣਗੇ, ਫਿਰ ਭਲਾ ਸੋਚੋ, ਕੇਸਾਂ ਨੂੰ ਸੱਦਾ ਕੌਣ ਦੇ ਰਿਹਾ ਹੈ? ਸੁਧਾਰ ਕਮੇਟੀ ਜਾਂ ਪ੍ਰਬੰਧਕ ਕਮੇਟੀ? ਸ. ਭੁਪਿੰਦਰ ਸਿੰਘ ਢਿੱਲੋਂ ਹੋਰਾਂ ਇਕ ਨਿੱਜੀ ਕੇਸ ਸ. ਬਲਬੀਰ ਸਿੰਘ ਢਿੱਲੋਂ 'ਤੇ ਕੀਤਾ ਹੈ। ਇਹ ਦਾਅਵਾ ਹੱਤਕ ਦਾ ਹੈ। ਉਸ ਦਾ ਸਾਰਾ ਖ਼ਰਚਾ ਭੁਪਿੰਦਰ ਸਿੰਘ ਢਿੱਲੋਂ ਆਪਣੀ ਜੇਬ ਵਿਚੋਂ ਕਰ ਰਹੇ ਹਨ ਪਰ ਇੱਥੇ ਅਸੀਂ ਸੁਧਾਰਕਾਂ ਦੀ ਮੰਗ 'ਤੇ ਕੇਸਾਂ ਦਾ ਵਿਸਥਾਰ ਸੰਗਤ ਦੇ ਰੂ-ਬ-ਰੂ ਜ਼ਰੂਰ ਕਰਨਾ ਚਾਹਾਂਗੇ ਤਾਂ ਕਿ ਸੁਧਾਰਕਾਂ ਵੱਲੋਂ ਹਊਆ ਬਣਾ ਕੇ ਪੇਸ਼ ਕੀਤੇ ਜਾ ਰਹੇ ਕੇਸਾਂ ਵਿਚ ਗੁਰੂਘਰ ਦਾ ਕੀ ਨੁਕਸਾਨ ਹੋਇਆ ਤੇ ਕੀ ਫਾਇਦਾ? ਇਸ ਬਾਰੇ ਗੁਰੂ ਪਿਆਰੀ ਸੰਗਤ ਨੂੰ ਹਕੀਕਤ ਦਾ ਪਤਾ ਲੱਗ ਸਕੇ।

**ਕੇਸ:** ਗੁਰਦੁਆਰਾ ਸਾਹਿਬ ਬਨਾਮ ਬਲਬੀਰ ਸਿੰਘ ਢਿੱਲੋਂ, ਬਖ਼ਸ਼ੀਸ਼ ਸਿੰਘ ਚਾਹਲ, ਬਚਿੱਤਰ ਸਿੰਘ ਸੰਘਾ।

ਉਪਰੋਕਤ ਤਿੰਨੇ ਸੱਜਣ ਅੱਜ ਕੱਲ੍ਹ ਸੁਧਾਰ ਕਮੇਟੀ ਨਾਲ ਹਨ। ਇਨ੍ਹਾਂ ਨੇ ਸਤੰਬਰ 2009 ਵਿਚ ਗੁਰੂਘਰ 'ਤੇ ਕੇਸ ਕੀਤਾ ਕਿ ਸਾਨੂੰ ਗੁਰੂਘਰ ਦਾ ਰਿਕਾਰਡ ਚਾਹੀਦਾ ਹੈ। ਦੋਹਾਂ ਧਿਰਾਂ ਦੀ ਸਹਿਮਤੀ ਨਾਲ ਜਨਵਰੀ 2010 ਵਿਚ ਕੇਸ ਸਮਾਪਤ ਹੋ ਗਿਆ। ਰਿਕਾਰਡ ਪ੍ਰਾਪਤ ਕਰ ਲਿਆ ਪਰ ਇਹ ਕੇਸ ਬੇਵਜ੍ਹਾ ਹੀ ਸੀ। ਗੁਰੂਘਰ 'ਤੇ ਕੇਸ ਕਿਸ ਨੇ ਕੀਤਾ? ਪੈਸਾ ਕਿਸ ਨੇ ਬਰਬਾਦ ਕੀਤਾ? ਸੁਧਾਰਵਾਦੀਆਂ ਦਾ ਮਖੌਟਾ ਪਹਿਨੀ ਉਪਰੋਕਤ ਤਿੰਨਾਂ ਭੱਦਰ ਪੁਰਸ਼ਾਂ ਨੇ? ਜੇ ਪ੍ਰਾਪਤ ਦਸਤਾਵੇਜ਼ਾਂ ਨਾਲ ਸਾਨੂੰ ਕਟਹਿਰੇ ਵਿਚ ਖੜ੍ਹੇ ਕਰਦੇ ਤਾਂ ਇਹ ਕੇਸ ਜਾਇਜ਼ ਹੁੰਦਾ। ਫਿਰ ਕੋਈ ਗੱਲ ਵੀ ਬਣਦੀ, ਪਰ ਉਪਰੋਕਤ ਸ਼ਖ਼ਸਾਂ ਦੀ ਪ੍ਰਾਪਤੀ ਸੀ ਗੋਲਕ ਦਾ ਨੁਕਸਾਨ? ਪਰ ਹੁਣ ਇਹ ਕੇਸਾਂ ਦਾ ਹਊਆ ਇੰਜ ਬਣਾ ਰਹੇ ਹਨ ਜਿਵੇਂ ਪ੍ਰਬੰਧਕਾਂ ਨੇ ਕੇਸ ਇਨ੍ਹਾਂ ਸਿਰ ਠੋਕਿਆ ਹੋਵੇ!! ਇਹਨੂੰ ਕਹਿੰਦੇ ਨੇ 'ਜੰਜ ਕੁਪੱਤੀ ਤੇ ਸੁਥਰਾ ਭਲਾਮਾਣਸ'!!

**ਕਿੱਸਾ ਲੋਨ ਦੇ ਕੇਸ ਦਾ:** ਜਦ ਅਜੇ ਗੁਰੂਘਰ ਪਾਸ ਕੰਸਟਰੱਕਸ਼ਨ ਲੋਨ ਹੀ ਸੀ, ਤਾਂ ਅੱਜ ਦੇ ਸੁਧਾਰਕਾਂ ਨੇ ਉਸ ਵਕਤ ਬੈਂਕ ਨੂੰ ਚਿੱਠੀ ਲਿਖ ਮਾਰੀ ਕਿ ਗੁਰੂਘਰ ਦਾ ਲੋਨ ਰੋਕ ਦਿੱਤਾ ਜਾਵੇ ਕਿਉਂਕਿ ਬਾਬ ਢਿੱਲੋਂ ਅਤੇ ਕਮੇਟੀ ਤੁਹਾਨੂੰ ਗੁੰਮਰਾਹ ਕਰਕੇ ਲੋਨ ਲੈ ਰਹੇ ਹਨ। ਆਧਾਰ ਇਹ ਸੀ ਕਿ ਬਾਬ ਢਿੱਲੋਂ ਨੇ ਅਨੁਮਾਨ ਨਾਲੋਂ ਜ਼ਿਆਦਾ ਖਰਚਾ ਕਰ ਦੇਣਾ ਹੈ। ਅੱਜ ਦੇ ਸੁਧਾਰਕਾਂ ਦੀ ਉਸ ਵਕਤ ਦਲੀਲ ਸੀ ਕਿ ਹਾਲ ਮਾਰਕ ਕੰਸਟਰਕਸ਼ਨ ਕੰਪਨੀ ਵੀ ਗਵਾਹੀ ਭਰਦੀ ਹੈ ਕਿ ਜਿਹੜਾ ਕੰਮ 32 ਲੱਖ ਡਾਲਰ ਦਾ ਹੈ, ਉਹ ਬਾਬ ਢਿੱਲੋਂ 20-22 ਲੱਖ ਡਾਲਰ ਵਿਚ ਕਿਵੇਂ ਕਰਵਾਏਗਾ? ਮਜਬੂਰਨ, ਇਨ੍ਹਾਂ ਦੀ ਇਸ ਘਟੀਆ ਹਰਕਤ ਖ਼ਿਲਾਫ਼ ਕੇਸ ਕਰਨਾ ਪਿਆ। ਕਾਰਨ ਸਾਫ਼ ਸੀ ਕਿ ਇਹ ਲੋਕ ਲੋਨ ਰੁਕਵਾ ਕੇ ਅਸਫਲਤਾ ਦਾ ਕਾਲਾ ਟਿੱਕਾ ਬਾਬ ਢਿੱਲੋਂ ਦੀ ਅਗਵਾਈ ਹੇਠਲੇ ਪ੍ਰਬੰਧਕਾਂ ਦੇ ਮੱਥੇ 'ਤੇ ਲਾਉਣਾ ਚਾਹੁੰਦੇ ਸਨ ਪਰ ਅਕਾਲ ਪੁਰਖ ਨੂੰ ਕੁਝ ਹੋਰ ਮਨਜ਼ੂਰ ਸੀ।


ਪ੍ਰਬੰਧਕਾਂ ਨੇ ਸੰਗਤ ਦੀ ਕ੍ਰਿਪਾ ਸਦਕਾ ਲਗਭਗ ਉਨੇ ਪੈਸੇ ਵਿਚ ਗੁਰੂਘਰ ਦੇ ਉਸ ਫੇਜ਼ ਦਾ ਨਿਰਮਾਣ ਹੀ ਨਹੀਂ ਕੀਤਾ, ਸਗੋਂ ਬੈਂਕ ਕੋਲੋਂ ਸਫਲਤਾਪੂਰਵਕ ਲੋਨ ਵੀ ਹਾਸਲ ਕੀਤਾ। ਅੱਜ ਦੇ ਇਨ੍ਹਾਂ ਸੁਧਾਰਕਾਂ ਦੀ ਉਸ ਮਨਹੂਸ ਗਲਤੀ ਨਾਲ ਕੇਸ ਉਤੇ ਗੁਰੂਘਰ ਦਾ ਤਕਰੀਬਨ 50 ਹਜ਼ਾਰ ਡਾਲਰ ਲੱਗਾ। ਇਹ ਕੇਸ ਸਤੰਬਰ 2009 ਵਿਚ ਹੋਇਆ, ਅਜੇ ਪਿਛਲੀ ਦਿਨੀਂ ਹੀ ਇਸ ਦੀ ਸੈਟਲਮੈਂਟ ਹੋਈ ਹੈ। ਇਵਜਾਨੇ ਵਜੋਂ ਗੁਰੂਘਰ ਨੂੰ ਇਕ ਲੱਖ ਡਾਲਰ ਪ੍ਰਾਪਤ ਹੋਇਆ। ਜਿਨ੍ਹਾਂ ਵਿਅਕਤੀਆਂ ਉਤੇ ਲੋਨ ਰੁਕਵਾਉਣ ਦੀ ਘਿਨਾਉਣੀ ਕਾਰਵਾਈ ਦਾ ਇਲਜ਼ਾਮ ਸੀ ਅਤੇ ਜਿਨ੍ਹਾਂ ਵਿਰੁਧ ਗੁਰੂਘਰ ਤਰਫੋਂ ਕੇਸ ਹੋਇਆ, ਉਨ੍ਹਾਂ ਦੇ ਨਾਮ ਹਨ:

ਬਖ਼ਸ਼ੀਸ਼ ਸਿੰਘ ਚਾਹਲ, ਬਚਿੱਤਰ ਸਿੰਘ ਸੰਘਾ, ਬਲਬੀਰ ਸਿੰਘ ਢਿੱਲੋਂ, ਜਸਵੰਤ ਸਿੰਘ ਹੋਠੀ, ਬਲਵੰਤ ਸਿੰਘ ਚਾਹਲ ਅਤੇ ਮਹਿੰਦਰ ਸਿੰਘ ਗਰੇਵਾਲ। ਇਨ੍ਹਾਂ 'ਚੋਂ ਬਹੁਤਿਆਂ ਨੂੰ ਅੱਜ ਕੱਲ੍ਹ ਸੁਧਾਰਕਾਂ ਦਾ ਨਕਾਬ ਪਾ ਕੇ ਗੁਰੂਘਰ ਵਿਚ ਘੁੰਮਦੇ ਦੇਖਿਆ ਜਾ ਸਕਦਾ ਹੈ।

ਅੱਜ ਕੇਸਾਂ ਦੀ ਗਿਣਤੀ ਕਰਨ ਵਾਲਿਆਂ ਨੂੰ ਤਾਂ ਸਗੋਂ ਸ਼ਰਮਸਾਰ ਹੋਣਾ ਚਾਹੀਦਾ ਹੈ। ਗਣਿਤ ਦੀ ਸਮਝ ਰੱਖਣ ਵਾਲਾ ਹਰ ਵਿਅਕਤੀ ਸਮਝ ਸਕਦਾ ਹੈ ਕਿ 50 ਹਜ਼ਾਰ ਡਾਲਰ ਲਾ ਕੇ ਜੇ ਇਕ ਲੱਖ ਡਾਲਰ ਦੀ ਵਸੂਲੀ ਹੁੰਦੀ ਹੈ, ਜਿਵੇਂ ਉਪਰੋਕਤ ਲੋਨ ਰੁਕਵਾਉਣ ਵਾਲਿਆਂ ਦੇ ਕੇਸ ਵਿਚ ਹੋਈ ਹੈ, ਫਿਰ ਗੁਰੂਘਰ ਦਾ ਨੁਕਸਾਨ ਕਿਵੇਂ ਹੋਇਆ? ਸਾਡੀ ਸਮਝੇ, ਗੁਰੂਘਰ ਨੂੰ 50 ਹਜ਼ਾਰ ਡਾਲਰ ਦਾ ਫਾਇਦਾ ਹੀ ਹੋਇਆ ਹੈ। ਕੇਸਾਂ ਦਾ ਹਊਆ ਖੜ੍ਹਾ ਕਰਨ ਵਾਲੇ ਅੱਜ ਦੇ ਸੁਧਾਰਕ ਕਦੇ ਵੀ ਗੁਰੂਘਰ ਦੇ ਖ਼ੈਰਖਵਾਹ ਨਹੀਂ ਰਹੇ। ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

**ਕੇਸ ਕੰਸਟਰੱਕਸ਼ਨ ਦਾ:** ਜਦ ਪ੍ਰਬੰਧਕ ਕਮੇਟੀ ਨੇ ਫਰੇਮਿੰਗ ਦੇ ਕੰਮ ਦੀਆਂ ਬਿਡਾਂ ਲੈਣੀਆਂ ਸ਼ੁਰੂ ਕੀਤੀਆਂ, ਤਾਂ ਸਾਡੇ ਪਾਸ ਤਿੰਨ ਬਿਡਾਂ ਸਨ, ਮੌਜੂਦਾ ਸੁਧਾਰਕਾਂ ਵੱਲੋਂ ਲਿਆਂਦੀਆਂ ਦੋ ਸਨ। ਬਲਬੀਰ ਸਿੰਘ ਢਿੱਲੋਂ ਹੁਣੀਂ "ਬੈਂਸ ਬ੍ਰਦਰਜ਼ ਕੰਸਟਰੱਕਸ਼ਨ" ਵੱਲੋਂ 42 ਲੱਖ ਡਾਲਰ ਦੀ ਬਿਡ ਲੈ ਕੇ ਆਏ ਸਨ ਅਤੇ ਇਨ੍ਹਾਂ ਵੱਲੋਂ ਹੀ ਡਾ. ਸੁਖਮਿੰਦਰ ਸਿੰਘ ਕੋਲ ਹਾਲ ਮਾਰਕ ਦੇ ਸਬ ਕੰਟਰੈਕਟਰਾਂ ਵੱਲੋਂ 62 ਲੱਖ ਡਾਲਰ ਦਾ ਟੈਂਡਰ ਸੀ, ਪਰ ਸਾਡੇ ਸਹਿਯੋਗੀ ਮਾਂਗਟ ਹੋਣੀਂ 22 ਲੱਖ ਡਾਲਰ ਦੀ ਬਿੱਡ ਲੈ ਕੇ ਆਏ ਸੀ। ਕੰਪਨੀ ਦਾ ਨਾਮ ਸੀ ਅਪੋਲੋ ਪਰੇਜ਼ ਕੰਸਟਰੱਕਸ਼ਨਜ਼। ਅਸੀਂ ਉਹ ਮਨਜ਼ੂਰ ਕਰ ਲਈ ਪਰ ਅੱਜ ਦੇ ਸੁਧਾਰਕਾਂ ਨੇ ਉਸ ਵਕਤ ਸਾਡਾ ਕਰੜਾ ਵਿਰੋਧ ਕੀਤਾ। ਅਖੇ, ਜਿਹੜੀ ਕੰਪਨੀ ਦੀਆਂ ਅਸੀਂ ਸੇਵਾਵਾਂ ਲਈਆਂ ਹਨ, ਉਹ ਕੁਆਲੀਫਾਈਡ ਨਹੀਂ ਹੈ। ਬੜੇ ਰੋੜੇ ਅਟਕਾਏ, ਪਰ ਗੁਰੂ ਕ੍ਰਿਪਾ ਨਾਲ ਕੰਮ 22 ਲੱਖ ਡਾਲਰ ਵਿਚ ਨੇਪਰੇ ਚੜ੍ਹ ਗਿਆ। ਅਪੋਲੋ ਕੰਪਨੀ ਨੇ ਗੁਰੂਘਰ ਉਤੇ ਚਾਰ ਲੱਖ ਦੀ ਲੀਨ ਦਾ ਕੇਸ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਫਰੇਮਿੰਗ ਦਾ ਕੰਮ ਅੰਦਾਜ਼ੇ ਤੋਂ ਜ਼ਿਆਦਾ ਕਰਨਾ ਪਿਆ ਹੈ। ਸਾਡਾ ਤਰਕ ਸੀ ਕਿ ਜੇ ਅਜਿਹਾ ਸੀ ਤਾਂ ਕਮੇਟੀ ਕੋਲੋਂ ਅਪਰੂਵਲ ਕਿਉਂ ਨਹੀਂ ਲਈ ਗਈ? ਸਾਡੀ ਸਮਝ ਮੁਤਾਬਕ, ਉਹ ਵਾਧੂ ਵਸੂਲੀ ਕਰ ਰਹੇ ਸਨ। ਅਸੀਂ ਉਸ ਦਾ ਸਾਹਮਣਾ ਕਰਨ ਲਈ ਗੁਰੂਘਰ ਵੱਲੋਂ ਤਕਰੀਬਨ ਸਾਢੇ ਨੌਂ ਹਜ਼ਾਰ ਡਾਲਰ ਖਰਚਿਆ ਹੈ। ਅੱਜ ਉਹੀ ਕੰਪਨੀ ਸਾਡੇ ਨਾਲ 50 ਹਜ਼ਾਰ 'ਤੇ ਫੈਸਲਾ ਕਰ ਰਹੀ ਹੈ।

ਸਾਧ ਸੰਗਤ ਜੀ, ਸਾਡੇ ਸਾਹਮਣੇ ਦੋ ਰਾਹ ਸਨ। ਪਹਿਲਾ ਤਾਂ ਇਹ ਸੀ ਕਿ ਚੁੱਪ ਚੁਪੀਤੇ ਉਨ੍ਹਾਂ ਨੂੰ ਗੁਰੂਘਰ ਦਾ 4 ਲੱਖ ਫੜਾ ਦਿੰਦੇ। ਦੂਜਾ ਰਾਹ ਸੀ ਕਿ ਕੰਪਨੀ ਦੀ ਗੈਰ-ਵਾਜਬ ਮੰਗ ਖਿਲਾਫ਼ ਖੜ੍ਹਦੇ। ਅਸੀਂ ਦੂਜਾ ਰਾਹ ਚੁਣਿਆ ਜਿਸ ਅਨੁਸਾਰ ਸਾਨੂੰ ਹੁਣ 4 ਲੱਖ ਦੇਣ ਦੀ ਥਾਂ, ਸਣੇ ਵਕੀਲ ਦੇ ਖਰਚੇ,



ਸਿਰਫ਼ 60 ਕੁ ਹਜ਼ਾਰ ਡਾਲਰ ਹੀ ਦੇਣਾ ਪੈਣਾ ਹੈ। ਜਿਹੜਾ ਕੰਮ ਅਸੀਂ 22 ਲੱਖ 60 ਹਜ਼ਾਰ ਡਾਲਰ ਵਿਚ ਕਰਵਾ ਦੇਣਾ ਹੈ, ਉਸੇ ਕੰਮ ਲਈ ਸੁਧਾਰਕਾਂ ਦਾ ਨਕਾਬ ਪਹਿਨੀ ਬੈਠੇ ਇਨ੍ਹਾਂ ਲੋਕਾਂ ਵਲੋਂ ਲਿਆਂਦੀ ਗਈ ਜੇ 63 ਲੱਖ ਡਾਲਰ ਜਾਂ 42 ਲੱਖ ਡਾਲਰ ਦੀ ਬਿਡ ਪ੍ਰਵਾਨ ਕਰ ਲਈ ਜਾਂਦੀ ਤਾਂ ਗੁਰੂ ਕੀ ਗੋਲਕ ਨਾਲ ਕੀ ਬੀਤਣੀ ਸੀ! ਸਾਡੇ ਵੱਲੋਂ ਬਚਾਏ ਗਏ ਲੱਖਾਂ ਡਾਲਰਾਂ ਲਈ ਧੰਨਵਾਦ ਤਾਂ ਇਨ੍ਹਾਂ ਨੇ ਕੀ ਕਰਨਾ ਸੀ, ਪਰ ਸਾਡੇ ਵਲੋਂ ਗੁਰੂ ਘਰ ਦੇ ਹਿੱਤਾਂ ਲਈ ਸਿਰਫ਼ 9500 ਡਾਲਰ ਖਰਚੇ ਜਾਣ ਦਾ ਇਨ੍ਹਾਂ ਵਿਚਾਰੇ ਸੁਧਾਰਕਾਂ ਨੂੰ ਕਿੱਡਾ ਸਦਮਾ ਹੈ? ਸੁਧਾਰਕਾਂ ਦੇ ਮਖੌਟੇ ਪਹਿਨੀ ਇਨ੍ਹਾਂ ਲੋਕਾਂ ਦੀ ਬੇਈਮਾਨ ਫਿਤਰਤ ਦਾ ਇਹ ਵਧੀਆ ਨਮੂਨਾ ਹੈ। ਇਹ ਦੱਸਣਾ ਜ਼ਰੂਰੀ ਹੈ ਕਿ ਜੇ ਕਿਤੇ ਅਸੀਂ ਗੁਰੂਘਰ ਦੇ ਹਿੱਤਾਂ ਲਈ ਕੇਸ ਲੜਿਆ ਹੈ, ਤਾਂ ਅਸੀਂ ਲੱਖਾਂ ਡਾਲਰ ਬਚਾਏ ਵੀ ਹਨ। ਅਸੀਂ ਗੁਰੂਘਰ ਦੀ ਗੋਲਕ ਨੂੰ ਚੋਰਾਂ ਦੇ ਕੱਪੜੇ "ਲਾਠੀਆਂ ਦੇ ਗਜ਼" ਵਾਂਗ ਨਹੀਂ ਸਮਝਿਆ।

**ਸੀਟਿੰਗ ਮੈਟਲ ਕੰਟਰੈਕਟਰ:** ਗੁਰੂ ਪਿਆਰੀ ਸੰਗਤ ਜੀਓ! ਏਡੇ ਵੱਡੇ ਕਾਰਜ ਵਿਚ ਰੁਕਾਵਟਾਂ ਖੜ੍ਹੀਆਂ ਹੋਣਾ ਤਾਂ ਕੁਦਰਤੀ ਹੈ। ਗੱਲ ਇਹ ਸੀ ਕਿ ਸੀਟਿੰਗ ਮੈਟਲ ਕੰਟਰੈਕਟਰ ਡੋਮ ਨਾ ਬਣਾ ਸਕਿਆ ਪਰ ਉਹ ਕੰਮ ਪੂਰਾ ਕੀਤੇ ਬਿਨਾ ਰਿਟੈਨਸ਼ਨ ਦੇ 30 ਹਜ਼ਾਰ ਡਾਲਰ ਮੰਗੀ ਜਾਵੇ। ਅਸੀਂ ਉਸ ਨੂੰ ਕਿਹਾ ਕਿ ਕੰਮ ਕੰਪਲੀਟ ਕਰੇ ਅਤੇ ਪੈਸੇ ਲੈ ਜਾਵੇ। ਪਰ ਉਸ ਨੇ ਲੀਨ ਫਾਈਲ ਕਰ ਦਿੱਤੀ। ਜੇ ਅਸੀਂ ਵੀ ਸੁਧਾਰਕਾਂ ਵਾਂਗ ਸੋਚਦੇ ਤਾਂ ਚੁੱਪ ਕਰਕੇ 30 ਹਜ਼ਾਰ ਡਾਲਰ ਫੜਾ ਸਕਦੇ ਸੀ ਪਰ ਅਸੀਂ ਗੁਰੂਘਰ ਦੇ ਕੰਮ ਨੂੰ ਆਪਣਾ ਕੰਮ ਸਮਝਿਆ। ਅਸੀਂ ਉਸ ਖਿਲਾਫ ਸਿਰਫ 8 ਹਜ਼ਾਰ ਡਾਲਰ ਖਰਚਿਆ ਅਤੇ ਉਸ ਕੋਲੋਂ ਅੱਜ ਇਕ ਲੱਖ ਡਾਲਰ ਦੇ ਹਰਜਾਨੇ ਦੀ ਮੰਗ ਕੀਤੀ ਹੈ। ਇਕ ਗੱਲ ਦੀ ਗਾਰੰਟੀ ਹੈ ਕਿ ਗੈਰ-ਵਾਜਬ 30 ਹਜ਼ਾਰ ਡਾਲਰ ਤਾਂ ਉਸ ਨੂੰ ਨਹੀਂ ਮਿਲਣਾ!!! ਉਲਟਾ ਅਸੀਂ ਉਸ ਕੋਲੋਂ ਇਕ ਲੱਖ ਡਾਲਰ ਹਰਜਾਨੇ ਦੀ ਮੰਗ ਕਰ ਰਹੇ ਹਾਂ। ਕੇਸਾਂ ਦਾ ਹਊਆ ਬਣਾ ਕੇ ਸੰਗਤ ਨੂੰ ਗੁੰਮਰਾਹ ਕਰਨ ਵਾਲੇ ਸੁਧਾਰਕ ਭੁੱਲ ਰਹੇ ਹਨ ਕਿ ਪ੍ਰਬੰਧਕਾਂ ਨੇ ਗੁਰੂਘਰ ਦੇ ਹਿੱਤਾਂ ਲਈ ਕੇਸ ਲੜ ਕੇ ਕੋਈ ਗੁਨਾਹ ਨਹੀਂ ਕੀਤਾ।

**'ਅੰਮ੍ਰਿਤਸਰ ਟਾਈਮਜ਼' ਦਾ ਕੇਸ:** ਸਾਡੇ ਵੱਲੋਂ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਮਾਲਕਾਂ ਖਿਲਾਫ ਕੀਤਾ ਗਿਆ ਕੇਸ ਬਹੁਤ ਹੀ ਜਾਇਜ਼ ਹੈ। ਇਸ ਅਖ਼ਬਾਰ ਨੇ ਨਾ ਸਿਰਫ਼ ਲੋਨ ਰੁਕਵਾਉਣ ਵਾਲਿਆਂ ਦੀ ਪਿੱਠ ਥਾਪੜੀ ਸਗੋਂ ਗੁਰੂ ਘਰ ਅਤੇ ਪ੍ਰਬੰਧਕਾਂ ਬਾਰੇ ਗਲਤ ਪ੍ਰਭਾਵ ਵੀ ਪੈਦਾ ਕੀਤੇ। ਅੱਜ ਕੱਲ੍ਹ ਇਹ ਅਖਬਾਰ ਸੁਧਾਰਕਾਂ ਦੀ ਪਿੱਠ 'ਤੇ ਖੜ੍ਹ ਕੇ ਸਾਡੇ ਖਿਲਾਫ ਕੂੜ ਪ੍ਰਚਾਰ ਦੀ ਅਗਵਾਈ ਕਰ ਰਿਹਾ ਹੈ। ਅਗਲੇ ਦਿਨਾਂ ਵਿਚ ਜਸਜੀਤ ਸਿੰਘ ਚੇਲੇ ਦੀ ਮਾਲਕੀ ਵਾਲੇ ਇਸ ਅਦਾਰੇ 'ਅੰਮ੍ਰਿਤਸਰ ਟਾਈਮਜ਼' ਦੀ ਬਿੱਲੀ ਥੈਲਿਓਂ ਬਾਹਰ ਆਉਣ ਵਾਲੀ ਹੈ। ਬਾਕੀ ਕੇਸਾਂ ਵਾਂਗ ਇਸ ਕੇਸ ਵਿਚ ਵੀ ਵਸੂਲੀ ਦੇ ਆਸਾਰ ਬਣਦੇ ਦਿਸਦੇ ਹਨ।

ਕੇਸਾਂ ਦੇ ਉਪਰੋਕਤ ਵੇਰਵੇ ਸਾਬਤ ਕਰਦੇ ਹਨ ਕਿ ਬਹੁਤੇ ਕੇਸ ਸੁਧਾਰਕਾਂ ਦਾ ਮਖੌਟਾ ਪਹਿਨੀ ਇਨ੍ਹਾਂ ਵਿਅਕਤੀਆਂ ਵਲੋਂ ਹੀ ਕੀਤੇ ਗਏ ਹਨ ਜਿਨ੍ਹਾਂ ਦਾ ਮਨੋਰਥ ਪ੍ਰਬੰਧ ਉਤੇ ਕਬਜ਼ੇ ਤੋਂ ਬਿਨਾ ਕੁਝ ਵੀ ਨਹੀਂ ਸੀ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸੁਧਾਰਕਾਂ ਤੋਂ ਪੁੱਛਿਆ ਜਾਵੇ ਕਿ ਗੁਰੂਘਰ ਬਣਨ ਮਗਰੋਂ ਇਨ੍ਹਾਂ ਨੂੰ ਪ੍ਰਬੰਧਕਾਂ ਵਿਚ ਬੇਸ਼ੁਮਾਰ ਕਮੀਆਂ ਕਿਉਂ ਦਿਸਣ ਲੱਗ ਪਈਆਂ? ਕੋਈ ਉਸਾਰੂ ਗੱਲ ਕਿਉਂ ਨਹੀਂ ਸੁਝਦੀ! ਸਿੱਖ ਪੰਥ ਵਾਸਤੇ ਬਥੇਰਾ ਕੁਝ ਉਸਾਰੂ ਕਰਨ ਵਾਲਾ ਬਾਕੀ ਹੈ। ਸਾਧ ਸੰਗਤ ਜੀ, ਦੂਜੇ ਪਾਸੇ ਜੋ ਕੇਸ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਕੰਸਟਰਕਸ਼ਨ ਜਾਂ ਲੋਨ ਨੂੰ ਮੁੱਦਾ ਬਣਾ ਕੇ ਮਜਬੂਰੀਵਸ ਲੜੇ ਗਏ ਹਨ ਉਨ੍ਹਾਂ ਨਾਲ ਅਸੀਂ ਗੁਰੂਘਰ ਦੇ ਲੱਖਾਂ ਹੀ ਡਾਲਰ ਬਚਾਏ ਹਨ। ਸਾਧ ਸੰਗਤ ਜੀ, ਹਕੀਕਤ ਆਪ ਦੇ ਸਾਹਮਣੇ ਹੈ। ਸਾਡੀ ਬੇਨਤੀ ਹੈ ਕਿ ਆਪ ਜੀ ਵੋਟਾਂ ਬਣਾਓ। ਵਿਅਕਤੀਆਂ ਦੇ ਕੰਮਾਂ ਨੂੰ ਸਾਹਮਣੇ ਰੱਖ ਕੇ ਵੋਟਾਂ ਪਾਇਓ, ਗੁਰੂ ਕਿਰਪਾ ਕਰਨਗੇ।

**ਵੱਲੋਂ: ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ**

*Ad Space Sponsored By: Bob Dhillon*

# ਆਟਾ-ਦਾਲ ਸਕੀਮ ਨਾਲ ਪੰਜਾਬ ਦੇ ਚਾਰ ਅਹਿਮ ਅਦਾਰੇ ਹੋਏ ਕੰਗਾਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਸਰਕਾਰ ਦੀ ਲੋਕ ਲੁਭਾਊ ਯੋਜਨਾ ਆਟਾ- ਦਾਲ ਸਕੀਮ ਨੇ ਜਨਤਕ ਖੇਤਰ ਦੇ ਚਾਰ ਅਦਾਰਿਆਂ ਪਨਸਪ, ਵੇਅਰਹਾਊਸਿੰਗ ਕਾਰਪੋਰੇਸ਼ਨ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਤੇ ਮਾਰਕਫੈੱਡ ਨੂੰ ਵਿੱਤੀ ਕੰਗਾਲੀ ਦੇ ਰਾਹ 'ਤੇ ਤੋਰ ਦਿੱਤਾ ਹੈ। ਸਰਕਾਰ ਵੱਲੋਂ ਇਨ੍ਹਾਂ ਅਦਾਰਿਆਂ ਨੂੰ 1230.53 ਕਰੋੜ ਰੁਪਏ ਦਾ ਭੁਗਤਾਨ ਨਹੀਂ ਕੀਤਾ ਗਿਆ। ਦੂਜੇ ਪਾਸੇ ਸਰਕਾਰ ਨੇ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਇਸ ਸਕੀਮ ਦੇ ਲਾਭਪਾਤਰੀਆਂ ਦੀ ਗਿਣਤੀ ਵਧਾਉਣ ਦਾ ਫੈਸਲਾ ਕੀਤਾ ਹੈ। ਸੂਤਰਾਂ ਮੁਤਾਬਕ ਸਰਕਾਰ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਚੰਡੀਗੜ੍ਹ ਵਿਚ ਹੋਈ ਮੀਟਿੰਗ ਦੌਰਾਨ ਨਿਰਦੇਸ਼ ਦਿੱਤੇ ਗਏ ਹਨ ਕਿ ਹਰੇਕ ਵਿਧਾਨ ਸਭਾ ਹਲਕੇ ਵਿਚ ਆਟਾ ਦਾਲ ਸਕੀਮ ਲਈ ਨੀਲੇ ਕਾਰਡ ਜਾਰੀ ਕਰਨ ਲਈ ਦੋ ਹਜ਼ਾਰ ਪਰਿਵਾਰਾਂ ਦੀ ਤੁਰੰਤ ਸ਼ਨਾਖ਼ਤ ਕੀਤੀ ਜਾਵੇ। ਸਰਕਾਰ ਦੇ ਇਸ ਫੈਸਲੇ ਨਾਲ ਖ਼ਜ਼ਾਨੇ 'ਤੇ 100 ਕਰੋੜ ਰੁਪਏ ਦਾ ਸਾਲਾਨਾ ਬੋਝ ਪਵੇਗਾ। ਪੰਜਾਬ ਵਿਚ ਆਟਾ ਦਾਲ ਸਕੀਮ ਦੇ ਕੁੱਲ ਲਾਭਪਾਤਰੀ ਪਰਿਵਾਰਾਂ ਦੀ ਗਿਣਤੀ 15 ਲੱਖ 19 ਹਜ਼ਾਰ 694 ਹੈ। ਸਰਕਾਰ ਦੇ ਨਵੇਂ ਫੈਸਲੇ ਨਾਲ ਵਿਧਾਨ ਸਭਾ ਹਲਕਾ ਪੱਧਰ 'ਤੇ ਦੋ ਹਜ਼ਾਰ ਲਾਭ ਪਾਤਰੀ ਪਰਿਵਾਰਾਂ ਦੇ ਸ਼ਾਮਲ ਹੋਣ ਨਾਲ ਸਾਢੇ 17 ਲੱਖ ਤੋਂ ਵਧ ਜਾਵੇਗਾ। ਸਰਕਾਰ ਵੱਲੋਂ ਇਸ ਯੋਜਨਾ ਤਹਿਤ ਲੋਕਾਂ ਨੂੰ ਇਸ ਸਮੇਂ 400 ਕਰੋੜ ਦੇ ਕਰੀਬ ਸਾਲਾਨਾ ਸਬਸਿਡੀ 'ਤੇ ਆਟਾ ਤੇ ਦਾਲ ਦਿੱਤੇ ਜਾ ਰਹੇ ਹਨ। ਸਰਕਾਰੀ ਭਾਅ ਚਾਰ ਰੁਪਏ ਪ੍ਰਤੀ ਕਿੱਲੋ ਆਟਾ ਤੇ 20 ਰੁਪਏ ਪ੍ਰਤੀ ਕਿੱਲੋ ਦਾਲ ਹੈ।



ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਸਵਾ ਦੋ ਲੱਖ ਤੋਂ ਵੱਧ ਨਵੇਂ ਪਰਿਵਾਰ ਸ਼ਾਮਲ ਹੋਣ ਨਾਲ ਪ੍ਰਤੀ ਸਾਲ ਖਰਚਾ ਪੰਜ ਕਰੋੜ ਦੇ ਕਰੀਬ ਹੋ ਜਾਵੇਗਾ। ਇਸ ਯੋਜਨਾ ਤਹਿਤ ਆਟੇ ਤੇ ਦਾਲ ਦੀ ਖਰੀਦ ਚਾਰ ਅਦਾਰਿਆਂ ਪਨਸਪ, ਵੇਅਰਹਾਊਸਿੰਗ ਕਾਰਪੋਰੇਸ਼ਨ, ਪੰਜਾਬ ਐਗਰੋ ਤੇ ਮਾਰਕਫੈੱਡ ਵੱਲੋਂ ਕੀਤੀ ਜਾਂਦੀ ਹੈ। ਇਨ੍ਹਾਂ ਅਦਾਰਿਆਂ ਨੇ ਵੱਖ-ਵੱਖ ਵਿੱਤੀ ਅਦਾਰਿਆਂ ਤੋਂ ਆਟਾ-ਦਾਲ ਸਕੀਮ ਲਈ ਕਰਜ਼ਾ ਲਿਆ ਪਰ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਇਨ੍ਹਾਂ ਅਦਾਰਿਆਂ ਨੂੰ ਕੋਈ ਭੁਗਤਾਨ ਨਹੀਂ ਕੀਤਾ। ਸੂਤਰਾਂ ਅਨੁਸਾਰ ਇਨ੍ਹਾਂ ਅਦਾਰਿਆਂ ਵੱਲੋਂ ਆਪਣੀ ਮਾੜੀ ਵਿੱਤੀ ਹਾਲਤ ਦੀ ਦੁਹਾਈ ਪਾ ਕੇ ਸਰਕਾਰ ਤੋਂ ਪੈਸੇ ਦੀ ਮੰਗ ਕੀਤੀ ਜਾ ਰਹੀ ਹੈ।

ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਨਾਲ ਕੀਤੇ ਚੋਣ ਵਾਅਦੇ ਮੁਤਾਬਕ ਆਟਾ-ਦਾਲ ਯੋਜਨਾ ਨੂੰ ਲਾਗੂ ਕੀਤਾ ਗਿਆ ਸੀ। ਇਸ ਯੋਜਨਾ ਅਧੀਨ ਸੂਬੇ ਦੇ ਤਕਰੀਬਨ 25 ਫੀਸਦੀ ਪਰਿਵਾਰਾਂ ਨੂੰ ਸਸਤੇ ਭਾਅ 'ਤੇ ਆਟਾ ਤੇ ਦਾਲ ਪ੍ਰਤੀ ਮਹੀਨਾ ਮੁਹੱਈਆ ਕਰਾਈ ਜਾ ਰਹੀ ਹੈ। ਇਹ ਵੀ ਸਚਾਈ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਗਰੀਬ ਪਰਿਵਾਰਾਂ ਦੀ ਗਿਣਤੀ ਰਾਜ ਪੱਧਰ ਦੀ ਔਸਤ ਨਾਲੋਂ ਜ਼ਿਆਦਾ ਹੈ। ਮੁੱਖ ਮੰਤਰੀ ਦੇ ਜ਼ਿਲ੍ਹੇ ਵਿਚ 43 ਫੀਸਦੀ ਆਟਾ-ਦਾਲ ਸਕੀਮ ਦੇ ਲਾਭਪਾਤਰੀ ਪਰਿਵਾਰ ਹਨ। ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨੂੰ ਸਿਆਸੀ ਨਜ਼ਰੀਏ ਤੋਂ ਵੀ ਦੇਖਿਆ ਜਾ ਰਿਹਾ ਹੈ। ਹਾਕਮ ਸ਼੍ਰੋਮਣੀ ਅਕਾਲੀ ਦਲ ਦਾ ਮੰਨਣਾ ਹੈ ਕਿ ਸਾਲ 2007 ਦੀਆਂ ਚੋਣਾਂ ਦੌਰਾਨ ਆਟਾ-ਦਾਲ ਸਕੀਮ ਨੂੰ ਚੋਣ ਮੁੱਦਾ ਬਣਾਉਣ ਕਾਰਨ ਗਰੀਬ ਲੋਕਾਂ ਨੇ ਅਕਾਲੀ ਦਲ ਦਾ ਸਾਥ ਦਿੱਤਾ।

## ਬਲਵੰਤ ਖੇੜਾ ਨੇ ਸੁਖਬੀਰ ਬਾਦਲ ਤੋਂ ਸਪਸ਼ਟੀਕਰਨ ਮੰਗਿਆ

**ਹੁਸ਼ਿਆਰਪੁਰ:** ਹੁਕਮਰਾਨ ਪਾਰਟੀ ਦੇ ਦੋ ਵਿਧਾਨਾਂ ਦਾ ਮਾਮਲਾ ਅਦਾਲਤ ਵਿਚ ਲਿਜਾਣ ਵਾਲੇ ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਦੇ ਕੌਮੀ ਆਗੂ ਬਲਵੰਤ ਸਿੰਘ ਖੇੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹਾ ਖਤ ਲਿਖ ਕੇ ਪਾਰਟੀ ਨਾਲ ਜੁੜੇ ਕਈ ਅਹਿਮ ਮਸਲਿਆਂ 'ਤੇ ਸਪਸ਼ਟੀਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਪੁੱਛਿਆ ਹੈ ਕਿ ਜੇ ਕੋਈ ਵੀ ਸਿੱਖ ਚਾਹੇ ਉਹ ਪਤਿਤ ਹੋਵੇ ਜਾਂ ਸਹਿਜਧਾਰੀ, ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰ ਜਾਂ ਅਹੁਦੇਦਾਰ ਬਣ ਸਕਦਾ ਹੈ ਤਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜੋ ਉਹ ਆਪਣੇ ਪਾਰਟੀ ਦੇ ਚਿੰਨ੍ਹ 'ਤੇ ਹੀ ਲੜ ਰਹੇ ਹਨ, ਵਿਚ ਪਤਿਤ ਤੇ ਸਹਿਜਧਾਰੀ ਸਿੱਖਾਂ ਨਾਲ ਅਛੂਤਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਸ. ਖੇੜਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਾਰੇ ਅਕਾਲੀ ਦਲਾਂ ਨੂੰ ਆਪਣੇ ਨਾਵਾਂ ਵਿਚੋਂ ਅਕਾਲੀ ਸ਼ਬਦ ਕੱਢ ਦੇਣ ਦਾ ਆਦੇਸ਼ ਦਿੱਤਾ ਸੀ ਪਰ ਕਿਸੇ ਅਕਾਲੀ ਪਾਰਟੀ ਨੇ ਇਹ ਹੁਕਮ ਨਹੀਂ ਮੰਨਿਆ।

## ਬਾਬੇ ਨਾਨਕ ਦੇ ਵਿਆਹ ਪੁਰਬ 'ਤੇ ਸਮਾਗਮ 18 ਸਤੰਬਰ ਨੂੰ

ਸੈਨ ਹੋਜ਼ੇ (ਬਿਊਰੋ): ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੀਆਂ ਸੰਗਤਾਂ ਵਲੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਆਉਂਦੀ 18 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 16 ਸਤੰਬਰ ਨੂੰ ਹੋਵੇਗਾ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਬਟਾਲੇ ਵਿਆਹੇ ਗਏ ਸਨ। ਇਨ੍ਹਾਂ ਸੰਗਤਾਂ ਵਲੋਂ ਪਿਛਲੇ ਸਾਲਾਂ ਵਿਚ ਵੀ ਇਹ ਪੁਰਬ ਮਨਾਇਆ ਜਾਂਦਾ ਰਿਹਾ ਹੈ।

17 ਸਤੰਬਰ, ਸਨਿਚਰਵਾਰ ਨੂੰ ਸ਼ਾਮ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਸੁੰਦਰ ਪਾਲਕੀ ਵਿਚ ਸਜਾ ਕੇ ਸੰਗਤਾਂ ਵਲੋਂ ਚੌਕੀ ਦੇ ਰੂਪ ਵਿਚ ਵਾਹਿਗੁਰੂ ਦਾ ਜਾਪ ਕਰਦਿਆਂ ਗੁਰੂਘਰ ਦੁਆਲੇ ਚਕਰ ਲਾਇਆ ਜਾਏਗਾ। ਐਤਵਾਰ 18 ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕੀਰਤਨੀਏ ਸ਼ਬਦ ਕੀਰਤਨ ਅਤੇ ਭਾਈ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਜਲੇਬੀਆਂ ਅਤੇ ਛੋਟੇ ਭਠੂਰਿਆਂ ਦੇ ਵਿਸ਼ੇਸ਼ ਲੰਗਰ ਦੀ ਸੇਵਾ ਰਾਜਾ ਸਵੀਟਸ ਵਲੋਂ ਕੀਤੀ ਜਾਏਗੀ। ਸਮਾਗਮ ਸਬੰਧੀ ਹੋਰ ਜਾਣਕਾਰੀ ਭੁਪਿੰਦਰ ਸਿੰਘ ਚੀਮਾ ਫੋਨ 408-203-8054, ਨੀਟੂ ਸਿੰਘ ਕਾਹਲੋਂ ਫੋਨ 408-398-1474, ਬਲਵਿੰਦਰ ਸਿੰਘ ਸਾਰਚੂਰ ਫੋਨ 510-461-2219, ਹਰਪਾਲ ਸਿੰਘ ਚਾਹਲ ਫੋਨ 408-981-2842 ਜਾਂ ਗੁਰਮੇਲ ਸਿੰਘ ਬਾਠ ਫੋਨ 408-532-1233 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।


## ਜਥੇਦਾਰ ਕਾਤਰੋਂ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਗਧੀਰ ਸਿੰਘ ਕਾਤਰੋਂ ਦੇ ਅਚਾਨਕ ਅਕਾਲ ਚਲਾਣੇ ਉਤੇ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪਾਰਟੀ ਅਤੇ ਪੰਥ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ ਹੈ। ਸ. ਕਾਤਰੋਂ ਪਹਿਲੀ ਵਾਰ 1996 ਵਿਚ ਜ਼ਿਲ੍ਹਾ ਸੰਗਰੂਰ ਦੇ ਹਲਕਾ ਧੂਰੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਾਲ 2004 ਤੱਕ ਮੈਂਬਰ ਰਹੇ। ਉਹ ਅਕਾਲ ਚਲਾਣੇ ਤੱਕ ਪਾਰਟੀ ਦੇ ਜਨਰਲ ਸਕੱਤਰ ਰਹੇ। ਪਿਛਲੇ ਕੁਝ ਸਮੇਂ ਤੋਂ ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਦੀ ਲਪੇਟ ਵਿਚ ਆ ਗਏ ਸਨ।

ਪਾਰਟੀ ਆਗੂਆਂ ਬੂਟਾ ਸਿੰਘ ਖੜੌਂਦ, ਸੁਰਜੀਤ ਸਿੰਘ ਕੁਲਾਰ, ਰੇਸ਼ਮ ਸਿੰਘ, ਜੀਤ ਸਿੰਘ ਆਲੋਅਰਖ, ਪ੍ਰੀਤਮ ਸਿੰਘ ਜੋਗਾ, ਦਰਸ਼ਨ ਸਿੰਘ ਸੰਧੂ, ਹਰਪਾਲ ਸਿੰਘ, ਇੰਦਰਪਾਲ ਸਿੰਘ ਨਿਰਦੋਸ਼, ਰੁਪਿੰਦਰ ਸਿੰਘ ਬਾਠ, ਰਮਿੰਦਰਜੀਤ ਸਿੰਘ ਮਿੰਟੂ, ਰਣਜੀਤ ਸਿੰਘ ਧਾਲੀਵਾਲ ਅਤੇ ਦੀਪਇੰਦਰ ਸਿੰਘ ਮਾਨ ਨੇ ਜਥੇਦਾਰ ਕਾਤਰੋਂ ਦੇ ਚਲਾਣੇ ਉਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਵਲੋਂ ਪੰਥਕ ਸੇਵਾ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੋਵੇਗੀ।

## 'ਸੂਰਾਪੁਰੀ' ਦਾ ਕਹਾਣੀ ਸੰਗ੍ਰਿਹ 18 ਨੂੰ ਰਿਲੀਜ਼ ਹੋਵੇਗਾ

**ਫ਼ਰੀਮਾਂਟ (ਬਿਊਰੋ):** ਸ. ਰਾਠੇਸ਼ਵਰ ਸਿੰਘ 'ਸੂਰਾਪੁਰੀ' ਦਾ ਪਲੇਠਾ ਕਹਾਣੀ ਸੰਗ੍ਰਿਹ 'ਝਿੜੀ ਵਾਲਾ ਖੂਹ' ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ (ਬੇ ਏਰੀਆ ਇਕਾਈ) ਵੱਲੋਂ ਇਥੇ 18 ਸਤੰਬਰ ਐਤਵਾਰ ਨੂੰ ਬਾਅਦ ਦੁਪਹਿਰ 2:30 ਵਜੇ ਤੋਂ 6:00 ਵਜੇ ਤੱਕ ਕਰਵਾਈ ਜਾ ਰਹੀ ਇਕ ਵਿਸ਼ੇਸ਼ ਸਾਹਿਤਕ ਮਿਲਣੀ ਵਿਚ ਰਿਲੀਜ਼ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਮਹਿਮਾਨ ਸੇਵਾ ਮੁਕਤ ਪ੍ਰਿੰਸੀਪਲ ਐਚ. ਐਸ. ਗਿੱਲ




ਹੋਣਗੇ ਅਤੇ ਪੁਸਤਕ ਰਿਲੀਜ਼ ਕਰਨ ਦੀ ਰਸਮ ਕਹਾਣੀਕਾਰ ਡਾ. ਗੋਬਿੰਦਰ ਸਿੰਘ 'ਸਮਰਾਓ' ਅਦਾ ਕਰਨਗੇ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਗੀਤਕਾਰ ਸ. ਜਸਪਾਲ ਸਿੰਘ 'ਸੂਸ' ਇਸ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਿਰਕਤ ਕਰਨਗੇ। ਪ੍ਰੋਗਰਾਮ ਦੇ ਦੂਜੇ ਭਾਗ ਵਿਚ ਕਵੀ ਦਰਬਾਰ ਹੋਵੇਗਾ। 'ਸੂਰਾਪੁਰੀ' ਪਰਿਵਾਰ ਵੱਲੋਂ ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿਚ ਪਹੁੰਚਣ ਦਾ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਢੀਂਡਸਾ ਫੋਨ 510 676 4440, ਜਨਰਲ ਸਕੱਤਰ ਨੀਲਮ ਸੈਣੀ ਫੋਨ 510 502 0551 ਜਾਂ ਪ੍ਰਬੰਧਕ ਪ੍ਰਮਿੰਦਰ ਸਿੰਘ ਪਰਵਾਨਾ ਫੋਨ 510 415 9377 ਨਾਲ ਸੰਪਰਕ ਕੀਤਾ ਜਾ ਸਕਦਾ ਹੈ।





**Ph:510-415-7700, 800-498-3626, 408-480-4500**

**S&S Satellite System - e-mail: sns_satellite@yahoo.com**

dish NETWORK AUTHORIZED RETAILER

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**

# ਸ਼ਾਰਜਾਹ ’ਚ 17 ਪੰਜਾਬੀ ਨੌਜਵਾਨਾਂ ਦੀ ਮੌਤ ਦੀ ਸਜ਼ਾ ਮੁਆਫ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਯੂ.ਏ.ਈ. ਵਿਚ ਪਾਕਿਸਤਾਨੀ ਨੌਜਵਾਨ ਮਿਸਰੀ ਖਾਨ ਦੇ ਕਤਲ ਕੇਸ ’ਚ ਫਸੇ 17 ਪੰਜਾਬੀ ਨੌਜਵਾਨਾਂ ਦੀ ਮੌਤ ਦੀ ਸਜ਼ਾ ਸ਼ਾਰਜਾਹ ਦੀ ਅਪੀਲੀ ਅਦਾਲਤ ਨੇ ਮੁਆਫ ਕਰ ਦਿੱਤੀ ਹੈ। ਇਹ ਨੌਜਵਾਨ ਅਗਲੇ ਹਫਤੇ ਦੇ ਸ਼ੁਰੂ ਵਿਚ ਵਤਨ ਪਰਤ ਆਉਣਗੇ ਜਿਨ੍ਹਾਂ ਵਿਚੋਂ 16 ਪੰਜਾਬ ਤੇ ਇਕ ਹਰਿਆਣਾ ਦੇ ਪੰਜਾਬੀ ਪਰਿਵਾਰ ਨਾਲ ਸਬੰਧਤ ਹੈ।

ਮਿਸਰੀ ਖਾਨ ਦਾ 2009 ਵਿਚ ਸ਼ਾਰਜਾਹ ਵਿਚ ਦੋ ਧੜਿਆਂ ਦੀ ਲੜਾਈ ਦੌਰਾਨ ਮਾਰਿਆ ਗਿਆ ਸੀ। ਇਸ ਬਾਰੇ ਅਦਾਲਤ ਨੇ ਬੀਤੇ ਸਾਲ ਇਨ੍ਹਾਂ 17 ਨੌਜਵਾਨਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਸੀ ਜੋ ਅਪੀਲੀ ਅਦਾਲਤ ਨੇ ਮੁਆਫ ਕਰ ਦਿੱਤੀ ਹੈ। ਯੂ.ਏ. ਈ. ਦੇ ਇਤਿਹਾਸ ਵਿਚ ਇਕ ਵਿਅਕਤੀ ਦੇ ਕਤਲ ਸਬੰਧੀ ਇਕੱਠਿਆਂ ਹੀ 17 ਮੁਲਜ਼ਮਾਂ ਦੀ ਮੌਤ ਦੀ ਸਜ਼ਾ ਮੁਆਫ ਹੋ ਜਾਣ ਦਾ ਇਹ ਸ਼ਾਇਦ ਪਹਿਲਾ ਮਾਮਲਾ ਹੈ।



ਅਦਾਲਤ ਤੋਂ ਬਾਹਰ ਆਉਂਦੇ ਹੋਏ ਐਸ.ਪੀ. ਸਿੰਘ ਓਬਰਾਏ ਤੇ ਹੋਰ।

ਇਨ੍ਹਾਂ ਨੌਜਵਾਨਾਂ ਦੀ ਜਾਨ ਬਚਾਉਣ ਲਈ ਮਿਸਰੀ ਖਾਨ ਦੇ ਪਰਿਵਾਰ ਨਾਲ ਰਾਜ਼ੀਨਾਮਾ ਕਰਾਉਣ ਤੇ ਪਰਿਵਾਰ ਨੂੰ ਅਦਾ ਕੀਤੀ ਗਈ 'ਦੀਆ' ਦੀ ਰਕਮ ਦਾ ਵੱਡਾ ਹਿੱਸਾ ਅਦਾ ਕਰਨ ਵਾਲੇ ਦੁਬਈ ਅਧਾਰਤ ਪੰਜਾਬੀ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ "ਇਹ ਨਿੱਜੀ ਤੌਰ ’ਤੇ ਉਨ੍ਹਾਂ ਲਈ ਤੇ ਹੋਰ ਉਨ੍ਹਾਂ ਸਾਰਿਆਂ ਲਈ ਬਹੁਤ ਹੀ ਤਸੱਲੀ ਤੇ ਖੁਸ਼ੀ ਵਾਲਾ ਮੌਕਾ ਹੈ ਜਿਨ੍ਹਾਂ ਨੇ ਇਨ੍ਹਾਂ 17 ਨੌਜਵਾਨਾਂ ਨੂੰ ਬਚਾਉਣ ਲਈ ਉਪਰਾਲੇ ਕੀਤੇ। ਉਨ੍ਹਾਂ ਦੱਸਿਆ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਵੀ ਇਨ੍ਹਾਂ ਲਈ ਵਿੱਤੀ ਤੇ ਨੈਤਿਕ ਸਮਰਥਨ ਦੇਣ ਵਾਲਿਆਂ ਵਿਚ ਸ਼ਾਮਲ ਸਨ।

ਉਨ੍ਹਾਂ ਦੱਸਿਆ ਕਿ ਛੇਤੀ ਹੀ ਸ਼ਾਰਜਾਹ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਪੱਟੀ ਦਾ ਸੁਖਜਿੰਦਰ ਸਿੰਘ, ਸੰਘੇੜਾ ਦਾ ਸੁਖਜੋਤ ਸਿੰਘ, ਕਣਵੀ (ਅੰਮ੍ਰਿਤਸਰ) ਦਾ ਰਾਮ ਸਿੰਘ, ਘੋਕਲੂਵਾਲਾ (ਗੁਰਦਾਸਪੁਰ) ਦਾ ਅਰਵਿੰਦਰ ਸਿੰਘ, ਸੰਗਵਾਲ (ਜਲੰਧਰ) ਦਾ ਬਲਜੀਤ ਸਿੰਘ, ਐਤੀਵਾਲਾ (ਲੁਧਿਆਣਾ) ਦਾ ਦਲਜੀਤ ਸਿੰਘ, ਝੋਕ ਟਹਿਲ ਸਿੰਘ ਵਾਲਾ (ਫਿਰੋਜ਼ਪੁਰ) ਦਾ ਧਰਮਪਾਲ ਸਿੰਘ, ਖਨੌਰ ਜੱਟਾਂ (ਸੰਗਰੂਰ) ਦਾ ਸਤਗੁਰ ਸਿੰਘ, ਕੂਲੀ ਕਲਾਂ (ਲੁਧਿਆਣਾ) ਦਾ ਸਤਨਾਮ ਸਿੰਘ, ਰੱਤੂਕੇ (ਤਰਨ ਤਾਰਨ) ਦਾ ਕਸ਼ਮੀਰ ਸਿੰਘ, ਲੋਹੀਆਂ ਖਾਸ (ਕਪੂਰਥਲਾ) ਦਾ ਸੁਬਾਨ ਸਿੰਘ, ਬੰਸੀਪੁਰਾ (ਲੁਧਿਆਣਾ) ਦਾ ਕੁਲਵਿੰਦਰ ਸਿੰਘ, ਕੁਕਰਾਣਾ (ਮੋਗਾ) ਦਾ ਕੁਲਦੀਪ ਸਿੰਘ, ਨਿੱਕੀ ਮਿਆਣੀ (ਕਪੂਰਥਲਾ) ਦਾ ਸੁਖਜਿੰਦਰ ਸਿੰਘ, ਰਾਏਕੋਟ (ਲੁਧਿਆਣਾ) ਦਾ ਨਾਮਜੋਤ ਸਿੰਘ, ਫਗਵਾੜਾ ਦਾ ਹਰਜਿੰਦਰ ਸਿੰਘ ਅਤੇ ਕੈਥਲ (ਹਰਿਆਣਾ) ਦਾ ਤਰਨਜੀਤ ਸਿੰਘ।ਆਪਣੇ ਘਰਾਂ ਨੂੰ ਪਰਤ ਜਾਣਗੇ।

ਪਾਕਿਸਤਾਨ ਵਿਚ ਹੋਈਆਂ ਕਈ ਮੀਟਿੰਗਾਂ ਤੋਂ ਬਾਅਦ ਲਹਿੰਦੇ ਪੰਜਾਬ ਵਿਚ ਸਰਗੋਧਾ ਜ਼ਿਲ੍ਹੇ ’ਚ ਰਹਿੰਦਾ ਮਿਸਰੀ ਖਾਨ ਦਾ ਪਰਿਵਾਰ ਬਲੱਡ ਮਨੀ (ਦੀਆ ਦੀ ਰਕਮ) ਲੈ ਕੇ ਮੁਜਰਮਾਂ ਨੂੰ 'ਮੁਆਫ’ ਕਰਨ ਲਈ ਰਾਜ਼ੀ ਹੋ ਗਿਆ ਸੀ। ਇਸ ਪਿੱਛੋਂ ਬੀਤੇ ਮਹੀਨੇ ਸ਼ਾਰਜਾਹ ਦੀ ਅਦਾਲਤ ਵਿਚ ਇਸ ਰਾਜ਼ੀਨਾਮੇ ਦੇ ਕਾਗਜ਼ ਦਾਖਲ ਕੀਤੇ ਗਏ ਸਨ ਅਤੇ ਅਦਾਲਤ ਨੇ ਆਖਰੀ ਹੁਕਮ ਸੁਣਾਉਣ ਲਈ 12 ਸਤੰਬਰ ਦੀ ਤਰੀਕ ਤੈਅ ਕੀਤੀ ਸੀ। ਅਦਾਲਤ ਨੇ ਉਨ੍ਹਾਂ ਦੀ ਸਜ਼ਾ ਘਟਾ ਕੇ ਦੋ ਸਾਲ ਕਰ ਦਿੱਤੀ ਪਰ ਉਨ੍ਹਾਂ ਦੇ ਪਹਿਲਾਂ ਹੀ ਤਿੰਨ ਸਾਲਾਂ ਤੋਂ ਜੇਲ੍ਹ ਵਿਚ ਬੰਦ ਹੋਣ ਕਾਰਨ ਇਹ ਸਜ਼ਾ ਪੂਰੀ ਹੋ ਗਈ ਮੰਨ ਲਈ ਗਈ। ਹੁਣ ਉਨ੍ਹਾਂ ਨੂੰ ਯੂ.ਏ.ਈ. ਦੇ ਦੂਜੇ ਸੂਬਿਆਂ ਦੇ ਗ੍ਰਹਿ ਵਿਭਾਗਾਂ ਤੋਂ ਸੁਰੱਖਿਆ ਸਬੰਧੀ ਮਨਜ਼ੂਰੀ ਹਾਸਲ ਕਰਨੀ ਹੋਵੇਗੀ ਜਿਸ ਪਿੱਛੋਂ ਉਨ੍ਹਾਂ ਦੀ ਰਿਹਾਈ ਤੇ ਵਤਨ ਵਾਪਸੀ ਦਾ ਰਾਹ ਸਾਫ ਹੋ ਜਾਵੇਗਾ ਤੇ ਮੁੜ ਉਨ੍ਹਾਂ ਦੇ ਯੂ.ਏ.ਈ. ਵਿਚ ਦਾਖਲੇ ਉਤੇ ਪਾਬੰਦੀ ਹੋਵੇਗੀ।

## ਸ਼੍ਰੋਮਣੀ ਕਮੇਟੀ ਚੋਣਾਂ ਨੂੰ ‘ਸੈਮੀ ਫਾਈਨਲ’ ਕਹਿਣਾ ਗੁਰਧਾਮਾਂ ਦਾ ਨਿਰਾਦਰ: ਰਵੀਇੰਦਰ ਸਿੰਘ

**ਜਲੰਧਰ:** ਅਕਾਲੀ ਦਲ 1920 ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋਣ ਜਾ ਰਹੀਆਂ ਚੋਣਾਂ ਨੂੰ ਵਿਧਾਨ ਸਭਾ ਚੋਣਾਂ ਨੂੰ 'ਸੈਮੀ ਫਾਈਨਲ’ ਕਰਾਰ ਦਿੱਤੇ ਜਾਣ ’ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਸ. ਬਾਦਲ ਵੱਲੋਂ ਕੀਤੀ ਗਈ ਇਸ ਬਜਰ ਭੁੱਲ ਲਈ ਉਨ੍ਹਾਂ ਨੂੰ ਸੰਗਤ ਤੋਂ ਤੁਰੰਤ ਖਿਮਾ ਜਾਚਨਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਉਹ ਬਾਦਲ ਵੱਲੋਂ ਕੀਤੀ ਇਸ ਭੁੱਲ ਦਾ ਨੋਟਿਸ ਲੈ ਕੇ ਯੋਗ ਕਾਰਵਾਈ ਕਰਨ।

ਸ. ਬਾਦਲ ਵੱਲੋਂ ਦਿੱਤੇ ਇਸ ਬਿਆਨ ਨੂੰ ਉਨ੍ਹਾਂ ਦੀ ਰਾਜਨੀਤੀ ਨੂੰ ਧਰਮ ਤੋਂ ਉੱਤੇ ਰੱਖਣ ਦੀ ਸੋਚ ਦਾ ਪ੍ਰਗਟਾਵਾ ਕਰਾਰ ਦਿੰਦਿਆਂ ਸ. ਰਵੀਇੰਦਰ ਸਿੰਘ ਨੇ ਆਖਿਆ ਕਿ ਪੰਥਕ ਮੋਰਚੇ ਤੇ ਉਨ੍ਹਾਂ ਦੀ ਪਾਰਟੀ, ਅਕਾਲੀ ਦਲ 1920 ਲਈ ਤਾਂ ਸ਼੍ਰੋਮਣੀ ਕਮੇਟੀ ਪੰਜਾਬ ਵਿਧਾਨ ਸਭਾ ਤੋਂ ਕਿਤੇ ਉੱਤੇ ਹੈ ਤੇ ਸ਼੍ਰੋਮਣੀ ਕਮੇਟੀ ਚੋਣਾਂ ਦੀ ਅਹਿਮੀਅਤ ਪੰਜਾਬ ਵਿਧਾਨ ਸਭਾ ਨਾਲੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਆਪਣੇ ਇਸ ਬਿਆਨ ਨਾਲ ਸ਼੍ਰੋਮਣੀ ਕਮੇਟੀ ਦਾ ਦਰਜਾ ਬਹੁਤ ਹੀ ਹੇਠਾਂ ਲੈ ਆਏ ਹਨ ਤੇ ਇਹ ਕਹਿੰਦਿਆਂ ਸ਼ਾਇਦ ਉਹ ਇਹ ਵੀ ਭੁੱਲ ਬੈਠੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਕਾਰਜ ਭਾਗ ਲੈਣ ਤੇ ਗੁਰਦੁਆਰਾ ਐਕਟ 1925 ਪਾਸ ਕਰਵਾਉਣ ਲਈ ਪੰਥ ਨੇ ਕੀ ਕੀ ਕੁਰਬਾਨੀਆਂ ਕੀਤੀਆਂ ਸਨ।

## ਪ੍ਰਧਾਨ ਮੰਤਰੀ ਵੱਲੋਂ ਅਨੰਦ ਮੈਰਿਜ ਐਕਟ ਬਾਰੇ ਭਰੋਸਾ: ਕੈਪਟਨ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਰੋਸਾ ਦਿੱਤਾ ਹੈ ਕਿ ਭਾਰਤ ਸਰਕਾਰ ਅਨੰਦ ਕਾਰਜ ਮੈਰਿਜ ਐਕਟ ਪੇਸ਼ ਕਰਨ ਨੂੰ ਲੈ ਕੇ ਜਲਦੀ ਹੀ ਕਦਮ ਚੁੱਕੇਗੀ। ਉਨ੍ਹਾਂ ਨੇ ਇਹ ਭੋਰਸਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤਾ ਹੈ ਜਿਹੜੇ ਸੂਬੇ ਤੋਂ ਕਈ ਸੀਨੀਅਰ ਪਾਰਟੀ ਆਗੂਆਂ ਨਾਲ ਨਵੀਂ ਦਿੱਲੀ ਵਿਖੇ ਉਨ੍ਹਾਂ ਨੂੰ ਮਿਲੇ।



ਪ੍ਰਧਾਨ ਮੰਤਰੀ ਨੇ ਵਫਦ ਨੂੰ ਮਾਲਵਾ ਵਿਚ ਸੁਪਰ ਸਪੈਸ਼ਲਿਟੀ ਕੈਂਸਰ ਹਸਪਤਾਲ ਖੋਲ੍ਹਣ ਦਾ ਵੀ ਭਰੋਸਾ ਦਿੱਤਾ। ਕੈਪਟਨ ਅਮਰਿੰਦਰ ਨੇ ਖੁਲਾਸਾ ਕੀਤਾ ਕਿ ਪ੍ਰਧਾਨ ਮੰਤਰੀ ਨੇ ਅਨੰਦ ਕਾਰਜ ਮੈਰਿਜ ਐਕਟ ਮਾਮਲੇ ’ਤੇ ਉਨ੍ਹਾਂ ਨਾਲ ਪੂਰੀ ਸਹਿਮਤੀ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਮਾਮਲੇ ’ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨਾਲ ਵੀ ਗੱਲ ਕੀਤੀ ਹੈ। ਸਾਬਕਾ ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਪ੍ਰਧਾਨ ਮੰਤਰੀ ਨੇ ਮਾਲਵਾ ਖੇਤਰ ’ਚ ਕੈਂਸਰ ਦੇ ਪ੍ਰਸਾਰ ’ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਇਸ ਮਾਮਲੇ ’ਤੇ ਗੰਭੀਰਤਾ ਨਾਲ ਧਿਆਨ ਦੇਵੇਗੀ।

ਕਾਂਗਰਸੀ ਵਫਦ ਨੇ ਭਾਰਤ-ਪਾਕਿ ਸਰਹੱਦ ’ਤੇ ਕੰਡਿਆਲੀ ਤਾਰ ਦਾ ਮਾਮਲਾ ਵੀ ਚੁੱਕਿਆ ਹੈ ਜਿਹੜੀ ਕੌਮਾਂਤਰੀ ਸਰਹੱਦ ਤੋਂ ਕਈ ਮੀਟਰ ਅੰਦਰ ਹੈ। ਵਫਦ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਨੂੰ ਵਿਸ਼ੇਸ਼ ਇੰਡਸਟਰੀਅਲ ਗ੍ਰਾਂਟ ਜਾਰੀ ਕੀਤੇ ਜਾਣ ਦੀ ਮੰਗ ਕੀਤੀ। ਕਾਂਗਰਸ ਵਫਦ ਨੇ ਪੰਜਾਬ ਵਾਸਤੇ ਹੜ੍ਹ ਲਈ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਹੈ। ਵਫਦ ਨੇ ਪ੍ਰਧਾਨ ਮੰਤਰੀ ਨੂੰ ਹਰਿਆਣਾ ਸਰਕਾਰ ਵੱਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ ਸਿਫਨਜ ਬਣਾਏ ਜਾਣ ਤੋਂ ਜਾਣੂ ਕਰਵਾਇਆ ਜਿਸਦੇ ਸਿੱਟੇ ਵਜੋਂ ਪਾਣੀ ਵਾਸਤੇ ਰੁਕਾਵਟ ਪੈਦਾ ਹੋ ਸਕਦੀ ਹੈ। ਵਫਦ ’ਚ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ, ਸ. ਲਾਲ ਸਿੰਘ, ਰਾਣਾ ਸੋਢੀ, ਰਾਣਾ ਗੁਰਜੀਤ ਸਿੰਘ, ਸ. ਤ੍ਰਿਪਤ ਰਜਿੰਦਰ ਬਾਜਵਾ ਤੇ ਹਰਮਿੰਦਰ ਜੱਸੀ ਸ਼ਾਮਲ ਸਨ।




# Buy a Home With Zero Cash! No Money Down!

Amardeep Singh
**Ph:916-712-2735**
DRE#01357217

**For FREE list of properties and pre-recorded information on how “NO MONEY DOWN” Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**I am making over $1000**
We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.
*-Shilpa and Naveen Reddy*



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusetts, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਜਰਾਤ ਦੰਗੇ:ਦਸ ਵਰ੍ਹੇ ਬਾਅਦ ਵੀ ਮੁੱਕ ਨਹੀਂ ਰਿਹਾ ਅਦਾਲਤੀ ਗੇੜ

ਬੈਂਚ ਨੇ ਇਹ ਵੀ ਸਪਸ਼ਟ ਕੀਤਾ ਕਿ ਜੇ ਸਬੰਧਤ ਅਦਾਲਤ ਇਹ ਕੇਸ ਬੰਦ ਕਰਨ ਦਾ ਫੈਸਲਾ ਕਰਦੀ ਹੈ ਤਾਂ ਸ੍ਰੀ ਜ਼ਾਫਰੀ ਦੀ ਵਿਧਵਾ ਜ਼ਕੀਆ ਜ਼ਾਫਰੀ ਨੂੰ ਆਪਣਾ ਪੱਖ ਦੱਸਣ ਦਾ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਪੱਖ ਨੂੰ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਨਾਲ ਪੇਸ਼ ਕੀਤਾ ਜਾਵੇ। ਬੀਬੀ ਜ਼ਕੀਆ ਜ਼ਾਫਰੀ ਨੇ ਆਪਣੀ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਸ੍ਰੀ ਮੋਦੀ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੇ 27 ਫਰਵਰੀ 2002 ਨੂੰ ਗੋਧਰਾ ਰੇਲ ਕਾਂਡ ਤੋਂ ਬਾਅਦ ਸੂਬੇ ਭਰ 'ਚ ਭੜਕੇ ਦੰਗਿਆਂ ਨੂੰ ਰੋਕਣ ਲਈ ਜਾਣਬੁਝ ਕੇ ਢੁੱਕਵੀਂ ਕਾਰਵਾਈ ਨਹੀਂ ਕੀਤੀ।


ਮੁੱਖ ਮੰਤਰੀ ਨਰਿੰਦਰ ਮੋਦੀ

ਬੈਂਚ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦੇ ਚੇਅਰਮੈਨ ਵੱਲੋਂ ਆਪਣੀ ਰਿਪੋਰਟ ਤੇ ਹੋਰ ਸਬੰਧਤ ਸਮੱਗਰੀ ਹੇਠਲੀ ਅਦਾਲਤ ਕੋਲ ਭੇਜੀ ਜਾਵੇ। ਇਸ ਦੇ ਨਾਲ ਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਉਸ ਰਿਪੋਰਟ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ ਜੋ ਹੇਠਲੀ ਅਦਾਲਤ ਦੇ ਸਹਾਇਕ ਵਕੀਲ ਵੱਲੋਂ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਗੁਜਰਾਤ ਹਾਈ ਕੋਰਟ ਨੇ 2 ਨਵੰਬਰ 2007 ਨੂੰ ਸ੍ਰੀ ਮੋਦੀ ਤੇ ਹੋਰਾਂ ਖ਼ਿਲਾਫ ਐਫ.ਆਈ.ਆਰ. ਦਰਜ ਕਰਨ ਬਾਰੇ ਜ਼ਕੀਆ ਜ਼ਾਫਰੀ ਦੀ ਅਪੀਲ ਰੱਦ ਕਰ ਦਿੱਤੀ ਸੀ ਜਿਸ ਪਿੱਛੋਂ ਉਨ੍ਹਾਂ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਸੀ।

ਸੁਪਰੀਮ ਕੋਰਟ ਨੇ ਸਾਰੀਆਂ ਧਿਰਾਂ ਦੀ ਸੁਣਵਾਈ ਕਰਨ ਪਿਛੋਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਤਿਆਰ ਰਿਪੋਰਟ ਦੇ ਆਧਾਰ 'ਤੇ ਹੁਣ ਇਸ ਕੇਸ ਦਾ ਫੈਸਲਾ ਹੇਠਲੀ ਅਦਾਲਤ ਕਰੇਗੀ। ਇਸ ਤਰ੍ਹਾਂ ਹੁਣ ਇਹ ਮਾਮਲਾ ਅਹਿਮਦਾਬਾਦ ਦੀ ਅਦਾਲਤ 'ਚ ਸੁਣਿਆ ਜਾਵੇਗਾ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ 2002 ਦੇ ਦੰਗਿਆਂ ਸਬੰਧੀ ਕੇਸਾਂ 'ਤੇ ਹੁਣ ਉਸ ਦੀ ਨਿਗਰਾਨੀ ਦੀ ਲੋੜ ਨਹੀਂ। ਬੈਂਚ ਨੇ ਕਿਹਾ, "ਹੁਣ ਅਸੀਂ ਉਸ ਮੁਕਾਮ 'ਤੇ ਪਹੁੰਚ ਗਏ ਹਾਂ ਜਿੱਥੇ ਕੇਸ 'ਤੇ ਨਿਗਰਾਨੀ ਰੱਖਣ ਦਾ ਅਮਲ ਖਤਮ ਹੋ ਜਾਣਾ ਚਾਹੀਦਾ ਹੈ।"

ਸੁਪਰੀਮ ਕੋਰਟ ਨੇ ਇਹ ਹੁਕਮ ਕੇਸ ਨਾਲ ਸਬੰਧਤ ਉਨ੍ਹਾਂ ਦੋ ਰਿਪੋਰਟਾਂ ਦੇ ਆਧਾਰ 'ਤੇ ਦਿੱਤੇ ਜੋ ਵਿਸ਼ੇਸ਼ ਜਾਂਚ ਟੀਮ ਤੇ ਅਦਾਲਤ ਦੀ ਸਹਾਇਤਾ ਕਰ ਰਹੇ ਵਿਸ਼ੇਸ਼ ਵਕੀਲ ਰਾਜੂ ਰਾਮਾਚੰਦਰਨ ਵੱਲੋਂ ਪੇਸ਼ ਕੀਤੀਆਂ ਗਈਆਂ ਸਨ। ਵਿਸ਼ੇਸ਼ ਜਾਂਚ ਟੀਮ ਨੇ ਜਦੋਂ ਆਪਣੀ ਲਿਫਾਫਾ ਬੰਦ ਰਿਪੋਰਟ ਪੇਸ਼ ਕੀਤੀ ਸੀ ਤਾਂ ਅਦਾਲਤ ਨੇ ਸ੍ਰੀ ਰਾਮਾਚੰਦਰਨ ਨੂੰ ਇਸ ਦਾ ਅਧਿਐਨ ਕਰਨ ਅਤੇ ਇਸ 'ਤੇ ਆਪਣੀ ਵਿਸ਼ੇਸ਼ ਰਿਪੋਰਟ ਦੇਣ ਲਈ ਕਿਹਾ ਸੀ। ਇਸ 'ਤੇ ਸ੍ਰੀ ਰਾਮਾਚੰਦਰਨ ਨੇ ਆਪਣੀ ਰਿਪੋਰਟ ਦਿੱਤੀ ਜਦਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਸ੍ਰੀ ਮੋਦੀ ਨੂੰ ਕਲੀਨ ਚਿੱਟ ਦਿੱਤੇ ਜਾਣ ਦਾ ਵੀ ਪਤਾ ਲੱਗਿਆ ਹੈ।

ਵਿਸ਼ੇਸ਼ ਜਾਂਚ ਟੀਮ ਨੇ ਇਸ ਤੋਂ ਪਹਿਲਾਂ ਮੁੱਖ ਮੰਤਰੀ ਸ੍ਰੀ ਮੋਦੀ, ਵਿਸ਼ਵ ਹਿੰਦੂ ਪ੍ਰੀਸ਼ਦ ਆਗੂ ਪਰਵੀਨ ਤੋਗੜੀਆ ਤੇ ਕਈ ਪੁਲਿਸ ਅਧਿਕਾਰੀਆਂ ਤੋਂ ਪੁੱਛ-ਪੜਤਾਲ ਕੀਤੀ ਸੀ। ਜ਼ਕੀਆ ਜ਼ਾਫਰੀ ਦੀ ਸ਼ਿਕਾਇਤ ਵਿਚ ਜਿਨ੍ਹਾਂ 63 ਵਿਅਕਤੀਆਂ 'ਤੇ ਦੋਸ਼ ਲਾਏ ਗਏ ਸਨ, ਉਨ੍ਹਾਂ ਨਾਲ ਸਬੰਧਤ ਰਿਕਾਰਡ ਦੀ ਵੀ ਵਿਸ਼ੇਸ਼ ਟੀਮ ਨੇ ਪੁਣਛਾਣ ਕੀਤੀ ਸੀ। ਜ਼ਕੀਆ ਦੀ ਸ਼ਿਕਾਇਤ ਤੋਂ ਇਲਾਵਾ ਵਿਸ਼ੇਸ਼ ਜਾਂਚ ਟੀਮ ਵੱਲੋਂ 10 ਹੋਰ ਸੰਵੇਦਨਸ਼ੀਲ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੇ ਕਈ ਹੋਰ ਗੈਰ-ਸਰਕਾਰੀ ਸੰਸਥਾਵਾਂ ਨੇ ਇਸ ਮਾਮਲੇ 'ਚ ਹੋਈ ਜਾਂਚ ਨੂੰ ਗੈਰ-ਭਰੋਸੇਮੰਦ ਦੱਸਿਆ ਸੀ ਜਿਸ ਪਿੱਛੋਂ ਇਹ ਮਾਮਲੇ ਵੀ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪ ਦਿੱਤੇ ਗਏ।

ਉਧਰ, ਸੁਪਰੀਮ ਕੋਰਟ ਦੇ ਆਦੇਸ਼ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਾਂਗਰਸ ਦੇ ਮਰਹੂਮ ਸੰਸਦ ਮੈਂਬਰ ਦੀ ਵਿਧਵਾ ਜ਼ਕੀਆ ਜ਼ਾਫਰੀ ਨੇ ਕਿਹਾ ਕਿ ਦੋਸ਼ੀ ਹਾਲੇ ਵੀ ਆਜ਼ਾਦ ਘੁੰਮ ਰਹੇ ਹਨ। ਜ਼ਕੀਆ ਜ਼ਾਫਰੀ ਨੇ ਕਿਹਾ, "ਉਨ੍ਹਾਂ ਨੂੰ ਹਾਲੇ ਵੀ ਸੁਪਰੀਮ ਕੋਰਟ 'ਤੇ ਭਰੋਸਾ ਹੈ ਪਰ ਕੁਝ ਚੀਜ਼ਾਂ ਗਲਤ ਹੋ ਗਈਆਂ ਹਨ। ਇਸ ਘਟਨਾ ਨੂੰ ਤਕਰੀਬਨ 10 ਸਾਲ ਹੋ ਚੱਲੇ ਹਨ। ਇਸ ਦੌਰਾਨ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਖ਼ਿਲਾਫ ਸੁਣਵਾਈ ਚੱਲ ਰਹੀ ਹੈ ਹਾਲਾਂਕਿ ਇਹ ਦੰਗੇ ਕਰਵਾਉਣ ਵਾਲੇ ਅਸਲ ਦੋਸ਼ੀ ਹਾਲੇ ਵੀ ਆਜ਼ਾਦ ਘੁੰਮ ਰਹੇ ਹਨ ਪਰ ਉਹ ਲੰਬੀ ਲੜਾਈ ਲੜਨ ਵਾਸਤੇ ਤਿਆਰ ਹਨ।" ਜ਼ਿਕਰਯੋਗ ਹੈ ਕਿ 28 ਫਰਵਰੀ 2002 ਨੂੰ ਗੁਲਬਰਗ ਸੁਸਾਇਟੀ ਦੰਗਿਆਂ 'ਚ ਸ੍ਰੀ ਜ਼ਾਫਰੀ ਸਮੇਤ 69 ਵਿਅਕਤੀ ਮਾਰੇ ਗਏ ਸਨ।

ਭਾਜਪਾ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਪਾਰਟੀ ਦੇ ਉਸ ਸਟੈਂਡ ਦੀ ਪੁਸ਼ਟੀ ਹੋਈ ਹੈ ਕਿ ਗੁਜਰਾਤ ਦੰਗਿਆਂ ਬਾਰੇ ਕੇਸ ਵਿਚ ਮੁੱਖ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਇਕ ਵੀ ਸਬੂਤ ਨਹੀਂ ਹੈ। ਭਾਜਪਾ ਦੇ ਬਜ਼ੁਰਗ ਆਗੂ ਐਲ.ਕੇ. ਅਡਵਾਨੀ ਨੇ ਕਿਹਾ ਕਿ ਇਸ ਨਾਲ ਭਾਜਪਾ ਨੂੰ ਵੱਡੀ ਰਾਹਤ ਮਿਲੀ ਹੈ।

ਦੂਜੇ ਪਾਸੇ, ਕਾਂਗਰਸ ਦੇ ਬੁਲਾਰੇ ਰਾਸ਼ਿਦ ਅਲਵੀ ਨੇ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਸੁਪਰੀਮ ਕੋਰਟ ਨੇ ਗੁਲਬਰਗ ਸੁਸਾਇਟੀ ਕੇਸ 'ਚ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ 'ਕਲੀਨ ਚਿੱਟ' ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਇਹ ਮਾਮਲਾ ਸੁਣਵਾਈ ਲਈ ਹੇਠਲੀ ਅਦਾਲਤ ਹਵਾਲੇ ਕੀਤਾ ਹੈ। ਹੇਠਲੀ ਅਦਾਲਤ ਵੱਲੋਂ ਫੈਸਲਾ ਦਿੱਤੇ ਜਾਣ ਪਿੱਛੋਂ ਉਪਰਲੀਆਂ ਅਦਾਲਤਾਂ ਦੇ ਦਰ ਫਿਰ ਖੁੱਲ੍ਹੇ ਹਨ। ਜੇ ਪੀੜਤਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ ਉਹ ਮੁੜ ਅਪੀਲ ਕਰ ਸਕਦੇ ਹਨ।

ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸ੍ਰੀ ਮੋਦੀ ਨੂੰ ਕਲੀਨ ਚਿੱਟ ਨਹੀਂ ਦਿੱਤੀ ਅਤੇ ਭਾਜਪਾ ਵੱਲੋਂ ਅਗੇਤੇ ਹੀ ਖੁਸ਼ੀ ਜ਼ਾਹਿਰ ਕੀਤੀ ਜਾ ਰਹੀ ਹੈ। ਹਾਲੇ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਵੀ ਜਨਤਕ ਨਹੀਂ ਹੋਈ।

ਸੀ.ਪੀ.ਐਮ. ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਦਾ ਇਹ ਅਰਥ ਨਹੀਂ ਕਿ ਸ੍ਰੀ ਮੋਦੀ 'ਤੇ ਕੋਈ ਦੋਸ਼ ਨਹੀਂ ਸਗੋਂ ਇਸ ਨਾਲ ਚਾਰਜਸ਼ੀਟ 'ਚ ਹੋਰ ਸ਼ਿਕਾਇਤਾਂ ਜੋੜਨ ਦਾ ਰਾਹ ਖੁੱਲ੍ਹਿਆ ਹੈ। ਇਸੇ ਤਰ੍ਹਾਂ ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਨੇ ਕਿਹਾ ਕਿ ਮੀਡੀਆ ਨੂੰ ਸੁਪਰੀਮ ਕੋਰਟ ਦੇ ਆਦੇਸ਼ ਨੂੰ 'ਗਲਤ' ਨਹੀਂ ਸਮਝਣਾ ਚਾਹੀਦਾ। ਸਿਖਰਲੀ ਅਦਾਲਤ ਨੇ ਪਟੀਸ਼ਨ ਦੀ ਅਪੀਲ ਨੂੰ ਮਾਨਤਾ ਦਿੰਦਿਆਂ ਹੀ ਵਿਸ਼ੇਸ਼ ਜਾਂਚ ਟੀਮ ਨੂੰ ਆਪਣੀ ਰਿਪੋਰਟ ਹੇਠਲੀ ਅਦਾਲਤ ਨੂੰ ਸੌਂਪਣ ਦਾ ਆਦੇਸ਼ ਦਿੱਤਾ ਹੈ।

# ਹਰਭਗਵਾਨ ਖ਼ਿਲਾਫ਼ ਕਾਰਵਾਈ ਤੋਂ ਨਾਂਹ

ਬਿਆਨ ਕਿ ਸੀਨੀਅਰ ਵਕੀਲ ਹਰਭਗਵਾਨ ਸਿੰਘ ਨੂੰ 8 ਅਕਤੂਬਰ 2003 ਦਾ ਨੋਟੀਫਿਕੇਸ਼ਨ ਵਾਪਸ ਲੈਣ ਦਾ ਕੋਈ ਅਧਿਕਾਰ ਨਹੀਂ ਸੀ ਅਤੇ ਇਸ ਨੂੰ ਵਾਪਸ ਲੈਣ ਦੀ ਕੋਈ ਤਜਵੀਜ਼ ਵੀ ਨਹੀਂ ਹੈ, ਇਸ ਦੇ ਮੱਦੇਨਜ਼ਰ ਇਹ ਸਾਫ ਹੈ ਕਿ ਸੀਨੀਅਰ ਵਕੀਲ ਨੇ ਅਣਅਧਿਕਾਰਤ ਤੌਰ 'ਤੇ ਇਹ ਬਿਆਨ ਦਿੱਤਾ ਹੈ। ਪੰਜਾਬ ਸਰਕਾਰ ਨੇ ਇਹ ਵੀ ਕਿਹਾ ਹੈ ਕਿ ਕੇਂਦਰ ਵੱਲੋਂ ਦਾਖ਼ਲ ਪਹਿਲੀ ਸਤੰਬਰ ਦੇ ਹੁਕਮਾਂ ਨੂੰ ਵਾਪਸ ਲੈਣ ਦੀ ਅਰਜੀ ਵਿਚਾਰ ਕਰਨ ਦੇ ਕਾਬਲ ਹੈ।


ਹਰਭਗਵਾਨ ਸਿੰਘ

ਸਹਿਜਧਾਰੀਆਂ ਦੇ ਵਕੀਲ ਨੇ ਪਹਿਲੀ ਸਤੰਬਰ ਦੇ ਹੁਕਮ ਨੂੰ ਵਾਪਸ ਲੈਣ ਦਾ ਵਿਰੋਧ ਕਰਦਿਆਂ ਕਿਹਾ ਕਿ ਸੀਨੀਅਰ ਵਕੀਲ ਨੂੰ ਵਕਾਲਤਨਾਮਾ ਦਾਖਲ ਕਰਨ ਦੀ ਜ਼ਰੂਰਤ ਨਹੀਂ ਹੈ, ਸੀਨੀਅਰ ਵਕੀਲ ਆਪਣੇ ਜੂਨੀਅਰ ਵਕੀਲ ਵੱਲੋਂ ਤੱਥਾਂ ਬਾਰੇ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਹੀ ਬਹਿਸ ਕਰਦਾ ਹੈ। ਇਸ ਲਈ ਹਰਭਗਵਾਨ ਸਿੰਘ ਦੇ ਬਿਆਨ ਦੇ ਆਧਾਰ 'ਤੇ ਦਿੱਤੇ ਗਏ ਹੁਕਮ ਸਹੀ ਹਨ। ਸਹਿਜਧਾਰੀਆਂ ਦੇ ਵਕੀਲ ਨੇ ਇਹ ਵੀ ਕਿਹਾ ਕਿ ਜਿਸ ਵੇਲੇ ਸੀਨੀਅਰ ਵਕੀਲ ਨੇ ਬਿਆਨ ਦਿੱਤੇ, ਉਸ ਵੇਲੇ ਕੇਂਦਰ ਸਰਕਾਰ ਦੇ ਹੋਰ ਵਕੀਲ ਵੀ ਅਦਾਲਤ ਵਿਚ ਮੌਜੂਦ ਸਨ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਹਰਬੰਸ ਸਿੰਘ ਕੰਧੋਲਾ ਨੇ ਵੀ ਅਰਜ਼ੀ ਦਾਖਲ ਕਰਕੇ ਕਿਹਾ ਹੈ ਕਿ ਉਸ ਦੀ ਪਟੀਸ਼ਨ ਦਾ 8 ਅਕਤੂਬਰ 2003 ਦੇ ਨੋਟੀਫਿਕੇਸ਼ਨ ਨਾਲ ਕੋਈ ਸਬੰਧ ਨਹੀਂ ਹੈ ਪਰ ਉਸ ਦੀ ਪਟੀਸ਼ਨ ਦਾ ਸਹਿਜਧਾਰੀਆਂ ਦੀ ਪਟੀਸ਼ਨ ਦੇ ਨਾਲ ਹੀ ਪਹਿਲੀ ਸਤੰਬਰ ਨੂੰ ਨਿਬੇੜਾ ਕਰ ਦਿੱਤਾ ਗਿਆ। ਇਸ ਲਈ ਉਸ ਦੀ ਪਟੀਸ਼ਨ ਨੂੰ ਸੁਣਿਆ ਜਾਵੇ। ਜ਼ਿਕਰਯੋਗ ਹੈ ਕਿ ਸ. ਕੰਧੋਲਾ ਨੇ ਪਟੀਸ਼ਨ ਵਿਚ ਕਿਹਾ ਸੀ ਕਿ ਸਰਕਾਰ ਦੀਆਂ ਗੁਪਤ ਹਦਾਇਤਾਂ 'ਤੇ ਗੈਰ-ਸਿੱਖ, ਪਤਿਤ ਸਿੱਖ ਤੇ ਸਹਿਜਧਾਰੀ ਸਿੱਖਾਂ ਨੂੰ ਵੋਟਰ ਵਜੋਂ ਰਜਿਸਟਰ ਕੀਤਾ ਗਿਆ ਹੈ। ਇਸ ਮਾਮਲੇ ਵਿਚ ਹਾਈ ਕੋਰਟ ਦੇ ਪਹਿਲੀ ਸਤੰਬਰ ਦੇ ਹੁਕਮ ਮੁਅੱਤਲ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਸਹਿਜਧਾਰੀਆਂ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਖਲ ਕੀਤੀ ਹੈ। ਹਾਈ ਕੋਰਟ ਵਿਚ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਗਈ। ਅਗਲੀ ਸੁਣਵਾਈ ਹੁਣ 20 ਸਤੰਬਰ ਨੂੰ ਹੋਵੇਗੀ।

# 'ਆਉਂਦੀਆਂ ਚੋਣਾਂ 'ਚ ਬਾਦਲ ਸਰਕਾਰ ਦਾ ਸਫਾਇਆ ਯਕੀਨੀ'

**ਸ਼ਿਕਾਗੋ:** ਪੀਪਲਜ਼ ਪਾਰਟੀ ਆਫ ਪੰਜਾਬ ਦੀ ਮਿਡਵੈਸਟ ਇਕਾਈ ਨੇ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਦੇ ਇਕ ਹਾਲੀਆ ਬਿਆਨ ਉਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਸ. ਦਸੂਹਾ ਦੂਜਿਆਂ ਨੂੰ ਸਿਆਸਤ ਤੋਂ ਸੰਨਿਆਸ ਲੈਣ ਦੀਆਂ ਨਸੀਹਤਾਂ ਦੇਣ ਤੋਂ ਪਹਿਲਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਚੇਤੇ ਰਖਣਾ ਚਾਹੀਦਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਅਕਾਲੀ ਦਲ (ਬਾਦਲ) ਦਾ ਸਫਾਇਆ ਯਕੀਨੀ ਹੈ। ਲੋਕ ਅਕਾਲੀ ਦਲ (ਬਾਦਲ) ਦੇ ਭ੍ਰਿਸ਼ਟ ਰਾਜ ਤੋਂ ਪੂਰੀ ਤਰ੍ਹਾਂ ਅੱਕੇ ਹੋਏ ਹਨ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਕੇ ਇਸ ਤੋਂ ਖਹਿੜਾ ਛੁਡਾਉਣ ਲਈ ਕਾਹਲੇ ਹਨ।

ਇਥੇ ਜ਼ਿਕਰਯੋਗ ਹੈ ਕਿ ਸ. ਦਸੂਹਾ ਨੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਦੇ ਇਸ ਬਿਆਨ ਕਿ ਜੇ ਸੁਖਬੀਰ ਬਾਦਲ ਅਮਰੀਕਾ, ਕੈਨੇਡਾ ਵਿਚ 500 ਬੰਦਿਆਂ ਤੋਂ ਵਧ ਦਾ ਇਕੱਠ ਕਰ ਵਿਖਾਉਣ ਤਾਂ ਉਹ ਸਿਆਸਤ ਤੋਂ ਸੰਨਿਆਸ ਲੈਣ ਲਈ ਤਿਆਰ ਹਨ, ਉਤੇ ਟਿਪਣੀ ਕਰਦਿਆਂ ਕਿਹਾ ਸੀ ਕਿ ਜਲਦ ਹੀ ਸੁਖਬੀਰ ਬਾਦਲ ਨੂੰ ਅਮਰੀਕਾ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਸੁਣਨ ਲਈ ਹਜਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਣਗੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸਾਡੇ ਤਾਂ ਵਿਆਹਾਂ ਵਿਚ ਵੀ ਦੋ-ਦੋ ਹਜਾਰ ਦੇ ਇਕੱਠ ਹੋ ਜਾਂਦੇ ਹਨ।

ਇਥੇ ਜਾਰੀ ਇਕ ਬਿਆਨ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੀ ਮਿਡਵੈਸਟ ਇਕਾਈ ਦੇ ਆਗੂਆਂ ਸ. ਸਰਵਣ ਸਿੰਘ ਟਿਵਾਣਾ ਅਤੇ ਦਰਸ਼ਨ ਸਿੰਘ ਬਸਰਾਓ ਨੇ ਕਿਹਾ ਕਿ ਸ. ਮਨਪ੍ਰੀਤ ਸਿੰਘ ਪੰਜਾਬ ਵਿਚ ਇਕ ਨਵਾਂ ਇਨਕਲਾਬ ਲਿਆਉਣ ਦੇ ਰਾਹ ਤੁਰੇ ਹਨ ਅਤੇ ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਬਹੁਤ ਹੀ ਵਧੀਆ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਤੋਂ ਈਰਖਾ ਕਰਦਿਆਂ ਦਸੂਹੇ ਜਿਹੇ ਝੋਲੀਚੁਕ ਆਗੂਆਂ ਦੇ ਮੂੰਹੋਂ ਅਜਿਹੇ ਬਿਆਨ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਸ. ਦਸੂਹਾ ਨੂੰ ਇਹ ਚੇਤੇ ਰਖਣਾ ਚਾਹੀਦਾ ਹੈ ਕਿ ਬਾਦਲ ਪਰਿਵਾਰ ਪੰਜਾਬ ਉਤੇ ਆਪਣਾ ਜੱਫਾ ਬਣਾ ਕੇ ਰਖਣਾ ਚਾਹੁੰਦਾ ਹੈ ਅਤੇ ਇਸ ਨੇ ਪੰਜਾਬ ਨੂੰ ਨਸ਼ਾਖੋਰੀ, ਭ੍ਰਿਸ਼ਟਾਚਾਰ ਅਤੇ ਬੇਰੁਜਗਾਰੀ ਦੀਆਂ ਅਲਾਮਤਾਂ ਵਿਚ ਗਰਕ ਕਰ ਦਿਤਾ ਹੈ। ਉਨ੍ਹਾਂ ਪੁਛਿਆ ਕਿ ਜੇ ਸੁਖਬੀਰ ਬਾਦਲ ਇਡਾ ਹੀ ਲੋਕਪ੍ਰਿਯ ਆਗੂ ਸੀ ਤਾਂ ਪਿਛਲੇ 30 ਸਾਲਾਂ ਵਿਚ ਅਮਰੀਕਾ ਵਿਚ ਲੋਕਾਂ ਦੇ ਸਨਮੁਖ ਕਿਉਂ ਨਾ ਹੋਇਆ?

# ਕਰਨਲ ਹਰਜੀਤ ਸਿੰਘ ਬਣਿਆ ਕੈਨੇਡੀਅਨ ਫੌਜ ਦਾ ਪਹਿਲਾ ਸਿੱਖ ਕਮਾਂਡਰ

**ਚੰਡੀਗੜ੍ਹ:** ਕੈਨੇਡੀਅਨ ਫੌਜ 'ਚ 1989 ਵਿਚ ਭਰਤੀ ਹੋਇਆ ਹਰਜੀਤ ਸਿੰਘ ਸੱਜਣ ਪਹਿਲਾ ਇੰਡੋ-ਕੈਨੇਡੀਅਨ ਹੈ ਜਿਸ ਨੂੰ ਕੈਨੇਡਾ ਦੀ ਰੈਜੀਮੈਂਟ ਦੀ ਕਮਾਂਡ ਸੌਂਪੀ ਗਈ ਹੈ। ਉਹ ਹੁਣ ਫੌਜ 'ਚ ਲੈਫਟੀਨੈਂਟ ਕਰਨਲ ਹੈ। ਵੈਨਕੂਵਰ ਵਿਖੇ ਹੋਏ ਸ਼ਾਨਦਾਰ ਸਮਾਰੋਹ ਵਿਚ ਉਸ ਨੇ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਦੇ ਕਮਾਂਡਿੰਗ ਅਫਸਰ ਵਜੋਂ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾਂ ਲੈਫਟੀਨੈਂਟ ਕਰਨਲ ਬਰੂਸ ਕਡਨਆਫ ਇਸ ਅਹੁਦੇ 'ਤੇ ਤਾਇਨਾਤ ਸਨ। ਇਤਫਾਕਨ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਕੈਨੇਡੀਅਨ ਫੌਜ 'ਚ ਸਭ ਤੋਂ ਪੁਰਾਣੀ ਰੈਜੀਮੈਂਟ ਹੈ। ਅਜਿਹਾ ਪਹਿਲੀ ਵਾਰ ਹੈ ਜਦੋਂ ਕਿਸੇ ਕੈਨੇਡੀਅਨ ਸਿੱਖ ਨੂੰ ਫੌਜ ਦੀ ਰੈਜੀਮੈਂਟ ਦੀ ਕਮਾਂਡ ਸੌਂਪੀ ਗਈ ਹੈ।



ਕਰਨਲ ਹਰਜੀਤ ਸਿੰਘ ਸੱਜਣ ਦੇ ਪਿਤਾ ਕੁੰਦਨ ਸਿੰਘ ਸੱਜਣ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਹੇ ਹਨ। ਉੱਤਰੀ ਅਮਰੀਕਾ 'ਚ ਸਿੱਖਾਂ ਦੀ ਸਭ ਤੋਂ ਪੁਰਾਣੀ ਇਸ ਸੁਸਾਇਟੀ ਦੀ ਸਥਾਪਨਾ ਸੰਤ ਤੇਜਾ ਸਿੰਘ ਵੱਲੋਂ ਕੀਤੀ ਗਈ ਸੀ। ਕਰਨਲ ਦੇ ਮਾਤਾ ਵਿਦਿਆ ਕੌਰ ਸੱਜਣ ਵੀ ਇਸ ਸੁਸਾਇਟੀ ਨਾਲ ਜੁੜੇ ਰਹੇ ਹਨ।

ਫੌਜੀ ਵਜੋਂ ਭਰਤੀ ਹੋਏ ਹਰਜੀਤ ਸਿੰਘ ਸੱਜਣ ਨੇ ਦੋ ਸਾਲ ਪਿੱਛੋਂ 1991 'ਚ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਵਿਚ ਕਮਿਸ਼ਨ ਹਾਸਲ ਕੀਤਾ। ਚਾਰ ਸਾਲ ਬਾਅਦ ਉਹ ਕੈਪਟਨ ਅਤੇ 2005 ਵਿਚ ਮੇਜਰ ਦੇ ਅਹੁਦੇ 'ਤੇ ਪਹੁੰਚ ਗਿਆ। ਕਰਨਲ ਸੱਜਣ ਦੀ ਤਾਇਨਾਤੀ ਬੋਸਨੀਆ ਤੇ ਅਫਗਾਨਿਸਤਾਨ ਵਿਚ ਵੀ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਗੁਰੂ ਘਰਾਂ ਦੇ ਨਾਲ ਖੇਡ ਮੈਦਾਨ ਬਣਾਏ ਜਾਣ-ਗਾਖਲ

**ਫਰੀਮਾਂਟ (ਬਿਊਰੋ):** ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਸਮੂਹ ਗੁਰਦੁਆਰਾ ਕਮੇਟੀਆਂ ਨੂੰ ਬੇਨਤੀ ਕੀਤੀ ਹੈ ਕਿ ਜਿਥੇ ਵੀ ਸੰਭਵ ਹੋ ਸਕੇ, ਗੁਰੂ ਘਰਾਂ ਦੇ ਨਾਲ ਖੇਡ ਮੈਦਾਨ ਜ਼ਰੂਰ ਬਣਾਏ ਜਾਣ ਤਾਂ ਜੋ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨਵੀਂ ਪਨੀਰੀ ਨੂੰ ਨਾਲ ਹੀ ਗੁਰੂ ਘਰਾਂ ਨਾਲ ਜੋੜਿਆ ਜਾ ਸਕੇ। ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਗਾਖਲ ਨੇ ਆਖਿਆ ਕਿ ਬੇਏਰੀਏ ਵਿਚ ਖਾਸ ਕਰ ਗੁਰਦੁਆਰਾ ਫਰੀਮਾਂਟ ਅਤੇ ਗੁਰਦੁਆਰਾ ਸੈਨ ਹੋਜ਼ੇ ਪਾਸ ਜ਼ਮੀਨ ਦੇ ਵੱਡੇ ਟੁਕੜੇ ਹਨ ਜਿਨ੍ਹਾਂ ਉਪਰ ਅਗਲੀ ਪੀੜ੍ਹੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਖੇਡ ਮੈਦਾਨ ਬਣਾਏ ਜਾ ਸਕਦੇ ਹਨ। ਉਨ੍ਹਾਂ ਆਖਿਆ ਕਿ ਅਜਿਹਾ ਹੋਣ ਨਾਲ ਜਿਥੇ ਗੁਰੂ ਘਰਾਂ ਦੀ ਆਮਦਨ ਵੀ ਵਧੇਗੀ, ਉਥੇ ਨਾਲ ਹੀ ਖੇਡ ਮੇਲਿਆਂ ਦੌਰਾਨ ਸ਼ਰਾਬ ਦੀ ਵਧ ਰਹੀ ਲਾਹਣਤ 'ਤੇ ਵੀ ਕਾਬੂ ਪਾਇਆ ਜਾ ਸਕੇਗਾ। ਉਨ੍ਹਾਂ ਯਕੀਨ ਪ੍ਰਗਟਾਇਆ ਕਿ ਖੇਡ ਮੇਲਿਆਂ 'ਚ ਸ਼ਾਮਲ ਹੋਣ ਵਾਲੇ ਲੋਕ ਗੁਰੂ ਦਾ ਭੈਅ ਮੰਨ ਕੇ ਸ਼ਰਾਬ ਦੀ ਵਰਤੋਂ ਕਰਨ ਤੋਂ ਗੁਰੇਜ ਕਰਨਗੇ।

ਆਪਣੀ ਗੱਲ ਨੂੰ ਵਿਸਥਾਰ ਦਿੰਦਿਆਂ ਸ੍ਰੀ ਗਾਖਲ ਨੇ ਆਖਿਆ ਕਿ ਇਸ ਸਮੇਂ ਸ਼ਰਾਬ ਦੀ ਲਾਹਣਤ ਕਰਕੇ ਹੁੰਦੇ ਝਗੜਿਆਂ ਦੇ ਨਤੀਜੇ ਵਜੋਂ ਮੇਲਾ ਪ੍ਰਬੰਧਕਾਂ ਨੂੰ ਸਕਿਉਰਿਟੀ ਉਤੇ ਹਜ਼ਾਰਾਂ ਡਾਲਰ ਖਰਚ ਕਰਨੇ ਪੈਂਦੇ ਹਨ। ਇਹ ਪੈਸਾ ਬਚਾ ਕੇ ਭਾਈਚਾਰੇ ਦੇ ਹੋਰ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਨਾਲ ਹੀ ਲੜਾਈ ਝਗੜਿਆਂ ਕਰਕੇ ਹੋਣ ਵਾਲੀ ਸਿੱਖ ਭਾਈਚਾਰੇ ਦੀ ਬਦਨਾਮੀ ਤੋਂ ਵੀ ਬਚਿਆ ਜਾ ਸਕਦਾ ਹੈ।

ਸ੍ਰੀ ਗਾਖਲ ਨੇ ਯੁਨਾਈਟਿਡ ਸਪੋਰਟਸ ਕਲੱਬ ਵਲੋਂ ਇਸ ਸਾਲ ਸਤੰਬਰ ਮਹੀਨੇ ਕਰਵਾਏ ਜਾਣ ਵਾਲੇ ਕਬੱਡੀ ਮੇਲੇ ਨੂੰ ਰੱਦ ਕੀਤੇ ਜਾਣ ਦੀ ਗੱਲ ਕਰਦਿਆਂ ਆਖਿਆ ਕਿ ਇਸ ਦਾ ਵੱਡਾ ਕਾਰਨ ਸਕਿਉਰਿਟੀ ਉਪਰ ਹੋਣ ਵਾਲਾ ਬਹੁਤ ਵੱਡਾ ਖਰਚਾ ਹੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਮੇਲੇ ਦੌਰਾਨ ਹੋਈ ਇਕ ਮਾਮੂਲੀ ਘਟਨਾ ਪਿਛੋਂ ਸਾਨੂੰ ਉਹੀ ਗਰਾਊਂਡ ਲੈਣ ਵਿਚ ਬਹੁਤ ਭਾਰੀ ਦਿੱਕਤ



ਅਮੋਲਕ ਸਿੰਘ ਗਾਖਲ

ਆਈ। ਸ਼ਰਤ ਲਾਈ ਗਈ ਕਿ ਵੀਹ-ਪੱਚੀ ਪੁਲਿਸ ਵਾਲੇ ਸਕਿਉਰਿਟੀ ਵਾਸਤੇ ਚਾਹੀਦੇ ਹੋਣਗੇ। ਇਸ ਪਿਛੋਂ ਸ਼ਬੋਟ ਕਾਲਜ ਦੀ ਗਰਾਊਂਡ ਬੁੱਕ ਕਰਾਈ ਤਾਂ ਹੇਵਰਡ ਪੁਲਿਸ ਵਲੋਂ ਜਵਾਬ ਮਿਲਿਆ ਕਿ ਟੂਰਨਾਮੈਂਟ ਦਾ ਸਾਈਜ਼ ਵੱਡਾ ਹੈ, ਇਸ ਲਈ ਇੰਨੀ ਫੋਰਸ ਮੁਹੱਈਆ ਨਹੀਂ ਕਰ ਸਕਦੇ। ਉਪਰੰਤ ਪੀ ਏ ਐਲ ਸਟੇਡੀਅਮ ਬੁੱਕ ਕਰਵਾਇਆ ਜਿਥੇ 700 ਕਾਰਾਂ ਦੀ ਪਾਰਕਿੰਗ ਹੈ ਜੋ ਕਿ ਸਿਰਫ 2000 ਲੋਕਾਂ ਲਈ ਕਾਫੀ ਸੀ, ਜਦੋਂਕਿ ਮੇਲੇ ਵਿਚ ਲੋਕਾਂ ਦੀ ਹਾਜ਼ਰੀ 5000 ਤੋਂ ਕਿਤੇ ਵੱਧ ਹੁੰਦੀ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਕਿਹਾ ਕਿ ਇਹ ਵੀ ਸੁਝਾਅ ਮਿਲੇ ਕਿ ਦਰਸ਼ਕਾਂ ਦੀ ਗਿਣਤੀ ਘੱਟ ਰੱਖਣ ਲਈ ਟਿਕਟ ਲਾਈ ਜਾਵੇ ਪਰ ਕਲੱਬ ਮੈਂਬਰਾਂ ਨੇ ਇਹ ਸੁਝਾਅ ਇਸ ਬਿਨਾ 'ਤੇ ਰੱਦ ਕਰ ਦਿੱਤਾ ਕਿ ਜੇ ਟਿਕਟ ਰੱਖੀ ਜਾਂਦੀ ਹੈ ਤਾਂ ਖੇਡ ਪ੍ਰੇਮੀਆਂ ਲਈ ਬੈਠਣ ਦਾ ਉਚੇਚਾ ਪ੍ਰਬੰਧ ਹੋਣਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ। ਸਭ ਪ੍ਰਬੰਧਕ ਕਮੇਟੀਆਂ ਜਾਣਦੀਆਂ ਹਨ ਕਿ ਜੇ ਦਰਸ਼ਕਾਂ ਦੀ ਗਿਣਤੀ ਦੱਸੇ ਨਾਲੋਂ ਜ਼ਿਆਦਾ ਹੋਵੇ ਤਾਂ ਬਿਨਾ ਕਾਰਨ ਦੱਸਿਆਂ ਟੂਰਨਾਮੈਂਟ ਬੰਦ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਕਿਉਰਿਟੀ ਲਈ ਹਰ ਆਫ ਡਿਊਟੀ ਪੁਲਿਸ ਅਫਸਰ ਲਈ ਵੀਕਐਂਡ 'ਤੇ ਓਵਰ ਟਾਈਮ ਨਾਲ 110-120 ਡਾਲਰ ਫੀ ਘੰਟਾ ਦੇਣੇ ਪੈਂਦੇ। ਮਤਲਬ 10 ਘੰਟੇ ਲਈ ਪ੍ਰਤੀ ਪੁਲਿਸ ਅਫਸਰ ਘੱਟੋ ਘੱਟ 1200 ਡਾਲਰ ਦਾ ਖਰਚਾ। ਜੇ ਵੀਹ ਪੁਲਿਸ ਅਫਸਰ ਹੋਣ ਤਾਂ ਸਿੱਧਾ 24000 ਡਾਲਰ ਦਾ ਖਰਚਾ। ਕਬੱਡੀ ਕੁਮੈਂਟੇਟਰ ਮੱਖਣ ਬਰਾੜ ਦੇ ਸ਼ਬਦਾਂ "ਹੁੰਦਾ ਹੋਵੇ ਮੈਚ ਜਿੱਥੇ ਵੀ ਕਬੱਡੀ ਦਾ, ਖੁੱਲ੍ਹਾ ਦੇਖ ਲਿਓ ਟਰੰਕ ਹਰ ਗੱਡੀ ਦਾ" ਦਾ ਹਵਾਲਾ ਦਿੰਦਿਆਂ ਸ੍ਰੀ ਗਾਖਲ ਨੇ ਆਖਿਆ ਕਿ ਸ਼ਰਾਬ ਪੀ ਕੇ ਭਾਵੇਂ ਕੋਈ ਕਿਸੇ ਨੂੰ ਕੁਝ ਨਾ ਵੀ ਕਹੇ ਤਾਂ ਵੀ ਕਾਨੂੰਨ ਮੁਤਾਬਕ ਸਕਿਉਰਿਟੀ ਵਾਲੇ ਪੂਰੀ ਨਿਗਾਹ ਰੱਖਦੇ ਹਨ ਅਤੇ ਜ਼ਰਾ ਵੀ ਸ਼ੱਕ ਪੈਣ 'ਤੇ ਕਾਰਵਾਈ ਵੀ ਕਰਦੇ ਹਨ। ਸਕਿਉਰਿਟੀ ਦਾ ਇਹ ਭਾਰੀ ਬੋਝ ਆਖਰ ਭਾਈਚਾਰੇ ਉਤੇ ਹੀ ਤਾਂ ਪੈਂਦਾ ਹੈ। ਯੁਨਾਈਟਿਡ ਸਪੋਰਟਸ ਕਲੱਬ ਵਲੋਂ ਮੇਲਾ ਰੱਦ ਕਰਨ ਪਿਛੇ ਇਹ ਖਰਚਾ ਵੀ ਇਕ ਵੱਡਾ ਕਾਰਨ ਸੀ।

ਕਬੱਡੀ ਮੇਲਾ ਕਿਸੇ ਇਨਡੋਰ ਸਟੇਡੀਅਮ ਵਿਚ ਟਿਕਟ ਲਾ ਕੇ ਕਰਨ ਬਾਰੇ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਗਾਖਲ ਨੇ ਆਖਿਆ ਕਿ ਟੋਰਾਂਟੋ ਵਿਚ 50-50 ਡਾਲਰ ਦੀਆਂ ਟਿਕਟਾਂ ਰੱਖ ਕੇ ਕਰਵਾਏ ਗਏ ਕਬੱਡੀ ਮੇਲੇ 2 ਹਫਤੇ ਪਹਿਲਾਂ ਸਰੀ ਵਿਚ ਗੁਰੂ ਘਰ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿਚ ਕਰਵਾਏ ਗਏ ਕਬੱਡੀ ਕੱਪ ਮੇਲੇ ਦੇ ਮੁਕਾਬਲੇ ਬਿਲਕੁਲ ਫਿੱਕੇ ਰਹੇ। ਖੇਡਾਂ ਬੱਚਿਆਂ ਵਿਚ ਉਤਸ਼ਾਹ ਪੈਦਾ ਕਰਨ ਲਈ ਕਰਵਾਈਆਂ ਜਾਂਦੀਆਂ ਹਨ ਨਾ ਕਿ ਪੈਸਾ ਕਮਾਉਣ ਲਈ। ਆਪਣੀ ਗੱਲ ਨੂੰ ਮੁੜ ਸੈਨ ਹੋਜ਼ੇ ਅਤੇ ਫਰੀਮਾਂਟ ਗੁਰੂ ਘਰ ਵੱਲ ਲੈਆਉਂਦਿਆਂ ਉਨ੍ਹਾਂ ਕਿਹਾ ਕਿ ਗੁਰਦੁਆਰਾ ਫਰੀਮਾਂਟ ਪਾਸ ਮਿਸ਼ਨ ਬੁਲੇਵਾਰਡ ਉਪਰ ਸੌ ਏਕੜ ਜ਼ਮੀਨ ਹੈ ਜਿਸ ਦੀ ਵਰਤੋਂ ਇਕ ਖੂਬਸੂਰਤ ਖੇਡ ਮੈਦਾਨ ਬਣਾਉਣ ਲਈ ਕੀਤੀ ਜਾ ਸਕਦੀ ਹੈ ਜਿਥੇ ਕਬੱਡੀ ਤੋਂ ਇਲਾਵਾ ਹਾਕੀ, ਫੁਟਬਾਲ, ਵਾਲੀਬਾਲ ਅਤੇ ਬਾਸਕਿਟਬਾਲ ਦੀਆਂ ਖੇਡਾਂ ਕਰਵਾਈਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਗੁਰਦੁਆਰਾ ਸੈਨ ਹੋਜ਼ੇ ਪਾਸ ਵੀ ਇਕ ਚੰਗਾ ਖੇਡ ਮੈਦਾਨ ਬਣਾਉਣ ਲਈ ਚੋਖੀ ਜ਼ਮੀਨ ਹੈ। ਸਿੱਖ ਭਾਈਚਾਰੇ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਇਸ ਦੀ ਵਰਤੋਂ ਖੇਡ ਮੈਦਾਨ ਬਣਾਉਣ ਲਈ ਕੀਤੀ ਜਾਣੀ ਚਾਹੀਦੀ ਹੈ।

# ਪਹਾੜੀ ਵਾਲੀ ਜ਼ਮੀਨ ਦੀ ਠੀਕ ਵਰਤੋਂ ਲਈ ਧੜਿਆਂ ਤੋਂ ਉਪਰ ਉਠ ਕੇ ਕੰਮ ਕੀਤਾ ਜਾਵੇ-ਮਾਨ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਸ. ਗੁਰਚਰਨ ਸਿੰਘ ਮਾਨ ਨੇ ਬੇਏਰੀਏ ਤੋਂ ਛਪਦੇ ਅੰਗਰੇਜ਼ੀ ਅਖਬਾਰ 'ਓਕਲੈਂਡ ਟ੍ਰਿਬਿਊਨ' ਦੇ ਹਵਾਲੇ ਨਾਲ ਕਿਹਾ ਹੈ ਕਿ ਜੇ ਪਹਾੜੀ ਨਾਲ ਲਗਦੀ 80 ਏਕੜ ਜ਼ਮੀਨ ਦੇ ਪਲਾਟ ਵਿਚ ਡਾ. ਗੋਨੀ ਸੰਧੂ ਨੂੰ 10 ਹਜ਼ਾਰ ਵਰਗ ਫੁੱਟ ਰਕਬੇ ਵਿਚ ਘਰ ਬਣਾਉਣ ਦੀ ਬਾਸ਼ਰਤ ਇਜਾਜ਼ਤ ਮਿਲ ਸਕਦੀ ਹੈ ਤਾਂ ਫਿਰ ਉਸ ਦੇ ਐਨ ਨਾਲ ਲਗਦੀ ਗੁਰਦੁਆਰਾ ਫਰੀਮਾਂਟ ਵਲੋਂ ਮਿਸ਼ਨ ਬੁਲੇਵਾਰਡ ਉਤੇ ਖਰੀਦੀ ਗਈ 100 ਏਕੜ ਜ਼ਮੀਨ ਉਤੇ ਸਿੱਖ ਭਾਈਚਾਰੇ ਲਈ ਕੁਝ ਬਣਾਉਣ ਲਈ ਇਜਾਜ਼ਤ ਕਿਉਂ ਨਹੀਂ ਮਿਲ ਸਕਦੀ? ਮੌਜੂਦਾ ਪ੍ਰਬੰਧਕਾਂ ਵਲੋਂ ਇਸ ਜ਼ਮੀਨ ਨੂੰ ਨਿਕੰਮੀ ਅਤੇ ਕੁਝ ਵੀ ਨਾ ਬਣਾਏਯੋਗ ਕਰਾਰ ਦਿੱਤੇ ਜਾਣ 'ਤੇ ਤਿੱਖੀ ਪ੍ਰਤੀਕ੍ਰਿਆ ਜਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਇਕ ਵਿਅਕਤੀ ਆਪਣੇ ਯਤਨਾਂ ਨਾਲ ਇਜਾਜ਼ਤ ਲੈ ਸਕਦਾ ਹੈ ਤਾਂ ਪੂਰਾ ਸਿੱਖ ਭਾਈਚਾਰਾ ਕਿਉਂ ਨਹੀਂ?

ਇਥੇ ਜਾਰੀ ਇਕ ਬਿਆਨ ਵਿਚ ਸ. ਮਾਨ ਨੇ ਆਖਿਆ ਕਿ ਮਿਸ਼ਨ ਬੁਲੇਵਾਰਡ ਉਤੇ ਲਈ ਗਈ ਗੁਰੂ ਘਰ ਦੀ ਇਸ ਜ਼ਮੀਨ ਉਤੇ ਸਿੱਖ ਭਾਈਚਾਰੇ ਦੀਆਂ ਮੁੱਖ ਲੋੜਾਂ-ਖੇਡਾਂ ਦੇ ਮੈਦਾਨ, ਫਿਊਨਰਲ ਹੋਮ ਜਿਹੇ ਪ੍ਰਾਜੈਕਟਾਂ ਲਈ ਸਾਨੂੰ ਸਭ ਨੂੰ ਆਪਸੀ ਧੜੇਬੰਦੀ ਤੋਂ ਉਪਰ ਉਠ ਕੇ ਯਤਨ ਕਰਨੇ ਚਾਹੀਦੇ ਹਨ। ਇਸ ਸਬੰਧੀ ਕਿਸੇ ਚੰਗੇ ਕਾਨੂੰਨੀ ਮਾਹਰ ਅਤੇ ਇੰਜੀਨੀਅਰ ਦੀ ਸੇਵਾ ਲਈ ਜਾਣੀ ਚਾਹੀਦੀ ਹੈ ਤਾਂ ਜੋ ਮੱਈਅਰ ਟੀ ਦੀਆਂ ਬੰਦਿਸ਼ਾਂ ਦੇ ਹੁੰਦਿਆਂ ਵੀ ਜੋ ਕੁਝ ਵੀ ਬਣਾਇਆ ਜਾ ਸਕਦਾ ਹੈ, ਉਹ ਸਿੱਖ ਭਾਈਚਾਰੇ ਦੇ ਭਲੇ ਲਈ ਬਣਾਇਆ ਜਾਵੇ। ਜੇ ਸਾਰਾ ਭਾਈਚਾਰਾ ਇਮਾਨਦਾਰੀ ਨਾਲ ਮਿਲ ਕੇ ਕੰਮ ਕਰੇ ਤਾਂ ਕੋਈ ਕਾਰਨ ਨਹੀਂ ਕਿ ਸਿਟੀ ਕੌਂਸਲ ਉਪਰ ਦੱਸੇ ਪ੍ਰਾਜੈਕਟਾਂ ਲਈ ਇਜਾਜ਼ਤ ਨਾ ਦੇਵੇ।

# ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀ ਦਲ (ਬਾਦਲ) ਦੀ ਹੂੰਝਾ-ਫੇਰੂ ਜਿੱਤ ਹੋਵੇਗੀ-ਬੈਂਸ

**ਬੇਕਰਜ਼ਫੀਲਡ (ਮਾਨ ਮਨਦੀਪ):** ਉਘੇ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਨੇ ਕਿਹਾ ਹੈ ਕਿ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਅਕਾਲੀ ਦਲ (ਬਾਦਲ) ਦੀ ਹੂੰਝਾ-ਫੇਰੂ ਜਿੱਤ ਹੋਵੇਗੀ ਅਤੇ ਪੰਥ ਵਿਰੋਧੀ ਤਾਕਤਾਂ ਦਾ ਉਕਾ ਸਫਾਇਆ ਹੋ ਜਾਵੇਗਾ।

ਸ. ਬੈਂਸ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਇਕਾਈ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਹਿਜਧਾਰੀ ਮੁੱਦੇ ਉਤੇ ਸਿੱਖ ਪੰਥ ਨੂੰ ਦੋਫਾੜ ਕਰਨ ਦਾ ਕੋਝਾ ਯਤਨ ਕੀਤਾ ਗਿਆ ਸੀ ਜਿਸ ਨੂੰ ਅਕਾਲੀ ਦਲ (ਬਾਦਲ) ਨੇ ਨੰਗਾ ਕਰ ਦਿੱਤਾ ਅਤੇ ਇੰਜ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਮਨਸੂਬਿਆਂ ਉਪਰ ਪਾਣੀ ਫੇਰ ਦਿੱਤਾ।

ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਨੇ ਪਾਰਟੀ ਪ੍ਰਧਾਨ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਰੋਕਣ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਸਬੰਧੀ ਦਿੱਤੇ ਗਏ ਭਰੋਸੇ ਦਾ ਸਵਾਗਤ ਕਰਦਿਆਂ ਕਿਹਾ



ਕਿ ਪ੍ਰੋ. ਭੁੱਲਰ ਨੂੰ ਬਚਾਉਣ ਲਈ ਹਰ ਯਤਨ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਬੋਲਦਿਆਂ ਪਾਰਟੀ ਆਗੂ ਸ. ਗੁਰਨਾਮ ਸਿੰਘ ਪੰਮਾ ਨੇ ਇਸ ਗੱਲੋਂ ਭਾਰਤ ਸਰਕਾਰ ਦੀ ਆਲੋਚਨਾ ਕੀਤੀ ਕਿ ਇਸ ਨੇ ਅਨੰਦ ਮੈਰਿਜ ਐਕਟ ਰੋਕ ਕੇ ਸਿੱਖ ਭਾਈਚਾਰੇ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਇਕ ਵੱਖਰਾ ਤੇ ਨਿਵੇਕਲਾ ਧਰਮ ਹੈ ਅਤੇ ਸਾਨੂੰ ਆਪਣੇ ਧਰਮ ਵਿਚ ਵਿਆਹ ਰਜਿਸਟਰ ਕਰਵਾਉਣ ਲਈ ਅਨੰਦ ਮੈਰਿਜ ਐਕਟ ਜਿਹੀ ਵੱਖਰੀ ਵਿਵਸਥਾ ਦੀ ਲੋੜ ਹੈ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਥੇਦਾਰ ਰੌਣਕ ਸਿੰਘ ਅਤੇ ਦਵਿੰਦਰ ਸਿੰਘ ਰਣੀਆ ਵੀ ਮੌਜੂਦ ਸਨ।


**Philips-66 Truck Stop Convenience Store**

***For Lease to Own***

**11 Pumps, 30 Truck Parkings**
**Diesel & Gas**
**With Restaurant, Liquor, Lottery**
**Prime Location (4 States Traffic Area on State Hwy 71/I-44 in Missouri)**

Serious Parties Only, Please.

**Contact: 417-825-7602**

Email:shawnmann5@gmail.com



**Restaurant For Sale**

**Elegant Indian Restaurant for sale in Indianapolis, Indiana**

***High Traffic Area *Good Customer Base *Plenty of Parking *Open Since 1993 *Beer/Wine License *55 Seat***

**Monthly Sales $45,000-50,000**
**Price: $125,000.00**

**ਇੰਡੀਅਨਐਪੋਲਿਸ (ਇੰਡੀਆਨਾ) 'ਚ ਵਧੀਆ ਚਲਦਾ**
**ਇੰਡੀਅਨ ਰੈਸਟੋਰੈਂਟ ਵਿਕਾਊ ਹੈ**

> 55 ਬੰਦਿਆਂ ਦੇ ਬੈਠਣ ਲਈ ਟੇਬਲ
> ਬੀਅਰ ਅਤੇ ਵਾਈਨ ਦਾ ਲਾਇਸੈਂਸ
>ਵਧੀਆ ਪਾਰਕਿੰਗ >1993 ਤੋਂ ਵਧੀਆ ਚਲਦਾ

**Call (317) 513-8510**



**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:**

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਭਾਰਤ ਨੇ ਹਾਕੀ ਚੈਂਪੀਅਨਜ਼ ਟਰਾਫੀ ਜਿੱਤੀ

**ਓਰਡੋਸ (ਚੀਨ):** ਭਾਰਤ ਨੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਪੈਨਲਟੀ ਸ਼ੂਟ ਆਊਟ ਜ਼ਰੀਏ ਸਖ਼ਤ ਫਾਈਨਲ ਮੁਕਾਬਲੇ ਵਿਚ 4-2 ਨਾਲ ਹਰਾ ਕੇ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਹਾਕੀ ਜਿੱਤ ਲਈ ਹੈ। ਤੈਅ ਤੇ ਵਾਧੂ ਸਮੇਂ ਦੇ ਬਾਅਦ ਦੋਵੇਂ ਟੀਮਾਂ ਕੋਈ ਵੀ ਗੋਲ ਕਰਨ ਤੋਂ ਅਸਫਲ ਰਹੀਆਂ। ਇਸ ਮਗਰੋਂ ਪੈਨਲਟੀ ਸ਼ੂਟਆਊਟ ਵਿਚ ਰਾਜਪਾਲ ਸਿੰਘ, ਦਨੀਸ਼ ਮੁਜਤਬਾ, ਯੁਵਰਾਜ ਵਾਲਮੀਕੀ ਤੇ ਸਰਵਨਜੀਤ ਸਿੰਘ ਨੇ ਭਾਰਤ ਵੱਲੋਂ ਗੋਲ ਕੀਤੇ ਜਦਕਿ ਪਾਕਿਸਤਾਨ ਵੱਲੋਂ ਮੁਹੰਮਦ ਰਿਜ਼ਵਾਨ ਤੇ ਵਸੀਮ ਅਹਿਮਦ ਨੇ ਗੋਲ ਕੀਤੇ।

ਭਾਰਤ ਸ਼ੂਟਆਊਟ ਦੀ ਚੰਗੀ ਸ਼ੁਰੂਆਤ ਨਾ ਕਰ ਸਕਿਆ। ਪਾਕਿਸਤਾਨੀ ਗੋਲਕੀਪਰ ਇਮਰਾਨ ਸ਼ਾਹ ਨੇ ਭਾਰਤ ਦੇ ਗੁਰਵਿੰਦਰ ਸਿੰਘ ਚਾਂਦੀ ਦਾ ਗੋਲ ਰੋਕ ਲਿਆ। ਇਸ ਮਗਰੋਂ ਸ੍ਰੀਜੇਸ਼ ਨੇ ਪਾਕਿਸਤਾਨ ਦੇ ਹਸੀਮ ਅਬਦੁਲ ਖਾਨ ਦਾ ਗੋਲ ਰੋਕਿਆ। ਇਸ ਮਗਰੋਂ ਦਨੀਸ਼ ਮੁਜਤਬਾ ਨੇ ਗੋਲਕੀਪਰ ਸ਼ਾਹ ਨੂੰ ਚਕਮਾ ਦੇ ਕੇ ਭਾਰਤ ਨੂੰ 1-0 ਦੀ ਲੀਡ ਹਾਸਲ ਕਰਵਾਈ।

ਇਸ ਮਗਰੋਂ ਪਾਕਿਸਤਾਨ ਦੇ ਰਿਜ਼ਵਾਨ ਨੇ ਗੋਲ ਕਰਕੇ ਆਪਣੀ ਟੀਮ ਨੂੰ ਬਰਾਬਰੀ 'ਤੇ ਲੈ ਆਂਦਾ ਪਰ ਭਾਰਤੀ ਕਪਤਾਨ ਰਾਜਪਾਲ ਸਿੰਘ ਨੇ ਗੋਲ ਕਰਕੇ ਸਕੋਰ 2-1 'ਤੇ ਪਹੁੰਚਾ ਦਿੱਤਾ। ਇਸ ਮਗਰੋਂ ਸ੍ਰੀਜੇਸ਼ ਨੇ ਪਾਕਿਸਤਾਨ ਦੇ ਸ਼ਫਕਤ ਰਸੂਲ ਦਾ ਅਹਿਮ ਸ਼ਾਟ ਰੋਕ ਕੇ ਗੋਲ ਬਚਾਇਆ। ਯੁਵਰਾਜ ਨੇ ਗੋਲ ਕਰਕੇ ਸਕੋਰ 3-1 ਕਰ ਦਿੱਤਾ ਤੇ ਪਾਕਿਸਤਾਨ ਦੇ ਤਜਰਬੇਕਾਰ ਖਿਡਾਰੀ ਵਸੀਮ ਨੇ ਗੋਲ ਦਾਗ਼ ਕੇ ਸਕੋਰ 3-2 'ਤੇ ਪਹੁੰਚਾਇਆ। ਇਸ ਮਗਰੋਂ ਸਰਵਨਜੀਤ ਵੱਲੋਂ ਕੀਤੇ ਗੋਲ ਨੇ ਭਾਰਤ ਨੂੰ 4-2 ਨਾਲ ਜਿੱਤ ਤੱਕ ਪਹੁੰਚਾਇਆ।



ਇਸ ਤੋਂ ਪਹਿਲਾਂ ਦੋਵਾਂ ਦੇਸ਼ਾਂ ਨੂੰ ਖੇਡ ਤੈਅ ਸਮੇਂ 'ਚ ਖਤਮ ਕਰਨ ਦੇ ਅਨੇਕ ਮੌਕੇ ਮਿਲੇ ਪਰ ਉਹ ਇਨ੍ਹਾਂ ਦਾ ਲਾਭ ਉਠਾਉਣ 'ਚ ਅਸਫਲ ਰਹੇ। ਪਾਕਿਸਤਾਨ ਨੂੰ 7 ਪੈਨਲਟੀ ਕਾਰਨਰ ਮਿਲੇ ਪਰ ਉਹ ਭਾਰਤੀ ਰੱਖਿਆ ਪੰਕਤੀ ਤੇ ਗੋਲਕੀਪਰ ਨੂੰ ਪਛਾੜਣ 'ਚ ਅਸਫਲ ਰਿਹਾ। ਇਸੇ ਤਰ੍ਹਾਂ ਮੈਚ ਖਤਮ ਹੋਣ ਤੋਂ 14 ਮਿੰਟ ਪਹਿਲਾਂ ਮੁਜਤਬਾ ਨੂੰ ਗੋਲ ਕਰਨ ਦਾ ਸੁਨਹਿਰਾ ਮੌਕਾ ਮਿਲਿਆ ਜਦੋਂ ਪਾਕਿਸਤਾਨੀ ਗੋਲਕੀਪਰ ਇਕੱਲਾ ਉਸ ਦੇ ਸਾਹਮਣੇ ਸੀ ਪਰ ਉਸ ਦਾ ਸ਼ਾਟ ਬਾਹਰ ਚਲਾ ਗਿਆ। ਇਸ ਮਗਰੋਂ 65ਵੇਂ ਮਿੰਟ ਵਿਚ ਯੁਵਰਾਜ ਨੇ ਵੀ ਗੋਲ ਕਰਨ ਦਾ ਮੌਕਾ ਗਵਾ ਦਿੱਤਾ। ਜਿੱਤ ਤੋਂ ਭਾਵੁਕ ਹੋਏ ਭਾਰਤੀ ਕੋਚ ਨੇ ਕਿਹਾ ਕਿ ਇਹ ਇਕ ਸ਼ਾਨਦਾਰ ਜਿੱਤ ਹੈ। ਇਸ ਰੋਮਾਂਚਕ ਮੁਕਾਬਲੇ ਦੌਰਾਨ ਪਾਕਿਸਤਾਨੀ ਕੋਚ ਸਟੇਡੀਅਮ ਦੀ ਛੱਤ 'ਤੇ ਖੜ੍ਹਾ ਹੋ ਕੇ ਭਾਰਤੀ ਖਿਡਾਰੀਆਂ ਵਿਰੁੱਧ ਲਗਾਤਾਰ ਮਾੜੀ ਸ਼ਬਦਾਵਲੀ ਬੋਲਦਾ ਰਿਹਾ, ਜਦੋਂ ਵੀ ਕੋਈ ਭਾਰਤੀ ਖਿਡਾਰੀ ਗਲਤੀ ਕਰਦਾ ਤਾਂ ਉਹ ਉਸ ਨੂੰ ਭੈੜਾ ਬੋਲਦਾ, ਜਦੋਂ ਵੀ ਅੰਪਾਇਰ ਭਾਰਤ ਵਿਰੁੱਧ ਕੋਈ ਫੈਸਲਾ ਦਿੰਦਾ ਤਾਂ ਉਹ 'ਥੈਂਕਯੂ' ਕਹਿੰਦਾ।

## ਬੌਬੀ ਜਿੰਦਲ ਗਵਰਨਰੀ ਦੀ ਚੋਣ ਲਈ ਦੂਜੀ ਵਾਰ ਮੈਦਾਨ 'ਚ

**ਵਾਸ਼ਿੰਗਟਨ:** ਪਿਊਸ਼ ਬੌਬੀ ਜਿੰਦਲ ਜੋ ਅਮਰੀਕਾ ਦੇ ਸੂਬੇ ਦਾ ਪਹਿਲਾ ਭਾਰਤੀ-ਅਮਰੀਕੀ ਗਵਰਨਰ ਚੁਣਿਆ ਗਿਆ ਸੀ, ਨੇ ਇਸ ਅਹੁਦੇ ਲਈ ਮੁੜ ਚੁਣੇ ਜਾਣ ਲਈ ਕਾਗਜ਼ ਭਰੇ ਹਨ। ਸੂਤਰਾਂ ਅਨੁਸਾਰ ਉਸ ਦਾ ਕੋਈ ਵਿਰੋਧ ਹੋਣ ਦੀ ਸੰਭਾਵਨਾ ਨਹੀਂ ਹੈ ਤੇ ਲੁਜ਼ੀਆਨਾ ਦੇ ਮੁੱਖ ਕਾਰਜਕਾਰਨੀ ਵਜੋਂ ਦੂਜੀ ਵਾਰ ਉਨ੍ਹਾਂ ਦਾ ਅਹੁਦੇ 'ਤੇ ਆਉਣਾ ਤੈਅ ਹੈ।

ਆਪਣੇ ਕਾਗਜ਼ ਭਰਨ ਮਗਰੋਂ ਜਿੰਦਲ ਨੇ ਕਿਹਾ ਕਿ ਦੂਜੀ ਵਾਰ ਗਵਰਨਰ ਦੇ ਅਹੁਦੇ ਦੀ ਚੋਣ ਲੜਨ ਲਈ ਯੋਗ ਪਾਏ ਜਾਣ 'ਤੇ ਉਹ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਲੋਕਾਂ ਨੇ ਗਵਰਨਰ ਵਜੋਂ ਉਸ 'ਚ ਭਰੋਸਾ ਪ੍ਰਗਟਾਇਆ ਜਿਸ ਕਰਕੇ ਉਹ ਖੁਸ਼ੀ ਤੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਅਧਿਕਾਰਤ ਤੌਰ 'ਤੇ ਫਿਰ ਲੋਕਾਂ ਨੂੰ ਦੂਜੀ ਵਾਰ ਆਪਣੀ ਚੋਣ ਲਈ ਅਪੀਲ ਕਰਦੇ ਹਨ। ਪੰਜਾਬ ਦੇ ਅਮਰ ਤੇ ਰਾਜ ਜਿੰਦਲ ਦੇ ਘਰ ਜਨਮੇ ਬੌਬੀ ਜਿੰਦਲ 2007 'ਚ ਲੁਜ਼ੀਆਨਾ ਦੇ ਗਵਰਨਰ ਚੁਣੇ ਗਏ ਸਨ।

# ਬਾਦਲਾਂ ਦੀਆਂ ਰੈਲੀਆਂ 'ਚ ਸਹਿਜਧਾਰੀ ਤੇ ਪਤਿਤ ਸਿੱਖਾਂ ਦਾ ਹੀ ਇਕੱਠ: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਕੀਤੀਆਂ ਜਾ ਰਹੀਆਂ ਰੈਲੀਆਂ ਦੌਰਾਨ ਜ਼ਿਆਦਾਤਰ ਸਹਿਜਧਾਰੀ ਤੇ ਪਤਿਤ ਹੀ ਪੁੱਜ ਰਹੇ ਹਨ। ਇਸ ਲਈ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਦਾ ਏਜੰਡਾ ਸਪਸ਼ਟ ਕਰਨਾ ਚਾਹੀਦਾ ਹੈ।

ਅਕਾਲੀ ਰੈਲੀਆਂ 'ਚ ਸ਼ਾਮਲ ਹੋ ਰਹੇ ਲੋਕਾਂ ਦੇ ਮਾਮਲੇ 'ਚ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕੈਪਟਨ ਨੇ ਕਿਹਾ ਰੈਲੀਆਂ ਵਿਚ ਸ਼ਾਮਲ ਹੋ ਰਹੇ ਲੋਕ ਵੋਟਰ ਨਹੀਂ ਜਾਪਦੇ ਕਿਉਂਕਿ ਇਨ੍ਹਾਂ ਨੂੰ ਬਾਦਲਾਂ ਦੇ ਮਾਨਦੰਡਾਂ ਅਨੁਸਾਰ ਵੋਟ ਦਾ ਅਧਿਕਾਰ ਮਿਲਣਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼ਇਦ ਅਜਿਹੇ ਵਿਅਕਤੀ ਰੈਲੀ ਭਰਨ ਲਈ ਖਰੀਦੇ ਜਾ ਰਹੇ ਹਨ। ਉਨ੍ਹਾਂ ਦੋਵੇਂ ਬਾਦਲ ਰੈਲੀਆਂ ਦੌਰਾਨ ਗੁਰਦੁਆਰਿਆਂ ਦੇ ਯੋਗ ਪ੍ਰਬੰਧਾਂ ਜਾਂ ਧਰਮ ਪ੍ਰਚਾਰ ਬਾਰੇ ਬੋਲਣ ਦੀ ਥਾਂ ਮਹਿਜ਼ ਕਾਂਗਰਸ ਦੀ ਭੰਡੀ ਕਰਨ ਤਕ ਹੀ ਸੀਮਤ ਹਨ। ਕੈਪਟਨ ਅਮਰਿੰਦਰ ਨੇ ਬਾਦਲਾਂ ਨੂੰ ਕਿਹਾ ਕਿ ਉਹ ਕਾਂਗਰਸ ਵਿਰੁੱਧ ਪ੍ਰਚਾਰ ਕਰਨ ਦੀ ਥਾਂ ਆਪਣੇ ਏਜੰਡੇ ਦਾ ਖੁਲਾਸਾ ਕਰਨ।

ਕੈਪਟਨ ਨੇ ਕਿਹਾ ਕਿ ਅਕਾਲੀ ਦਲ (ਬ) ਨੇ ਆਪਣੇ ਆਗੂਆਂ ਨੂੰ ਇਨ੍ਹਾਂ ਚੋਣਾਂ ਵਿਚ ਉਮੀਦਵਾਰਾਂ ਦੀ ਹਾਰ ਨੂੰ ਭਾਂਪਦਿਆਂ ਜਿਥੇ ਕਈ ਥਾਈਂ ਅਕਾਲੀਆਂ ਨੇ ਆਪਣੇ ਵਿਰੋਧੀਆਂ ਦੇ ਫਾਰਮ ਰੱਦ ਕਰਵਾ ਦਿੱਤੇ, ਉਥੇ ਹੀ ਚੁਣੌਤੀ ਦੇਣ ਵਾਲੇ ਉਮੀਦਵਾਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰਵਾਏ ਜਾ ਰਹੇ ਹਨ ਜੋ ਇਨ੍ਹਾਂ ਦੀ ਪਤਲੀ ਹਾਲਤ ਦੀ ਨਿਸ਼ਾਨੀ ਹੈ।

ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਦੇਣ ਦੇ ਮਾਮਲੇ ਨੂੰ ਲੈ ਕੇ ਪੈਦਾ ਹੋਏ ਵਿਵਾਦ ਪਿੱਛੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਂਗਰਸ ਦਾ ਹੱਥ ਹੋਣ ਦੇ ਲਾਏ ਜਾ ਰਹੇ ਦੋਸ਼ਾਂ ਦਾ ਗੰਭੀਰ ਨੋਟਿਸ ਲੈਂਦਿਆਂ ਕੈਪਟਨ ਨੇ ਸਚਾਈ ਸਾਹਮਣੇ ਲਿਆਉਣ ਲਈ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੀਨੀਅਰ ਵਕੀਲ ਹਰਭਗਵਾਨ ਸਿੰਘ ਦੇ ਨਾਂ ਦੀ ਸ਼ਿਫਾਰਸ਼ ਬਾਰੇ ਕੇਂਦਰੀ ਮੰਤਰੀ ਪਰਨੀਤ ਕੌਰ ਦੇ ਅਸਤੀਫੇ ਦੀ ਕੀਤੀ ਮੰਗ ਦੀ ਵੀ ਕੈਪਟਨ ਅਮਰਿੰਦਰ ਸਿੰਘ ਨੇ ਸਖ਼ਤ ਆਲੋਚਨਾ ਕੀਤੀ। ਉਨ੍ਹਾ ਦਾ ਕਹਿਣਾ ਹੈ ਕਿ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਨ ਲਈ ਹੀ ਸ. ਬਾਦਲ ਵੱਲੋਂ ਅਜਿਹਾ ਕੀਤਾ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਮੁੱਖ ਮੰਤਰੀ ਇਸ ਸਮੁੱਚੇ ਵਿਵਾਦ 'ਚ ਆਪਣੀ ਭੂਮਿਕਾ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਕਰਕੇ ਉਹ ਸਚਾਈ ਨੂੰ ਲੋਕਾਂ ਸਾਹਮਣੇ ਲਿਆਉਣ ਲਈ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰ ਰਹੇ ਹਨ। ਕੇਂਦਰ ਸਰਕਾਰ ਨੂੰ ਹਰਭਗਵਾਨ ਸਿੰਘ ਦੇ ਨਾਂ ਦੀ ਸ਼ਿਫਾਰਸ਼ ਕਰਨ ਦੇ ਮੁੱਦੇ 'ਤੇ ਆਪਣੀ ਪਤਨੀ ਦਾ ਪੱਖ ਪੂਰਦਿਆਂ, ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਪਰਨੀਤ ਕੌਰ ਨੇ ਸਰਕਾਰ ਨੂੰ ਹਰਭਗਵਾਨ ਸਿੰਘ ਦੇ ਨਾਂ ਦੀ ਸ਼ਿਫਾਰਸ਼ ਕੀਤੀ ਹੈ ਤਾਂ ਇਸ ਵਿਚ ਕੁਝ ਵੀ ਗਲਤ ਨਹੀਂ ਹੈ। ਉਨ੍ਹਾਂ ਕਿਹਾ ਕਿ ਚੰਗੇ ਮਕਸਦ ਨਾਲ ਕਿਸੇ ਦੇ ਨਾਂ ਦੀ ਸਿਫਾਰਸ਼ ਕਰਨਾ ਬਿਲਕੁਲ ਕਾਨੂੰਨਨ ਤੇ ਉਚਿਤ ਹੈ।

ਉਨ੍ਹਾਂ ਆਖਿਆ ਹੈ ਕਿ ਇਹ ਬਾਦਲ ਹੀ ਹਨ ਜਿਨ੍ਹਾਂ ਦੇ ਇਸ਼ਾਰੇ 'ਤੇ ਹਰਭਗਵਾਨ ਸਿੰਘ ਨੂੰ ਕੇਂਦਰ ਸਰਕਾਰ ਵੱਲੋਂ ਰਿਪੋਰਟ ਦੇ ਅਧਾਰ 'ਤੇ ਸਹਿਜਧਾਰੀਆਂ ਨੂੰ ਸ਼੍ਰੋਮਣੀ ਕਮੇਟੀ 'ਚ ਵੋਟ ਪਾਉਣ ਦੀ ਮਨਾਹੀ ਬਾਰੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਬਾਰੇ ਦੱਸਣ 'ਚ ਕਾਹਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਇਸ ਵਿਵਾਦ ਤੋਂ ਬਾਦਲਾਂ ਨੂੰ ਵਧੇਰੇ ਫਾਇਦਾ ਹੋਣਾ ਹੈ ਜਿਸ ਕਰਕੇ ਅਸਲੀ ਤੱਥ ਇਹੋ ਹੀ ਹਨ ਕਿ ਉਨ੍ਹਾਂ ਦੇ ਇਸ਼ਾਰੇ 'ਤੇ ਹੀ ਵਕੀਲ ਨੂੰ ਗੁੰਮਰਾਹ ਕੀਤਾ ਗਿਆ ਹੈ ਜੇ ਇਸ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਇਸ ਗੱਲ ਦਾ ਜਲਦੀ ਹੀ ਨਿਤਾਰਾ ਹੋ ਜਾਵੇਗਾ।

## ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਵਿਧਾਨ ਸਭਾ 'ਚ ਮਤਾ ਪਾਸ ਕਰਾਉਣ ਲਈ ਦਬਾਅ


**ਲੁਧਿਆਣਾ**: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿਖਸ ਫਾਰ ਜਸਟਿਸ ਨੇ ਪੰਜਾਬ ਦੀ ਸੱਤਾਧਾਰੀ ਪਾਰਟੀ ਸ੍ਰੋਮਣੀ ਅਕਾਲੀ ਦਲ (ਬਾਦਲ) ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇ ਜਿਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਰੱਦ ਕਰਨ ਲਈ ਮਤਾ ਪਾਸ ਕੀਤਾ ਜਾਵੇ।



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਹਾਲ ਵਿਚ ਹੀ ਤਾਮਿਲਨਾਡੂ ਵਿਧਾਨ ਸਭਾ ਵਿਚ ਮੁੱਖ ਮੰਤਰੀ ਜੈਲਲਿਤਾ ਵੱਲੋਂ ਮਤਾ ਪਾਸ ਕਰਕੇ ਭਾਰਤ ਦੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਗਈ ਕਿ ਤਾਮਿਲ ਲੋਕਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਰਾਜੀਵ ਗਾਂਧੀ ਦੇ ਕਾਤਲਾਂ ਮੁਰੂਗਨ, ਸੰਥਨ ਤੇ ਪੈਰਾਰੀਵਲਨ ਦੀ ਮੌਤ ਦੀ ਸਜ਼ਾ ਰੱਦ ਕੀਤੀ ਜਾਵੇ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁਲਾ ਨੇ ਐਲਾਨ ਕੀਤਾ ਹੈ ਕਿ ਅਫਜਲ ਗੁਰੂ ਦੀ ਮੌਤ ਦੀ ਸਜ਼ਾ ਰੱਦ ਕਰਨ ਬਾਰੇ ਜੰਮੂ-ਕਸ਼ਮੀਰ ਵਿਧਾਨ ਵਿਚ ਮਤੇ ਦੀ ਹਮਾਇਤ ਕਰਨਗੇ।

ਸ. ਪੀਰ ਮੁਹੰਮਦ ਨੇ ਕਿਹਾ ਕਿ ਕਿੰਨੀ ਮੰਦਭਾਗੀ ਗੱਲ ਹੈ ਕਿ ਬਹੁਮੱਤ ਵਿਚ ਹੁੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰੋ. ਭੁੱਲਰ ਨੂੰ ਬਚਾਉਣ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਉਣ ਵਿਚ ਨਾਕਾਮ ਰਹੇ ਹਨ। ਸ. ਪੀਰ ਮੁਹੰਮਦ ਨੇ ਪੁੱਛਿਆ ਕਿ ਜੇਕਰ ਅਫਜ਼ਲ ਗੁਰੂ ਤੇ ਮੁਰੂਗਨ ਨੂੰ ਉਨ੍ਹਾਂ ਦੀ ਮੌਤ ਦੀ ਸਜ਼ਾ ਰੱਦ ਕਰਨ ਵਿਚ ਉਨ੍ਹਾਂ ਦੀਆਂ ਵਿਧਾਨ ਸਭਾਵਾਂ ਦੀ ਹਮਾਇਤ ਪ੍ਰਾਪਤ ਹੈ ਤਾਂ ਪ੍ਰੋ. ਭੁੱਲਰ ਨੂੰ ਕਿਉਂ ਨਹੀਂ?

ਉਨ੍ਹਾਂ ਐਲਾਨ ਕੀਤਾ ਕਿ ਜੇਕਰ ਉਹ ਸ਼੍ਰੋਮਣੀ ਕਮੇਟੀ ਚੋਣਾਂ ਜਿੱਤ ਗਏ ਤਾਂ ਉਹ ਸ੍ਰੋਮਣੀ ਕਮੇਟੀ ਵਿਚ ਪ੍ਰੋ. ਭੁੱਲਰ ਦੇ ਹੱਕ ਵਿਚ ਮਤਾ ਲਿਆਉਣਗੇ ਤੇ ਉਨ੍ਹਾਂ ਦੀ ਸਜ਼ਾ ਮੁਆਫੀ ਲਈ ਮਤਾ ਪਾਸ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਣ ਵਾਸਤੇ ਪੰਜਾਬ ਸਰਕਾਰ 'ਤੇ ਦਬਾਅ ਪਾਉਣ ਲਈ ਜਨਤਕ ਲਹਿਰ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਦੱਸਿਆ ਕਿ 12 ਦਸੰਬਰ 2011 ਨੂੰ ਸਿਖਸ ਫਾਰ ਜਸਟਿਸ ਹੋਰ ਗੈਰ ਸਰਕਾਰੀ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਹਮਾਇਤ ਨਾਲ ਜਨੇਵਾ ਸਵਿਟਜਰਲੈਂਡ ਸਥਿਤ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਕੋਲ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਜਾਵੇਗੀ ਕਿ ਪ੍ਰੋ. ਭੁੱਲਰ ਦੀ ਫਾਂਸੀ ਰੋਕਣ ਲਈ ਭਾਰਤ 'ਤੇ ਦਬਾਅ ਪਾਇਆ ਜਾਵੇ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

# ਰਣਧੀਰ ਸਿੰਘ ਨਿਊ ਯਾਰਕ ਦੀ ਯਾਦ 'ਚ ਸਮਾਗਮ

**ਨਿਊ ਯਾਰਕ (ਸੁਰਿੰਦਰ ਸੋਹਲ):** ਮਰਹੂਮ ਸ਼ਾਇਰ ਰਣਧੀਰ ਸਿੰਘ ਨਿਊ ਯਾਰਕ ਦੀ ਯਾਦ ਵਿਚ ਉਨ੍ਹਾਂ ਦੇ ਨਾਂ 'ਤੇ 'ਰਣਧੀਰ ਪੁਰਸਕਾਰ' ਸ਼ੁਰੂ ਕੀਤਾ ਜਾਏਗਾ। ਇਸ ਸਬੰਧੀ ਫੈਸਲਾ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਵਲੋਂ ਉਨ੍ਹਾਂ ਦੀ ਯਾਦ ਵਿਚ ਇਥੇ ਕੀਤੇ ਗਏ ਇਕ ਸਮਾਗਮ ਦੌਰਾਨ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਦੇ ਮਸ਼ਵਰੇ 'ਤੇ ਕੀਤਾ ਗਿਆ। ਇਨਾਮ ਵਾਸਤੇ ਫੰਡ ਇਕੱਠਾ ਕਰਨ ਦੀ ਸ਼ੁਰੂਆਤ ਕਰਦਿਆਂ ਡਾ. ਜੋਧ ਸਿੰਘ ਅਰੋੜਾ ਨੇ ਇਸ ਫੰਡ ਵਿਚ ਆਪਣੇ ਵਲੋਂ ਪੰਜ ਸੌ ਡਾਲਰ ਦੇਣ ਦਾ ਐਲਾਨ ਕੀਤਾ।



ਰਣਧੀਰ ਸਿੰਘ ਨਿਊ ਯਾਰਕ ਦੀ ਧਰਮਪਤਨੀ ਅਜਮੇਰ ਕੌਰ ਅਤੇ ਉਨ੍ਹਾਂ ਦੇ ਪੁੱਤਰ ਪਰਮਜੀਤ ਸਿੰਘ (ਖੱਬਿਓਂ ਦੂਜੇ, ਤੀਜੇ), ਇਨਸੈਟ ਰਣਧੀਰ ਸਿੰਘ ਨਿਊ ਯਾਰਕ

ਇਥੇ ਰਿਚੀ-ਰਿਚ ਬੈਂਕੁਇਟ ਹਾਲ, ਰਿਚਮੰਡ ਹਿੱਲ ਵਿਚ ਮਰਹੂਮ ਸ਼ਾਇਰ ਰਣਧੀਰ ਸਿੰਘ ਨਿਊ ਯਾਰਕ ਦੀ ਯਾਦ ਵਿਚ ਕੀਤੇ ਗਏ ਸਮਾਗਮ ਦੀ ਪ੍ਰਧਾਨਗੀ ਉਨ੍ਹਾਂ ਦੀ ਪਤਨੀ ਸ੍ਰੀਮਤੀ ਅਜਮੇਰ ਕੌਰ ਅਤੇ ਉਨ੍ਹਾਂ ਦੇ ਪੁੱਤਰ ਪਰਮਜੀਤ ਸਿੰਘ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਡਾ. ਜੋਧ ਸਿੰਘ ਅਰੋੜਾ, ਸੁਰਿੰਦਰ ਸਿੰਘ ਸੁੰਨੜ ਅਤੇ ਡਾ. ਜੀਤ ਸਿੰਘ ਚੰਦਨ ਵੀ ਸ਼ਾਮਲ ਸਨ। ਪ੍ਰੋਗਰਾਮ ਦੇ ਅਰੰਭ 'ਚ ਰਣਧੀਰ ਸਿੰਘ ਦੀ ਬਹੁ-ਚਰਚਿਤ ਨਜ਼ਮ 'ਪੱਤਝੜ' ਦੇ ਕੁਝ ਬੰਦ ਸਰੋਤਿਆਂ ਨਾਲ ਸਾਂਝੇ ਕੀਤੇ ਗਏ। ਉਸ ਤੋਂ ਬਾਦ ਉਂਕਾਰ ਸਿੰਘ ਡੁਮੇਲੀ, ਪ੍ਰੀਤਮ ਸਿੰਘ ਥਿੰਦ, ਮੁਮਤਾਜ਼ ਹੁਸੈਨ, ਪਰਮਜੀਤ ਸਾਗਰ, ਬੀਬੀ ਬਲਬੀਰ ਕੌਰ, ਸੁਰਿੰਦਰ ਸਿੰਘ ਸੁੰਨੜ, ਡਾ. ਜੀਤ ਸਿੰਘ ਚੰਦਨ, ਮਨਮੋਹਨ ਭੱਲਾ, ਰਾਜਿੰਦਰ ਜਿੰਦ, ਰਵਿੰਦਰ ਕੌਰ, ਰਮਨਦੀਪ ਬੰਗੜ, ਪੂਨਮ, ਸਿਮਰਨਜੀਤ ਸਿੰਘ ਸਭਰਵਾਲ, ਰੂਪਾ, ਮੁਸ਼ਤਾਕ ਸੂਫ਼ੀ, ਬਲਬੀਰ ਸਿੰਘ ਡੁਮੇਲੀ, ਰਣਜੀਤ ਕੌਰ, ਜਗੀਰ ਸਿੰਘ ਬੈਂਸ, ਡਾ. ਰਾਮਜੀ ਦਾਸ ਸੇਠੀ, ਧੰਨ ਸਿੰਘ, ਜਸਬੀਰ ਸਿੰਘ ਡੁਮੇਲੀ, ਪਰਗਟ ਸਿੰਘ ਪੰਜਾਬੀ, ਭੁਪਿੰਦਰ ਸਿੰਘ, ਰੇਸ਼ਮ ਸਿੰਘ ਡੁਮੇਲੀ, ਬਲਦੇਵ ਸਿੰਘ ਗਰੇਵਾਲ, ਮੀਨਾਕਸ਼ੀ ਸਿੰਘ ਆਦਿ ਨੇ ਵਿਚਾਰਾਂ ਅਤੇ ਕਵਿਤਾਵਾਂ ਰਾਹੀਂ ਰਣਧੀਰ ਸਿੰਘ ਹੋਰਾਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਵਰਿਆਮ ਸਿੰਘ ਸੰਧੂ, ਉਂਕਾਰਪ੍ਰੀਤ ਸਿੰਘ, ਕੁਲਵਿੰਦਰ ਖਹਿਰਾ, ਸ਼ੇਰ ਸਿੰਘ ਕੰਵਲ, ਕੇ ਐਲ ਗਰਗ ਵਲੋਂ ਭੇਜੇ ਗਏ ਸ਼ੋਕ ਸੁਨੇਹੇ ਵੀ ਸਾਂਝੇ ਕੀਤੇ ਗਏ। ਇਸ ਮੌਕੇ ਗੁਰਵੰਤ ਕੌਰ, ਸੂਰਤ ਸਿੰਘ ਪੱਡਾ, ਤੇਜਿੰਦਰ ਨੰਗਲ, ਸ੍ਰੀਮਤੀ ਸਭਰਵਾਲ, ਬਲਵਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ। ਅੰਤ ਵਿਚ ਰਣਧੀਰ ਸਿੰਘ ਦੇ ਬੇਟੇ ਪਰਮਜੀਤ ਸਿੰਘ ਨੇ ਆਪਣੇ ਪਰਿਵਾਰ ਵਲੋਂ ਪੰਜਾਬੀ ਸਾਹਿਤ ਅਕੈਡਮੀ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਕਾਰਵਾਈ ਸੁਰਿੰਦਰ ਸੋਹਲ ਨੇ ਨਿਭਾਈ।

## ਕਿਆਨੀ ਦੀ ਸ਼ਹਿ 'ਤੇ ਹੋਇਆ ਸ਼ਹਿਜ਼ਾਦ ਦਾ ਕਤਲ

**ਨਿਊਯਾਰਕ:** 'ਦ ਨਿਊਯਾਰਕਰ' ਪੱਤਰਿਕਾ ਦੇ ਸੱਜਰੇ ਅੰਕ 'ਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਦੇ ਖੋਜੀ ਪੱਤਰਕਾਰ ਸਲੀਮ ਸ਼ਹਿਜ਼ਾਦ ਨੂੰ ਮਾਰਨ ਦਾ ਹੁਕਮ ਪਾਕਿ ਫੌਜ ਦੇ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੇ ਇਕ ਉੱਚ ਅਫਸਰ ਵੱਲੋਂ ਦਿੱਤਾ ਗਿਆ ਸੀ। ਅਮਰੀਕੀ ਅਧਿਕਾਰੀ ਅਨੁਸਾਰ ਭਰੋਸੇਯੋਗ ਖੁਫੀਆ ਜਾਣਕਾਰੀ ਇਹੋ ਸੰਕੇਤ ਦਿੰਦੀ ਹੈ ਕਿ ਜਨਰਲ ਕਿਆਨੀ ਦੇ ਸੀਨੀਅਰ ਸਟਾਫ ਦੇ ਅਫਸਰ ਨੇ ਸ਼ਹਿਜ਼ਾਦ ਨੂੰ ਮਾਰਨ ਦੇ ਹੁਕਮ ਦਿੱਤੇ ਸਨ।


Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ





Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

www.punjabtimesusa.com

FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

"Call for a review of any of your insurance policies or to get a quote"
Totally Free and No Obligation to buy from us!!





Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
408-580-6063, 408-687-7566
Fax: 408-273-6001
SSINGH6@FARMERSAGENT.COM

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

Call us to know about special discounts for nurses, teachers, engineers, pharmacists, doctors and more professionals to get low prices.*

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*





Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

# ਬਾਦਲ ਸਰਕਾਰ ਨੇ ਬਰਨਾਲਾ ਖ਼ਿਲਾਫ਼ 'ਮੋਰਚਾ' ਖੋਲ੍ਹਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਪੰਜਾਬ ਦੀ ਸਿਆਸਤ 'ਚ ਮੁੜ ਸਰਗਰਮ ਹੋਣ ਤੋਂ ਬਾਅਦ ਬਾਦਲ ਸਰਕਾਰ ਨੇ ਬਰਨਾਲਾ ਪਰਿਵਾਰ ਖ਼ਿਲਾਫ਼ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। 8 ਸਤੰਬਰ ਨੂੰ ਇਨਕਮ ਟੈਕਸ ਵਿਭਾਗ ਵੱਲੋਂ ਸ. ਬਰਨਾਲਾ ਦੇ ਪੁੱਤਰ ਗਗਨਜੀਤ ਸਿੰਘ ਬਰਨਾਲਾ ਦੀ ਚੰਡੀਗੜ੍ਹ ਦੇ ਸੈਕਟਰ-8 ਸਥਿਤ ਕੋਠੀ 'ਤੇ ਛਾਪਾ ਮਾਰ ਕੇ ਕੋਠੀ ਨੂੰ ਸੀਲ ਕਰ ਦਿੱਤਾ। ਛਾਪਾ ਪੈਣ ਵੇਲੇ ਸ. ਗਗਨਜੀਤ ਸਿੰਘ ਬਰਨਾਲਾ ਕੋਠੀ 'ਚ ਨਹੀਂ ਸਨ। ਇਸ ਲਈ ਟੀਮ ਨੇ ਲੰਬਾ ਸਮਾਂ ਉੱਥੇ ਰਹਿ ਕੇ ਸ. ਬਰਨਾਲਾ ਦੀ ਉਡੀਕ ਕੀਤੀ ਪਰ ਜਦੋਂ ਸ. ਬਰਨਾਲਾ ਦੇ ਪਰਿਵਾਰ ਦਾ ਕੋਈ ਮੈਂਬਰ ਉੱਥੇ ਨਾ ਪੁੱਜਿਆ ਤਾਂ ਇਨਕਮ ਟੈਕਸ ਅਧਿਕਾਰੀਆਂ ਨੇ ਕੋਠੀ ਨੂੰ ਸੀਲ ਕਰ ਕਰ ਦਿੱਤਾ।

ਇਨਕਮ ਟੈਕਸ ਦੇ ਕੇਸ 'ਚ ਉਲਝਾਉਣ ਦੀ ਕੋਸ਼ਿਸ਼





ਸੂਤਰਾਂ ਅਨੁਸਾਰ ਇਨਕਮ ਟੈਕਸ ਦੇ ਅਧਿਕਾਰੀਆਂ ਨੇ ਕੋਠੀ ਦੇ ਕੁਝ ਹਿੱਸੇ ਅੰਦਰ ਸੱਤ ਥਾਵਾਂ 'ਤੇ ਸੀਲਾਂ ਲਾਈਆਂ। ਇਨਕਮ ਟੈਕਸ ਵਿਭਾਗ ਦੇ ਸੂਤਰਾਂ ਅਨੁਸਾਰ ਸ. ਬਰਨਾਲਾ ਨਾਲ ਜੁੜੇ ਇਕ ਪ੍ਰਾਜੈਕਟ ਦੀਆਂ ਵਿੱਤੀ ਸ਼ਿਕਾਇਤਾਂ ਮਿਲਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਅਜਿਹੇ ਛਾਪੇ ਮੁਹਾਲੀ, ਜ਼ੀਰਕਪੁਰ ਤੇ ਪੰਚਕੂਲਾ ਵਿਚ ਵੀ ਮਾਰੇ ਗਏ ਹਨ। ਇਹ ਪ੍ਰਾਜੈਕਟ ਰੀਅਲ ਅਸਟੇਟ ਨਾਲ ਸਬੰਧਤ ਦੱਸਿਆ ਜਾਂਦਾ ਹੈ। ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਿਖਰ 'ਤੇ ਹੋਣ ਕਾਰਨ ਇਸ ਘਟਨਾ ਨੂੰ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।

ਸੁਰਜੀਤ ਕੌਰ ਬਰਨਾਲਾ ਦਾ ਕਹਿਣਾ ਹੈ ਕਿ ਇਹ ਛਾਪਾ ਰਾਜਨੀਤਕ ਸਾਜ਼ਿਸ਼ ਤਹਿਤ ਹੀ ਮਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਗਗਨਜੀਤ ਵੱਲੋਂ ਪਿਛਲੇ 11 ਸਾਲਾਂ ਤੋਂ ਰੀਅਲ ਐਸਟੇਟ ਨਾਲ ਸਬੰਧਤ ਕੰਪਨੀ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਤਾਂ ਕੋਈ ਗੜਬੜੀ ਸਾਹਮਣੇ ਨਹੀਂ ਆਈ ਫਿਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਹੀ ਇਹ ਸਭ ਇਕਦਮ ਕਿਵੇਂ ਹੋ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਗਗਨਜੀਤ ਸਿੰਘ ਦੇ ਘਰੋਂ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਦੇ ਹੱਥ ਅਜਿਹਾ ਕੋਈ ਵੀ ਦਸਤਾਵੇਜ਼ ਨਹੀਂ ਲੱਗਾ ਜੋ ਇਤਰਾਜ਼ਯੋਗ ਹੋਵੇ।

ਉਨ੍ਹਾਂ ਕਿਹਾ ਕਿ ਕਾਰੋਬਾਰ ਤਾਂ ਕੋਈ ਵੀ ਵਿਅਕਤੀ ਕਰ ਸਕਦਾ ਹੈ। ਬੀਬੀ ਬਰਨਾਲਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸਾਜ਼ਿਸ਼ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਕਾਰਵਾਈ ਪਿੱਛੇ ਸ. ਬਾਦਲ ਦੇ ਰਿਸ਼ਤੇਦਾਰ ਜੋ ਆਮਦਨ ਕਰ ਵਿਭਾਗ ਵਿਚ ਅਧਿਕਾਰੀ ਹਨ, ਦਾ ਹੱਥ ਹੋ ਸਕਦਾ ਹੈ।

## ਬਾਦਲ ਨੇ ਆਪਣੀਆਂ ਗ਼ਲਤੀਆਂ ਦਾ ਭਾਂਡਾ ਹਮੇਸ਼ਾ ਦੂਜਿਆਂ ਸਿਰ ਭੰਨਿਆ: ਬਰਨਾਲਾ

**ਸੰਗਰੂਰ:** ਸਾਬਕਾ ਮੁੱਖ ਮੰਤਰੀ ਅਤੇ ਤਾਮਿਲਨਾਡੂ ਦੇ ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਕਾਬਜ਼ ਹੋਈ ਹੈ, ਉਦੋਂ ਤੋਂ ਹੀ ਧਰਮ 'ਤੇ ਸਿਆਸਤ ਭਾਰੂ ਹੋਣ ਦੇ ਨਾਲ-ਨਾਲ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਗਲਤਾਨ ਹੋ ਕੇ ਪਤਿਤਪੁਣੇ ਵੱਲ ਜਾ ਰਹੀ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ (ਬ) ਆਪਣੇ ਸਿਧਾਂਤਾਂ ਤੋਂ ਭਟਕ ਕੇ ਸ਼੍ਰੋਮਣੀ ਕਮੇਟੀ ਦੀਆਂ ਗੋਲਕਾਂ 'ਤੇ ਆਪਣਾ ਕਬਜ਼ਾ ਕਰਨ ਦਾ ਕੋਈ ਵੀ ਮੌਕਾ ਆਪਣੇ ਹੱਥੋਂ ਜਾਣ ਨਹੀਂ ਦਿੰਦੇ।

ਪੰਥਕ ਮੋਰਚੇ ਦੇ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਕਰਦਿਆਂ ਸ. ਬਰਨਾਲਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਨਾਲ ਹਮੇਸ਼ਾ ਵਿਸ਼ਵਾਸਘਾਤ ਕਰਨ ਵਾਲੇ ਸ. ਬਾਦਲ ਆਪਣੀ ਗਲਤੀ ਦਾ ਭਾਂਡਾ ਦੂਜਿਆਂ 'ਤੇ ਭੰਨਣ ਦੇ ਆਦੀ ਹਨ ਪਰ ਉਸ ਦੇ ਲਿਫਾਫੇ ਵਿਚ ਨਿਕਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਗੱਡੀ ਵਿਚ ਫੂਕੇ 1 ਕਰੋੜ 64 ਲੱਖ ਰੁਪਏ ਦੇ ਤੇਲ ਤੋਂ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲੱਗਦਾ ਹੈ ਕਿ ਬਾਦਲ ਦੇ ਹਮਖਿਆਲੀਆਂ ਵੱਲੋਂ ਧਾਰਮਿਕ ਪੇਸ਼ੇ ਦੀ ਦੁਰਵਰਤੋਂ ਕਰਕੇ ਸ਼੍ਰੋਮਣੀ ਕਮੇਟੀ ਦਾ ਬਜਟ ਘਾਟੇ ਵਿਚ ਲਿਜਾਇਆ ਗਿਆ ਹੈ।

ਸਾਬਕਾ ਰਾਜਪਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾ ਹੀ ਧਰਮ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਤੇ ਨਾ ਹੀ ਕੋਈ ਸਿੱਖਿਆ ਸੰਸਥਾਵਾਂ ਤੇ ਸਿਹਤ ਸੇਵਾਵਾਂ ਬਾਰੇ ਸੁਹਿਰਦਤਾ ਵਿਖਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਥਕ ਮੋਰਚੇ ਦੇ ਸਾਰੇ ਉਮੀਦਵਾਰ ਈਮਾਨਦਾਰ ਤੇ ਗੁਰਸਿੱਖ ਹਨ ਕਿਉਂਕਿ ਪੰਥਕ ਸੋਚ ਵਾਲੇ ਉਮੀਦਵਾਰਾਂ ਨੂੰ ਹੀ ਅੱਗੇ ਲਿਆਂਦਾ ਗਿਆ ਹੈ ਤਾਂ ਕਿ ਜਿੱਤਣ ਤੋਂ ਬਾਅਦ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਚ ਪਾਰਦਰਸ਼ੀ ਲਿਆਂਦੀ ਜਾ ਸਕੇ।

## 'ਲਾਰਡ ਸਿੰਘ ਆਫ ਵਿੰਬਲਡਨ' ਨੇ ਰਚਿਆ ਇਤਿਹਾਸ

**ਲੰਡਨ:** ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਹਾਊਸ ਆਫ਼ ਲਾਰਡਜ਼ ਵਿਚ ਪੁੱਜੇ ਪਹਿਲੇ ਪੱਗੜੀਧਾਰੀ ਸਿੱਖ ਮੈਂਬਰ ਇੰਦਰਜੀਤ ਸਿੰਘ ਨੂੰ ਸਦਨ ਵਿਚ 'ਲਾਰਡ ਸਿੰਘ ਆਫ ਵਿੰਬਲਡਨ' ਸੱਦਿਆ ਜਾਵੇਗਾ। 72 ਸਾਲਾਂ ਇਸ ਲਾਰਡ ਦਾ ਜਨਮ ਪਾਕਿਸਤਾਨ ਵਿਚ ਰਾਵਲਪਿੰਡੀ ਵਿਖੇ ਹੋਇਆ ਸੀ ਤੇ ਜਦੋਂ ਉਹ ਇਕ ਸਾਲ ਦੇ ਹੋਏ ਤਾਂ ਉਹ ਮਾਪਿਆਂ ਨਾਲ ਬਰਤਾਨੀਆ ਪੁੱਜ ਗਏ।



ਉਨ੍ਹਾਂ ਦੀ ਆਵਾਜ਼ ਨੂੰ ਦੇਸ਼ ਦਾ ਉਹ ਹਰ ਕੋਈ ਜਾਣਦਾ ਹੈ ਜਿਹੜਾ ਬੀ.ਬੀ.ਸੀ. ਰੇਡੀਓ ਸੁਣਦਾ ਹੈ। ਸ. ਇੰਦਰਜੀਤ ਸਿੰਘ 28 ਸਾਲਾਂ ਤਕ ਇਸ ਰੇਡੀਓ ਤੋਂ 'ਅੱਜ ਦਾ ਵਿਚਾਰ' ਪ੍ਰੋਗਰਾਮ ਪੇਸ਼ ਕਰਦੇ ਰਹੇ। ਇਸ ਪ੍ਰੋਗਰਾਮ ਰਾਹੀਂ ਉਨ੍ਹਾਂ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੇ ਸਿੱਖ ਧਰਮ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਉਹ ਰਸਾਲੇ 'ਸਿੱਖ ਮੈਸੇਂਜਰ' ਦੀ ਸੰਪਾਦਨਾ ਵੀ ਕਰਦੇ ਰਹੇ। ਉਨ੍ਹਾਂ ਦਾ ਸਿੱਖ ਧਰਮ ਬਾਰੇ ਡੂੰਘਾ ਅਧਿਐਨ ਹੈ। ਉਨ੍ਹਾਂ ਨੂੰ ਸ਼ਹਿਜ਼ਾਦਾ ਵਿਲੀਅਮ ਤੇ ਕੇਟ ਮਿਡਲਟੋਨ ਦੇ ਵਿਆਹ ਵਿਚ ਵੀ ਸ਼ਰੀਕ ਹੋਣ ਦਾ ਮਾਣ ਹਾਸਲ ਹੈ।

ਉਨ੍ਹਾਂ ਦੀ ਪਤਨੀ ਡਾ. ਕੰਵਲਜੀਤ ਕੌਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਹਰਨਾਮ ਸਿੰਘ ਭਾਟੀਆ ਦੀ ਧੀ ਹੈ। ਇਸ ਜੋੜੇ ਦੀਆਂ ਦੋ ਧੀਆਂ ਹਨ। ਦੋਵੇਂ ਡਾਕਟਰ ਹਨ ਤੇ ਡਾਕਟਰਾਂ ਨਾਲ ਹੀ ਵਿਆਹੀਆਂ ਹਨ।

ਬਰਤਾਨੀਆ ਦੇ ਪਹਿਲੇ ਪੱਗੜੀਧਾਰੀ ਲਾਰਡ ਇੰਦਰਜੀਤ ਸਿੰਘ ਡਾਕਟਰ ਦੇ ਪੁੱਤ ਹਨ ਤੇ ਉਨ੍ਹਾਂ ਨੇ ਇੰਜਨੀਅਰਿੰਗ ਕੀਤੀ ਹੋਈ ਹੈ। ਮਾਈਨਿੰਗ ਤੇ ਇੰਜਨੀਅਰਿੰਗ 'ਚ ਨੌਕਰੀ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਬਰਮਿੰਘਮ ਤੋਂ ਇੰਜਨੀਅਰਿੰਗ ਕੀਤੀ। ਸਦਨ ਵਿਚ ਕਿਸੇ ਵੀ ਪਾਰਟੀ ਨਾਲ ਨਾ ਜੁੜਨ ਦੀ ਇੱਛਾ ਰੱਖਣ ਵਾਲੇ ਇਸ ਸਿੱਖ ਲਾਰਡ ਦਾ ਕਹਿਣਾ ਹੈ ਕਿ ਉਹ ਆਪਣੀ ਸੁਤੰਤਰ ਪਛਾਣ ਰੱਖਣਾ ਚਾਹੁੰਦਾ ਹਨ ਤੇ ਕਿਸੇ ਪਾਰਟੀ ਦੀ ਉਂਗਲ ਫੜ ਕੇ ਆਪਣੇ ਜਮੀਰ ਦੀ ਆਵਾਜ਼ ਨਹੀਂ ਮਾਰਨਾ ਚਾਹੁੰਦੇ।

ਉਨ੍ਹਾਂ ਕਿਹਾ ਕਿ ਇਸ ਅਹੁਦੇ ਤੱਕ ਪਹੁੰਚਣ ਨਾਲ ਪੰਜਾਬੀਆਂ ਅਤੇ ਸਿੱਖਾਂ ਦੀ ਸ਼ਾਨ 'ਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਣਗੇ।

## ਮੁੜ ਬਣੇਗਾ 60 ਪੇਜਾਂ ਵਾਲਾ ਜੰਬੋ ਪਾਸਪੋਰਟ

**ਚੰਡੀਗੜ੍ਹ:** ਵਿਦੇਸ਼ ਮੰਤਰਾਲੇ ਨੇ ਕਈ ਸਾਲ ਪਹਿਲਾਂ ਬੰਦ ਹੋ ਚੁੱਕੇ 60 ਪੇਜਾਂ ਦੇ ਜੰਬੋ ਪਾਸਪੋਰਟ ਨੂੰ ਹੁਣ ਮੁੜ ਬਣਾਉਣ ਦਾ ਫ਼ੈਸਲਾ ਕੀਤਾ ਹੈ ਤੇ ਅਕਤੂਬਰ ਦੇ ਮਹੀਨੇ 'ਚ ਨਵਾਂਸ਼ਹਿਰ, ਹੁਸ਼ਿਆਰਪੁਰ, ਜਲੰਧਰ 'ਚ ਸ਼ੁਰੂ ਹੋ ਰਹੇ ਪਾਸਪੋਰਟ ਸੇਵਾ ਕੇਂਦਰਾਂ 'ਚ ਜੰਬੋ ਪਾਸਪੋਰਟ ਬਣਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਹਾਸਲ ਜਾਣਕਾਰੀ ਮੁਤਾਬਕ ਜੰਬੋ ਪਾਸਪੋਰਟ ਸੇਵਾ ਕਈ ਸਾਲ ਪਹਿਲਾਂ ਬੰਦ ਹੋ ਗਈ ਸੀ ਤੇ ਬਾਅਦ 'ਚ 36 ਸਫ਼ਿਆਂ ਦਾ ਪਾਸਪੋਰਟ ਬਣਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਨਵੇਂ ਕੀਤੇ ਫ਼ੈਸਲੇ ਮੁਤਾਬਕ ਹੁਣ ਜਿਹੜੇ ਲੋਕ 60 ਸਫ਼ਿਆਂ ਦਾ ਜੰਬੋ ਪਾਸਪੋਰਟ ਬਣਵਾਉਣਾ ਚਾਹੁੰਣਗੇ, ਉਨ੍ਹਾਂ ਨੂੰ ਇਸ ਦੀ ਫੀਸ 1500 ਰੁਪਏ ਦੇਣੀ ਹੋਵੇਗੀ ਜਦਕਿ 36 ਪੇਜਾਂ ਦੇ ਪਾਸਪੋਰਟ ਦੀ ਫੀਸ 1000 ਰੁਪਏ ਵਸੂਲ ਕੀਤੀ ਜਾਂਦੀ ਹੈ।

ਪਾਸਪੋਰਟ ਸੇਵਾ ਕੇਂਦਰਾਂ 'ਚ ਹੋਰ ਵੀ ਸਹੂਲਤਾਂ ਮਿਲਣਗੀਆਂ ਜਿਸ ਵਿਚ ਨਵੀਨੀਕਰਨ ਕਰਵਾਉਣ ਲਈ ਪਾਸਪੋਰਟ ਤਿੰਨ ਦਿਨ 'ਚ ਮਿਲ ਜਾਵੇਗਾ ਜਦਕਿ ਬੱਚਿਆਂ ਨੂੰ ਪਾਸਪੋਰਟ ਚਾਰ ਦਿਨ 'ਚ ਤੇ ਪੀ.ਸੀ.ਸੀ. ਇਕ ਘੰਟੇ 'ਚ ਮਿਲ ਜਾਇਆ ਕਰੇਗੀ ਤੇ ਇਸ ਦੀ ਫੀਸ 300 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਤੱਤਕਾਲ ਸਕੀਮ 'ਚ ਪਾਸਪੋਰਟ ਲੈਣ ਵਾਲੇ ਨੂੰ 24 ਘੰਟੇ 'ਚ ਪਾਸਪੋਰਟ ਮਿਲ ਜਾਇਆ ਕਰੇਗਾ।

## ਅੰਮ੍ਰਿਤਸਰ ਤੋਂ ਉਡਣਗੇ ਲੰਡਨ ਨੂੰ ਜਹਾਜ਼

**ਚੰਡੀਗੜ੍ਹ:** ਬ੍ਰਿਟਿਸ਼ ਮਿਡਲੈਂਡ ਇੰਟਰਨੈਸ਼ਨਲ (ਬੀ.ਐਮ.ਆਈ.) ਨੇ ਪਰਵਾਸੀ ਭਾਰਤੀਆਂ ਨੂੰ ਤਿਉਹਾਰਾਂ ਦਾ ਖਾਸ ਤੋਹਫ਼ਾ ਦਿੰਦੇ ਹੋਏ ਅੰਮ੍ਰਿਤਸਰ ਤੋਂ ਲੰਡਨ ਦੀ ਸਿੱਧੀ ਹਵਾਈ ਸੇਵਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਦੀਵਾਲ਼ੀ ਮੌਕੇ 14 ਅਕਤੂਬਰ ਨੂੰ ਸ਼ੁਰੂ ਹੋ ਰਹੀ ਬੀ.ਐਮ.ਆਈ. ਦੀ ਏਅਰਲਾਈਨ ਸੇਵਾ ਲੰਡਨ ਤੋਂ 12 ਘੰਟਿਆਂ 'ਚ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਪਹੁੰਚੇਗੀ। ਹਫਤੇ 'ਚ ਤਿੰਨ ਉਡਾਣਾਂ ਭਰਨ ਵਾਲੀ ਬੀ.ਐਮ.ਆਈ. ਦੀ ਇਕੋਨਮੀ ਕਲਾਸ ਦੀ ਰਿਟਰਨ ਟਿਕਟਾਂ 38091 ਹੈ। ਟਿਕਟਾਂ ਦੀ ਬੁਕਿੰਗ ਸ਼ੁਰੂ ਹੋ ਚੁੱਕੀ ਹੈ।



ਬੀ.ਐਮ.ਆਈ. ਦੇ (ਸੇਲਜ਼ ਮੈਨੇਜਰ) ਵਿਕਾਸ ਮਾਥੁਰ ਨੇ ਦੱਸਿਆ ਕਿ ਉਂਜ ਤਾਂ ਪੂਰੀ ਦੁਨੀਆ 'ਚ ਫੈਲੇ ਪੰਜਾਬੀਆਂ ਦਾ ਗੁਰੂ ਦੀ ਨਗਰੀ ਅੰਮ੍ਰਿਤਸਰ ਨਾਲ ਬੇਹੱਦ ਲਗਾਅ ਹੈ ਪਰ ਇੰਗਲੈਂਡ ਤੇ ਪੰਜਾਬ ਦੀ ਸਦੀਆਂ ਤੋਂ ਖੱਟੀ-ਮਿੱਠੀ ਸਾਂਝ ਹੈ। ਉਨ੍ਹਾਂ ਦੱਸਿਆ ਕਿ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਬੀ.ਐਮ.ਆਈ. ਦੂਜੀ ਸਭ ਤੋਂ ਵੱਡੀ ਏਅਰਲਾਈਨ ਹੈ। ਲੰਡਨ-ਅੰਮ੍ਰਿਤਸਰ ਹਵਾਈ ਸੇਵਾ ਲਈ ਬੀ.ਐਮ.ਆਈ. ਵੱਲੋਂ ਵਾਇਡ ਬੌਡੀ ਏਅਰ ਬੱਸ ਏ 330-200 ਏਅਰਕਰਾਫਟ ਮੁਹੱਈਆ ਕੀਤਾ ਗਿਆ ਹੈ।

ਸ੍ਰੀ ਮਾਥੁਰ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਲੰਡਨ ਤੱਕ ਦਾ ਸਹੀ ਸਮਾਂ 12 ਘੰਟੇ ਮਿਥਿਆ ਗਿਆ ਹੈ ਜਦੋਂਕਿ ਲੰਡਨ ਤੋਂ ਅੰਮ੍ਰਿਤਸਰ ਤਕਰੀਬਨ 11 ਘੰਟੇ 35 ਮਿੰਟ ਹੈ। ਇਹ ਫਲਾਈਟ ਅਲਮਾਟੀ, ਕਜਾਕਸਤਾਨ 'ਚ ਕੁਝ ਸਮੇਂ ਲਈ ਰੁਕੇਗੀ ਪਰ ਜਹਾਜ਼ ਨਹੀਂ ਬਦਲਿਆ ਜਾਵੇਗਾ। ਇਹ ਫਲਾਈਟ ਅੰਮ੍ਰਿਤਸਰ ਤੋਂ ਹਫ਼ਤੇ 'ਚ ਮੰਗਲਵਾਰ, ਸ਼ੁੱਕਰਵਾਰ, ਐਵਤਾਰ ਨੂੰ ਸਵੇਰੇ ਤਕਰੀਬਨ 4 ਵਜੇ ਨਿਕਲੇਗੀ ਤੇ ਲੰਡਨ ਹੀਥਰੋ ਸਵੇਰੇ ਕਰੀਬ 11 ਵਜੇ ਪੁੱਜੇਗੀ। ਇਹ ਉਡਾਣ ਲੰਡਨ ਤੋਂ ਸੋਮਵਾਰ, ਬੁੱਧਵਾਰ ਤੇ ਸ਼ਨੀਵਾਰ ਸਵੇਰੇ ਤਕਰੀਬਨ 10 ਵਜੇ ਨਿਕਲੇਗੀ ਤੇ ਅੰਮ੍ਰਿਤਸਰ ਸਵੇਰੇ ਤੜਕੇ ਕਰੀਬ 3 ਵਜੇ ਪਹੁੰਚੇਗੀ।

# ਪੰਜਾਬ 'ਚ 35 ਹਜ਼ਾਰ ਭਗੌੜਿਆਂ ਨੇ ਚੋਣ ਕਮਿਸ਼ਨ ਦੀ ਨੀਂਦ ਉਡਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ 35 ਹਜ਼ਾਰ ਭਗੌੜਿਆਂ ਬਾਰੇ ਕੇਂਦਰੀ ਚੋਣ ਕਮਿਸ਼ਨ ਫਿਕਰਮੰਦ ਹੈ। ਗ੍ਰਹਿ ਵਿਭਾਗ ਵੱਲੋਂ ਕਮਿਸ਼ਨ ਦੀਆਂ ਹਦਾਇਤਾਂ 'ਤੇ ਭਗੌੜਿਆਂ ਬਾਰੇ ਸੌਂਪੀ ਗਈ ਰਿਪੋਰਟ ਮੁਤਾਬਕ ਰਾਜ ਦੀਆਂ ਵੱਖ-ਵੱਖ ਅਦਾਲਤਾਂ ਵੱਲੋਂ ਭਗੌੜੇ ਕਰਾਰ ਦਿੱਤੇ 35 ਹਜ਼ਾਰ ਵਿਅਕਤੀ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ।

ਰਿਪੋਰਟ ਮੁਤਾਬਕ ਪਿਛਲੇ ਸਾਲ 60 ਹਜ਼ਾਰ ਦੇ ਕਰੀਬ ਵਿਅਕਤੀਆਂ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਹੋਏ ਸਨ ਜਿਨ੍ਹਾਂ ਵਿਚੋਂ 17000 ਵਾਰੰਟਾਂ 'ਤੇ ਕੋਈ ਕਾਰਵਾਈ ਨਹੀਂ ਹੋਈ। ਅਦਾਲਤਾਂ ਵੱਲੋਂ ਅਪਰਾਧੀ ਮਾਮਲਿਆਂ ਵਿਚ ਲੋੜੀਂਦੇ 8000 ਵਿਅਕਤੀ ਭਗੌੜੇ ਹਨ ਜਿਨ੍ਹਾਂ ਨੂੰ ਪੁਲਿਸ ਕਾਬੂ ਕਰਨ ਤੋਂ ਅਸਮਰੱਥ ਹੈ ਤੇ 10 ਹਜ਼ਾਰ ਵਿਅਕਤੀ ਅਦਾਲਤ ਤੋਂ ਜ਼ਮਾਨਤ ਲੈਣ ਉਪਰੰਤ ਭਗੌੜੇ ਹਨ। ਪੰਜਾਬ ਵਿਚ ਭਗੌੜਿਆਂ ਦਾ ਮਾਮਲਾ ਇਨ੍ਹੀਂ ਦਿਨੀਂ ਕਾਫੀ ਚਰਚਾ ਵਿਚ ਹੈ ਤੇ ਚੋਣ ਕਮਿਸ਼ਨ ਇਸ ਮਾਮਲੇ 'ਤੇ ਕਾਫੀ ਗੰਭੀਰ ਹੋ ਗਿਆ ਹੈ। ਪੁਲਿਸ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸਾਰੇ ਭਗੌੜੇ ਹਵਾਲਾਤ ਵਿਚ ਭੇਜੇ ਜਾਣ।



ਚੋਣ ਕਮਿਸ਼ਨ ਵੱਲੋਂ ਭਗੌੜੇ ਮੁਲਜ਼ਮਾਂ ਦਾ ਮਾਮਲਾ ਚੋਣਾਂ ਨਾਲ ਸਬੰਧਤ ਸਮਝਿਆ ਜਾਂਦਾ ਹੈ। ਇਸੇ ਕਰਕੇ ਕਮਿਸ਼ਨ ਨੇ ਰਾਜ ਸਰਕਾਰ ਤੋਂ ਜੂਨ ਮਹੀਨੇ ਤੋਂ ਹੀ ਭਗੌੜਿਆਂ ਬਾਰੇ ਰਿਪੋਰਟ ਤਲਬ ਕਰਨੀ ਸ਼ੁਰੂ ਕਰ ਦਿੱਤੀ ਸੀ। ਕਮਿਸ਼ਨ ਦੀਆਂ ਹਦਾਇਤਾਂ 'ਤੇ ਅਪਰਾਧੀਆਂ ਨਾਲ ਜੁੜੇ ਇਹ ਤੱਥ ਸਾਹਮਣੇ ਆਏ ਤਾਂ ਕਮਿਸ਼ਨ ਨੂੰ ਵੱਡੀ ਹੈਰਾਨੀ ਹੋਈ। ਸੂਤਰਾਂ ਮੁਤਾਬਕ ਕਮਿਸ਼ਨ ਨਾਲ ਜੁੜੇ ਅਧਿਕਾਰੀਆਂ ਨੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨਾਲ ਇਸ ਮਾਮਲੇ 'ਤੇ ਚਰਚਾ ਵੀ ਕੀਤੀ। ਚੋਣ ਕਮਿਸ਼ਨ ਇਨ੍ਹਾਂ ਤੱਥਾਂ ਨੂੰ ਬੇਹੱਦ ਗੰਭੀਰ ਮੰਨਦਾ ਹੈ ਕਿ ਦੇਸ਼ ਦੇ ਛੋਟੇ ਜਿਹੇ ਸੂਬੇ ਵਿਚ ਇਕ ਲੱਖ ਦੇ ਕਰੀਬ ਵਿਅਕਤੀ ਅਜਿਹੇ ਹਨ ਜਿਨ੍ਹਾਂ ਦੀ ਪੁਲਿਸ ਨੂੰ ਕਿਸੇ ਨਾ ਕਿਸੇ ਮਾਮਲੇ ਵਿਚ ਤਲਾਸ਼ ਹੈ ਤੇ ਅਦਾਲਤਾਂ ਨੇ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹੋਏ ਹਨ।

ਪੁਲੀਸ ਦੀ ਰਿਪੋਰਟ ਮੁਤਾਬਕ 60 ਹਜ਼ਾਰ 'ਚੋਂ 40 ਹਜ਼ਾਰ ਗੈਰ ਜ਼ਮਾਨਤੀ ਵਾਰੰਟਾਂ 'ਤੇ ਬੇਸ਼ੱਕ ਕਾਰਵਾਈ ਹੋ ਗਈ ਹੈ ਪਰ ਪੰਜਾਬ ਦੇ ਮਾਮਲੇ ਵਿਚ ਇਹ ਅੰਕੜਾ ਬਹੁਤ ਵੱਡਾ ਹੈ। ਰਿਪੋਰਟ ਮੁਤਾਬਕ ਸਭ ਤੋਂ ਵਧ ਭਗੌੜੇ ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਹਨ। ਰਿਪੋਰਟ ਵਿਚਲਾ ਅਹਿਮ ਤੱਥ ਇਹ ਹੈ ਕਿ ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਹੋਏ ਅਪਰਾਧਾਂ ਵਿਚ ਲੋੜੀਂਦੇ ਤਕਰੀਬਨ 8000 ਵਿਅਕਤੀ ਅਜੇ ਤੱਕ ਪੁਲਿਸ ਦੇ ਹੱਥ ਹੀ ਨਹੀਂ ਆਏ।

ਉਧਰ ਪੁਲੀਸ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਭਗੌੜਿਆਂ ਬਾਰੇ ਪੁਲਿਸ ਵੱਲੋਂ ਨਰਮ ਰਵੱਈਆ ਅਪਣਾਇਆ ਜਾਂਦਾ ਹੈ ਕਿਉਂਕਿ ਇਹ ਵਿਅਕਤੀ ਸਰਕਾਰੇ ਦਰਬਾਰੇ ਚੰਗਾ ਰਸੂਖ ਰੱਖਦੇ ਹਨ। ਅਹਿਮ ਤੱਥ ਇਹ ਵੀ ਹੈ ਕਿ ਪੰਜਾਬ ਦੇ ਅਪਰਾਧੀ ਮਾਮਲਿਆਂ ਨਾਲ ਸਬੰਧਤ ਭਗੌੜਿਆਂ ਦੀ ਸੂਚੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਪੀ.ਏ. ਹਰਦੀਪ ਸਿੰਘ ਭੰਵਰਾ ਦਾ ਨਾਂ ਵੀ ਸ਼ਾਮਲ ਹੈ।

ਇਹ ਵਿਅਕਤੀ ਮੁੱਖ ਮੰਤਰੀ ਦੇ ਪਰਿਵਾਰ ਨਾਲ ਸਬੰਧਤ ਮਾਮਲੇ 'ਚ ਪਿਛਲੇ ਤਕਰੀਬਨ 8 ਸਾਲਾਂ ਤੋਂ ਭਗੌੜਾ ਰਿਹਾ ਹੈ। ਇਸ ਮਾਮਲੇ ਦਾ ਨਿਬੇੜਾ ਤਾਂ ਹੋ ਗਿਆ ਪਰ ਭੰਵਰਾ ਅਜੇ ਤੱਕ ਵੀ ਭਗੌੜਾ ਹੈ। ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਦੇ ਜੱਦੀ ਸ਼ਹਿਰ ਮੋਗਾ ਵਿਚ ਹੋਏ ਕਈ ਸਮਾਗਮਾਂ ਦੌਰਾਨ ਪੁਲਿਸ ਅਧਿਕਾਰੀਆਂ ਦੀ ਕਈ ਭਗੌੜਿਆਂ ਨਾਲ ਨੇੜਤਾ ਸਾਹਮਣੇ ਆਈ। ਚੋਣ ਕਮਿਸ਼ਨ ਨੇ ਇਨ੍ਹਾਂ ਮਾਮਲਿਆਂ 'ਤੇ ਵੀ ਗ੍ਰਹਿ ਵਿਭਾਗ ਤੋਂ ਰਿਪੋਰਟ ਤਲਬ ਕੀਤੀ ਹੋਈ ਹੈ।

# SUPER TRAVEL

847-676-9090, 773-465-5566

*E-mail: supertravel2003@yahoo.com*

*Lowest Fares With Excellent Service*



*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

EARLY BIRD SALE!!!!

India $545
London $250



# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

- Royal Bazar, San Jose
- Preet Fabric, Fremont
- Sidhartha International, Fremont
- Roshni, Union City
- Kash Fabrics, Hayward
- Maya Fashion, Newark
- LA Merchandise, Yuba City

DESI WORLD RADIO
Pure Desi Entertainment

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**





Satwant Kaur Takk

Lose Weight Feel Great

All Herbal, American Doctors' formulated and Guaranteed Results

ਅਮਰੀਕਨ ਡਾਕਟਰਾਂ ਦਾ ਕੁਦਰਤੀ ਜੜੀ ਬੂਟੀਆਂ ਤੋਂ ਤਿਆਰ ਕੀਤਾ ਫਾਰਮੂਲਾ ਅਤੇ ਗਾਰੰਟੀਸ਼ੁਦਾ ਨਤੀਜੇ

Before : 165 Lbs.
After : 125 Lbs.
Lost 40 Lbs.

## Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



# Indian Restaurant For Sale in Florida

*Doing exilent business *Free standing building

ਫਲੋਰਿਡਾ ਵਿਚ ਵਧੀਆ ਚਲਦਾ ਭਾਰਤੀ ਰੈਸਟੋਰੈਂਟ ਵਿਕਾਊ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ 850-510-3046




# MRP TRAVEL

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*



*Passport & Visa services also available*

Asiana Airlines, Emirates, SINGAPORE AIRLINES, CATHAY PACIFIC, KOREAN AIR, Lufthansa, CHINA AIRLINES



# Desi Cuts and Color Plus

**For Men, Women & Children**



Mandeep
510-200-4415

Grand Opening

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *(Behind Tacobell)*



# ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਵਧੀਆ ਸਹੂਲਤਾਂ

ਸੰਪਰਕ ਕਰੋ:
850-510-3466


# Matrimonials

*ਜੀਵਨ ਸਾਥੀ ਦੀ ਲੋੜ*

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Match for Jatt Sikh Green Card holder boy 31 yrs, 5' 8", B.A. Boy's all family well settled in US (Bay area). Girl must be 5' 3", 24-30 yrs age. Send Bio Data-usasaran@yahoo.com or call 408-624-7857, 4pm-9pm only (PST)

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.


FARMERS INSURANCE GROUP
Symbol of Superior Service

# FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਬਾਦਲ ਨੂੰ ਹੁਣ ਸਿੱਖ ਮਸਲੇ ਚੇਤੇ ਆਏ

**ਨਵੀਂ ਦਿੱਲੀ:** ਇਥੇ 15ਵੀਂ ਕੌਮੀ ਏਕਤਾ ਕੌਂਸਲ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਖਿਲਾਫ਼ ਰੱਜ ਕੇ ਭੜਾਸ ਕੱਢਦਿਆਂ ਕਿਹਾ ਕਿ ਉਸ ਨੇ 1984 ਦੇ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਤਾਂ ਕੀ ਦਿਵਾਉਣੀਆਂ ਹਨ ਸਗੋਂ ਪੀੜਤਾਂ ਲਈ ਵੀ ਕੁਝ ਨਹੀਂ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲਅੰਦਾਜ਼ੀ ਕਰ ਰਿਹਾ ਹੈ ਜਿਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

ਕੌਂਸਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਵੱਲੋਂ ਭਾਸ਼ਨ ਪੜ੍ਹਦਿਆਂ ਰਾਜ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੇ ਕਿਹਾ ਕਿ ਇਹ ਬੜੀ ਤਕਲੀਫਦੇਹ ਗੱਲ ਹੈ ਕਿ ਐਨੇ ਸਾਲ ਬੀਤ ਜਾਣ 'ਤੇ ਵੀ 1984 ਦੇ ਸਿੱਖ ਕਤਲ-ਏ-ਆਮ ਦੇ ਦੋਸ਼ੀ ਖੁੱਲ੍ਹੇ ਫਿਰ ਰਹੇ ਹਨ ਜਦਕਿ ਪੀੜਤ ਇਨਸਾਫ ਲਈ ਦਰ-ਦਰ ਭਟਕ ਰਹੇ ਹਨ। ਕੇਂਦਰ ਉਨ੍ਹਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦੀ ਥਾਂ ਲੂਣ ਛਿੜਕ ਰਿਹਾ ਹੈ। ਪੀੜਤਾਂ ਦੀ ਹਾਲਤ



ਬਦ ਤੋਂ ਬਦਤਰ ਹੋ ਰਹੀ ਹੈ ਤੇ ਕੇਂਦਰ ਬੇਪ੍ਰਵਾਹ ਬੈਠਾ ਹੈ।

ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਕੇਂਦਰ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਦੇ ਕੇ ਅੱਗ ਨਾਲ ਖੇਡ ਰਿਹਾ ਹੈ। ਜੇਕਰ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਇਆ ਤਾਂ ਦੇਸ਼ ਵਿਚਲੀਆਂ ਕੱਟੜਪੰਥੀ ਤਾਕਤਾਂ ਇਸ ਦਖਲਅੰਦਾਜ਼ੀ ਦਾ ਲਾਹਾ ਲੈ ਕੇ ਮਜ਼ਬੂਤ ਹੋ ਸਕਦੀਆਂ ਹਨ। ਮੁੱਖ ਮੰਤਰੀ ਦਾ ਇਹ ਬਿਆਨ ਐਨ ਉਸ ਵੇਲੇ ਆਇਆ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਪ੍ਰਚਾਰ ਸਿਖਰ 'ਤੇ ਹੈ।

ਉਨ੍ਹਾਂ ਨੇ ਤਜਵੀਜ਼ਸ਼ੁਦਾ ਫਿਰਕੂ ਹਿੰਸਾ ਬਿਲ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਬਿਲ ਨਾਲ ਰਾਜਾਂ ਤੇ ਕੇਂਦਰ ਵਿਚਾਲੇ ਟਕਰਾਅ ਪੈਦਾ ਹੋਵੇਗਾ ਕਿਉਂਕਿ ਬਿਲ ਦੀ ਸੈਕਸ਼ਨ 20 ਅਨੁਸਾਰ ਕੇਂਦਰ ਨੂੰ ਧਾਰਾ 355 ਤਹਿਤ ਸੂਬਿਆਂ ਵਿਚ ਦਖਲ ਦੇਣ ਦਾ ਮੌਕਾ ਮਿਲ ਜਾਵੇਗਾ। ਅਮਨ-ਕਾਨੂੰਨ ਦੀ ਵਿਵਸਥਾ ਸੂਬਿਆਂ ਦਾ ਵਿਸ਼ਾ ਹੈ ਤੇ ਧਾਰਾ 20 ਸੂਬਿਆਂ ਦੇ ਅਧਿਕਾਰਾਂ 'ਤੇ ਸਿੱਧਾ ਛਾਪਾ ਹੈ।

### ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਲਈ ਮਤਾ ਪੇਸ਼ ਕਰਨ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸਰਕਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਤੁੜਵਾਉਣ ਲਈ ਵਿਧਾਨ ਸਭਾ ਵਿਚ ਮਤਾ ਪੇਸ਼ ਕਰੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ"ਭਾਰਤੀ ਜਨਤਾ ਪਾਰਟੀ ਵੱਖਰੀ ਸਿਆਸੀ ਪਾਰਟੀ ਹੈ ਤੇ ਕਿਸੇ ਮਸਲੇ ਬਾਰੇ ਇਸ ਪਾਰਟੀ ਦੇ ਵੱਖਰੇ ਵਿਚਾਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਂਦਾ ਜਾਵੇਗਾ। ਯਾਦ ਰਹੇ ਕਿ ਪ੍ਰੋ. ਭੁੱਲਰ ਨੂੰ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ 'ਤੇ ਹੋਏ ਹਮਲੇ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਦਿੱਤੀ ਹੋਈ ਹੈ।

## ਜਸਟਿਸ ਖੇਹਰ ਬਣੇ ਸੁਪਰੀਮ ਕੋਰਟ ਦੇ ਸਿੱਖ ਜੱਜ

**ਚੰਡੀਗੜ੍ਹ:** ਆਉਂਦੇ ਦਿਨਾਂ 'ਚ ਸੁਪਰੀਮ ਕੋਰਟ ਦੇ ਪੰਜ ਨਵੇਂ ਜੱਜ ਬਣ ਰਹੇ ਹਨ ਜਿਨ੍ਹਾਂ 'ਚ ਇਕ ਔਰਤ ਜੱਜ ਵੀ ਸ਼ੁਮਾਰ ਹੈ। ਸਰਵਉੱਚ ਅਦਾਲਤ 'ਚ ਜੱਜਾਂ ਦੀ ਗਿਣਤੀ ਘੱਟ ਸੀ। ਸੁਪਰੀਮ ਕੋਰਟ 'ਚ ਤਕਰੀਬਨ 47000 ਕੇਸ ਲਟਕ ਰਹੇ ਹਨ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਸ਼ਨਿੱਚਰਵਾਰ ਨੂੰ ਤਿੰਨ ਜੱਜਾਂ ਦੀ ਨਿਯੁਕਤੀ ਲਈ ਸਹੀ ਪਾਈ ਜਦਕਿ ਦੋ ਹੋਰ ਜੱਜਾਂ ਦੀ ਨਿਯੁਕਤੀ ਵਾਲੀਆਂ ਫਾਈਲਾਂ



ਅਗਲੇ ਕੁਝ ਦਿਨਾਂ 'ਚ ਕਾਨੂੰਨ ਮੰਤਰਾਲੇ ਕੋਲ ਪੁੱਜ ਜਾਣਗੀਆਂ। ਜਸਟਿਸ ਜੇ.ਐਸ. ਖੇਹਰ, ਰੰਜਨਾ ਦੇਸਾਈ ਤੇ ਐਸ.ਜੇ. ਮੁਖੋਪਧਿਆਏ ਸੁਪਰੀਮ ਕੋਰਟ 'ਚ ਨਿਯੁਕਤ ਕੀਤੇ ਜਾ ਰਹੇ ਹਨ, ਜਦਕਿ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਤੇ ਕੇਰਲਾ ਹਾਈ ਕੋਰਟ ਦੇ ਚੀਫ ਜਸਟਿਸ ਜੇ. ਚੇਲਮੇਸ਼ਵਰ ਨੂੰ ਸੁਪਰੀਮ ਕੋਰਟ 'ਚ ਭੇਜਣ ਬਾਰੇ ਸਰਕਾਰ ਨੂੰ ਦੱਸ ਦਿੱਤਾ ਗਿਆ ਹੈ।

# ਵਿਦੇਸ਼ਾਂ 'ਚ ਉਡਾਰੀ ਮਾਰਨ ਵਾਲੇ ਡਾਕਟਰਾਂ ਖ਼ਿਲਾਫ਼ ਸ਼ਿਕੰਜਾ ਕਸਿਆ


### ਪੰਜਾਬ ਸਰਕਾਰ ਵੱਲੋਂ ਲੰਬੀ ਛੁੱਟੀ ਬੰਦ

### 100 ਡਾਕਟਰਾਂ ਖ਼ਿਲਾਫ਼ ਕਾਰਵਾਈ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਡਾਕਟਰਾਂ ਦੀ ਲੰਬੀ ਛੁੱਟੀ ਬੰਦ ਕਰ ਦਿੱਤੀ ਹੈ। ਸਿਹਤ ਵਿਭਾਗ ਦੇ ਨਵੇਂ ਫੈਸਲੇ ਮੁਤਾਬਕ ਸਰਕਾਰੀ ਡਾਕਟਰਾਂ ਦੀ ਐਕਸ ਇੰਡੀਆ ਲੀਵ ਸਮੇਤ ਦੂਜੀ ਛੁੱਟੀ ਤਿੰਨ ਮਹੀਨੇ ਤੋਂ ਵੱਧ ਸਮੇਂ ਲਈ ਮਨਜ਼ੂਰ ਨਹੀਂ ਹੋਵੇਗੀ ਪਰ ਇਹ ਫੈਸਲਾ ਮੈਡੀਕਲ ਲੀਵ 'ਤੇ ਲਾਗੂ ਨਹੀਂ ਹੋਵੇਗਾ।

ਹਾਸਲ ਜਾਣਕਾਰੀ ਅਨੁਸਾਰ ਸਰਕਾਰ ਨੇ ਪਹਿਲਾਂ ਹੀ ਡਿਊਟੀ ਤੋਂ ਗੈਰ ਹਾਜ਼ਰ ਰਹੇ 100 ਤੋਂ ਜ਼ਿਆਦਾ ਡਾਕਟਰਾਂ ਖ਼ਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚੋਂ 32 ਡਾਕਟਰਾਂ ਨੂੰ ਨੌਕਰੀ ਤੋਂ ਕੱਢਣ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਹੈ। ਸਰਕਾਰੀ ਮੁਲਾਜ਼ਮ ਨੂੰ ਨੌਕਰੀ ਤੋਂ ਹਟਾਉਣ ਲਈ ਲੰਬੀ ਵਿਭਾਗੀ ਕਾਰਵਾਈ ਕਰਨੀ ਪੈਂਦੀ ਹੈ। ਇਸ ਵਿਚ ਪਹਿਲੀ ਪੱਧਰ ਉੱਤੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਤੋਂ ਬਾਅਦ ਤਿੰਨ ਵਾਰ ਡਿਊਟੀ 'ਤੇ ਹਾਜ਼ਰ ਹੋਣ ਦਾ ਨੋਟਿਸ ਦੇਣਾ ਪੈਂਦਾ ਹੈ। ਇਸ ਤੋਂ ਬਾਅਦ ਨੋਟਿਸ ਵੀ ਲਾਜ਼ਮੀ ਮੰਨਿਆ ਗਿਆ ਹੈ।

ਸਿਹਤ ਵਿਭਾਗ, ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਕਰਕੇ ਫਿਕਰਮੰਦ ਹੈ।



ਇਸੇ ਦੇ ਮੱਦੇਨਜ਼ਰ ਇਹ ਨਵਾਂ ਫ਼ੈਸਲਾ ਕੀਤਾ ਗਿਆ ਹੈ। ਉਂਜ ਵਿਭਾਗ ਕੋਲ ਸਰਕਾਰੀ ਡਾਕਟਰਾਂ ਵੱਲੋਂ ਨਿੱਜੀ ਹਸਪਤਾਲ ਕਾਇਮ ਕਰਨ ਜਾਂ ਵਿਦੇਸ਼ ਜਾ ਕੇ ਆਪਣੇ ਆਪ ਨੂੰ ਸੈੱਟ ਕਰਨ ਤੱਕ ਲੰਬੀ ਛੁੱਟੀ ਵਿਚ ਵਾਰ-ਵਾਰ ਵਾਧਾ ਕਰਾਏ ਜਾਣ ਦੀਆਂ ਵੀ ਸ਼ਿਕਾਇਤਾਂ ਆਈਆਂ ਹਨ। ਇਸ ਤੋਂ ਪਹਿਲਾਂ ਐਕਸ ਇੰਡੀਆ ਲੀਵ ਤਿੰਨ ਮਹੀਨੇ ਤੱਕ ਦਿੱਤੀ ਜਾ ਸਕਦੀ ਸੀ ਪਰ ਵਿਭਾਗ ਵੱਲੋਂ ਹੁਣ ਲੰਬੀ ਛੁੱਟੀ ਦੀਆਂ ਇਹ ਸ਼ਰਤਾਂ ਸਖ਼ਤ ਕਰ ਦਿੱਤੀਆਂ ਗਈਆਂ ਹਨ। ਇਸ ਵਿਚ ਇਲਾਜ ਲਈ ਬਾਹਰ ਜਾਣ ਵਾਲੀ ਛੁੱਟੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

ਸਰਕਾਰੀ ਡਾਕਟਰਾਂ ਦੀ ਲੰਬੀ ਛੁੱਟੀ ਮਨਜ਼ੂਰ ਕਰਨ ਦਾ ਅਧਿਕਾਰ ਵਿਭਾਗ ਦੇ ਸਕੱਤਰ ਕੋਲ ਹੈ। ਇਹ ਵੀ ਪਤਾ ਲੱਗਿਆ ਹੈ ਕਿ ਸਰਕਾਰ ਵੱਲੋਂ ਪਹਿਲਾਂ ਲੰਬੀ ਛੁੱਟੀ ਦੀ ਮਿਆਦ ਚਾਰ ਮਹੀਨੇ ਤੱਕ ਮਿਥਣ ਲਈ ਸਹਿਮਤੀ ਹੋਈ ਸੀ ਪਰ ਬਾਅਦ ਵਿਚ ਇਹ ਤਿੰਨ ਮਹੀਨੇ ਲਈ ਮੁਕੱਰਰ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ 1150 ਸਰਕਾਰੀ ਡਾਕਟਰਾਂ ਸਮੇਤ ਹੋਰ ਪੈਰਾ ਮੈਡੀਕਲ ਸਟਾਫ ਦੀ ਭਰਤੀ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਗਈ ਸੀ ਪਰ ਚੋਣ ਲਈ ਟੈਸਟ ਲੈਣ ਤੋਂ ਪਹਿਲਾਂ ਹੀ ਰੋਕ ਲਈ ਗਈ ਹੈ।

ਸਰਕਾਰ ਨੇ ਅਜਿਹਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਲੱਗੇ ਜ਼ਾਬਤੇ ਕਰਕੇ ਕੀਤਾ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

# ਪੰਜਾਬ ਨੇ 70 ਕਰੋੜ ਦੇ ਕੇਂਦਰੀ ਫੰਡ 'ਚੋਂ ਧੇਲਾ ਵੀ ਨਾ ਖਰਚਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੌਮੀ ਖੇਤੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ.) ਤਹਿਤ ਕੇਂਦਰ ਸਰਕਾਰ ਵੱਲੋਂ ਭੇਜੀ ਗਰਾਂਟ ਦੀ ਵਰਤੋਂ ਨਾ ਹੋਣ ਕਾਰਨ ਕੇਂਦਰ ਨੇ ਗਰਾਂਟ ਦੀ ਦੂਜੀ ਕਿਸ਼ਤ ਰੋਕ ਲਈ ਹੈ। ਸੂਤਰਾਂ ਮੁਤਾਬਕ ਕੇਂਦਰੀ ਖੇਤੀ ਮੰਤਰਾਲੇ ਨੇ ਰਾਜ ਸਰਕਾਰ ਨੂੰ ਸਪਸ਼ਟ ਕੀਤਾ ਹੈ ਕਿ ਚਲੰਤ ਵਿੱਤੀ ਸਾਲ ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਜਿਹੜੀ ਗਰਾਂਟ ਭੇਜੀ ਗਈ ਹੈ। ਉਸ ਦੀ 50 ਫੀਸਦੀ ਵਰਤੋਂ ਦਾ ਸਰਟੀਫਿਕੇਟ ਭੇਜਿਆ ਜਾਵੇ। ਮਹੱਤਵਪੂਰਨ ਤੱਥ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਯੋਜਨਾ ਅਧੀਨ ਭੇਜੀ ਗਈ ਤਕਰੀਬਨ 70 ਕਰੋੜ ਰੁਪਏ ਦੀ ਗਰਾਂਟ ਵਿਚੋਂ ਇਕ ਧੇਲਾ ਵੀ ਖਰਚ ਨਹੀਂ ਕੀਤਾ ਗਿਆ।

**ਕੇਂਦਰ ਨੇ ਗਰਾਂਟ ਦੀ ਦੂਜੀ ਕਿਸ਼ਤ ਰੋਕੀ**

ਕੇਂਦਰ ਨੇ ਚਲੰਤ ਮਾਲੀ ਸਾਲ ਦੌਰਾਨ ਰਾਜ ਸਰਕਾਰ ਨੂੰ 138 ਕਰੋੜ ਦੀ ਕੁੱਲ ਗਰਾਂਟ ਦੇਣੀ ਹੈ। ਖੇਤੀਬਾੜੀ ਵਿਭਾਗ ਤੇ ਵਿੱਤ ਕਮਿਸ਼ਨਰ ਵਿਕਾਸ ਵੱਲੋਂ ਪਿਛਲੇ ਮਹੀਨਿਆਂ ਦੌਰਾਨ ਵਿੱਤ ਵਿਭਾਗ ਨੂੰ ਇਸ ਯੋਜਨਾ ਅਧੀਨ ਕੇਂਦਰ ਤੋਂ ਆਈ ਗਰਾਂਟ ਦਾ ਪੈਸਾ ਜਾਰੀ ਕਰਨ ਲਈ ਕਿਹਾ ਸੀ। ਵਿੱਤ ਵਿਭਾਗ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੇ ਕਿਸੇ ਪੱਤਰ ਵੱਲ ਕੋਈ ਧਿਆਨ ਨਹੀਂ ਦਿੱਤਾ।

ਹਾਸਲ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਵੱਲੋਂ ਆਰ.ਕੇ.ਵੀ.ਵਾਈ. ਤਹਿਤ ਅਪਰੈਲ ਤੇ ਜੁਲਾਈ ਮਹੀਨਿਆਂ ਦੌਰਾਨ ਦੋ ਕਿਸ਼ਤਾਂ ਵਿਚ ਤਕਰੀਬਨ 70 ਲੱਖ ਦੀ ਗਰਾਂਟ ਭੇਜ ਦਿੱਤੀ ਸੀ। ਇਸ ਗਰਾਂਟ ਦੀ ਵਰਤੋਂ ਰਾਜ ਸਰਕਾਰ ਨੇ ਸੂਬੇ ਵਿਚ ਖੇਤੀਬਾੜੀ ਤੇ ਇਸ ਨਾਲ ਸਬੰਧਤ ਖੇਤਰਾਂ ਦੀ ਪ੍ਰਫੁਲਤਾ ਲਈ ਪੈਸਾ ਖਰਚਣਾ ਸੀ। ਇਸੇ ਗਰਾਂਟ ਵਿਚੋਂ ਕਿਸਾਨਾਂ ਨੂੰ ਬੀਜਾਂ 'ਤੇ ਸਬਸਿਡੀ, ਬਾਗਬਾਨੀ, ਭੂਮੀ ਰੱਖਿਆ ਵਿਭਾਗ, ਡੇਅਰੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੁਰੂ ਅੰਗਦ ਦੇਵ ਯੂਨੀਵਰਸਿਟੀ ਲਈ ਪੈਸਾ ਖਰਚਿਆ ਜਾਣਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਕਾਰਨ ਪੈਸਾ ਜਾਰੀ ਨਹੀਂ ਹੋ ਸਕਿਆ। ਕੇਂਦਰ ਦੀ ਘੁਰਕੀ ਤੋਂ ਬਾਅਦ ਖੇਤੀ ਅਧਿਕਾਰੀ ਮੁੜ ਗਰਾਂਟ ਜਾਰੀ ਕਰਾਉਣ ਲਈ ਸਰਗਰਮ ਹੋ ਗਏ ਹਨ। ਪੈਸਾ ਜਾਰੀ ਕਰਨ ਲਈ ਵਿੱਤ ਵਿਭਾਗ ਨੂੰ ਪੱਤਰ ਲਿਖਿਆ ਹੈ।


# ਪੰਜਾਬ ਦੀ ਰਾਜਧਾਨੀ 'ਚ ਮਾਂ ਬੋਲੀ ਹੋਈ ਬੇਗਾਨੀ

## ਪੰਜਾਬੀ ਮਾਧਿਆਮ ਵਾਲੇ ਵਿਦਿਆਰਥੀ ਹਿੰਦੀ ਕਿਤਾਬਾਂ ਪੜ੍ਹਨ ਲਈ ਮਜਬੂਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਚ ਮਾਂ ਬੋਲੀ ਪੰਜਾਬੀ ਨੂੰ ਨੁੱਕਰੇ ਲਾਉਣ ਦੀਆਂ ਕੋਸ਼ਿਸ਼ਾਂ ਬਰਕਰਾਰ ਹਨ। ਚੰਡੀਗੜ੍ਹ ਦੇ ਸਕੂਲਾਂ ਵਿਚ ਬੱਚਿਆਂ ਨੂੰ ਹਿੰਦੀ ਦੀਆਂ ਪੁਸਤਕਾਂ ਪੜ੍ਹ ਕੇ ਪੰਜਾਬੀ ਭਾਸ਼ਾ ਵਿਚ ਪੇਪਰ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅਜਿਹੇ ਹਾਲਾਤ ਵਿਚ ਪੰਜਾਬੀ ਮਾਪਿਆਂ ਨੂੰ ਹੁਣ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਮਾਧਿਅਮ ਰਖਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇਹ ਵਰਤਾਰਾ ਪਿਛਲੇ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਹੈ ਤੇ ਚੰਡੀਗੜ੍ਹ ਵਿਚ ਪੰਜਾਬੀਆਂ ਦੀ ਨਵੀਂ ਪੌਦ ਦਾ ਆਪਣੀ ਮਾਂ ਬੋਲੀ ਤੋਂ ਦੂਰ ਜਾਣ ਦਾ ਮੁੱਖ ਕਾਰਨ ਇਹੋ ਹੀ ਹੈ। ਚੰਡੀਗੜ੍ਹ ਯੂ.ਟੀ. ਦੇ ਸਕੂਲ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨਾਲ ਸਬੰਧਤ ਹਨ ਜਦਕਿ ਇਸ ਸੰਸਥਾ ਲਈ ਪੁਸਤਕਾਂ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰੀਸਰਚ ਐਂਡ ਟ੍ਰੇਨਿੰਗ (ਐਨ.ਸੀ.ਈ.ਆਰ.ਟੀ.) ਵੱਲੋਂ ਤਿਆਰ ਕੀਤੀਆਂ ਜਾਂਦੀਆਂ ਹਨ। ਐਨ.ਸੀ.ਈ.ਆਰ.ਟੀ. ਸਿਰਫ ਅੰਗਰੇਜ਼ੀ ਤੇ ਹਿੰਦੀ ਵਿਚ ਹੀ ਪੁਸਤਕਾਂ ਛਾਪਦੀ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਚੰਡੀਗੜ੍ਹ



ਪ੍ਰਸ਼ਾਸਨ ਨੇ ਐਨ.ਸੀ.ਈ.ਆਰ.ਟੀ. ਦੀਆਂ ਪੁਸਤਕਾਂ ਦਾ ਅੱਜ ਤੱਕ ਪੰਜਾਬੀ ਵਿਚ ਤਰਜਮਾਂ ਹੀ ਨਹੀਂ ਕਰਵਾਇਆ ਜਿਸ ਕਾਰਨ ਪੰਜਾਬੀ ਮਾਧਿਅਮ ਰਾਹੀਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮਜਬੂਰਨ ਹਿੰਦੀ ਦੀਆਂ ਪੁਸਤਕਾਂ ਪੜ੍ਹ ਕੇ ਪੇਪਰ ਪੰਜਾਬੀ ਵਿਚ ਦੇਣੇ ਪੈ ਰਹੇ ਹਨ। ਮੁੱਢਲੇ ਦੌਰ ਵਿਚ ਹੀ ਯੂ.ਟੀ. ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਨਸੀਬ ਨਾ ਹੋਣ ਕਾਰਨ ਪੰਜਾਬੀ ਪਰਿਵਾਰਾਂ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਮੁੱਖ ਮੋੜ ਰਹੇ ਹਨ ਤੇ ਦੂਸਰੇ ਪਾਸੇ ਸਕੂਲਾਂ ਵਿਚ ਵੀ ਪੰਜਾਬੀ ਬੱਚਿਆਂ ਨੂੰ ਹਿੰਦੀ ਜਾਂ ਅੰਗਰੇਜ਼ੀ ਮਾਧਿਅਮ ਰੱਖਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਹਾਸਲ ਜਾਣਕਾਰੀ ਅਨੁਸਾਰ ਯੂ.ਟੀ. ਦੇ ਸਕੂਲਾਂ ਵਿਚ ਪੰਜਾਬੀ ਮਾਧਿਅਮ ਰਾਹੀਂ ਅੱਠਵੀਂ ਜਮਾਤ ਤੱਕ ਪੜ੍ਹਨ ਵਾਲੇ ਬੱਚਿਆਂ ਨੂੰ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਕਿਤਾਬਾਂ ਮੁਹੱਈਆ ਕੀਤੀਆਂ ਜਾ ਰਹੀਆਂ ਸਨ। ਸੀ.ਬੀ.ਐਸ.ਈ. ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਫਰਕ ਹੋਣ ਦੇ ਬਾਵਜੂਦ ਇਥੋਂ ਦਾ ਪ੍ਰਸ਼ਾਸਨ ਬੱਚਿਆਂ ਨੂੰ ਪੰਜਾਬ ਬੋਰਡ ਦੀਆਂ ਪੁਸਤਕਾਂ ਪੜ੍ਹਨ ਲਈ ਮਜਬੂਰ ਕਰਕੇ ਪੇਪਰ ਸੀ.ਬੀ.ਐਸ.ਈ. ਦੇ ਸਿਲੇਬਸ ਮੁਤਾਬਕ ਲੈਂਦਾ ਆ ਰਿਹਾ ਸੀ। ਹੁਣ ਪਿਛਲੇ ਸਮੇਂ ਹੀ ਚੰਡੀਗੜ੍ਹ ਪ੍ਰਸ਼ਾਸਨ ਅੱਠਵੀਂ ਜਮਾਤ ਤੱਕ ਦੀਆਂ ਐਨ.ਸੀ.ਈ.ਆਰ.ਟੀ. ਦੀਆਂ ਹਿੰਦੀ ਵਿਚਲੀਆਂ ਪੁਸਤਕਾਂ ਦਾ ਤਾਂ ਪੰਜਾਬੀ ਭਾਸ਼ਾ ਵਿਚ ਉਲਥਾ ਕਰਵਾਉਣ ਦੇ ਸਮਰੱਥ ਹੋਇਆ ਹੈ ਪਰ 9ਵੀਂ ਤੋਂ 12ਵੀਂ ਤੱਕ ਦੀਆਂ ਪੁਸਤਕਾਂ ਹਾਲੇ ਤੱਕ ਵੀ ਪੰਜਾਬੀ ਭਾਸ਼ਾ ਵਿਚ ਨਹੀਂ ਛਾਪੀਆਂ ਗਈਆਂ।

9ਵੀਂ ਤੋਂ 12ਵੀਂ ਤੱਕ ਦੀਆਂ ਪੁਸਤਕਾਂ ਪੰਜਾਬੀ ਵਿਚ ਨਾ ਛਾਪਣ ਕਾਰਨ ਇਨ੍ਹਾਂ ਵੱਡੀਆਂ ਜਮਾਤਾਂ ਵਿਚ ਵੀ ਪੰਜਾਬੀ ਮਾਧਿਅਮ ਰਾਹੀਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਹਿੰਦੀ ਦੀਆਂ ਪੁਸਤਕਾਂ ਪੜ੍ਹ ਕੇ ਪੰਜਾਬੀ ਭਾਸ਼ਾ ਵਿਚ ਪੇਪਰ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ।


ਇਥੋਂ ਦੇ ਪਿੰਡਾਂ ਦੇ ਜੱਦੀ ਵਸਨੀਕਾਂ ਦੇ 100 ਫੀਸਦੀ ਬੱਚੇ ਪੰਜਾਬੀ ਮਾਧਿਅਮ ਰਾਹੀਂ ਪੜ੍ਹਨ ਦੇ ਚਾਹਵਾਨ ਹਨ ਪਰ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਮੁਹੱਈਆ ਨਾ ਕਰਨ ਕਾਰਨ ਪੰਜਾਬੀ ਪੌਦ ਦੇ ਮੂੰਹੋਂ ਸਕੂਲਾਂ ਵਿਚ ਦਾਖਲ ਹੁੰਦਿਆਂ ਹੀ ਮਾਂ ਬੋਲੀ ਖੋਹੀ ਜਾ ਰਹੀ ਹੈ। ਜਿਥੇ ਪੰਜਾਬੀ ਮਾਧਿਅਮ ਵਾਲੇ ਬੱਚਿਆਂ ਨੂੰ ਹਿੰਦੀ ਦੀਆਂ ਪੁਸਤਕਾਂ ਪੜ੍ਹਨੀਆਂ ਪੈ ਰਹੀਆਂ ਹਨ ਉਥੇ ਅਧਿਆਪਕਾਂ ਵੱਲੋਂ ਪੰਜਾਬੀ ਮਾਧਿਅਮ ਵਾਲੇ ਬੱਚਿਆਂ ਨੂੰ ਪੜ੍ਹਾਇਆ ਵੀ ਹਿੰਦੀ ਵਿਚ ਜਾ ਰਿਹਾ ਹੈ।

# ਅਤਿਵਾਦੀ ਦੇ ਮੁੱਦੇ 'ਤੇ ਭਾਜਪਾ ਤੇ ਕਾਂਗਰਸ ਆਹਮੋ-ਸਾਹਮਣੇ

**ਨਵੀਂ ਦਿੱਲੀ:** ਦੇਸ਼ ਦੀ ਰਾਜਧਾਨੀ ਵਿਚ ਹੋਏ ਬੰਬ ਧਮਾਕੇ ਤੇ ਸੰਸਦ ਦੇ ਮੌਨਸੂਨ ਸੈਸ਼ਨ ਦਾ ਬਹੁਤਾ ਸਮਾਂ ਰੌਲੇ-ਰੱਪੇ ਵਿਚ ਲੰਘਾਉਣ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਸਿਰ ਪਾਉਂਦਿਆਂ ਭਾਜਪਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਆਪਣੀ ਅੰਦਰੂਨੀ ਲੜਾਈ ਵਿਚ ਰੁੱਝੀ ਹੋਈ ਹੈ ਜਿਸ ਕਰਕੇ ਦੇਸ਼ ਵਾਸੀਆਂ ਅੱਗੇ ਖੜ੍ਹੀਆਂ ਚੁਣੌਤੀਆਂ ਤੇ ਸਮੱਸਿਆਵਾਂ ਨਾਲ ਉਸ ਦਾ ਕੋਈ ਸਰੋਕਾਰ ਨਹੀਂ ਰਿਹਾ। ਇਹੀ ਕਾਰਨ ਹੈ ਕਿ ਅੱਜ ਸਰਕਾਰ ਦੀ ਵਿਸ਼ਵਾਸਯੋਗਤਾ ਖ਼ਤਮ ਹੋ ਚੁੱਕੀ ਹੈ।

ਉਧਰ ਕਾਂਗਰਸ ਨੇ ਕਿਹਾ ਹੈ ਕਿ ਵਿਰੋਧੀ ਧਿਰ ਨੇ ਸਾਰਾ ਸੈਸ਼ਨ ਹੰਗਾਮਿਆਂ ਵਿਚ ਕੱਢ ਦਿੱਤਾ ਤੇ ਆਪ ਹੁਣ ਸੱਚੀ-ਸੁੱਚੀ ਹੋਣ ਦਾ ਪਾਖੰਡ ਕਰ ਰਹੀ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਭਾਜਪਾ 'ਤੇ ਵਾਰ ਕਰਦਿਆਂ ਕਿਹਾ ਹੈ ਕਿ ਇਸ ਪਾਰਟੀ ਦਾ 'ਖਾਸਾ' ਦੇਸ਼ ਵਿਰੋਧੀ ਹੈ ਤੇ ਇਹ ਹਮੇਸ਼ਾ ਦੇਸ਼ ਵਿਚਲੀਆਂ ਅਣਸੁਖਾਵੀਆਂ ਘਟਨਾਵਾਂ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰਦੀ ਹੈ।

ਸੰਸਦ ਦੇ ਮੌਨਸੂਨ ਸੈਸ਼ਨ ਦੇ ਖ਼ਤਮ ਹੋਣ ਤੋਂ ਇਕ ਦਿਨ ਬਾਅਦ ਭਾਜਪਾ ਦੇ ਆਗੂ ਅਰੁਨ ਜੇਤਲੀ ਨੇ ਕਿਹਾ ਹੈ ਕਿ ਸਰਕਾਰ ਆਪਣੀ ਅੰਦਰੂਨੀ ਲੜਾਈ ਤੋਂ ਹੀ ਵਿਹਲੀ ਨਹੀਂ ਹੋ ਰਹੀ।





ਇਸੇ ਨਾਲ ਪਾਰਟੀ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਇਸ ਸਰਕਾਰ ਦਾ ਦੇਸ਼ ਵਾਸੀਆਂ ਨਾਲ ਕੋਈ ਸਰੋਕਾਰ ਨਹੀਂ ਜਿਸ ਦਾ ਸਬੂਤ ਇਹ ਹੈ ਕਿ ਇਸ ਦੇ ਕਾਰਜਕਾਲ ਦੌਰਾਨ ਸੰਸਦ ਦਾ ਕੋਈ ਵੀ ਸੈਸ਼ਨ ਠੀਕ ਢੰਗ ਨਾਲ ਨਹੀਂ ਚੱਲਿਆ। ਸਰਕਾਰ ਦੀ ਵਿਸ਼ਵਾਸਯੋਗਤਾ ਖ਼ਤਮ ਹੋ ਚੁੱਕੀ ਹੈ। ਇਸ ਲਈ ਸੰਸਦ ਦੀ ਕਾਰਵਾਈ ਨਾ ਚੱਲਣ ਲਈ ਵਿਰੋਧੀ ਧਿਰ ਨਹੀਂ ਸਗੋਂ ਸਰਕਾਰ ਜ਼ਿੰਮੇਵਾਰ ਹੈ।

ਅੰਨਾ ਹਜ਼ਾਰੇ ਦੇ ਮਾਮਲੇ ਦੀ ਮਿਸਾਲ ਦਿੰਦਿਆਂ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਘਟਨਾਕ੍ਰਮ ਵਿਚ ਸਰਕਾਰ ਤੇ ਕਾਂਗਰਸ ਵਿਚਲੇ ਮੱਤਭੇਦ ਸਾਹਮਣੇ ਆਏ ਪਰ ਵਿਰੋਧੀ ਧਿਰ ਇਕਜੁੱਟ ਰਹੀ। ਸ੍ਰੀ ਜੇਤਲੀ ਨੇ ਕਿਹਾ ਕਿ ਲੋਕਾਂ ਵਿਚ ਸਰਕਾਰ ਪ੍ਰਤੀ ਗੁੱਸਾ ਦਿੱਲੀ ਬੰਬ ਧਮਾਕੇ ਮਗਰੋਂ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਨਜ਼ਰ ਆਇਆ। ਉਨ੍ਹਾਂ ਕਿਹਾ ਕਿ ਸਰਕਾਰ ਹਾਲੇ ਤੱਕ ਛੇ ਵੱਡੇ ਅਤਿਵਾਦੀ ਹਮਲਿਆਂ ਨੂੰ ਹੱਲ ਕਰਨ ਵਿਚ ਨਾਕਾਮ ਹੋਈ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਵਿਰੋਧੀ ਧਿਰ ਨੇ ਸੰਸਦ ਵਿਚ ਭ੍ਰਿਸ਼ਟਾਚਾਰ, ਅਤਿਵਾਦ, ਲੋਕਪਾਲ, ਅੰਦਰੂਨੀ ਸੁਰੱਖਿਆ, ਤਿਲੰਗਾਨਾ ਤੇ ਸ੍ਰੀਲੰਕਾ ਵਿਚ ਤਾਮਿਲਾਂ ਦੇ ਦੁਖਾਂਤ ਦੇ ਮਾਮਲਿਆਂ ਨੂੰ ਜ਼ੋਰਦਾਰ ਢੰਗ ਨਾਲ ਰੱਖਿਆ, ਪਰ ਸਰਕਾਰ ਕਿਸੇ 'ਤੇ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੀ। ਉਨ੍ਹਾਂ ਕਿਹਾ ਕਿ ਭਾਜਪਾ ਭ੍ਰਿਸ਼ਟਾਚਾਰ ਤੇ ਅਤਿਵਾਦ ਖ਼ਿਲਾਫ਼ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ ਪਰ ਸਰਕਾਰ ਦੀ ਨੀਅਤ ਵੀ ਕੁਝ ਕਰਨ ਦੀ ਹੋਣੀ ਚਾਹੀਦੀ ਹੈ। ਦੂਜੇ ਪਾਸੇ ਭਾਜਪਾ ਵੱਲੋਂ ਲਾਏ ਦੋਸ਼ਾਂ ਨੂੰ ਕੋਰਾ ਝੂਠ ਕਰਾਰ ਦਿੰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਕਿਹਾ ਹੈ ਕਿ ਦੂਜਿਆਂ 'ਤੇ ਦੋਸ਼ ਲਾ ਕੇ ਭਾਜਪਾ ਆਪ ਦੁੱਧ ਦੀ ਧੋਤੀ ਨਹੀਂ ਬਣ ਸਕਦੀ। ਇਸ ਪਾਰਟੀ ਦਾ 'ਖਾਸਾ' ਇਹ ਹੈ ਕਿ ਇਸ ਨੂੰ ਦੇਸ਼ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨਾਲ ਵੱਧ ਪਿਆਰ ਹੈ। ਸ੍ਰੀ ਬਾਂਸਲ ਨੇ ਕਿਹਾ ਕਿ ਭਾਜਪਾ ਨੇ ਦਿੱਲੀ ਬੰਬ ਧਮਾਕੇ ਦਾ ਤਾਂ ਬੜੇ ਜ਼ੋਰ-ਸ਼ੋਰ ਨਾਲ ਜ਼ਿਕਰ ਕੀਤਾ ਪਰ ਸਾਲ 2001 ਵਿਚ ਉਸ ਦੇ ਕਾਰਜਕਾਲ ਦੌਰਾਨ ਸੰਸਦ 'ਤੇ ਹੋਏ ਹਮਲੇ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਕਿਉਂਕਿ ਇਸ ਨਾਲ ਉਸ ਦਾ ਚਿਹਰਾ ਨੰਗਾ ਹੁੰਦਾ ਸੀ।

ਉਨ੍ਹਾਂ ਕਿਹਾ ਕਿ ਮੌਨਸੂਨ ਸੈਸ਼ਨ ਦੇ ਕੁੱਲ 140 ਘੰਟਿਆਂ ਵਿਚੋਂ 66 ਘੰਟੇ ਭਾਜਪਾ ਵੱਲੋਂ ਕੀਤੇ ਹੰਗਾਮਿਆਂ ਦੀ ਭੇਟ ਚੜ੍ਹ ਗਏ ਜਦਕਿ ਭਾਜਪਾ ਵੱਲੋਂ ਉਠਾਏ ਹਰ ਮੁੱਦੇ 'ਤੇ ਸਰਕਾਰ ਚਰਚਾ ਕਰਨ ਲਈ ਤਿਆਰ ਸੀ। ਸੰਸਦ ਦੇ ਸੈਸ਼ਨ ਵਿਚ ਆਪਣਾ ਹੱਥ ਉੱਪਰ ਹੋਣ 'ਤੇ ਭਾਜਪਾ ਕਾਫੀ ਖੁਸ਼ ਹੈ, ਜਦਕਿ ਇਹ ਬੜੀ ਮੰਦਭਾਗੀ ਗੱਲ ਹੈ।

## ਮੈਡੀਕਲ ਛੁੱਟੀਆਂ ਲੈਣ 'ਚ ਭਾਰਤੀ ਮੁਲਾਜ਼ਮ ਦੂਸਰੇ ਨੰਬਰ 'ਤੇ

**ਮੈਲਬਰਨ:** ਮੁਲਾਜ਼ਮਾਂ ਵੱਲੋਂ ਮੈਡੀਕਲ ਛੁੱਟੀਆਂ ਲੈਣ ਦੇ ਮਾਮਲੇ ਵਿਚ ਭਾਰਤ ਵਿਸ਼ਵ ਦੇ ਦੂਸਰੇ ਨੰਬਰ 'ਤੇ ਆਉਂਦਾ ਹੈ। ਇਕ ਸਰਵੇ ਮੁਤਾਬਕ ਭਾਰਤੀ ਮੁਲਾਜ਼ਮ ਭਾਵੇਂ ਸਰੀਰਕ ਪੱਖੋਂ ਠੀਕ ਵੀ ਹੋਣ ਫਿਰ ਵੀ ਕਿਸੇ ਬਹਾਨੇ ਤਹਿਤ ਉਹ ਮੈਡੀਕਲ ਛੁੱਟੀ ਲੈ ਲੈਂਦੇ ਹਨ।

ਆਸਟਰੇਲੀਆ, ਚੀਨ, ਫਰਾਂਸ, ਇੰਗਲੈਂਡ, ਭਾਰਤ, ਮੈਕਸੀਕੋ ਤੇ ਅਮਰੀਕਾ ਵਿਚ ਕੀਤੇ ਗਏ ਸਰਵੇਖਣ ਅਨੁਸਾਰ ਵਿਸ਼ਵ ਪੱਧਰ 'ਤੇ ਉੱਨਤ ਦੇਸ਼ ਵਜੋਂ ਉੱਭਰ ਰਹੇ ਚੀਨ ਦੇ ਮੁਲਾਜ਼ਮ ਮੈਡੀਕਲ ਛੁੱਟੀਆਂ ਲੈਣ 'ਚ ਸਭ ਤੋਂ ਅੱਗੇ ਹਨ ਜਿਨ੍ਹਾਂ ਦੀ ਗਿਣਤੀ 71 ਫੀਸਦੀ ਹੈ। ਇਸ ਤੋਂ ਬਾਅਦ ਭਾਰਤ ਦੀ ਵਾਰੀ ਆਉਂਦੀ ਹੈ ਜਿੱਥੇ 62 ਫੀਸਦੀ ਮੁਲਾਜ਼ਮ ਮੈਡੀਕਲ ਛੁੱਟੀਆਂ ਲੈਂਦੇ ਹਨ ਤੇ ਤੀਸਰੇ ਨੰਬਰ 'ਤੇ ਆਸਟਰੇਲੀਆ ਹੈ। ਇੱਥੇ ਮੈਡੀਕਲ ਛੁੱਟੀਆਂ ਲੈਣ ਵਾਲਿਆਂ ਦੀ ਗਿਣਤੀ 58 ਫੀਸਦੀ ਹੈ। ਇਨ੍ਹਾਂ ਛੁੱਟੀਆਂ ਲੈਣ ਦਾ ਵੱਡਾ ਕਾਰਨ ਕੰਮ ਦੌਰਾਨ ਤਣਾਅ ਦਾ ਹੋਣਾ ਹੈ। ਆਸਟਰੇਲੀਅਨ ਵਰਕਫੋਰਸ ਮੈਨੇਜਰਜ਼ ਕਰੋਨੋਸ ਵੱਲੋਂ ਕਰਵਾਏ ਸਰਵੇਖਣ 'ਚ ਸੁਝਾਅ ਦਿੱਤਾ ਗਿਆ ਹੈ ਕਿ ਮਾਲਕਾਂ ਨੂੰ ਇਸ ਗੱਲ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ ਮੁਲਾਜ਼ਮਾਂ ਨੂੰ ਕਿਸ ਗੱਲ ਤੋਂ ਤਣਾਅ ਹੋ ਰਿਹਾ ਹੈ ਤੇ ਇਸ ਦੇ ਸਾਰਥਕ ਹੱਲ ਲੱਭਣੇ ਚਾਹੀਦੇ ਹਨ।

# ਘੱਟ ਯੋਗਤਾ ਵਾਲਿਆਂ ਦੀਆਂ ਵੀਜ਼ਾ ਅਰਜ਼ੀਆਂ ਤੋਂ ਅਮਰੀਕਾ ਫ਼ਿਕਰਮੰਦ

ਵਾਸ਼ਿੰਗਟਨ: ਟਰਾਈ-ਵੈਲੀ ਯੂਨੀਵਰਸਿਟੀ ਘੁਟਾਲੇ ਤੋਂ ਕਾਫੀ ਅਰਸਾ ਪਹਿਲਾਂ ਹੀ ਮੁੰਬਈ ਵਿਚਲੇ ਅਮਰੀਕੀ ਕੌਂਸਲੇਟ ਨੇ ਘੱਟ ਯੋਗ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਗਿਣਤੀ ਵਧਣ 'ਤੇ ਗੰਭੀਰ ਫਿਕਰਮੰਦੀ ਜ਼ਾਹਰ ਕੀਤੀ ਸੀ। ਇਹ ਖੁਲਾਸਾ ਲੀਕ ਹੋਏ ਅਮਰੀਕੀ ਸਫਾਰਤੀ ਸੁਨੇਹਿਆਂ ਤੋਂ ਹੋਇਆ ਹੈ।

29 ਦਸੰਬਰ 2009 ਦੇ ਕੇਬਲ ਸੁਨੇਹੇ 'ਚ ਮੁੰਬਈ ਵਿਚਲੇ ਅਮਰੀਕੀ ਕੌਂਸਲੇਟ ਨੇ ਘੱਟ ਯੋਗ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਗਿਣਤੀ ਵਧਣ ਦਾ ਨੋਟਿਸ ਲਿਆ ਸੀ। ਇਨ੍ਹਾਂ 'ਚੋਂ ਬਹੁਤਿਆਂ ਨੇ ਤਕਰੀਬਨ ਉਨ੍ਹਾਂ ਹੀ ਯੂਨੀਵਰਸਿਟੀਆਂ 'ਚ ਅਰਜ਼ੀਆਂ ਦਿੱਤੀਆਂ ਸਨ। ਵਿਦਿਆਰਥੀਆਂ ਦੇ ਵੀਜ਼ਿਆਂ ਦੇ ਅਧਿਐਨ ਤੋਂ ਖੁਲਾਸਾ ਹੋਇਆ ਕਿ ਵਾਰ-ਵਾਰ ਕੋਰਸ ਵੀ ਬਦਲੇ ਗਏ ਤੇ 40 ਫੀਸਦੀ ਦੇ ਕਰੀਬ ਕੋਰਸ ਬਦਲੀਆਂ ਹੇਠਲੇ ਪੱਧਰ ਦੇ ਡਿਗਰੀ ਪ੍ਰੋਗਰਾਮਾਂ ਲਈ ਸਨ।

ਘੱਟ ਯੋਗ ਵਿਦਿਆਰਥੀਆਂ ਨੂੰ ਵੱਧ ਖਿੱਚ ਰਹੀਆਂ ਯੂਨੀਵਰਸਿਟੀਆਂ 'ਚ ਪੜ੍ਹਨ ਵਾਲੇ ਬਿਨੈਕਾਰਾਂ 'ਤੇ ਦੂਜੇ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਪੜ੍ਹਾਈ ਪੂਰੀ ਕਰਨ ਵਾਲਿਆਂ ਦੀ ਗਿਣਤੀ ਬੜੀ ਘੱਟ ਸੀ। ਕਾਲਜ 'ਚੋਂ ਕੱਢੇ ਜਾਣ ਦੀ ਦਰ ਵੱਧ ਸੀ ਤੇ ਹੇਠਲੇ ਕੋਰਸਾਂ 'ਚ ਤਬਾਦਲਾ ਗਿਣਤੀ ਬੜੀ ਵੱਡੀ ਸੀ। ਸਫਾਰਤੀ ਕੇਬਲ ਸੁਨੇਹੇ ਅਨੁਸਾਰ ਸਾਲ 2007 ਦੌਰਾਨ 18,682 ਐਫ-1 ਵੀਜ਼ਾ ਅਰਜ਼ੀਆਂ ਮਿਲੀਆਂ ਤੇ ਮੁੰਬਈ ਕੌਂਸਲੇਟ ਤੋਂ ਇਨਕਾਰ ਦੀ ਦਰ 21 ਫੀਸਦੀ ਰਹੀ।

ਬਿਨੈਕਾਰਾਂ ਨੂੰ ਵਾਰ-ਵਾਰ ਇਨਕਾਰ ਦਾ ਸਾਹਮਣਾ ਕਰਨਾ ਪਿਆ। ਅਯੋਗ ਐਫ-1 ਵੀਜ਼ਾ ਬਿਨੈਕਾਰ ਤੀਜੀ, ਚੌਥੀ ਤੇ ਕਈ ਵਾਰ 7ਵੀਂ ਇੰਟਰਵਿਊ 'ਚ ਵੀ 'ਹਾਂ' ਹੋਣ ਦੀ ਆਸ 'ਚ ਪੇਸ਼ ਹੁੰਦੇ ਰਹੇ।

ਇਸ ਕੇਬਲ ਸੁਨੇਹੇ ਅਨੁਸਾਰ ਮੁੰਬਈ 'ਚ ਜਿਹੜੇ ਬਿਨੈਕਾਰਾਂ ਨੂੰ ਵੀਜ਼ਿਆਂ ਤੋਂ ਨਾਂਹ ਹੋਈ, ਉਨ੍ਹਾਂ ਦੀ ਅੰਗਰੇਜ਼ੀ ਬੋਲਣ-ਸਮਝਣ 'ਚ ਦਿੱਕਤ, ਇਕੋ ਯੂਨੀਵਰਸਿਟੀ 'ਚ ਅਰਜ਼ੀ ਦਿੱਤੀ ਹੋਈ, ਮਿਆਰੀ ਕ੍ਰਿਤ ਟੈਸਟ 'ਚੋਂ ਘੱਟ ਅੰਕ, ਖੇਤੀ ਆਮਦਨ 'ਤੇ ਆਧਾਰਤ ਕਈ ਜੀਆਂ ਵੱਲੋਂ ਬਿਨੈਕਾਰ ਦੇ ਫਾਇਨਾਂਸਰ ਹੋਣ ਤੇ ਵਿਸ਼ੇਸ਼ ਯੂਨੀਵਰਸਿਟੀ ਦੀ ਚੋਣ ਲਈ ਰੱਟੇ-ਰਟਾਏ ਕਾਰਨ ਮੁੱਖ ਲੱਛਣ ਸਨ। ਕਈ ਬਿਨੈਕਾਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਇਹ ਸਕੂਲ ਇੰਟਰਨੈੱਟ 'ਤੇ ਲੱਭੇ ਸਨ ਪਰ ਇੰਟਰਵਿਊ ਦੌਰਾਨ ਜ਼ੋਰ ਦੇਣ 'ਤੇ ਉਨ੍ਹਾਂ ਦੱਸਿਆ ਕਿ ਸਥਾਨਕ ਏਜੰਟ ਰਾਹੀਂ ਉਨ੍ਹਾਂ ਨੇ ਅਪਲਾਈ ਕੀਤਾ ਹੈ।

ਅਮਰੀਕਾ ਦੇ ਮੁੰਬਈ ਸਥਿਤ ਕੌਂਸਲੇਟ ਨੇ ਅਸਲ 'ਚ ਵਿਸਥਾਰ 'ਚ ਜਾਂਚ ਕੀਤੀ ਕਿ ਕਿਵੇਂ ਵਾਸ਼ਿੰਗਟਨ ਦੇ ਸਬ-ਅਰਬ 'ਚ ਕੰਮ ਕਰਦੇ ਵਿਦਿਆਰਥੀ ਦੀ ਕੈਲੀਫੋਰਨੀਆ ਦੀ ਇਕ ਯੂਨੀਵਰਸਿਟੀ 'ਚ ਦਾਖਲਾ ਹੋ ਸਕਦਾ ਹੈ।


# ਦਲ ਖਾਲਸਾ ਅਲਾਇੰਸ

## "ਸਿੱਖ ਰਹਿਤ ਮਰਿਆਦਾ ਦਰਸ਼ਨ" ਪੁਸਤਕ 'ਤੇ ਸੈਮੀਨਾਰ ਅਤੇ ਕਵੀ ਦਰਬਾਰ

***24 ਸਤੰਬਰ 2011 ਦਿਨ ਸਨਿਚਰਵਾਰ (ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ), ਸਥਾਨ: ਗੁਰਦੁਆਰਾ ਐਲ ਸਬਰਾਂਟੇ***

*ਇਕ ਓਂਕਾਰ ਸਾਡਾ ਇਕ, ਖੰਡਾ ਸਾਡਾ ਇਕ, ਝੰਡਾ ਸਾਡਾ ਇਕ, ਫਤਿਹ ਸਾਡੀ ਇਕ, ਜੈਕਾਰਾ ਸਾਡਾ ਇਕ, ਨਾਅਰਾ ਸਾਡਾ ਇਕ। ਪੰਥ ਪ੍ਰਮਾਣਿਤ ਰਹਿਤ ਮਰਿਆਦਾ ਸਾਡੀ ਇਕ, ਗੁਰੂ ਗ੍ਰੰਥ ਸਾਡਾ ਇਕ, ਗੁਰੂ ਪੰਥ ਸਾਡਾ ਇਕ। ਫਿਰ ਅੱਜ ਸਾਡੀ ਰਹਿਤ-ਬਹਿਤ ਇਕ ਨਹੀਂ-ਅਲੱਗ ਅਲੱਗ ਕਿਉਂ?*

**ਪ੍ਰੋ. ਸੁਰਜੀਤ ਸਿੰਘ ਨਨੂਆ ਨੇ ਸਿੱਖ ਕੌਮ ਵਿਚ ਪ੍ਰਚਲਿਤ ਅਲੱਗ ਅਲੱਗ ਰਹਿਤ ਮਰਿਆਦਾ ਨੂੰ ਇਕ ਜਿਲਦ ਵਿਚ ਇਕਠਿਆਂ ਕਰਕੇ "ਸਿੱਖ ਰਹਿਤ ਮਰਿਆਦਾ ਦਰਸ਼ਨ" ਦੇ ਨਾਂ ਥੱਲੇ ਪੁਸਤਕ ਰੂਪ ਵਿਚ ਸਿੱਖ ਕੌਮ ਦੀ ਝੋਲੀ ਪਾਇਆ ਹੈ। ਅੱਲਗ-ਅੱਲਗ ਰਹਿਤ ਮਰਿਆਦਾ ਰਾਹੀਂ ਵੰਡੀ ਪਈ ਸਿੱਖ ਕੌਮ ਨੂੰ ਇਕ ਕੇਸਰੀ ਨਿਸ਼ਾਨ ਸਾਹਿਬ ਥੱਲੇ ਲਿਆਉਣ ਦੀ ਲੋਕ ਲਹਿਰ ਪੈਦਾ ਕਰਨ ਲਈ ਇਹ ਪੁਸਤਕ ਮੁੱਖ ਭੂਮਿਕਾ ਅਦਾ ਕਰਨ ਦੇ ਸਮਰੱਥ ਹੈ।**

### "ਸਿੱਖ ਰਹਿਤ ਮਰਿਆਦਾ ਦਰਸ਼ਨ" ਪੁਸਤਕ 'ਤੇ ਸੈਮੀਨਾਰ

ਸੈਮੀਨਾਰ ਦੇ ਪੰਜ ਵਿਸ਼ੇ ਹੋਣਗੇ-(1) ਪੁਸਤਕ ਵਿਚ ਕੀ ਊਣਤਾਈਆਂ ਰਹਿ ਗਈਆਂ ਹਨ (2) ਪੁਸਤਕ ਵਿਚ ਹੋਰ ਕੀ ਦਰਜ਼ ਕੀਤਾ ਜਾਵੇ (3) ਪੁਸਤਕ ਲਈ ਪ੍ਰਸ਼ੰਸਾ ਪੱਤਰ (4) ਅਲੱਗ ਅਲੱਗ ਰਹਿਤ-ਬਹਿਤ ਦੀ ਘੁੰਮਣਘੇਰੀ 'ਚੋਂ ਸਿੱਖ ਕੌਮ ਨੂੰ ਕੱਢ ਕੇ ਇਕ ਰਹਿਤ-ਬਹਿਤ ਹੇਠ ਕਿਵੇਂ ਲਿਆਂਦਾ ਜਾਵੇ (5) ਪੁਸਤਕ ਸਬੰਧੀ ਲੇਖਕ ਨੂੰ ਸਵਾਲ-ਜਵਾਬ।

ਪੰਜਾਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਾਬਕਾ ਜਨਰਲ ਸਕੱਤਰ ਅਤੇ ਗੁਰੂ ਗੋਬਿੰਦ ਸਿੰਘ ਚੇਅਰ ਮੁੰਬਈ ਦੇ ਮੌਜੂਦਾ ਮੁੱਖੀ ਡਾ. ਗੁਰਬਚਨ ਸਿੰਘ ਬਚਨ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਅਤੇ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚ ਰਹੇ ਹਨ। ਤਕਰੀਬਨ 30 ਤੋਂ ਵੱਧ ਪੰਥਕ ਸਿੱਖ ਬੁਧੀਜੀਵੀ ਬੁਲਾਰੇ ਪਹੁੰਚ ਰਹੇ ਹਨ।

### ਸਿੱਖ ਰਹਿਤ ਮਰਿਆਦਾ 'ਤੇ ਕਵੀ ਦਰਬਾਰ

ਇਸ ਕਵੀ ਦਰਬਾਰ ਵਿਚ ਤਕਰੀਬਨ 20 ਪੰਥਕ ਕਵੀ ਆਪਣੀਆਂ ਪੰਥਕ ਰਚਨਾਵਾਂ ਰਾਹੀਂ ਸਿੱਖ ਰਹਿਤ ਮਰਿਆਦਾ 'ਤੇ ਚਾਨਣਾ ਪਾਉਣਗੇ। ਆਉ, ਪੰਥ ਦਰਦੀਉ, ਧਾਰਮਿਕ ਅਤੇ ਰਾਜਨੀਤਕ ਨੇਤਾਵਾਂ ਪਾਸੋਂ, ਸਿੱਖ ਮਸਲਿਆਂ ਦੇ ਹੱਲ ਲਈ ਬਹੁਤੀਆਂ ਉਮੀਦਾਂ ਰੱਖਣ ਦੀ ਥਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਪਾਵਨ ਤੁਕ "ਆਪਣ ਹੱਥੀ ਆਪਣਾ ਆਪੇ ਹੀ ਕਾਜ ਸੁਆਰੀਐ" ਅਨੁਸਾਰ ਇਕ ਹੰਭਲਾ ਮਾਰਦਿਆਂ ਸਿੱਖ ਪੰਥ ਵਿਚ ਏਕਤਾ ਕਰਨ ਲਈ ਇਕ ਸੱਚੀ ਸ਼ੁਰੂਆਤ ਕਰੀਏ। ਸਮੁੱਚੀ ਸਿੱਖ ਸੰਗਤ ਨੂੰ ਇਸ ਸੈਮੀਨਾਰ ਵਿਚ ਆਪਣੇ ਵਿਚਾਰ ਪੇਸ਼ ਕਰਨ ਅਤੇ ਸੁਣਨ ਹਿੱਤ ਸ਼ਾਮਲ ਹੋਣ ਲਈ ਬੇਨਤੀ ਹੈ। ਬੁਲਾਰੇ ਜਾਂ ਕਵੀ ਦੇ ਤੌਰ 'ਤੇ ਸ਼ਾਮਲ ਹੋਣ ਲਈ ਹੇਠ ਲਿਖੇ ਸਾਧਨਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਪ੍ਰੋ. ਸੁਰਜੀਤ ਸਿੰਘ ਨਨੂਆ ਦਾ ਦਲ ਖਾਲਸਾ ਅਲਾਇੰਸ ਵੱਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।**

**ਕਵੀਆਂ ਅਤੇ ਬੁਲਾਰਿਆਂ ਵਿਚੋਂ ਫਸਟ, ਸੈਕਿੰਡ, ਥਰਡ ਦੀ ਚੋਣ ਕਰਕੇ ਉਨ੍ਹਾਂ ਦਾ ਸ਼ੀਲਡਾਂ ਨਾਲ ਸਨਮਾਨ ਕੀਤਾ ਜਾਵੇਗਾ।**

**ਦਲ ਖਾਲਸਾ ਅਲਾਇੰਸ ਵੱਲੋਂ ਇਹ ਸੈਮੀਨਾਰ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਸੰਸਥਾਵਾਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਾਰੇ ਪ੍ਰੋਗਰਾਮ ਨੂੰ ਗੁਰੂ ਘਰ ਦੀ ਵੈਬਸਾਈਟ** www.elsobrantesikhcenter.org **ਰਾਹੀਂ ਸੁਣਿਆ ਜਾ ਸਕੇਗਾ।**

**ਭਾਈ ਘਨਈਆ ਸੁਸਾਇਟੀ ਵੱਲੋਂ ਛੋਲੇ-ਭਠੂਰਿਆਂ ਆਦਿ ਰਾਹੀਂ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ।**

**ਪੰਥਕ ਏਕਤਾ ਲਈ, ਹੰਭਲਾ ਸਾਡਾ-ਸਾਥ ਤੁਹਾਡਾ।**

*ਗੁਰੂ ਗ੍ਰੰਥ 'ਤੇ ਪੰਥ ਦੀ ਸੇਵਾ ਵਿਚ*

ਪਰਮਜੀਤ ਸਿੰਘ ਸੇਖੋਂ (ਦਾਖਾ)
ਪ੍ਰਧਾਨ, ਦਲ ਖਾਲਸਾ ਅਲਾਇੰਸ

ਗਗਨਜੀਤ ਸਿੰਘ
ਇੰਟਰਨੈਸ਼ਨਲ ਅੰਬੈਸਡਰ, ਦਲ ਖਾਲਸਾ ਅਲਾਇੰਸ

ਬਲਜੀਤ ਸਿੰਘ
ਜਨਰਲ ਸਕੱਤਰ, ਯੂ ਐਸ ਏ ਯੂਨਿਟ

**Dal Khalsa Alliance:1700 Shattuck Ave, #303, Berkeley, CA 94709, USA, Ph:510-774-5909 dalkhalsa@dalkhalsaalliance.org**

ਪੰਜਾਬ ਟਾਈਮਜ਼

ਸਨਿਚਰਵਾਰ, 17 ਸਤੰਬਰ 2011

# ਧਰਮ ਦੀ ਸਿਆਸਤ ਬਨਾਮ ਸਿਆਸਤ ਦਾ ਧਰਮ

ਐਤਕੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕੁਝ ਪੱਖਾਂ ਕਰਕੇ ਬਿਲਕੁਲ ਨਿਵੇਕਲੀਆਂ ਹੋ ਨਿਬੜੀਆਂ ਹਨ। ਸਭ ਤੋਂ ਪਹਿਲੀ ਅਤੇ ਵੱਡੀ ਗੱਲ, ਚੋਣ ਪ੍ਰਚਾਰ ਵਿਚੋਂ ਗੁਰਦੁਆਰਾ ਪ੍ਰਬੰਧਾਂ ਦੀ ਚਰਚਾ ਅਤੇ ਪ੍ਰਚਾਰ ਉਕਾ ਹੀ ਗਾਇਬ ਰਿਹਾ ਹੈ। ਜਿਸ ਨਿਹਚੇ ਲਈ ਤਕਰੀਬਨ ਇਕ ਸਦੀ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਚੱਲੀ ਸੀ, ਫਿਰ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਸੀ ਅਤੇ ਜਿਸ ਕਾਰਜ ਲਈ ਇੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਸਨ, ਉਸ ਮਸਲੇ ਬਾਰੇ ਗੱਲ ਹੀ ਨਹੀਂ ਤੋਰੀ ਗਈ। ਇਸ ਦੀ ਥਾਂ ਨਿਰੋਲ ਸਿਆਸੀ ਖਹਿਬਾਜ਼ੀ ਨੇ ਮੱਲ ਲਈ। ਸਿਆਸਤ ਉਤੇ ਧਰਮ ਦੇ ਕੁੰਡੇ ਵਾਲੀ ਗੱਲ ਬਹੁਤ ਪਿਛਾਂਹ ਹੀ ਨਹੀਂ ਰਹਿ ਗਈ, ਸਗੋਂ ਸਿਆਸਤ ਜਿਸ ਤਰ੍ਹਾਂ ਕਾਲਾ ਪ੍ਰਛਾਵਾਂ ਬਣ ਕੇ ਧਰਮ ਉਤੇ ਆਣ ਪਈ, ਉਸ ਨਾਲ ਧਰਮ ਅਤੇ ਸਿਆਸਤ ਵਿਚਕਾਰ ਸੰਤੁਲਨ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਵੀ ਉਜਾਗਰ ਹੋ ਗਈਆਂ। ਸੁੱਚੀ ਸਿਆਸਤ ਦੀ ਅਣਹੋਂਦ ਵਿਚ ਨਿਰੀ ਸਿਆਸੀ ਖਹਿਬਾਜ਼ੀ ਨੇ ਜਿਸ ਤਰ੍ਹਾਂ ਦਾ ਮਾਹੌਲ ਸਿਰਜਿਆ, ਉਸ ਤੋਂ ਜਾਪਦਾ ਹੈ ਕਿ ਪੰਜਾਬ ਅਤੇ ਪੰਥ ਫਿਲਹਾਲ ਕਿਸੇ ਹਨੇਰੀ ਗਲੀ ਦੀਆਂ ਭੁੱਲ-ਭੁਲੱਈਆਂ ਵਿਚ ਉਲਝ ਗਏ ਹਨ। 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ' ਵਾਲੀ ਦਰਦ ਭਰੀ ਸਤਰ ਵਾਂਗ ਕਿਸੇ ਸੋਝੀਵਾਨ ਲੀਡਰਸ਼ਿਪ ਦੀ ਅਣਹੋਂਦ ਵਿਚ ਆਪਾਧਾਪੀ ਅਤੇ ਆਪਮੁਹਾਰਾਪਣ ਇੰਨਾ ਜ਼ੋਰ ਫੜ ਗਿਆ ਹੈ ਕਿ ਤੰਦ-ਤਾਣੀ ਬੁਰੀ ਤਰ੍ਹਾਂ ਉਲਝ ਗਈ ਜਾਪਦੀ ਹੈ। ਆਪਮੁਹਾਰਾਪਣ ਇੰਨਾ ਕਿ ਉਮਰ ਭਰ ਦੀਆਂ ਕਮਾਈਆਂ, ਸਿਰਫ ਸੀਟਾਂ ਦੇ ਲੈਣ-ਦੇਣ ਤੱਕ ਮਹਿਦੂਦ ਹੋ ਕੇ ਰਹਿ ਗਈਆਂ। ਆਪਾਧਾਪੀ ਇੰਨੀ ਕਿ ਬਾਦਲਕੇ ਆਪਣੀ ਮਰਜ਼ੀ ਨਾਲ ਹਰ ਕਿਸੇ ਨੂੰ, ਹਰ ਪਾਸੇ ਖਿੱਚੀ ਲਈ ਜਾ ਰਹੇ ਹਨ। ਇੱਦਾਂ ਦੇ ਮਾਹੌਲ ਦੇ ਨਤੀਜਿਆਂ ਬਾਰੇ ਸ਼ਾਇਦ ਹੀ ਕਿਸੇ ਨੂੰ ਕੋਈ ਭਰਮ ਭੁਲੇਖਾ ਹੋਵੇ! ਹਾਂ, ਇਹ ਗੱਲ ਵੱਖਰੀ ਹੈ ਕਿ ਹਰ ਕੋਈ ਧਿਰ, ਨਿੱਕੀਆਂ ਅਤੇ ਨਿਗੂਣੀਆਂ ਗੱਲਾਂ ਉਤੇ ਤਸੱਲੀ ਭਾਲ ਰਹੀ ਹੈ।

ਦਰਅਸਲ, ਜਿਸ ਤਰ੍ਹਾਂ ਦਾ ਮਾਹੌਲ ਉਭਰ ਕੇ ਸਾਹਮਣੇ ਆਇਆ ਹੈ, ਉਹ ਸੂਝਵਾਨਾਂ ਨੂੰ ਪਿਛੋਕੜ ਉਤੇ ਝਾਤੀ ਮਾਰਨ ਲਈ ਆਵਾਜ਼ਾਂ ਮਾਰ ਰਿਹਾ ਹੈ। ਇਹ ਧਰਮ ਅਤੇ ਸਿਆਸਤ ਦੇ ਰਿਸ਼ਤੇ ਬਾਰੇ ਨਜ਼ਰਸਾਨੀ ਲਈ ਦੁਹਾਈ ਦੇ ਰਿਹਾ ਹੈ। ਪੰਜਾਬ ਵਿਚ ਸਿੱਖ ਵੱਡੀ ਧਿਰ ਹਨ ਅਤੇ ਸਿੱਖਾਂ ਦੀਆਂ ਸੰਸਥਾਵਾਂ ਦਾ ਆਪਣਾ ਤਾਣਾ-ਪੇਟਾ ਹੈ। ਹੁਣ ਮਸਲਾ ਇਨ੍ਹਾਂ ਸੰਸਥਾਵਾਂ ਦੇ ਰੋਲ ਦਾ ਹੈ। ਸ਼੍ਰੋਮਣੀ ਕਮੇਟੀ ਜਿਸ ਦੀਆਂ ਚੋਣਾਂ ਲਈ ਹੁਣ ਸਿਆਸੀ ਸਰਗਰਮੀ ਸਿਖਰਾਂ 'ਤੇ ਪੁੱਜੀ ਹੋਈ ਹੈ, ਦੇ ਰੋਲ ਦੀ ਜੇ ਚਰਚਾ ਕਰੀਏ ਤਾਂ ਮਾਯੂਸੀ ਹੀ ਹੱਥ ਲਗਦੀ ਹੈ। ਜੇ ਸਿਰਫ ਗੁਰਦਆਰਿਆਂ ਦੇ ਪ੍ਰਬੰਧ ਦੀ ਹੀ ਗੱਲ ਕੀਤੀ ਜਾਵੇ ਤਾਂ ਹਰਿਆਣਾ ਲਈ ਵੱਖਰੀ ਕਮੇਟੀ ਦੀ ਮੰਗ ਦਾ ਮਾਮਲਾ ਸਭ ਤੋਂ ਅਗਾਂਹ ਆ ਖਲੋਂਦਾ ਹੈ। ਸੱਤਾਧਾਰੀ ਬਾਦਲਾਂ ਨੇ ਇਸ ਮੰਗ ਦੀ ਤਹਿ ਤੱਕ ਜਾਣ ਦੀ ਥਾਂ ਇਸ ਮੰਗ ਨੂੰ ਸਿਰਫ ਸਿਆਸਤ ਤੱਕ ਮਹਿਦੂਦ ਕਰ ਦਿੱਤਾ ਹੈ। ਇਸ ਮੰਗ ਨੇ ਸ਼ਕਤੀਆਂ ਦੇ ਕੇਂਦਰੀਕਰਨ ਨੂੰ ਤੋੜਨ ਵਿਚ ਅਹਿਮ ਭੂਮਿਕਾ ਨਿਭਾਉਣੀ ਸੀ ਜਿਸ ਦਾ ਰਾਹ ਅਗਾਂਹ ਸਿਆਸਤ ਅਤੇ ਸੰਸਥਾ ਦੇ ਜਮਹੂਰੀਕਰਨ ਵੱਲ ਖੁੱਲ੍ਹਣਾ ਹੈ। ਸਿਆਸਤ ਅਤੇ ਸੰਸਥਾਵਾਂ ਦਾ ਗੈਰ-ਜਮਹੂਰੀਕਰਨ ਅਜਿਹੀ ਅਲਾਮਤ ਹੈ ਜਿਸ ਨੇ ਧਰਮ ਅਤੇ ਸਿਆਸਤ ਦੇ ਰਿਸ਼ਤੇ ਨੂੰ ਸਦਾ ਸਦਾ ਲਈ ਨਾਗ ਵਲ਼ ਮਾਰ ਲਿਆ ਹੈ। ਗੁਰਦਆਰਿਆਂ ਦੇ ਪ੍ਰਬੰਧਾਂ ਦੇ ਨਾਲ ਹੀ ਧਰਮ ਦੇ ਪ੍ਰਚਾਰ ਦਾ ਮਾਮਲਾ ਗਹਿਰਾ ਜੁੜਿਆ ਹੋਇਆ ਹੈ। ਇਸ ਦੀਆਂ ਲੜੀਆਂ ਅੱਗੇ ਨਸ਼ਿਆਂ ਦੀ ਪੈ ਰਹੀ ਮਾਰ ਨਾਲ ਜਾ ਜੁੜਦੀਆਂ ਹਨ। ਨਸ਼ਿਆਂ ਦੀ ਜਿੰਨੀ ਮਾਰ ਅੱਜ ਪੰਜਾਬ ਝੱਲ ਰਿਹਾ ਹੈ, ਜੇ ਕਿਤੇ ਸ਼੍ਰੋਮਣੀ ਕਮੇਟੀ ਵੇਲੇ ਸਿਰ ਆਪਣੇ ਫਰਜ਼ ਸਿਆਣਦੀ ਤਾਂ ਇਸ ਸੰਕਟ ਨੂੰ ਸਹਿਜੇ ਹੀ ਕੱਟਿਆ ਜਾ ਸਕਦਾ ਸੀ। ਦੇਸ਼ ਦੇ ਹੋਰ ਸੂਬਿਆਂ ਨਾਲੋਂ ਪੰਜਾਬ ਇਸ ਕਰਕੇ ਵੀ ਵਿਲੱਖਣ ਅਤੇ ਨਿਆਰਾ ਹੈ ਕਿ ਇਸ ਧਰਤੀ ਉਤੇ ਗੁਰੂਆਂ ਦੀਆਂ ਸਿੱਖਿਆਵਾਂ ਦੀ ਮਿਹਰ ਹੋਈ ਹੈ। ਜੇ ਅੱਜ ਪੰਜਾਬ ਵਿਚ ਜਾਤ-ਪਾਤ ਦੀ ਭਿਆਨਕਤਾ ਦੂਜੇ ਸੂਬਿਆਂ ਦੇ ਮੁਕਾਬਲੇ ਘੱਟ ਹੈ ਤਾਂ ਇਸ ਦਾ ਇਕ ਪੱਖ ਗੁਰੂਆਂ ਦੀ ਸਿੱਖਿਆ ਹੈ।

ਕੀ ਕਾਰਨ ਹੈ ਕਿ ਅੱਜ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਸ਼ਿਆਂ ਬਾਰੇ ਜਾਰੀ ਹਦਾਇਤ ਨੂੰ ਬੂਰ ਨਹੀਂ ਪਿਆ ਹੈ? ਕੀ ਕਾਰਨ ਬਣਿਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਰਹੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਅੰਮ੍ਰਿਤ ਛਕਣ ਦਾ ਮਾਮਲਾ ਵੀ ਉਤਨਾ ਹੀ ਗੰਭੀਰ ਰੁਖ਼ ਅਖਤਿਆਰ ਕਰ ਗਿਆ ਹੈ? ਕਿਸੇ ਨੇ ਵੀ ਇਸ ਪਾਸੇ ਧਿਆਨ ਧਰਨ ਦੀ ਲੋੜ ਵੀ ਨਹੀਂ ਸਮਝੀ ਹੈ। ਇਸ ਮੋੜ 'ਤੇ ਪੁੱਜ ਕੇ ਸ਼੍ਰੋਮਣੀ ਕਮੇਟੀ ਦੇ ਫਰਜ਼ਾਂ ਦੀ ਲੜੀ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜਦੀ ਹੈ। ਇਹਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦਾ ਮੁੱਦਾ ਵੀ ਸਿੱਧਾ ਜੁੜਿਆ ਹੋਇਆ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਗਲਬੇ ਵਾਲੀ ਸਿਆਸਤ ਦੀਆਂ ਨਿਯੁਕਤੀਆਂ ਵੀ ਇਕ ਵਾਰ ਫਿਰ ਬਹਿਸ ਦੇ ਘੇਰੇ ਵਿਚ ਆਈਆਂ ਹਨ। ਇਹੀ ਉਹ ਮੋੜ ਹੈ ਜਿੱਥੇ ਧਰਮ ਅਤੇ ਸਿਆਸਤ ਦਾ ਸੰਤੁਲਨ ਬਹੁਤ ਬੁਰੀ ਤਰ੍ਹਾਂ ਡੋਲ ਜਾਂਦਾ ਹੈ। ਸਿਆਸਤ ਵਾਲੇ ਪਾਸੇ ਭਾਰ ਇੰਨਾ ਵਧ ਜਾਂਦਾ ਹੈ ਕਿ ਅਜਿਹੀਆਂ ਅਹਿਮ ਨਿਯੁਕਤੀਆਂ ਵੀ ਬਹੁਤ ਮਾਮਲਿਆਂ ਵਿਚ ਬੇਅਸਰ ਸਾਬਤ ਹੁੰਦੀਆਂ ਹਨ ਜਿਵੇਂ ਐਤਕੀਂ ਨਸ਼ਿਆਂ ਅਤੇ ਅੰਮ੍ਰਿਤ ਛਕਣ ਦੇ ਮਾਮਲਿਆਂ ਬਾਰੇ ਹੋਇਆ ਹੈ। ਇਕ ਹੋਰ ਹੋਰ ਸਵਾਲ ਜਿਹੜਾ ਸੰਗਤ ਨੇ ਉਠਾਇਆ ਹੈ, ਉਹ ਗੁਰੂਘਰਾਂ ਵਿਚ ਚੜ੍ਹਾਵੇ ਬਾਰੇ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖ ਨੂੰ ਮਾਇਆ ਦੇ ਮੋਹ ਤੋਂ ਖਬਰਦਾਰ ਕੀਤਾ ਸੀ ਪਰ ਅੱਜ ਗੁਰਦੁਆਰਿਆਂ ਦੇ ਬਹੁਤੇ ਮਾਮਲੇ ਮਾਇਆ ਦੇ ਮੋਹ ਨਾਲ ਜੁੜਨ ਕਰਕੇ ਉਲਝੇ ਹੋਏ ਹਨ। ਇਸ ਸੂਰਤ ਵਿਚ ਸੰਗਤ ਦਾ ਇਹ ਸੋਚਣਾ ਬਿਲਕੁਲ ਜਾਇਜ਼ ਹੈ ਕਿ ਗੁਰਦੁਆਰਿਆਂ ਵਿਚ ਮਾਇਆ ਦਾ ਚੜ੍ਹਾਵਾ ਬੰਦ ਕਰ ਦੇਣਾ ਚਾਹੀਦਾ ਹੈ। ਇਹ ਸਾਰੇ ਉਹ ਅਹਿਮ ਸਵਾਲ ਹਨ ਜਿਹੜੇ ਐਤਕੀਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਉਭਰ ਕੇ ਸਾਹਮਣੇ ਆਏ ਹਨ। ਇਹ ਸਵਾਲ ਅਸਲ ਵਿਚ ਪ੍ਰਬੰਧਾਂ ਵਿਚ ਨਿਘਾਰ ਦੇ ਸਵਾਲਾਂ ਨਾਲ ਸਿੱਧੇ ਜੁੜੇ ਹੋਏ ਹਨ। ਇਨ੍ਹਾਂ ਸਵਾਲਾਂ ਨਾਲ ਉਹ ਮਸਲੇ ਜੁੜੇ ਹੋਏ ਹਨ ਜਿਨ੍ਹਾਂ ਤੋਂ ਸੰਗਤ ਹੁਣ ਹਰ ਹਾਲ ਨਿਜਾਤ ਚਾਹੁੰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਹਿਜਧਾਰੀਆਂ ਦਾ ਸਹਿਜ!

ਦੋ ਸੌ ਚਾਲੀਆਂ ਸਾਲਾਂ ਵਿਚ ਸਿੱਖ ਘੜਿਆ, ਪਾਹ ਲੱਗਣ ਨਹੀਂ ਦਿੱਤਾ ਬਦਕਾਰੀਆਂ ਦਾ।
ਕਲਗੀ ਵਾਲੇ ਨੇ ਕੇਸਾਂ 'ਤੇ ਮੋਹਰ ਲਾਈ, ਪੰਥ ਸਾਜਿਆ ਐ ਪਰਉਪਕਾਰੀਆਂ ਦਾ।
ਦੇ ਕੇ ਰੂਪ ਸੋਹਣਾ ਮਾਲਕ ਥਾਪ ਦਿੱਤਾ, ਸਾਰੇ ਜੱਗ ਤੋਂ ਬਖਸ਼ਿਸ਼ਾਂ ਨਿਆਰੀਆਂ ਦਾ।
ਭਾਈ ਤਾਰੂ ਸਿੰਘ ਵਾਲਾ ਇਤਿਹਾਸ ਸੁਣ ਕੇ, ਪਤਾ ਲੱਗਦਾ ਨਾਮ-ਖੁਮਾਰੀਆਂ ਦਾ।
ਕੇਸਾਂ ਅਤੇ ਸੁਵਾਸਾਂ ਦਾ ਸੰਗ ਮੰਗੇ, ਮੁੱਲ ਜਾਣਦਾ ਜਿਹੜਾ ਸਰਦਾਰੀਆਂ ਦਾ।
ਆਯੂ ਬੀਤ ਗਈ ਕੇਸਗੜ੍ਹ ਜਾਂਦਿਆਂ ਦੀ, 'ਸੁਹਿਜ' ਮੁੱਕਿਆ ਨਾ ਸਹਿਜਧਾਰੀਆਂ ਦਾ?

# ਸਮਾਜਿਕ ਨਾ-ਇਨਸਾਫ਼ੀ ਕਾਰਨ ਵਧਦਾ ਅਤਿਵਾਦ

***ਨਵੀਂ ਦਿੱਲੀ ਵਿਚ ਹੋਏ ਬੰਬ ਧਮਾਕੇ ਬਾਰੇ ਐਤਕੀਂ ਭਾਵੇਂ ਕਿਸੇ ਖਾਸ ਧਿਰ ਨੇ ਪਾਕਿਸਤਾਨ ਵੱਲ ਉਂਗਲ ਨਹੀਂ ਕੀਤੀ ਪਰ ਇਸ ਤੋਂ ਪਹਿਲਾਂ ਇਹ ਝੂਠ ਵਾਰ-ਵਾਰ ਦੁਹਰਾ ਕੇ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਭਾਰਤ ਅੰਦਰਲੀਆਂ ਅਤਿਵਾਦੀ ਘਟਨਾਵਾਂ ਲਈ ਪਾਕਿਸਤਾਨ ਜ਼ਿੰਮੇਵਾਰ ਹੈ। ਮੀਡੀਆ ਵੀ ਹਰ ਵਾਰ ਤੁਅੱਸਬੀ ਹੋਛੇਪਣ ਦਾ ਮੁਜ਼ਾਹਰਾ ਕਰਦਾ ਹੈ। ਇਹ ਸਿਲਸਿਲਾ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਨਿਸ਼ਚੇ ਹੀ ਅਤਿਵਾਦ ਦੇ ਮਾਮਲੇ 'ਚ ਕੌਮਾਂਤਰੀ ਅਤੇ ਪਾਕਿਸਤਾਨੀ ਫੈਕਟਰ ਸ਼ਾਮਲ ਹੋ ਸਕਦਾ ਹੈ, ਲੇਕਿਨ ਇਹ ਸਮੱਸਿਆ ਦਾ ਮੂਲ ਕਾਰਨ ਨਹੀਂ ਹੋ ਸਕਦਾ। ਸਹੀ ਇਹੀ ਹੋਵੇਗਾ ਕਿ ਅਤਿਵਾਦ ਦੇ ਮੂਲ ਕਾਰਨਾਂ ਨੂੰ ਖੁਦ ਭਾਰਤ ਦੇ ਅੰਦਰ ਹੀ ਲੱਭਿਆ ਜਾਵੇ, ਤੇ ਉਨ੍ਹਾਂ ਨੂੰ ਦੂਰ ਕਰਨ ਲਈ ਹੰਭਲਾ ਮਾਰਿਆ ਜਾਵੇ।***

■ ਨਰਦੇਵ ਸਿੰਘ



ਅਤਿਵਾਦੀ ਘਟਨਾਵਾਂ ਦੀ ਪੁਲਿਸ ਜਾਂਚ-ਪੜਤਾਲ ਦੀ ਥਾਂ, ਸਿਆਸੀ ਜਾਂਚ-ਪੜਤਾਲ ਉਹ ਸਵਾਲ ਹੈ ਜਿਸ ਬਾਰੇ ਗਹਿਰਾਈ 'ਚ ਗੌਰ ਕਰਨਾ ਬਣਦਾ ਹੈ। ਅਤਿਵਾਦ ਦੇ ਕਾਰਨਾਂ ਨੂੰ ਭਾਰਤ ਦੇ ਸਿਆਸੀ ਪ੍ਰਬੰਧ ਦੇ ਹਿੰਦੂ ਪੱਖੀ ਝੁਕਾਅ ਅਤੇ ਧਾਰਿਮਕ ਘੱਟ-ਗਿਣਤੀਆਂ ਨਾਲ ਨਾ-ਇਨਸਾਫ਼ੀ ਦੇ ਵਧ ਰਹੇ ਰੁਝਾਨ 'ਚ ਸਪਸ਼ਟ ਦੇਖਿਆ ਜਾ ਸਕਦਾ ਹੈ। ਸਮਾਜਿਕ ਨਾਇਨਸਾਫ਼ੀ ਹੀ ਅਸਲ ਵਿਚ ਮੁਸਲਿਮ ਨੌਜਵਾਨਾਂ ਨੂੰ, ਅਤਿਵਾਦੀ ਜਥੇਬੰਦੀਆਂ ਦੀ ਬੁੱਕਲ 'ਚ ਧੱਕ ਰਹੀ ਹੈ। ਅਤਿਵਾਦੀ ਘਟਨਾਵਾਂ 'ਚ ਸ਼ਾਮਲ ਨੌਜਵਾਨਾਂ ਨੂੰ ਸਿਰਫ਼ ਤੇ ਸਿਰਫ਼ ਆਈ.ਐਸ.ਆਈ. ਦੇ ਏਜੰਟ ਕਹਿ ਕੇ ਹੀ ਮਸਲੇ ਦੀ ਜੜ੍ਹ ਤੱਕ ਨਹੀਂ ਪਹੁੰਚਿਆ ਜਾ ਸਕਦਾ। ਅਤਿਵਾਦੀ ਘਟਨਾਵਾਂ ਮੁਸਲਿਮ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਲਾਜ਼ਮੀ ਹੀ ਮੁਸਲਿਮ ਭਾਈਚਾਰੇ ਦੀ ਸਮੁੱਚੇ ਹਾਲਾਤ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ।

1947 ਦੀ ਵੰਡ ਸਮੇਂ ਮੁਸਲਿਮ ਭਾਈਚਾਰੇ ਦਾ ਜੋ ਹਿੱਸਾ ਪਾਕਿਸਤਾਨ ਚਲਾ ਗਿਆ, ਉਸ ਤੋਂ ਵੱਡੇ ਹਿੱਸੇ ਨੇ ਭਾਰਤ 'ਚ ਰਹਿਣ ਦਾ ਫੈਸਲਾ ਕੀਤਾ। ਸ਼ਾਇਦ ਇਸ ਆਸ ਨਾਲ ਕਿ ਉਹ ਇਥੇ ਬਰਾਬਰੀ ਅਤੇ ਇਨਸਾਫ਼ ਹਾਸਲ ਕਰ ਸਕਣਗੇ। ਅੱਜ 64 ਸਾਲਾਂ ਬਾਅਦ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਉਨ੍ਹਾਂ ਦੀ ਇਹ ਆਸ ਟੁੱਟ ਚੁੱਕੀ ਹੈ, ਤੇ ਉਨ੍ਹਾਂ ਅੰਦਰ ਬੇਗਾਨਗੀ ਦੀ ਭਾਵਨਾ ਵਧ ਰਹੀ ਹੈ। ਮੁਸਲਿਮ ਭਾਈਚਾਰੇ ਦੇ ਆਰਥਿਕ ਅਤੇ ਸਮਾਜਿਕ ਹਾਲਾਤ ਬਾਰੇ 2006 'ਚ ਸੱਚਰ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਸਿੱਖਿਆ, ਰੁਜ਼ਗਾਰ ਅਤੇ ਆਰਥਿਕ ਸਟੇਟਸ ਦੇ ਨਜ਼ਰੀਏ ਤੋਂ ਮੁਸਲਿਮ ਭਾਈਚਾਰੇ ਨੂੰ ਬਹੁਤ ਪਿੱਛੇ ਛੱਡ ਦਿੱਤਾ ਗਿਆ ਹੈ। ਸਿੱਖਿਆ ਦੇ ਮਾਮਲੇ 'ਚ ਮੁਸਲਿਮ ਭਾਈਚਾਰੇ ਦੇ 6-14 ਸਾਲ ਦੇ 25 ਫੀਸਦੀ ਬੱਚੇ ਜਾਂ ਤਾਂ ਸਕੂਲ ਹੀ ਨਹੀਂ ਗਏ, ਜਾਂ ਅੱਧ ਵਿਚਕਾਰੋਂ ਹੀ ਹਟ ਜਾਂਦੇ ਹਨ। ਉਚ ਸਿੱਖਆ 'ਚ ਹਾਲਾਤ ਬੇਹੱਦ ਖ਼ਰਾਬ ਹਨ। 25 ਗਰੈਜੂਏਟ ਪਿੱਛੇ 1 ਅਤੇ 50 ਪੋਸਟ-ਗਰੈਜੂਏਟ ਪਿੱਛੇ 1 ਮੁਸਲਿਮ ਵਿਦਿਆਰਥੀ ਪੜ੍ਹ ਰਿਹਾ ਹੈ। ਇਸ ਪਿੱਛੇ ਮੁੱਖ ਉਰਦੂ ਭਾਸ਼ਾ ਦਾ ਵਿਕਾਸ ਨਾ ਹੋਣਾ ਹੈ। ਆਂਧਰਾ ਪ੍ਰਦੇਸ਼ ਨੂੰ ਛੱਡ ਕੇ ਸਰਕਾਰੀ ਨੌਕਰੀਆਂ 'ਚ ਉਨ੍ਹਾਂ ਦੀ ਫੀਸਦ ਉਨ੍ਹਾਂ ਦੀ ਆਬਾਦੀ ਵਾਲੀ ਫੀਸਦ ਨਾਲੋਂ ਅੱਧੀ ਹੈ। ਬੰਗਾਲ ਦੀ 25 ਫੀਸਦ ਮੁਸਲਿਮ ਆਬਾਦੀ ਹੈ ਅਤੇ ਉਨ੍ਹਾਂ ਦਾ ਨੌਕਰੀਆਂ 'ਚ ਹਿੱਸਾ ਸਿਰਫ਼ 4.2 ਫੀਸਦੀ ਹੈ। 2001 ਦੇ ਅੰਕੜਿਆਂ ਅਨੁਸਾਰ ਆਬਾਦੀ 'ਚ ਇਹ 13.4 ਫੀਸਦ ਸੀ, ਜਦੋਂ ਕਿ ਸਿਵਲ ਸੇਵਾਵਾਂ ਵਿਚ ਇਹ 3 ਫੀਸਦ, ਆਈ.ਐਫ.ਐਸ. ਵਿਚ 1.8 ਫੀਸਦ ਅਤੇ ਆਈ.ਪੀ.ਐਸ. ਵਿਚ ਸਿਰਫ਼ 4 ਫੀਸਦ ਹਨ। ਰੇਲਵੇ ਵਿਚ ਉਨ੍ਹਾਂ ਦੀ ਫੀਸਦ ਸਿਰਫ਼ 4.5 ਹੈ ਜਿਨ੍ਹਾਂ ਵਿਚੋਂ 98.7 ਫੀਸਦ ਹੇਠਲੇ ਪੱਧਰ ਦੀਆਂ ਪੋਸਟਾਂ 'ਤੇ ਕੰਮ ਕਰਦੇ ਹਨ। ਰਾਜ ਪਬਲਿਕ ਸਰਵਿਸ ਕਮਿਸ਼ਨਾਂ ਵੱਲੋਂ ਕੀਤੀਆਂ ਨਿਯੁਕਤੀਆਂ ਵਿਚ ਉਨ੍ਹਾਂ ਦਾ ਹਿੱਸਾ ਸਿਰਫ਼ 2.1 ਫੀਸਦ ਸੀ।

ਕਮੇਟੀ ਅਨੁਸਾਰ ਨਿਆਂ ਪਾਲਿਕਾ 'ਚ ਮੁਸਲਿਮ ਭਾਈਚਾਰੇ ਦੀ ਫੀਸਦ ਵਧੇਰੇ ਮੁਸਲਿਮ ਵਸੋਂ ਵਾਲੇ 12 ਸੂਬਿਆਂ ਅੰਦਰ ਸਿਰਫ 7.8 ਫੀਸਦ ਹੈ। ਪੱਛਮੀ ਬੰਗਾਲ ਅਤੇ ਅਸਾਮ ਇਸ ਦੀ ਉਦਾਹਰਣ ਹਨ ਜਿੱਥੇ ਕ੍ਰਮਵਾਰ 25 ਫੀਸਦ ਅਤੇ 31 ਫੀਸਦ ਵਸੋਂ ਦੇ ਮੁਕਾਬਲੇ ਉਨ੍ਹਾਂ ਦੀ ਫੀਸਦ ਸਿਰਫ਼ 5 ਅਤੇ 9.4 ਹੈ। ਕਮੇਟੀ ਮਾਹਿਰਾਂ ਦਾ ਮੰਨਣਾ ਹੈ ਕਿ ਸਹੀ ਅਰਥਾਂ ਵਿਚ ਜਮਹੂਰੀਅਤ ਲਈ ਸਭ ਦੀ ਪ੍ਰਸ਼ਾਸਨਿਕ ਤੇ ਨਿਆਂ ਪਾਲਿਕਾ 'ਚ ਬਰਾਬਰ ਦੀ ਹਿੱਸੇਦਾਰੀ ਜ਼ਰੂਰੀ ਹੈ। ਮੁਸਲਿਮ ਭਾਈਚਾਰੇ ਦੀ ਵੱਡੀ ਗਿਣਤੀ ਸਵੈ-ਰੁਜ਼ਗਾਰ 'ਚ ਲੱਗੀ ਹੈ, ਉਨ੍ਹਾਂ ਦੀ ਕਰਜ਼ੇ ਨਾ ਮੋੜਨ ਦੀ ਫੀਸਦ ਵੀ ਸਿਰਫ਼ 4.7 ਹੈ। ਫਿਰ ਵੀ ਬੈਂਕਾਂ ਨੇ ਵੀ ਕਰਜ਼ਾ ਦੇਣ ਦੇ ਮਾਮਲੇ 'ਚ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਕਮੇਟੀ ਦੇ ਹੈਡ ਕਾਊਂਟ ਰੋਸ਼ੋ ਫਾਰਮੂਲੇ ਅਨੁਸਾਰ 2004-05 ਵਿਚ ਕੁੱਲ 22.7 ਫੀਸਦ ਲੋਕ ਗਰੀਬ ਸਨ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਐਸ.ਸੀ/ਐਸ.ਟੀ, 35 ਫੀਸਦ, ਤੇ ਉਨ੍ਹਾਂ ਤੋਂ ਦੂਜੇ ਨੰਬਰ 'ਤੇ ਮੁਸਲਿਮ ਭਾਈਚਾਰੇ ਦੀ ਫੀਸਦ 31 ਹੈ, ਜਦੋਂ ਕਿ ਜਨਰਲ ਵਿਚ ਇਹ ਫੀਸਦ ਸਿਰਫ਼ 8.7 ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਜਨ ਸੰਖਿਆ 'ਚ ਆਪਣੀ ਫੀਸਦ ਦੇ ਮੁਕਾਬਲੇ ਸਿਰਫ਼ ਜੇਲ੍ਹਾਂ ਵਿਚ ਹੀ ਮੁਸਲਿਮ ਭਾਈਚਾਰੇ ਦੀ ਫੀਸਦ ਵਧੇਰੇ ਹੈ। ਨਰਿੰਦਰ ਮੋਦੀ ਦਾ ਗੁਜਰਾਤ ਇਸ ਦੀ ਉਘੜਵੀਂ ਮਿਸਾਲ ਹੈ ਜਿੱਥੇ ਵਸੋਂ ਵਿਚ 9.06 ਫੀਸਦੀ ਦੇ ਮੁਕਾਬਲੇ, ਉਨ੍ਹਾਂ ਦੀ ਜੇਲ੍ਹਾਂ 'ਚ ਫੀਸਦ 25 ਤੋਂ ਵਧੇਰੇ ਹੈ।

ਪਿਛਲੇ ਤਿੰਨ ਦਹਾਕਿਆਂ ਤੋਂ ਖਾਸ ਤੌਰ 'ਤੇ ਧਰਮ-ਨਿਰਪੱਖਤਾ ਦੇ ਨਾਂ 'ਤੇ ਜੋ ਵਿਹਾਰ ਧਾਰਮਿਕ ਘੱਟ-ਗਿਣਤੀਆਂ ਨਾਲ ਕੀਤਾ ਗਿਆ, ਉਹ ਇਸ ਨਾ-ਇਨਸਾਫ਼ੀ ਦਾ ਇਕ ਹੋਰ ਅਹਿਮ ਪਹਿਲੂ ਹੈ। ਸੰਘ ਪਰਿਵਾਰ ਭਾਵੇਂ ਇਸ ਦੇ ਵਿਚਾਰਧਾਰਕ ਸਾਵਰਕਰ ਦੀ ਹਿੰਦੂ ਰਾਸ਼ਟਰ ਦੀ ਧਾਰਨਾ 'ਤੇ 1920 ਤੋਂ ਹੀ ਚੱਲ ਰਿਹਾ ਹੈ, ਲੇਕਿਨ 1980ਵਿਆਂ ਤੋਂ ਬਾਅਦ ਇਸ ਦੇ ਹਮਲਾਵਰ ਰੁੱਖ ਨੂੰ ਸਪੱਸ਼ਟ ਵੇਖਿਆ ਜਾ ਸਕਦਾ ਹੈ। ਐਮਰਜੈਂਸੀ ਮਗਰੋਂ 1977 'ਚ ਜਨਸੰਘ ਦਾ ਸੱਤਾ ਵਿਚ ਆਉਣਾ, ਸਿਆਸੀ ਗਿਣਤੀਆਂ ਮਿਣਤੀਆਂ 'ਚ ਰਾਜੀਵ ਗਾਂਧੀ ਵੱਲੋਂ ਬਾਬਰੀ ਮਸਜਿਦ ਦਾ ਜਿੰਦਰਾ ਖੁਲਵਾਉਣ ਅਤੇ 1980ਵਿਆਂ ਦੇ ਪਿਛਲੇ ਅੱਧ 'ਚ ਰਾਮ ਮੰਦਰ ਦੇ ਮਸਲੇ 'ਤੇ ਸਰਗਰਮੀ ਨੇ ਹਿੰਦੂਵਾਦੀ ਤਾਕਤਾਂ ਨੂੰ ਬਲ ਬਖ਼ਸ਼ਿਆ। ਕਦੇ ਸ਼ਿਲਾ ਨਿਆਂਸ, ਕਦੇ ਪਵਿੱਤਰ ਇੱਟਾਂ ਦੀ ਯਾਤਰਾ ਅਤੇ ਕਦੇ ਅਡਵਾਨੀ ਦੀ ਰੱਥ ਯਾਤਰਾ ਦੇ ਰੂਪ 'ਚ ਨਫ਼ਰਤ ਭਰੀਆਂ ਮੁਹਿੰਮਾਂ ਅਰੰਭੀਆਂ ਗਈਆਂ। ਦੰਗੇ ਹੋਏ। ਰਾਜ ਦੀ ਸਹਿਮਤੀ ਨਾਲ ਇਹ ਸਭ ਕੁਝ ਚਲਦਾ ਰਿਹਾ। ਅਖੀਰ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਬੀ.ਜੇ.ਪੀ. ਦੇ ਉਘੇ ਆਗੂਆਂ ਵੱਲੋਂ ਵਿਸ਼ਵਾਸ ਦਿਵਾਉਣ ਦੇ ਬਾਵਜੂਦ ਦਸੰਬਰ 1992 ਨੂੰ ਹਿੰਦੂਵਾਦੀ ਤਾਕਤਾਂ ਨੇ ਬਾਬਰੀ ਮਸਜਿਦ ਨੂੰ ਢਾਹ ਦਿੱਤਾ। ਇਹ ਹੋਰ ਵੀ ਮੰਦਭਾਗਾ ਸੀ ਕਿ ਇਹ ਸਭ ਕੁਝ ਰਾਜਜੀ ਸ਼ਕਤੀਆਂ ਪ੍ਰਧਾਨ ਮੰਤਰੀ ਤੋਂ ਲੈ ਕੇ ਸਥਾਨਕ ਸਿਵਲ ਤੇ ਪੁਲਿਸ ਅਧਿਕਾਰੀਆਂ ਤੱਕ ਦੀ ਨਿਗਰਾਨੀ 'ਚ ਉਨ੍ਹਾਂ ਦੀ ਚੁਪ ਸਹਿਮਤੀ ਨਾਲ ਵਾਪਰਿਆ। ਇਹ ਵੀ ਘੱਟ ਹੈਰਾਨੀ ਦੀ ਗੱਲ ਨਹੀਂ ਹੈ ਕਿ ਬਾਬਰੀ ਮਸਜਿਦ ਮਾਮਲੇ 'ਚ ਅਡਵਾਨੀ ਅਤੇ ਉਮਾ ਭਾਰਤੀ ਜਿਹੇ ਨੇਤਾਵਾਂ 'ਤੇ ਦਰਜ ਹੋਏ ਕੇਸਾਂ ਦਾ ਕੋਈ ਨਿਬੇੜਾ ਨਹੀਂ ਹੋ ਸਕਿਆ। ਬਾਬਰੀ ਮਸਜਿਦ ਦੀ ਘਟਨਾ ਨੇ ਮੁਸਲਿਮ ਭਾਈਚਾਰੇ ਦੇ ਹਿਰਦਿਆਂ ਨੂੰ ਉਹ ਜ਼ਖ਼ਮ ਦਿੱਤੇ ਜੋ ਸਦੀਆਂ ਤੱਕ ਹਿਸਦੇ ਰਹਿਣਗੇ ਤੇ ਅਤਿਵਾਦੀ ਜਥੇਬੰਦੀਆਂ ਨੂੰ ਹੁਲਾਰਾ ਦਿੰਦੇ ਰਹਿਣਗੇ। ਚਾਹੀਦਾ ਤਾਂ ਇਹ ਸੀ ਵਲੂੰਟਰੇ ਹਿਰਦਿਆਂ ਤੇ ਮੱਲ੍ਹਮ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ, ਲੇਕਿਨ ਬੰਬਈ 'ਚ ਹਿੰਦੂਵਾਦੀ ਤਾਕਤਾਂ ਵੱਲੋਂ ਮੁਸਲਮਾਨਾਂ ਦੇ ਕਤਲੇਆਮ ਨੇ ਪਹਿਲਾਂ ਹੀ ਸਕਤੇ 'ਚ ਆਏ ਮੁਸਲਿਮ ਭਾਈਚਾਰੇ ਨੂੰ ਘੋਰ ਨਿਰਾਸ਼ਤਾ ਤੇ ਬੇਗਾਨਗੀ ਨਾਲ ਭਰ ਦਿੱਤਾ। ਇੱਥੇ ਵੀ ਰਾਜਸੀ ਸ਼ਕਤੀਆਂ ਦੀ ਭੂਮਿਕਾ ਪੱਖਪਾਤੀ ਨਜ਼ਰ ਆਈ ਤੇ ਕਮਿਸ਼ਨਾਂ ਦੇ ਚੱਕਰਾਂ 'ਚ ਪੈ ਕੇ ਇਨਸਾਫ਼ ਦੀ ਗੱਲ ਵੀ ਲੋਕਾਂ ਲਈ ਬਹੁਤ ਦੂਰ ਚਲੀ ਗਈ।

ਗੱਲ ਇੱਥੇ ਹੀ ਖ਼ਤਮ ਨਹੀਂ ਹੋਈ, ਨਰਿੰਦਰ ਮੋਦੀ ਦੀ ਅਗਵਾਈ ਚਿ 'ਗੁਜਰਾਤ ਤਜਰਬੇ' ਨੇ ਹਿੰਦੂਵਾਦੀ ਤਾਕਤਾਂ ਤੇ ਰਾਜਕੀ ਸ਼ਕਤੀਆਂ ਦੀ ਗੰਢ-ਤੁੱਪ ਨੂੰ ਹੋਰ ਵੀ ਉਘਾੜ ਕੇ ਸਾਹਮਣੇ ਲਿਆਂਦਾ। ਗੋਧਰਾ ਕਾਂਡ ਤੋਂ ਬਾਅਦ ਜਿਵੇਂ ਜਥੇਬੰਦ ਤਰੀਕੇ ਨਾਲ ਤਿੰਨ ਦਿਨਾਂ ਦੌਰਾਨ ਹਜ਼ਾਰਾਂ ਕਤਲ ਹੋਏ, ਜਿੰਦਾ ਸਾੜੇ ਗਏ, ਬਲਾਤਕਾਰ ਹੋਏ ਅਤੇ ਜਾਇਦਾਦ ਦੀ ਤਬਾਹੀ ਕੀਤੀ ਗਈ, ਉਸ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਕੋਈ ਸੁਭਾਵਕ ਰਿਐਕਸ਼ਨ ਨਹੀਂ ਸੀ। ਇਸ ਸਾਰੇ ਘਟਨਾਕ੍ਰਮ ਨੂੰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਸਾਰੇ ਪ੍ਰਸ਼ਾਸਕੀ ਲਾਣੇ ਨੇ ਨਾ ਸਿਰਫ਼ ਮੂਕ ਦਰਸ਼ਕ ਬਣ ਕੇ ਦੇਖਿਆ, ਸਗੋਂ ਅੰਦਰਖਾਤੇ ਇਸ ਨੂੰ ਹੱਲਾਸ਼ੇਰੀ ਵੀ ਦਿੱਤੀ। ਇਥੇ ਵੀ ਬਾਅਦ ਵਿਚ ਐਫ.ਆਈ.ਆਰ. ਦਰਜ ਨਹੀਂ ਕੀਤੀਆਂ ਗਈਆਂ। ਜੇ ਕੀਤੀਆਂ ਵੀ ਗਈਆਂ ਤਾਂ ਉਹ ਕਾਤਲੀ ਟੋਲਿਆਂ ਨੂੰ ਬਚਾਉਣ ਦੇ ਨਜ਼ਰੀਏ ਤੋਂ ਹੀ ਕੀਤੀਆਂ ਗਈਆਂ, ਗਵਾਹਾਂ ਨੂੰ ਡਰਾਇਆ ਧਮਕਾਇਆ ਗਿਆ। ਸਿੱਟੇ ਵਜੋਂ ਮੁਸਲਿਮ ਭਾਈਚਾਰੇ ਲਈ ਇਨਸਾਫ਼ ਇੱਥੇ ਵੀ ਬਹੁਤ ਦੂਰ ਦੀ ਗੱਲ ਬਣ ਗਿਆ। ਇਹ ਨਾ-ਇਨਸਾਫ਼ੀ ਹੀ ਮੁਸਲਿਮ ਭਾਈਚਾਰੇ ਅੰਦਰ ਅਤਿਵਾਦੀ ਰੁਝਾਣਾਂ ਦੇ ਪ੍ਰਫੁਲਤ ਹੋਣ ਲਈ ਇਕ ਹੋਰ ਆਧਾਰ ਬਣ ਗਈ।

ਵਿਸ਼ੇਸ਼ ਧਾਰਮਿਕ ਭਾਈਚਾਰੇ ਨੂੰ ਹਰ ਸਮੇਂ ਸ਼ੱਕ ਦੇ ਘੇਰੇ 'ਚ ਰੱਖਣਾ ਨਾ-ਇਨਸਾਫ਼ੀ ਦਾ ਇਕ ਹੋਰ ਪਹਿਲੂ ਹੈ। ਹੇਮੰਤ ਕਰਕਰੇ ਦੀ ਅਗਵਾਈ ਵਿਚ ਐਸ.ਆਈ.ਟੀ. ਦੀ ਜਾਂਚ ਤੋਂ ਪਹਿਲਾਂ, 2006 ਦੇ ਬੰਬਈ ਮਾਲੇਗਾਓਂ ਬੰਦ ਧਮਾਕਿਆਂ, 2007 ਦੇ ਸਮਝੌਤਾ ਐਕਸਪ੍ਰੈਸ ਬੰਬ ਧਮਾਕੇ, ਰਾਜਸਥਾਨ 'ਚ ਅਜਮੇਰ ਸ਼ਰੀਫ਼ ਬੰਬ ਧਮਾਕੇ, ਆਂਧਰਾ 'ਚ ਮੀਕਾ ਮਸਜਿਦ ਧਮਾਕੇ ਸਮੇਤ ਕਰਨਾਟਕ 'ਚ ਰਾਮ ਸੈਨਾ ਵੱਲੋਂ ਕੀਤੇ ਧਮਾਕਿਆਂ ਲਈ ਪਹਿਲਾਂ ਮੁਸਲਮਾਨ ਨੌਜਵਨਾਂ ਨੂੰ ਚੁੱਕਿਆ ਗਿਆ, ਟਾਰਚਰ ਕੀਤਾ ਗਿਆ ਅਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ। ਅਸੀਮਾਨੰਦ ਦੇ ਇਕਬਾਲੀਆ ਬਿਆਨ ਤੋਂ ਬਾਅਦ ਹੁਣ ਇਹ ਤੱਥ ਸਭ ਦੇ ਸਾਹਮਣੇ ਹੈ ਕਿ ਇਹ ਧਮਾਕੇ ਆਰ.ਐਸ.ਐਸ. ਦੇ ਉਚੇ ਪੱਧਰ ਦੇ ਆਗੂਆਂ ਦੀ ਨਿਗਰਾਨੀ 'ਚ ਕਰਵਾਏ ਗਏ। ਅੱਜ ਮੁੰਬਈ ਧਮਾਕਿਆਂ ਦੇ ਮਾਮਲੇ 'ਚ ਵੀ ਦਿਗਵਿਜੈ ਸਿੰਘ ਦਾ ਕਹਿਣਾ ਬਿਲਕੁਲ ਜਾਇਜ਼ ਹੈ ਕਿ ਹਿੰਦੂ ਜਥੇਬੰਦੀਆਂ ਨੂੰ ਵੀ ਸ਼ੱਕ ਦੇ ਘੇਰੇ 'ਚ ਲਿਆਂਦਾ ਜਾਵੇ। ਇਕ ਖਾਸ ਫਿਰਕੇ ਨੂੰ ਹਰ ਸਮੇਂ ਸ਼ੱਕ ਦੇ ਘੇਰੇ 'ਚ ਰੱਖਣਾ, ਨਿਸ਼ਚਤ ਹੀ ਉਨ੍ਹਾਂ ਅੰਦਰ ਅਸੁਰੱਖਿਆ ਦਾ ਭਾਵਨਾ ਨੂੰ ਵਧਾਉਂਦਾ ਹੈ।


ਜੇਕਰ ਪਿਛਲੇ ਤਿੰਨ ਦਹਾਕਿਆਂ 'ਤੇ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਹ ਹਿੰਦੂ ਫਿਰਕੂ ਜਥੇਬੰਦੀਆਂ ਦੇ ਵਧਦੇ ਹਮਲਾਵਰ ਰੁਖ ਵੱਲ ਸੰਕੇਤ ਕਰਦੀ ਹੈ ਜਿਨ੍ਹਾਂ ਨੂੰ ਕਿਤੇ ਨਾ ਕਿਤੇ ਲੁਕਵੀਂ ਰਾਜਕੀ ਸ਼ਹਿ ਮਿਲਦੀ ਹੈ। ਉਹ ਭਾਵੇਂ 84 'ਚ ਸਿੱਖਾਂ ਦਾ ਕਤਲੇਆਮ ਹੋਵੇ, ਬਾਬਰੀ ਮਸਜਿਦ ਨੂੰ ਗਿਰਾਉਣਾ ਹੋਵੇ ਜਾਂ ਗੁਜਰਾਤ ਕਤਲੇਆਮ ਹੋਵੇ, ਭਾਵੇਂ ਉੜੀਸਾ 'ਚ ਈਸਾਈਆਂ ਦੇ ਕਤਲ ਹੋਣ ਜਾਂ ਗਿਰਜਾਘਰਾਂ ਨੂੰ ਸਾੜਨਾ ਹੋਵੇ, ਇਹ ਸਭ ਦਿਖਾਉਂਦੇ ਹਨ ਕਿ ਉਹ ਘੱਟ ਗਿਣਤੀਆਂ ਅੰਦਰ ਡਰ ਤੇ ਭੈਅ ਪੈਦਾ ਕਰਨਾ ਚਾਹੁੰਦੇ ਹਨ। ਜਿਹੜੀ ਫਿਲਮ ਉਨ੍ਹਾਂ ਨੂੰ ਚੰਗੀ ਨਹੀਂ ਲੱਗਦੀ, ਜਿਹੜੀ ਪੇਂਟਿੰਗ ਚੰਗੀ ਨਹੀਂ ਲੱਗਦੀ, ਜਿਹੜਾ ਸ਼ਾਇਰੀ ਜਾਂ ਗੀਤ ਚੰਗਾ ਨਹੀਂ ਲੱਗਦਾ, ਉਸ ਨੂੰ ਉਹ ਨਹੀਂ ਰਹਿਣ ਦੇਣਾ ਚਾਹੁੰਦੇ। ਹੁਣ ਕਰਨਾਟਕ 'ਚ ਉਹ ਸਭ ਨੂੰ ਗੀਤਾ ਪੜ੍ਹਾਉਣਾ ਚਾਹੁੰਦੇ ਹਨ।

ਇਹ ਕੁਝ ਅਹਿਮ ਪਹਿਲੂ ਹਨ ਜੋ ਭਾਰਤ ਅੰਦਰ ਪਨਪ ਰਹੇ ਅਤਿਵਾਦੀ ਰੁਝਾਨਾਂ ਦਾ ਮੁੱਖ ਸਰੋਤ ਹਨ। ਇਨ੍ਹਾਂ ਨਾ-ਇਨਸਾਫ਼ੀਆਂ ਨੂੰ ਦੂਰ ਕਰਨ ਲਈ ਲਾਜ਼ਮੀ ਹੀ ਭਾਰਤ ਨੂੰ ਸਹੀ ਅਰਥਾਂ ਵਿਚ ਆਰਥਿਕ, ਸਮਾਜਿਕ ਬਰਾਬਰੀ ਤੇ ਧਰਮ ਨਿਰਪੱਖਤਾ ਵਾਲੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣਾ ਹੋਵੇਗਾ। ਹਿੰਦੂ ਜਥੇਬੰਦੀਆਂ ਦੇ ਹਮਲਾਵਾਰ ਰੁਖ ਤੇ ਰਾਜ ਵੱਲੋਂ ਉਨ੍ਹਾਂ ਨੂੰ ਸ਼ਹਿ ਦੇਣੀ ਬੰਦ ਕਰਨੀ ਹੋਵੇਗੀ। ਅਮਰੀਕਾ ਦੀ ਅਤਿਵਾਦ ਵਿਰੁੱਧ ਜੰਗ ਜੋ ਇਕ ਤਰ੍ਹਾਂ ਮੁਸਲਿਮ ਜਗਤ ਵਿਰੁੱਧ ਜੰਗ ਬਣ ਚੁੱਕੀ ਹੈ, ਉਸ ਦੀ ਹਿਮਾਇਤ ਬੰਦ ਕਰਨੀ ਹੋਵੇਗੀ।

***84 'ਚ ਸਿੱਖਾਂ ਦਾ ਕਤਲੇਆਮ ਹੋਵੇ, ਬਾਬਰੀ ਮਸਜਿਦ ਨੂੰ ਗਿਰਾਉਣਾ ਹੋਵੇ ਜਾਂ ਗੁਜਰਾਤ ਕਤਲੇਆਮ; ਉੜੀਸਾ 'ਚ ਈਸਾਈਆਂ ਦੇ ਕਤਲ ਹੋਣ ਜਾਂ ਗਿਰਜਾਘਰਾਂ ਨੂੰ ਸਾੜਨਾ ਹੋਵੇ, ਇਹ ਸਭ ਦਿਖਾਉਂਦੇ ਹਨ ਕਿ ਉਹ ਘੱਟ ਗਿਣਤੀਆਂ ਅੰਦਰ ਡਰ ਤੇ ਭੈਅ ਪੈਦਾ ਕਰਨਾ ਚਾਹੁੰਦੇ ਹਨ।***

# ਸਾਮਰਾਜੀ ਨਗਾਰਖ਼ਾਨੇ ਵਿਚ ਲਾਇਲਾ ਦਾ ਸਵਾਲ

***ਜੌਰਡਨ ਵਿਚ ਪਨਾਹਗੀਰ ਬਣੀ ਇਰਾਕ ਦੀ ਲਾਇਲਾ, ਇੰਗਲੈਂਡ ਦੀ ਪੱਤਰਕਾਰ ਜਾਸਮਿਨ ਅਲੀਵਾਈ ਬਰਾਊਨ ਨੂੰ ਬਾਹੋਂ ਫੜ ਕੇ ਪੁੱਛ ਰਹੀ ਹੈ, "ਉਹ ਗਿਆਰਾਂ ਸਤੰਬਰ ਤੋਂ ਬਾਅਦ ਖ਼ਰਚੇ ਅਰਬਾਂ-ਖਰਬਾਂ ਡਾਲਰਾਂ ਦਾ ਹਿਸਾਬ ਲਗਾ ਰਹੇ ਹਨ। ਇਹ ਉਨ੍ਹਾਂ ਕਾਹਦੇ ਲਈ ਖਰਚੇ ਹਨ? ਅਸੀਂ ਤਾਂ ਇਰਾਕੀਆਂ ਅਤੇ ਅਫ਼ਗਾਨੀਆਂ ਦੇ ਡੁੱਲ੍ਹੇ ਮਣਾਂਮੂੰਹ ਖ਼ੂਨ ਦਾ ਅੰਦਾਜ਼ਾ ਤੱਕ ਨਹੀਂ ਲਗਾ ਸਕਦੇ। ਇੰਗਲੈਂਡ ਤੋਂ ਆਉਣ ਵਾਲੀਏ, ਇਹ ਤਾਂ ਦੱਸ ਕਿ ਨਿਊਯਾਰਕ ਦੇ ਜੌੜੇ ਮਿਨਾਰਾਂ ਵਿਚ ਮਰਨ ਵਾਲੇ ਇਕ ਬੰਦੇ ਦੇ ਬਦਲੇ ਸਾਡੇ ਕਿੰਨੇ ਬੰਦਿਆਂ ਦਾ ਕਤਲ ਹਿਸਾਬ ਪੂਰਾ ਕਰ ਸਕਦਾ ਹੈ? ਹੋਰ ਕਿੰਨੀਆਂ ਜਾਨਾਂ ਨਾਲ ਤੁਹਾਡਾ ਘਰ ਪੂਰਾ ਹੋਵੇਗਾ?" ਇਹ ਅਤਿਵਾਦ ਖ਼ਿਲਾਫ਼ ਜੰਗ ਦੇ ਦੌਰ ਦਾ ਸਭ ਤੋਂ ਅਹਿਮ ਸਵਾਲ ਹੈ। ਜੰਗ ਦੇ ਮੈਦਾਨ ਵਿਚ .ਗੈਰ-ਅਮਰੀਕੀ ਪੱਖੀਆਂ ਦੀ ਜ਼ਿੰਦਗੀ ਬੇਮਾਅਨਾ ਹੈ ਪਰ ਗੁੱਝੀਆਂ ਤੰਦਾਂ ਰਾਹੀਂ ਇਹ ਰੁਝਾਨ ਜੰਗੀ ਮੁਹਾਜ਼ ਤੋਂ ਕਿਤੇ ਦੂਰ ਤੱਕ ਫੈਲਿਆ ਹੋਇਆ ਹੈ।***

ਸਵਾਲ ਸੰਵਾਦ
ਦਲਜੀਤ ਅਮੀ

ਫੋਨ:+91-97811-21873

ਗਿਆਰਾਂ ਸਤੰਬਰ 2001 ਨੂੰ ਦਸ ਸਾਲ ਗੁਜ਼ਰ ਗਏ ਹਨ। ਮੌਜੂਦਾ ਸਦੀ ਦੇ ਪਹਿਲੇ ਦਹਾਕੇ ਦੀ ਸਭ ਤੋਂ ਫ਼ੈਸਲਾਕੁਨ ਸਾਬਤ ਹੋਈ ਘਟਨਾ ਨੂੰ ਦਸਵੀਂ ਵਰੇਗੰਢ ਉੱਤੇ ਅਮਰੀਕਾ ਦੀ ਅਗਵਾਈ ਵਿਚ ਆਲਮੀ ਪੱਧਰ ਉੱਤੇ ਯਾਦ ਕੀਤਾ ਗਿਆ। ਅਤਿਵਾਦੀ ਹਮਲੇ ਵਿਚ ਮਾਰੇ ਗਏ ਜੀਆਂ ਲਈ ਅਰਦਾਸਾਂ ਕੀਤੀਆਂ ਗਈਆਂ। ਤਕਰੀਬਨ ਸਾਰੇ ਮੁਲਕਾਂ ਨੇ ਅਤਿਵਾਦ ਖ਼ਿਲਾਫ਼ ਆਲਮੀ ਜੰਗ ਨੂੰ ਫ਼ੈਸਲਾਕੁਨ ਮੋੜ ਤੱਕ ਲਿਜਾਣ ਦਾ ਪ੍ਰਣ ਦ੍ਰਿੜਾਇਆ। ਬੀਤੇ ਦਸ ਸਾਲਾਂ ਦੇ ਇਤਿਹਾਸ ਉੱਤੇ ਨਜ਼ਰਸਾਨੀ ਕਰਨ ਵੇਲੇ ਇਹ ਸਵਾਲ ਤਾਂ ਸਹਿਜੇ ਹੀ ਪੁੱਛਿਆ ਜਾਂਦਾ ਹੈ ਕਿ ਇਸ ਦੌਰਾਨ ਦੁਨੀਆਂ ਕਿਸ ਪਾਸੇ ਵੱਲ ਅੱਗੇ ਵਧੀ ਹੈ? ਅਫ਼ਗਾਨਿਸਤਾਨ ਅਤੇ ਇਰਾਕ ਦੀਆਂ ਖ਼ੂਨੀ ਜੰਗੀ ਮੁਹਿੰਮਾਂ ਨੇ ਉੱਤਰੀ ਅਫ਼ਰੀਕੀ ਅਤੇ ਅਰਬੀ ਮੁਲਕਾਂ ਦੀਆਂ ਤਾਨਾਸ਼ਾਹੀ ਖ਼ਿਲਾਫ਼ ਬਗ਼ਾਵਤਾਂ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ। ਆਲਮੀ ਮੰਦੀ ਅਤੇ ਮਹਿੰਗਾਈ ਦੀ ਬਹਿਸ ਕਿਸੇ ਸਿੱਟੇ ਉੱਤੇ ਪਹੁੰਚਣ ਤੋਂ



***ਜ਼ਖਮੀ ਅਫਗਾਨਿਸਤਾਨ ਦੀਆਂ ਭਵਿੱਖ ਨੂੰ ਹਾਕਾਂ?***

ਨਾਕਾਮਯਾਬ ਰਹੀ ਹੈ। ਓਸਲੋ ਅਤੇ ਲੰਡਨ ਦੀਆਂ ਘਟਨਾਵਾਂ ਰਾਹੀਂ ਉੱਤਰੀ ਅਮਰੀਕਾ ਅਤੇ ਯੂਰਪ ਦੀਆਂ ਵਿਦੇਸ਼ ਨੀਤੀਆਂ ਯੂਰਪੀ ਧਰਤੀ ਉੱਤੇ ਅਸਰਅੰਦਾਜ਼ ਹੁੰਦੀਆਂ ਜਾਪਦੀਆਂ ਹਨ। ਇਨ੍ਹਾਂ ਹਾਲਾਤ ਨੂੰ ਸਮਝਣ ਲਈ ਪਿਛਲੇ ਦਹਾਕੇ ਦੀ ਕਾਰਗੁਜ਼ਾਰੀ ਉੱਤੇ ਸੰਜੀਦਾ ਨਜ਼ਰਸਾਨੀ ਅਤੇ ਬੇਬਾਕ ਸੰਵਾਦ ਲਾਜ਼ਮੀ ਹੈ।

ਅਫ਼ਗਾਨਿਸਤਾਨ ਦੀ ਜੰਗ ਹੁਣ ਘੱਟੋ-ਘੱਟ ਅਮਰੀਕੀ ਜਿੱਤ ਵਿਚ ਖ਼ਤਮ ਹੋਣ ਦੀ ਸੰਭਾਵਨਾ ਨਹੀਂ ਹੈ। ਇਰਾਕ ਵਿਚੋਂ ਘਾਤਕ ਹਥਿਆਰ ਨਹੀਂ ਮਿਲੇ ਪਰ ਆਲਮੀ ਅਮਰੀਕੀ ਮੇਲ ਹੁਣ ਤੱਕ ਹਮਲੇ ਨੂੰ ਜਾਇਜ਼ ਕਰਾਰ ਦੇਣ ਲਈ ਨਵੀਆਂ ਦਲੀਲਾਂ ਘੜ ਰਿਹਾ ਹੈ। ਇਹ ਤੈਅ ਹੋ ਚੁੱਕਿਆ ਹੈ ਕਿ ਨਾਟੋ ਦਾ ਹਮਲਾ ਇਰਾਕ ਵਿਚ ਜਮਹੂਰੀਅਤ, ਇਨਸਾਫ਼ ਅਤੇ ਖ਼ੁਸ਼ਹਾਲੀ ਨਾਲ ਬਾਵਸਤਾ ਨਹੀਂ ਹੈ। ਫ਼ੌਜ ਵਾਪਸ ਬੁਲਾਏ ਜਾਣ ਦੇ ਰਸਮੀ ਐਲਾਨ ਤੋਂ ਬਾਅਦ ਤਕਰੀਬਨ ਡੇਢ ਲੱਖ ਅਮਰੀਕੀ ਫ਼ੌਜੀ ਇਰਾਕ ਵਿਚ ਹੀ ਹਨ। ਇਸ ਤੋਂ ਇਲਾਵਾ ਅਮਰੀਕੀ ਤਨਖ਼ਾਹਾਂ ਉੱਤੇ ਪਲਦੀ ਇਰਾਕੀ ਮੂਲ ਦੀ ਨਿੱਜੀ ਫ਼ੌਜ ਹੈ। ਅਲ-ਕਾਇਦਾ ਦੇ ਸਭ ਤੋਂ ਘਾਤਕ ਹਮਲੇ ਇਰਾਕ ਵਿਚ ਇਰਾਕੀਆਂ ਉੱਤੇ ਹੋ ਰਹੇ ਹਨ ਪਰ ਇਨ੍ਹਾਂ ਹਮਲਿਆਂ ਵਿਚ ਮਰਨ ਵਾਲੇ ਬੇਕਸੂਰਾਂ ਨੂੰ ਗਿਆਰਾਂ ਸਤਬੰਰ ਨੂੰ ਯਾਦ ਕਰਨ ਦੇ ਕਾਬਲ ਨਹੀਂ ਸਮਝਿਆ ਗਿਆ। ਜੌਰਡਨ ਵਿਚ ਪਨਾਹਗੀਰ ਬਣੀ ਇਰਾਕ ਦੀ ਲਾਇਲਾ, ਇੰਗਲੈਂਡ ਦੀ ਪੱਤਰਕਾਰ ਜਾਸਮਿਨ ਅਲੀਵਾਈ ਬਰਾਊਨ ਨੂੰ ਬਾਹੋਂ ਫੜ ਕੇ ਪੁੱਛ ਰਹੀ ਹੈ, "ਉਹ ਗਿਆਰਾਂ ਸਤੰਬਰ ਤੋਂ ਬਾਅਦ ਖ਼ਰਚੇ ਅਰਬਾਂ-ਖਰਬਾਂ ਡਾਲਰਾਂ ਦਾ ਹਿਸਾਬ ਲਗਾ ਰਹੇ ਹਨ। ਇਹ ਉਨ੍ਹਾਂ ਕਾਹਦੇ ਲਈ ਖਰਚੇ ਹਨ? ਅਸੀਂ ਤਾਂ ਇਰਾਕੀਆਂ ਅਤੇ ਅਫ਼ਗਾਨੀਆਂ ਦੇ ਡੁੱਲ੍ਹੇ ਮਣਾਂਮੂੰਹ ਖ਼ੂਨ ਦਾ ਅੰਦਾਜ਼ਾ ਤੱਕ ਨਹੀਂ ਲਗਾ ਸਕਦੇ। ਇੰਗਲੈਂਡ ਤੋਂ ਆਉਣ ਵਾਲੀਏ, ਇਹ ਤਾਂ ਦੱਸ ਕਿ ਨਿਊਯਾਰਕ ਦੇ ਜੌੜੇ ਮਿਨਾਰਾਂ ਵਿਚ ਮਰਨ ਵਾਲੇ ਇਕ ਬੰਦੇ ਦੇ ਬਦਲੇ ਸਾਡੇ ਕਿੰਨੇ ਬੰਦਿਆਂ ਦਾ ਕਤਲ ਹਿਸਾਬ ਪੂਰਾ ਕਰ ਸਕਦਾ ਹੈ? ਹੋਰ ਕਿੰਨੀਆਂ ਜਾਨਾਂ ਨਾਲ ਤੁਹਾਡਾ ਘਰ ਪੂਰਾ ਹੋਵੇਗਾ?" ਇਹ ਅਤਿਵਾਦ ਖ਼ਿਲਾਫ਼ ਜੰਗ ਦੇ ਦੌਰ ਦਾ ਸਭ ਤੋਂ ਅਹਿਮ ਸਵਾਲ ਹੈ। ਜੰਗ ਦੇ ਮੈਦਾਨ ਵਿਚ ਗ਼ੈਰ-ਅਮਰੀਕੀ ਪੱਖੀਆਂ ਦੀ ਜ਼ਿੰਦਗੀ ਬੇਮਾਅਨਾ ਹੈ ਪਰ ਗੁੱਝੀਆਂ ਤੰਦਾਂ ਰਾਹੀਂ ਇਹ ਰੁਝਾਨ ਜੰਗੀ ਮੁਹਾਜ਼ ਤੋਂ ਕਿਤੇ ਦੂਰ ਤੱਕ ਫੈਲਿਆ ਹੋਇਆ ਹੈ।

ਐਬਟਾਬਾਦ ਦੇ ਜੰਗੀ ਛਾਪੇ ਤੋਂ ਬਾਅਦ ਅਮਰੀਕੀ ਮਾਹਰ, ਨਿਊਯਾਰਕ ਦੇ ਪੱਤਰਕਾਰ ਨਿਕੋਲਸ ਸ਼ਕਮਿਡਲ ਨੂੰ ਦੱਸਦਾ ਹੈ ਕਿ ਅਜਿਹੇ ਹਜ਼ਾਰਾਂ ਹਮਲੇ ਪਿਛਲੇ ਸਾਲਾਂ ਵਿਚ ਕੀਤੇ ਗਏ ਹਨ। ਉਸ ਰਾਤ ਨੂੰ ਅਜਿਹੀਆਂ ਦਰਜਨ ਤੋਂ ਜ਼ਿਆਦਾ ਕਾਰਵਾਈਆਂ ਹੋਈਆਂ ਜਿਨ੍ਹਾਂ ਵਿਚ ਵੀਹ ਬੰਦੇ ਮਾਰੇ ਗਏ। ਉਸਾਮਾ ਬਿਨ-ਲਾਦਿਨ ਦੀ ਮੌਤ ਦੇ ਜਸ਼ਨ ਨੂੰ ਖੇਡ ਲੇਖਕ ਡੇਵ ਜ਼ਰੀਨ ਸਮੁੱਚੇ ਅਮਰੀਕਾ ਦਾ ਫ਼ੌਜੀਕਰਨ ਕਰਾਰ ਦਿੰਦਾ ਹੈ ਜੋ ਹਮਲਾਵਰ ਵਿਦੇਸ਼ ਨੀਤੀ ਰਾਹੀਂ ਨਾਟੋ ਮੁਲਕਾਂ ਦੀਆਂ ਸੜਕਾਂ ਉੱਤੇ ਹਾਜ਼ਰ ਹੁੰਦਾ ਹੈ। ਇਸੇ ਹਮਲਾਵਰ ਰੁਖ਼ ਦਾ ਨਤੀਜਾ ਨਾਰਵੇ ਦੇ ਓਸਲੋ ਸ਼ਹਿਰ ਵਿਚ ਅੰਦਰੇਸ ਬਹਿਰਿੰਗ ਬਰੈਕਵਿਕ ਅਤੇ ਲੰਡਨ ਵਿਚ ਦੰਗਿਆਂ ਤੋਂ ਬਾਅਦ ਇਤਿਹਾਸਕਾਰ ਡੈਵਿਡ ਸਟਾਰਕੇਅ ਦਰਜ ਕਰਵਾਉਂਦਾ ਹੈ। ਅੰਦਰੇਸ ਖਾਲਸ ਨਸਲ ਦੀ ਧਾਰਨਾ ਨੂੰ ਇਸਲਾਮ ਦੇ ਹਵਾਲੇ ਨਾਲ 92 ਬੱਚਿਆਂ ਦਾ ਕਤਲ ਕਰਕੇ ਪੇਸ਼ ਕਰਦਾ ਹੈ ਅਤੇ ਡੈਵਿਡ ਸਟਾਰਕੇਅ ਲੰਡਨ ਦੇ ਦੰਗਿਆਂ ਨੂੰ ਸਿਆਹਫਾਮ ਸੱਭਿਆਚਾਰ ਨਾਲ ਜੋੜਦਾ ਹੋਇਆ ਜਮਾਇਕਾ ਮੂਲ ਦੇ ਪਰਵਾਸੀਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸੇ ਦੌਰਾਨ ਉੱਤਰੀ ਅਫ਼ਰੀਕਾ ਅਤੇ ਅਰਬੀ ਬਗ਼ਾਵਤਾਂ ਦੀ ਬਸੰਤ ਕਹਿ ਕੇ ਹਮਾਇਤ ਕਰਨ ਵਾਲਾ ਯੂਰਪੀ ਮੀਡੀਆ ਲੰਡਨ ਦੇ ਦੰਗਿਆਂ ਵੇਲੇ ਵਿਆਖਿਆ ਦੀਆਂ ਸਾਰੀਆਂ ਧਾਰਨਾਵਾਂ ਭੁੱਲ ਜਾਂਦਾ ਹੈ। ਬੀ.ਬੀ.ਸੀ. ਨੂੰ ਆਪਣੀ ਕਾਰਗੁਜ਼ਾਰੀ ਲਈ ਮੁਆਫ਼ੀ ਮੰਗਣੀ ਪੈਂਦੀ ਹੈ। ਖਾਲਸ ਨਸਲ ਦੀ ਧਾਰਨਾ ਤਹਿਤ ਇਸਲਾਮ ਤੋਂ ਬਾਅਦ ਸਿਆਹਫਾਮ ਨਸਲ ਦੀ ਨਿਸ਼ਾਨਦੇਹੀ ਸਮੁੱਚੀ ਗ਼ੈਰ-ਗੋਰੀ ਵਸੋਂ ਲਈ ਤਾੜਨਾ ਦਾ ਕੰਮ ਕਰਦੀ ਹੈ। ਨਤੀਜੇ ਵਜੋਂ ਇੰਗਲੈਂਡ ਦਾ ਗ਼ੈਰ-ਗੋਰਾ ਅਤੇ ਗ਼ੈਰ-ਸਿਆਹਫਾਮ ਮੇਲ ਆਪਣੀ ਵਫ਼ਾਦਾਰੀ ਦਰਜ ਕਰਵਾਉਣ ਲਈ ਸਰਗਰਮ ਹੁੰਦਾ ਹੈ। ਬੇਮੇਲ ਦਲੀਲ ਦੇ ਸਿਰੇ ਗੰਢਣ ਲਈ ਜਾਸਮਿਨ ਅਲੀਬਰਾਊਨ ਬਰਾਊਨ 'ਅਰਬੀ ਬਸੰਤ' ਅਤੇ ਆਪਣੇ ਮੁੰਡੇ ਦੀ ਮੌਤ ਤੋਂ ਬਾਅਦ ਜਹਾਨ ਤਾਰਿਕ ਵੱਲੋਂ ਦਿੱਤੇ ਬਿਆਨ ਨੂੰ ਪਿਛਲੇ ਸਾਲ ਦੀਆਂ ਅਜਿਹੀਆਂ ਨਿਵੇਕਲੀਆਂ ਘਟਨਾਵਾਂ ਕਰਾਰ ਦਿੰਦੀ ਹੈ ਜੋ ਗਿਆਰਾਂ ਸਤੰਬਰ ਤੋਂ ਬਾਅਦ ਸ਼ੁਰੂ ਹੋਏ ਤਬਾਹਕੁਨ ਰੁਝਾਨ ਦੇ ਠੱਲ੍ਹੇ ਜਾਣ ਦੀ ਨਿਸ਼ਾਨਦੇਹੀ ਕਰਦੀਆਂ ਹਨ। ਉਹ ਬਹੁਤ ਆਰਾਮ ਨਾਲ ਲੰਡਨ ਅਤੇ ਓਸਲੋ ਨੂੰ ਨਜ਼ਰਅੰਦਾਜ਼ ਕਰਦੀ ਹੈ। ਇਰਾਕ ਅਤੇ ਅਫ਼ਗਾਨਿਸਤਾਨ ਵਿਚ ਚਲ ਰਹੀਆਂ ਜੰਗੀ ਮੁਹਿੰਮਾਂ ਵਿਚ ਵਹਿ ਰਿਹਾ ਖ਼ੂਨ ਤਾਂ ਮਨੁੱਖੀ ਹੋਣ ਦਾ ਰੁਤਬਾ ਹੀ ਨਹੀਂ ਰੱਖਦਾ। ਯੂਰਪੀ ਨਿਰਪੱਖਤਾ ਦੇ ਸਬੂਤ ਵਜੋਂ ਦਰਜ ਕੀਤਾ ਲਾਇਲਾ ਦਾ ਬਿਆਨ ਨਤੀਜੇ ਕੱਢਣ ਵੇਲੇ ਨਜ਼ਰਅੰਦਾਜ਼ ਹੋ ਗਿਆ ਹੈ। ਇਸ ਤਰ੍ਹਾਂ ਦਲੀਲ ਉਸਾਰਨ ਦਾ ਰੁਝਾਨ ਲਗਾਤਾਰ ਭਾਰੂ ਹੋ ਰਿਹਾ ਹੈ।

ਗਿਆਰਾਂ ਸਤੰਬਰ ਵਾਲੇ ਦਿਨ ਸਾਰੇ ਟੈਲੀਵਿਜ਼ਨਾਂ ਚੈਨਲਾਂ ਅਤੇ ਅਖ਼ਬਾਰਾਂ ਨੇ ਜੌੜੇ ਮਿਨਾਰਾਂ ਉੱਤੇ ਹੋਏ ਹਮਲੇ ਨੂੰ ਯਾਦ ਕੀਤਾ। ਅਫ਼ਗਾਨਿਸਤਾਨ ਅਤੇ ਇਰਾਕ ਦਾ ਜ਼ਿਕਰ ਮਹਿਜ਼ ਹਵਾਲੇ ਵਜੋਂ ਹੀ ਆਇਆ। ਇਨ੍ਹਾਂ ਜੰਗੀ ਮੁਹਿੰਮਾਂ ਦਾ ਸ਼ਿਕਾਰ ਹੋਏ ਅਫ਼ਗਾਨੀ ਅਤੇ ਇਰਾਕੀ ਸਮੁੱਚੀ ਬਹਿਸ ਵਿਚੋਂ ਤਕਰੀਬਨ ਗ਼ੈਰ-ਹਾਜ਼ਰ ਰਹੇ। ਇਨ੍ਹਾਂ ਜੰਗਾਂ ਦੇ ਨਤੀਜੇ ਵਜੋਂ ਖ਼ਾਨਾਜੰਗੀ ਦਾ ਸ਼ਿਕਾਰ ਹੋਏ ਅਤੇ ਅਗਾਮੀ ਜੰਗੀ ਮੁਹਿੰਮਾਂ ਲਈ ਨਾਮਜ਼ਦ ਕੀਤੇ ਗਏ ਮੁਲਕਾਂ ਨੂੰ ਭਾਵੁਕ ਮਾਹੌਲ ਵਿਚ ਬਦਨਾਮ ਕਰਨ ਦਾ ਮੌਕਾ ਨਹੀਂ ਖੁੰਝਾਇਆ ਗਿਆ। ਭਾਰਤ ਦੇ ਤਕਰੀਬਨ ਸਾਰੇ ਚੈਨਲਾਂ ਨੇ ਇਕੋ ਜਿਹੇ ਦ੍ਰਿਸ਼ਾਂ ਅਤੇ ਤਕਰੀਬਨ ਮਿਲਦੀ-ਜੁਲਦੀ ਪਟਕਥਾ ਵਾਲੇ ਪ੍ਰੋਗਰਾਮ ਨਸ਼ਰ ਕੀਤੇ। ਇਸ ਸਬੱਬ ਨੂੰ ਸੀਲ ਮੀਡੀਆ ਦਾ ਅਟੱਲ ਸਿੱਟਾ ਮੰਨਿਆ ਜਾਵੇ ਜਾਂ ਅਮਰੀਕੀ ਲੋਕ ਸੰਪਰਕ ਮੁਹਿੰਮ ਦੀ ਕਾਮਯਾਬੀ ਕਰਾਰ ਦਿੱਤਾ ਜਾਵੇ? ਇਸ ਮੀਡੀਆ ਕਵਾਇਦ ਦੀਆਂ ਤੰਦਾਂ ਅਤਿਵਾਦ ਦੀ ਨਸਲੀ ਸ਼ਨਾਖ਼ਤ ਅਤੇ ਖਾਲਸ ਨਸਲ ਦੀ ਧਾਰਨਾ ਨਾਲ ਜੁੜੀਆਂ ਹੋਈਆਂ ਹਨ। ਮਿਸਾਲ ਵਜੋਂ ਗਿਆਰਾਂ ਸਤੰਬਰ ਦੇ ਅੰਗਰੇਜ਼ੀ ਟ੍ਰਿਬਿਊਨ ਅਤੇ ਹਿੰਦੋਸਤਾਨ ਟਾਈਮਜ਼ ਨੂੰ ਦੇਖਿਆ ਜਾ ਸਕਦਾ ਹੈ ਜੋ ਅਖ਼ਬਾਰ ਦੀ ਥਾਂ ਤਸਵੀਰਾਂ ਵਾਲੇ ਰਸਾਲੇ ਜ਼ਿਆਦਾ ਲੱਗਦੇ ਸਨ। ਇਨ੍ਹਾਂ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਵਿਚੋਂ ਗਿਆਰਾਂ ਸਤੰਬਰ ਦੇ ਹਮਲੇ ਅਤੇ ਬਾਅਦ ਵਿਚ ਸ਼ੁਰੂ ਕੀਤੀਆਂ ਜੰਗੀ ਮੁਹਿੰਮਾਂ ਉੱਤੇ ਸਵਾਲ ਕਰਨ ਵਾਲੇ ਹਵਾਲੇ ਗ਼ੇਰ-ਹਾਜ਼ਰ ਸਨ। ਅੰਗਰੇਜ਼ੀ ਟ੍ਰਿਬਿਊਨ ਨੇ ਤਾਂ ਬਰਾਕ ਓਬਾਮਾ ਦੇ ਭਾਰਤ ਦੇ ਦੌਰੇ ਮੌਕੇ ਹਰ ਰੋਜ਼ ਦਰਜਨਾਂ ਤਸਵੀਰਾਂ ਛਾਪ ਕੇ ਅਮਰੀਕੀ ਦਰਬਾਨੀ ਦਾ ਸਬੂਤ ਪੇਸ਼ ਕਰ ਦਿੱਤਾ ਸੀ ਜਦੋਂ ਕਿ ਪਿਛਲੇ ਸਾਲ ਆਲਮੀ ਸੁਰੱਖਿਆ ਕੌਂਸਲ ਦੇ ਸਾਰੇ ਪੱਕੇ ਮੈਂਬਰ ਮੁਲਕਾਂ ਦੇ ਮੁਖੀ ਭਾਰਤ ਆਏ ਸਨ।

***ਦਸਵੀਂ ਵਰੇਗੰਢ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ ਉੱਤੇ ਨਜ਼ਰਸਾਨੀ ਕਰਨ ਦਾ ਮੌਕਾ ਸੀ ਜਿਸ ਨੂੰ ਗੁਆ ਦਿੱਤਾ ਗਿਆ ਹੈ। ਇਸ ਮੌਕੇ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਉੱਤਰੀ ਅਮਰੀਕੀ, ਆਸਟਰੇਲੀਆਈ ਅਤੇ ਯੂਰਪੀ ਬੰਦਿਆਂ ਦੀ ਜਾਨ, ਬਾਕੀਆਂ ਨਾਲੋਂ ਜ਼ਿਆਦਾ ਕੀਮਤੀ ਹੈ। ਖਾਲਸ ਨਸਲ ਦੀ ਧਾਰਨਾ ਮੁੜ ਕੇ ਉਭਰ ਰਹੀ ਹੈ ਜਿਸ ਨੂੰ ਸਰਕਾਰਾਂ ਅਤੇ ਕਾਰਪੋਰੇਟ ਜਗਤ ਦੀ ਗੌਣ ਹਮਾਇਤ ਹਾਸਿਲ ਹੈ। ਵੀਅਤਨਾਮ ਦੇ ਵੀਹ ਤੋਂ ਤੀਹ ਲੱਖ ਲੋਕਾਂ ਦੀਆਂ ਜਾਨਾਂ ਤਕਰੀਬਨ 58000 ਅਮਰੀਕੀ ਫ਼ੌਜੀਆਂ ਨਾਲੋਂ ਸਸਤੀਆਂ ਮੰਨੀਆਂ ਜਾਂਦੀਆਂ ਹਨ। ਹੁਣ ਅਫ਼ਗਾਨਿਸਤਾਨ ਅਤੇ ਇਰਾਕ ਤੋਂ ਬਾਅਦ ਪਾਕਿਸਤਾਨ ਦੇ ਲੋਕਾਂ ਦੇ ਲੱਖਾਂ ਲੋਕਾਂ ਦੀ ਜਾਨਾਂ ਇਕ ਅਮਰੀਕੀ ਜਾਨ ਤੋਂ ਸਸਤੀ ਹੈ।... ਇਸ ਨਗਾਰਖ਼ਾਨੇ ਵਿਚ ਲਾਇਲਾ ਦਾ ਸਵਾਲ ਕਿਸ ਨੇ ਸੁਣਨਾ ਹੈ?***

ਪਿਛਲੇ ਦਸ ਸਾਲਾਂ ਦੌਰਾਨ ਅਤਿਵਾਦ ਦੇ ਖ਼ਦਸ਼ਿਆਂ ਅਤੇ ਸੁਰੱਖਿਆ ਪੇਸ਼ਬੰਦੀਆਂ ਦੇ ਨਾਮ ਉੱਤੇ ਵਿਦੇਸ਼ ਨੀਤੀਆਂ, ਇਮੀਗਰੇਸ਼ਨ ਸ਼ਰਤਾਂ ਅਤੇ ਘਰੇਲੂ ਨੇਮਾਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਫ਼ੌਜੀ ਸਮਝੌਤਿਆਂ ਲਈ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਗਿਆ ਹੈ। ਆਲਮੀ ਅਮਰੀਕੀ ਸਾਮਰਾਜ ਤੋਂ ਨਾਬਰ ਹਕੂਮਤਾਂ ਤੇ ਮੁਲਕਾਂ ਦੀ ਘੇਰਾਬੰਦੀ ਲਈ ਲਗਾਤਾਰ ਲਾਮਬੰਦੀ ਜਾਰੀ ਹੈ। ਕੁਝ ਦਿਨ ਪਹਿਲਾਂ ਤੱਕ ਮਿਸਰ ਦੇ ਤਸ਼ੱਦਦਖ਼ਾਨਿਆਂ ਦੀ ਵਰਤੋਂ ਕਰਨ ਵਾਲਾ ਯੂਰਪ ਹੋਸਨੀ ਮੁਬਾਰਕ ਦੀਆਂ ਵਧੀਕੀਆਂ ਵਿਚ ਸ਼ਰੀਕ ਹੁੰਦਾ ਹੈ ਪਰ ਲੋਕਾਂ ਦੇ ਰੋਹ ਨੂੰ ਮੱਠਾ ਕਰਨ ਲਈ ਉਸ ਦੇ ਸਹਾਇਕ ਨੂੰ ਹਕੂਮਤ ਸੰਭਾਲਣ ਵਿਚ ਮੱਦਦ ਕਰਦਾ ਹੈ। ਇਸ ਤਬਦੀਲੀ ਨੂੰ ਇਨਕਲਾਬ ਕਰਾਰ ਦਿੱਤਾ ਜਾਂਦਾ ਹੈ। ਲੀਬੀਆ ਨਾਲ 'ਅਤਿਵਾਦ ਖ਼ਿਲਾਫ਼ ਜੰਗ' ਦੌਰਾਨ ਨਿਰਪੱਖ ਰਹਿਣ ਦਾ ਸਮਝੌਤਾ ਕੀਤਾ ਜਾਂਦਾ ਹੈ। ਨਤੀਜੇ ਵਜੋਂ ਲੀਬੀਆ ਦੇ ਹੁਕਮਰਾਨ ਕਰਨਲ ਗੱਦਾਫ਼ੀ ਨੂੰ ਤੋਹਫ਼ੇ ਵਜੋਂ ਉਸ ਤੋਂ ਨਾਬਰ ਬੰਦੇ ਹਵਾਲੇ ਕੀਤੇ ਜਾਂਦੇ ਹਨ। ਇਸ ਮਾਮਲੇ ਵਿਚ ਇੰਗਲੈਂਡ, ਲੀਬੀਆ ਅਤੇ ਅਬਦੁਲ ਹਾਕਿਮ ਬਲਹਾਦਜ ਦਾ ਆਪਸੀ ਰਿਸ਼ਤਾ ਸਮਝਣਾ ਜ਼ਰੂਰੀ ਹੈ। ਕਰਨਲ ਗੱਦਾਫ਼ੀ ਦੇ ਇਸ ਵਿਰੋਧੀ ਦੀ ਇੰਗਲੈਂਡ ਨਾਲ ਨੇੜਤਾ ਜੱਗ ਜ਼ਾਹਿਰ ਸੀ। 'ਅਤਿਵਾਦ ਖ਼ਿਲਾਫ਼ ਜੰਗ' ਦੌਰ ਵਿਚ ਹਾਕਿਮ ਨੂੰ ਅਮਰੀਕਾ ਅਤੇ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਰਾਹੀਂ ਲੀਬੀਆ ਦੇ ਹਵਾਲੇ ਕੀਤਾ ਗਿਆ। ਉਹ ਕਈ ਸਾਲ ਲੀਬੀਆ ਵਿਚ ਤਸ਼ੱਦਦ ਦਾ ਸ਼ਿਕਾਰ ਰਿਹਾ ਅਤੇ ਉਸ ਨੂੰ ਤਿੰਨ ਸਾਲ ਜੇਲ੍ਹ ਵਿਚ ਸੂਰਜ ਦੇਖਣਾ ਤੱਕ ਨਸੀਬ ਨਹੀਂ ਹੋਇਆ। ਦੋ ਸਾਲ ਤਾਂ ਉਸ ਨੂੰ ਨਹਾਉਣ ਦੀ ਇਜਾਜ਼ਤ ਨਹੀਂ ਸੀ। ਗੱਦਾਫ਼ੀ ਦੇ ਮੁੰਡੇ ਦੀ ਵਿਚੋਲਗੀ ਨਾਲ ਉਹ 2010 ਵਿਚ ਰਿਹਾ ਹੋਇਆ ਅਤੇ ਇਸ ਵੇਲੇ ਲੀਬੀਆ ਦੀ ਬਗ਼ਾਵਤ ਦਾ ਆਗੂ ਹੈ। ਬਗ਼ਾਵਤ ਨੇ ਤ੍ਰਿਪੋਲੀ ਦਾ ਮੋਰਚਾ ਉਸੇ ਦੀ ਅਗਵਾਈ ਵਿਚ ਸਰ ਕੀਤਾ ਹੈ। ਉਸ ਨੇ ਨਾਟੋ ਅਤੇ ਅਮਰੀਕਾ ਦੀ ਹਮਾਇਤ ਦਾ ਅਹਿਦ ਕੀਤਾ ਹੈ। ਹਾਕਿਮ ਦਾ ਇਸਲਾਮੀ ਕੱਟੜਵਾਦ ਨਾਲ ਰਾਬਤਾ ਪੁਰਾਣਾ ਹੈ। ਉਸ ਵੱਲੋਂ ਗੱਦਾਫ਼ੀ ਖ਼ਿਲਾਫ਼ ਲਾਮਬੰਦੀ ਇਸਲਾਮ ਦੇ ਨਾਮ ਉੱਤੇ ਸ਼ੁਰੂ ਕੀਤੀ ਗਈ ਸੀ। ਵੱਖ-ਵੱਖ ਸਮੇਂ ਦੌਰਾਨ ਅਲ-ਕਾਇਦਾ ਅਤੇ ਅਲ-ਇਖ਼ਬਾਨ ਨਾਲ ਉਸ ਦੀ ਨੇੜਤਾ ਰਹੀ ਹੈ। ਹੁਣ ਯੂਰਪ ਉਸ ਦੀ ਜਿੱਤ ਵਿਚੋਂ ਜਮਹੂਰੀਅਤ ਦੀ ਮਜ਼ਬੂਤੀ ਦੀ ਸੰਭਾਵਨਾ ਦੇਖ ਰਿਹਾ ਹੈ।

ਅਮਰੀਕਾ ਨੇ ਨਾਟੋ ਦੇ ਝੰਡੇ ਥੱਲੇ 'ਅਤਿਵਾਦ ਖ਼ਿਲਾਫ਼ ਜੰਗ' ਦਾ ਬੁਨਿਆਦੀ ਕਾਰਨ ਜੌੜੇ ਮਿਨਾਰਾਂ ਉੱਤੇ ਹਮਲੇ ਨੂੰ ਬਣਾਇਆ ਹੈ। ਉਨ੍ਹਾਂ ਹਮਲਿਆਂ ਦੇ ਅਸਲ ਜ਼ਿੰਮੇਵਾਰ ਅਤੇ ਕਾਰਨਾਂ ਬਾਬਤ ਬਹੁਤ ਸਾਰੇ ਸਵਾਲ ਹਨ। ਵਿਗਿਆਨਕ ਅਧਿਐਨ ਸਾਬਤ ਕਰ ਚੁੱਕੇ ਹਨ ਕਿ ਅਜਿਹੀਆਂ ਮਜ਼ਬੂਤ ਇਮਾਰਤਾਂ ਨੂੰ ਥਾਏਂ ਢੇਰ ਕਰਨ ਲਈ ਜਹਾਜ਼ਾਂ ਦੀ ਟੱਕਰ ਕਾਫ਼ੀ ਨਹੀਂ ਹੈ। ਡੇਢ ਸੌ ਮੀਲ ਦੀ ਰਫ਼ਤਾਰ ਦੀ ਹਵਾ ਨਾਲ ਸਿੱਝਣ ਲਈ ਸਮਰੱਥ ਇਮਾਰਤ ਨੂੰ ਥਾਏਂ ਡੇਰੀ ਕਰਨ ਲਈ ਮਾਹਿਰਾਂ ਵੱਲੋਂ ਬਹੁਤ ਵਿਉਂਤਬੰਦ ਢੰਗ ਨਾਲ ਬਾਰੂਦ ਲਗਾਉਣਾ ਜ਼ਰੂਰੀ ਹੈ। ਇਹ ਅਧਿਐਨ ਪੇਸ਼ ਕਰਨ ਵਾਲਿਆਂ ਦੀ ਦਲੀਲ ਹੈ ਕਿ ਅਮਰੀਕਾ ਨੇ ਸੰਕਟ ਵਿਚੋਂ ਉਭਰਨ ਲਈ ਇਹ ਹਮਲੇ ਆਪ ਕਰਵਾਏ ਹਨ। ਸਵਾਲ ਇਹ ਹੈ ਕਿ ਜੇ ਅਮਰੀਕਾ ਵੱਲੋਂ ਪੇਸ਼ ਕੀਤੀ ਹਮਲਿਆਂ ਦੀ ਵਿਆਖਿਆ ਨੂੰ ਮੰਨ ਲਿਆ ਜਾਵੇ ਤਾਂ ਵੀ ਉਸ ਦੀਆਂ ਕਾਰਵਾਈਆਂ ਸਵਾਲਾਂ ਦੇ ਘੇਰੇ ਵਿਚ ਹਨ। ਉਸ ਦੇ ਦਾਅਵਿਆਂ ਅਤੇ ਮਨਸ਼ਿਆਂ ਵਿਚ ਬਹੁਤ ਪਾੜਾ ਹੈ। ਆਪਣੇ ਨਾਗਰਿਕਾਂ ਨੂੰ ਇਨਸਾਫ਼ ਦੇਣ ਲਈ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਹਮਲੇ ਕਰਨ ਵਾਲਾ ਪੀੜਤਾਂ ਨਾਲ ਕੀ ਵਿਹਾਰ ਕਰਦਾ ਹੈ? ਗਿਆਰਾਂ ਸਤੰਬਰ ਦੇ ਹਮਲੇ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਰਾਹਤ ਕਾਰਜਾਂ ਵਿਚ ਹਿੱਸਾ ਪਾਇਆ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਸਾਹ ਦੀਆਂ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ। ਅਮਰੀਕਾ ਵਿਚ ਇਨ੍ਹਾਂ ਲੋਕਾਂ ਨੂੰ ਬੀਮਾ ਨਾ ਹੋਣ ਦੀ ਹਾਲਤ ਵਿਚ ਮਰਨ ਦੀ ਆਜ਼ਾਦੀ ਹੈ। ਮਾਈਕਲ ਮੂਰ ਦੀ ਦਸਤਾਵੇਜ਼ੀ ਫ਼ਿਲਮ 'ਸੀਕੋ' ਅਜਿਹੇ ਪੀੜਤਾਂ ਦੀ ਬਾਤ ਪਾਉਂਦੀ ਹੈ ਜੋ ਬੀਮਾ ਨਾ ਹੋਣ ਕਾਰਨ ਮਰਨ ਕਿਨਾਰੇ ਹਨ। ਇਨ੍ਹਾਂ ਦੇ ਇਲਾਜ ਲਈ ਅਮਰੀਕਾ ਵਿਚ ਕੋਈ ਬੰਦੋਬਦਤ ਨਹੀਂ ਹੈ। ਮਾਈਕਲ ਮੂਰ ਇਨ੍ਹਾਂ ਦਾ ਇਲਾਜ ਕਿਊਬਾ ਵਿਚੋਂ ਕਰਵਾਉਂਦਾ ਹੈ ਜੋ ਛੋਟਾ ਜਿਹਾ ਮੁਲਕ ਹੋਣ ਦੇ ਬਾਵਜੂਦ ਲਗਾਤਾਰ ਅਮਰੀਕੀ ਹਮਲਿਆਂ ਦਾ ਟਾਕਰਾ ਕਰ ਰਿਹਾ ਹੈ ਅਤੇ ਦੁਨੀਆਂ ਵਿਚ ਸਿਹਤ ਦੀਆਂ ਸਭ ਤੋਂ ਵਧੀਆਂ ਸਹੂਲਤਾਂ ਤਕਰੀਬਨ ਮੁਫ਼ਤ ਮੁਹੱਈਆ ਕਰਦਾ ਹੈ। ਅਮਰੀਕਾ ਇਹ ਸਹੂਲਤਾਂ ਉਨ੍ਹਾਂ ਨਾਗਰਿਕਾਂ ਨੂੰ ਦੇਣ ਤੋਂ ਵੀ ਮੁਨਕਰ ਹੈ ਜਿਨ੍ਹਾਂ ਦੇ ਆਸਰੇ ਉਸਾਰੀ ਭਾਵੁਕ ਦਲੀਲ ਖ਼ੂਨੀ ਜੰਗੀ ਮੁਹਿੰਮਾਂ ਦਾ ਸਬੱਬ ਬਣੀ ਹੈ।

ਦਸਵੀਂ ਵਰੇਗੰਢ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ ਉੱਤੇ ਨਜ਼ਰਸਾਨੀ ਕਰਨ ਦਾ ਮੌਕਾ ਸੀ ਜਿਸ ਨੂੰ ਗੁਆ ਦਿੱਤਾ ਗਿਆ ਹੈ। ਇਸ ਮੌਕੇ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਉੱਤਰੀ ਅਮਰੀਕੀ, ਆਸਟਰੇਲੀਆਈ ਅਤੇ ਯੂਰਪੀ ਬੰਦਿਆਂ ਦੀ ਜਾਨ, ਬਾਕੀਆਂ ਨਾਲੋਂ ਜ਼ਿਆਦਾ ਕੀਮਤੀ ਹੈ। ਖਾਲਸ ਨਸਲ ਦੀ ਧਾਰਨਾ ਮੁੜ ਕੇ ਉਭਰ ਰਹੀ ਹੈ ਜਿਸ ਨੂੰ ਸਰਕਾਰਾਂ ਅਤੇ ਕਾਰਪੋਰੇਟ ਜਗਤ ਦੀ ਗੌਣ ਹਮਾਇਤ ਹਾਸਿਲ ਹੈ। ਵੀਅਤਨਾਮ ਦੇ ਵੀਹ ਤੋਂ ਤੀਹ ਲੱਖ ਲੋਕਾਂ ਦੀਆਂ ਜਾਨਾਂ ਤਕਰੀਬਨ 58000 ਅਮਰੀਕੀ ਫ਼ੌਜੀਆਂ ਨਾਲੋਂ ਸਸਤੀਆਂ ਮੰਨੀਆਂ ਜਾਂਦੀਆਂ ਹਨ। ਹੁਣ ਅਫ਼ਗਾਨਿਸਤਾਨ ਅਤੇ ਇਰਾਕ ਤੋਂ ਬਾਅਦ ਪਾਕਿਸਤਾਨ ਦੇ ਲੋਕਾਂ ਦੇ ਲੱਖਾਂ ਲੋਕਾਂ ਦੀ ਜਾਨਾਂ ਇਕ ਅਮਰੀਕੀ ਜਾਨ ਤੋਂ ਸਸਤੀ ਹੈ। ਇਸ ਸਮੇਂ ਦੌਰਾਨ ਅਤਿਵਾਦ ਸਰਕਾਰੀ ਤਸ਼ੱਦਦ ਦੇ ਹਰ ਰੂਪ ਨੂੰ ਜਾਇਜ਼ ਕਰਾਰ ਦੇਣ ਦਾ ਸਬੱਬ ਬਣਿਆ ਹੈ। ਸਭ ਮੁਲਕਾਂ ਨੇ ਲੋਕ ਰੋਹ ਨੂੰ ਨੱਪਣ ਲਈ ਬਣਾਏ ਬੇਦਲੀਲੇ ਕਾਨੂੰਨਾਂ ਨੂੰ ਸੁਰੱਖਿਆ ਪੇਸ਼ਬੰਦੀਆਂ ਅਤੇ ਅਤਿਵਾਦ ਦੇ ਨਾਮ ਉੱਤੇ ਜਾਇਜ਼ ਕਰਾਰ ਦਿੱਤਾ ਹੈ। ਨਸਲੀ ਤੇ ਸਭਿਆਚਾਰਕ ਵੰਨ-ਸਵੰਨਤਾ ਦੀ ਪ੍ਰਾਪਤੀ ਹੁਣ ਬੁਨਿਆਦਪ੍ਰਸਤੀ ਅਤੇ ਖਾਸਲ ਨਸਲ ਦੀ ਧਾਰਨਾ ਦੀ ਘੇਰੇਬੰਦੀ ਵਿਚ ਆਈ ਹੋਈ ਹੈ। ਆਲਮੀ ਖ਼ੁਫ਼ੀਆਤੰਤਰ ਦਾ ਗ਼ੈਰ-ਮਨੁੱਖੀ ਖ਼ਾਸਾ ਹੋਰ ਕਰੂਰ ਹੋ ਗਿਆ ਹੈ। ਵਸਤਾਂ ਦੇ ਆਲਮੀਕਰਨ ਦੇ ਦੌਰ ਵਿਚ ਸੁਰੱਖਿਆ ਪੇਸ਼ਬੰਦੀਆਂ, ਵੀਜ਼ਾ ਰੋਕਾਂ ਅਤੇ ਇਮੀਗਰੇਸ਼ਨ ਨੇਮਾਂ ਦੀਆਂ ਤਬਦੀਲੀਆਂ ਮਨੁੱਖੀ ਸਰਗਰਮੀ ਨੂੰ ਕਾਬੂ ਕਰਨ ਦਾ ਤਰੱਦਦ ਜਾਪਦੀਆਂ ਹਨ। ਨਸਲਵਾਦ ਦਾ ਖ਼ਦਸ਼ਾ ਪਹਿਲਾਂ ਤੋਂ ਵਧੇਰੇ ਹੋ ਗਿਆ ਹੈ। ਆਲਮੀ ਮੰਦੀ ਅਤੇ ਮਹਿੰਗਾਈ ਦੀ ਮਾਰ ਸਭ ਤੋਂ ਗ਼ਰੀਬ ਮੇਲ ਦਾ ਜਿਉਣਾ ਮੁਸ਼ਕਲ ਕਰ ਰਹੀ ਹੈ। ਇਸੇ ਸਮੇਂ ਦੌਰਾਨ ਸੁਰੱਖਿਆ ਏਜੰਸੀਆਂ ਦਾ ਨਿੱਜੀ ਕਾਰੋਬਾਰ ਸਭ ਤੋਂ ਵੱਧ ਵਧਿਆ ਹੈ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮਨੁੱਖੀ ਖ਼ਦਸ਼ਿਆਂ ਵਿਚ ਵਾਧਾ ਹੀ ਹੋਇਆ ਹੈ ਜਿਸ ਲਈ ਗਿਆਰਾਂ ਸਤੰਬਰ ਦੇ ਹਵਾਲੇ ਨਾਲ ਸ਼ੁਰੂ ਕੀਤੀਆਂ ਮੁਹਿੰਮਾਂ ਜ਼ਿੰਮੇਵਾਰ ਹਨ। ਇਹ ਮੁਹਿੰਮਾਂ ਉਸ ਦਿਨ ਸ਼ੁਰੂ ਨਹੀਂ ਹੋਈਆਂ ਸਗੋਂ ਇਨ੍ਹਾਂ ਨੂੰ ਲਾਗੂ ਕਰਨ ਵਾਲੀ ਧਿਰ ਨੂੰ ਨਿਸ਼ੰਗ ਹੋਣ ਦਾ ਬਹਾਨਾ ਮਿਲ ਗਿਆ ਹੈ। ਇਸ ਨਗਾਰਖ਼ਾਨੇ ਵਿਚ ਲਾਇਲਾ ਦਾ ਸਵਾਲ ਕਿਸ ਨੇ ਸੁਣਨਾ ਹੈ?



***2003 ਵਿਚ ਅਮਰੀਕੀ ਕਬਜ਼ੇ ਤੋਂ ਬਾਅਦ ਬਗਦਾਦ ਵਿਚ ਲੁੱਟੇ ਗਏ ਅਜਾਇਬ ਘਰ ਦਾ ਦ੍ਰਿਸ਼।***

# ਚੋਣ ਮੁਹਾਜ਼ ਦੀਆਂ ਖਟ-ਮਿਠੀਆਂ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਆਪਣੇ ਹਲਕੇ ਤੋਂ ਸ਼੍ਰੋਮਣੀ ਕਮੇਟੀ ਉਮੀਦਵਾਰ ਦੀ ਟਿਕਟ ਪ੍ਰਾਪਤ ਕਰਨ ਤੋਂ ਅਸਫਲ ਰਹਿ ਗਏ ਇਕ ਜਾਣੂ ਸੱਜਣ ਨਾਲ ਫੋਨ 'ਤੇ ਅਫ਼ਸੋਸ ਕਰਦਿਆਂ ਮੈਂ ਪੁੱਛਿਆ ਕਿ ਜਥੇਦਾਰ ਜੀ, ਤੁਹਾਡੀ ਟਿਕਟ ਤਾਂ ਪੱਕੀ ਸਮਝੀ ਜਾ ਰਹੀ ਸੀ, ਫਿਰ ਇਹ ਭਾਣਾ ਕਿਵੇਂ ਵਾਪਰ ਗਿਆ?

"ਵੀਰ ਮੇਰਿਆ, ਅਜੋਕੀ ਸਿਆਸਤ ਵਿਚ ਕੁਝ ਵੀ 'ਪੱਕਾ' ਨਹੀਂ। ਅੱਜ ਦੀ ਸਿਆਸਤ ਵਿਚ ਚੋਰਾਂ 'ਤੇ ਮੋਰ ਪੈ ਜਾਣ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ। ਕਿਸੇ ਇਕ ਨਾਲ ਕੀਤੇ ਹੋਏ ਵਾਅਦੇ, ਕੌਲ ਇਕਰਾਰ ਉਦੋਂ 'ਜ਼ੀਰੋ' ਹੋ ਜਾਂਦੇ ਨੇ, ਜਦ ਕੋਈ ਹੋਰ ਜਣਾ ਵੱਡੀ ਥੈਲੀ ਮੋਹਰੇ ਲਿਆ ਧਰਦਾ ਹੈ," ਨਿਰਾਸ਼ਾ ਭਰੀ ਆਵਾਜ਼ 'ਚ ਜਥੇਦਾਰ ਜੀ ਆਖ ਰਹੇ ਸਨ।

"ਪਾਰਟੀ ਮਾਲਕਾਂ ਨੂੰ ਤੁਸੀਂ ਅਗਾਊਂ ਮਿਲੇ-ਗਿਲੇ ਨਹੀਂ ਸੀਗੇ?" ਟਿਕਟ ਕੱਟੇ ਜਾਣ ਦੇ ਕਾਰਨਾਂ ਦਾ ਪਿਛੋਕੜ ਜਾਣਨ ਲਈ ਮੈਂ ਪੁੱਛਿਆ।

"ਯਾਰ, ਮੇਰੀ ਆਤਮਾ ਨਹੀਂ ਮੰਨੀ। ਮੈਂ ਸੋਚਦਾ ਰਿਹਾ ਕਿ ਆਪਣੇ ਤੋਂ ਉਮਰ ਵਿਚ ਕਿਤੇ ਛੋਟੇ ਪ੍ਰਧਾਨ ਜੀ ਦੇ ਗੋਡੀਂ ਹੱਥ ਕਾਹਨੂੰ ਲਾਵਾਂ। ਨਾਲੇ ਉਹਦੇ ਸਾਲੇ ਮੋਹਰੇ ਝੁਕ-ਝੁਕ ਸਲਾਮਾਂ ਕਿਉਂ ਕਰਾਂ...ਮੈਂ ਉਦੋਂ ਦਾ ਪਾਰਟੀ 'ਚ ਸਰਗਰਮ ਹਾਂ, ਜਦੋਂ ਇਹ ਦੋਵੇਂ ਜਣੇ ਹਾਲੇ ਪਹਿਲੀ-ਦੂਜੀ 'ਚ ਪੜ੍ਹਦੇ ਹੋਣਗੇ। ਮੈਂ ਜ਼ਮੀਰ ਦੀ ਸੁਣਦਾ ਰਿਹਾ, ਉਧਰ ਬੇ-ਜ਼ਮੀਰਿਆਂ ਦਾ ਦਾਅ ਲੱਗ ਗਿਆ।"

"ਫੇ' ਹੁਣ?" ਭਵਿੱਖ ਦੀ ਕਿਸੇ ਯੋਜਨਾ ਬਾਰੇ ਮੇਰੇ ਸਵਾਲ ਦਾ ਜਵਾਬ ਮਿਲਿਆ,

"ਬਾਗੀ ਹੋ ਕੇ ਚੋਣ ਲੜਨ ਦੀ 'ਪਲੈਨ' ਬਣਾਈ ਸੀ, ਪਰ..." ਅਗਲੀ ਗੱਲ ਦੱਸਦਿਆਂ ਜਥੇਦਾਰ ਦੀ ਆਵਾਜ਼ ਮਣਾਂ-ਮੂੰਹੀ ਵਿਸ਼ਵਾਸ ਨਾਲ ਭਰੀ ਪਈ ਸੀ, "ਫਲਾਣਾ ਸਿਹੁੰ ਜਥੇਦਾਰ, ਢਿਮਕਾ ਸਿਹੁੰ ਤੇ ਅਮਕਾ ਸਿੰਘ ਮੇਰੇ ਘਰੇ ਆ ਕੇ ਬਹਿ ਗਏ। ਲੱਗ ਪਏ ਮੇਰੇ ਨਾਲ ਵਾਅਦੇ ਕਰਨ...ਉਨ੍ਹਾਂ ਨੂੰ ਮੇਰੀ 'ਤਾਕਤ' ਦਾ ਪਤਾ ਈ ਸੀ ਨਾ...ਕਹਿੰਦੇ ਚੋਣਾਂ ਜਿੱਤਣ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਇਹੀ ਹੋਵੇਗਾ ਕਿ ਤੁਹਾਨੂੰ ਅਸੀਂ...। ਮੈਂ 'ਖਿਆ ਕਿ ਇੰਦਾਂ ਨਹੀਂ। ਮੇਰੇ ਨਾਲ 'ਪੱਕੀ ਕਮਿਟਮੈਂਟ' ਕਰੋ। ਉਨ੍ਹਾਂ ਮੂੰਹੋਂ "ਪੱਕਾ ਇਕਰਾਰ' ਸੁਣ ਕੇ ਹੀ ਮੈਂ ਚੋਣ ਲੜਨ ਵਾਲਾ ਫੈਸਲਾ ਬਦਲਿਆ।" ਜਥੇਦਾਰ ਨੇ ਜੇਤੂ ਅੰਦਾਜ਼ ਵਿਚ 'ਪੱਕੀ ਕਮਿਟਮੈਂਟ' ਲਫ਼ਜ਼ ਚਿੱਥ-ਚਿੱਥ ਕੇ ਕਿਹਾ।

***

ਪੰਜਾਬ ਦੇ ਇਕ ਉਸ ਹਲਕੇ ਤੋਂ ਪੰਥਕ ਮੋਰਚੇ ਦੇ ਉਮੀਦਵਾਰ ਨੇ ਮੈਨੂੰ ਫੋਨ ਕੀਤਾ ਜਿਸ ਹਲਕੇ ਦੇ ਇਕ ਪਿੰਡ ਵਿਚ ਮੇਰੀ ਗੂੜ੍ਹੀ ਰਿਸ਼ਤੇਦਾਰੀ ਹੋਣ ਕਰਕੇ, ਉਸ ਪਿੰਡ ਵਿਚ ਮੇਰਾ ਚੰਗਾ ਅਸਰ-ਰਸੂਖ ਹੈ। ਉਮੀਦਵਾਰ ਦੱਸ ਰਿਹਾ ਸੀ ਕਿ ਉਸ ਪਿੰਡ ਵਾਲਿਆਂ ਨੇ ਕਿਹਾ ਹੈ ਕਿ ਬੇਸ਼ੱਕ ਅਸੀਂ ਪੰਥਕ ਮੋਰਚੇ ਦੇ ਹੀ ਹਮਾਇਤੀ ਹਾਂ ਪਰ ਜਦੋਂ ਤੱਕ ਸਾਨੂੰ ਅਮਰੀਕਾ ਤੋਂ ਫੋਨ (ਭਾਵ, ਮੇਰਾ ਫੋਨ) ਨਹੀਂ ਆਉਂਦਾ, ਅਸੀਂ ਤਦ ਤੱਕ ਤੁਹਾਡੇ ਨਾਲ ਵੋਟਾਂ ਬਾਰੇ ਕੋਈ ਵਾਅਦਾ ਨਹੀਂ ਕਰਨਾ। ਉਮੀਦਵਾਰ ਦੇ ਮੂੰਹੋਂ ਮਾਣ ਵਾਲੀ ਇਹ ਗੱਲ ਸੁਣ ਕੇ, ਫੁੱਲ ਫੁੱਲ ਕੁੱਪਾ ਹੁੰਦਿਆਂ ਮੈਂ ਉਸ ਪਿੰਡ ਦੇ ਦੋ ਚੌਹ ਜਣਿਆਂ ਦਾ ਫੋਨ 'ਤੇ ਕੋਟਾਨਿ-ਕੋਟਿ ਧੰਨਵਾਦ ਕੀਤਾ। ਨਾਲ ਹੀ ਪੰਥਕ ਮੋਰਚੇ ਨੂੰ ਵੋਟਾਂ ਪਾਉਣ ਲਈ ਸੁਨੇਹਾ ਦਿੱਤਾ।

ਕੁਝ ਦਿਨਾਂ ਬਾਅਦ ਹੀ ਮੈਨੂੰ ਉਕਤ ਹਲਕੇ ਦੇ ਬਾਦਲ ਦਲੀਏ ਉਮੀਦਵਾਰ ਦਾ ਵੀ ਫੋਨ ਆ ਗਿਆ। ਫਤਿਹ ਬੁਲਾਉਂਦਾ ਹੋਇਆ ਮੈਂ ਮਨ ਹੀ ਮਨ ਗੋਲ-ਮੋਲ ਜਵਾਬ ਘੜਨ ਲੱਗ ਪਿਆ ਕਿ ਜੇ ਇਸ ਨੇ ਮੇਰੀ ਰਿਸ਼ਤੇਦਾਰੀ ਵਾਲੇ ਪਿੰਡ ਦੀਆਂ ਵੋਟਾਂ ਬਾਰੇ ਗੱਲ ਕਰੀ ਤਾਂ ਮੈਂ ਅਹਿ ਅਹਿ ਬਹਾਨੇ ਬਣਾ ਦਿਆਂਗਾ ਲੇਕਿਨ ਮੈਂ ਉਸ ਵੇਲੇ ਹੱਕਾ-ਬੱਕਾ ਹੀ ਰਹਿ ਗਿਆ, ਜਦ ਉਹ ਬਾਗੋ-ਬਾਗ ਹੁੰਦਿਆਂ ਮੇਰਾ 'ਬਹੁਤ ਬਹੁਤ ਸ਼ੁਕਰੀਆ' ਕਰਨ ਲੱਗ ਪਿਆ,

"ਲੈ ਬਈ, ਇਹਨੂੰ ਕਹਿੰਦੇ ਨੇ ਕਿ ਆਪਣੀ ਮੱਝ ਦੀ ਲੱਸੀ ਜਿੱਥੇ ਮਰਜ਼ੀ ਜਾ ਕੇ ਪੀ ਲਉ!...ਭਾਵੇਂ ਤੂੰ ਸੱਤ ਸਮੁੰਦਰ ਪਾਰ ਵੱਸਦੈਂ ਪਰ ਤੇਰੇ ਸੱਜਣ ਮਿੱਤਰ, ਤੇਰੇ ਆਖੇ ਬਿਨ ਪੈਰ ਨਹੀਂ ਪੁੱਟਦੇ।" ਮੇਰੀ ਰਿਸ਼ਤੇਦਾਰੀ ਵਾਲੇ ਉਪਰੋਕਤ ਪਿੰਡ ਵਾਸੀਆਂ ਦੀ ਸੋਭਾ ਕਰਦਿਆਂ ਬਾਦਲ ਦਲੀਆ ਉਮੀਦਵਾਰ ਕਹਿਣ ਲੱਗਾ, "ਸਰ ਪਿੰਡ ਦੇ ਜੁੜੇ ਹੋਏ 'ਕੱਠ ਵਿਚ ਫਲਾਣਾ ਸਿੰਹੁ ਕਹਿੰਦਾ ਕਿ ਸਾਨੂੰ ਤਾਂ ਪਹਿਲਾਂ ਹੀ ਜਥੇਦਾਰ ਦਾ ਅਮਰੀਕਾ ਤੋਂ ਫੋਨ ਆ ਗਿਆ ਸੀ ਕਿ ਇਕ ਇਕ ਵੋਟ 'ਕਾਲੀ ਦਲ ਨੂੰ ਪਾਉਣੀ ਐਂ। ਗੁਰਦੁਆਰੇ ਦੇ ਨਿਸ਼ਾਨ ਸਾਹਿਬ ਵੱਲ ਹੱਥ ਕਰਕੇ ਉਸ ਨੇ ਸਾਰੀਆਂ ਵੋਟਾਂ ਸਾਨੂੰ ਭੁਗਤਾਉਣ ਦਾ 'ਪੱਕਾ ਵਾਅਦਾ' ਕੀਤਾ।...ਸਦਕੇ ਭਾਅ ਤੇਰੇ, ਦੂਰ ਜਾ ਕੇ ਵੀ ਤੂੰ ਸਾਡਾ ਚੇਤਾ ਨਹੀਂ ਭੁਲਾਇਆ! ਨੇੜੇ ਜਿਹੇ ਜਾ ਕੇ ਇਕ ਵਾਰ ਫੇਰ ਫੋਨ ਖੜਕਾ ਦਈਂ ਮੇਰਾ ਵੀਰ!!"

***

"ਗਿਆਨੀ ਜੀ, ਤੁਹਾਨੂੰ ਤਾਂ ਹੁਣੇ ਈ ਵਧਾਈਆਂ ਦੇ ਦੇਈਏ।" ਬਾਦਲ ਦਲ ਦੀ ਟਿਕਟ 'ਤੇ ਚੋਣ ਲੜ ਰਹੇ, ਟੌਹੜਾ-ਖੇਮੇ ਨਾਲ ਸਬੰਧਤ ਇਕ ਉਮੀਦਵਾਰ ਦੀ ਸੰਭਾਵੀ ਯਕੀਨੀ ਜਿੱਤ ਦੇ ਕਿਆਫਿਆਂ ਕਰਕੇ ਮੈਂ ਵਧਾਈ ਦਿੱਤੀ।

"ਵਧਾਈਆਂ-ਵਧੂਈਆਂ ਕਾਹਦੀਆਂ ਸੱਜਣਾ...ਸਾਡੇ ਲੋਕਾਂ ਦਾ ਤਾਂ ਜਮ੍ਹਾਂ ਈ ਬੇੜਾ ਬਹਿ ਗਿਐ।" ਰੋਣ ਹਾਕੀ 'ਵਾਜ਼ ਵਿਚ ਉਮੀਦਵਾਰ ਕਹਿੰਦਾ, "ਔਖੇ-ਸੌਖੇ, ਦੱਬਵੀਂ ਜੀਭੇ ਚਾਚੇ ਨੂੰ 'ਪਿਉ' ਕਹਿਣ ਲੱਗ ਪਏ ਸਾਂ ਪਰ ਹੁਣ ਤਾਂ ਉਹਦੇ 'ਤੇ ਈ ਨਦਰੇ-ਰਹਿਮਤ ਹੋਇਆ ਕਰੂ ਜਿਹੜਾ 'ਪੁੱਤ' ਨੂੰ ਵੀ 'ਪਿਉ' ਕਹਿਣ ਦੀ ਹਿੰਮਤ ਕਰੇਗਾ।"

"ਚਲੋ ਖੈਰ, ਸ਼੍ਰੋਮਣੀ ਕਮੇਟੀ 'ਚ ਪੰਥਕ ਹਿਤਾਂ ਲਈ ਜੂਝਣ ਵਾਲੀ ਆਵਾਜ਼ ਤਾਂ ਤੁਸੀਂ ਬਣੋਗੇ ਹੀ।" ਮੈਂ ਉਨ੍ਹਾਂ ਨੂੰ ਭਵਿੱਖ ਲਈ ਹੱਲਾਸ਼ੇਰੀ ਦਿੰਦਿਆਂ ਆਖਿਆ।

"ਆ... ਹੋ" ਥੋੜ੍ਹਾ ਹੱਸ ਕੇ ਗਿਆਨੀ ਜੀ ਕਹਿੰਦੇ, "ਹਾਲਤ ਮੋਹਰੇ ਦੀਹਦੇ ਈ ਐ। ਰਹਿ ਮੁੱਕੀ ਨੂੰ ਪਹਿਲੋਂ ਵਾਂਗ 'ਵਾਕ-ਆਊਟ' ਤਾਂ ਕਰਿਆ ਹੀ ਕਰਾਂਗੇ।"

***

ਇਕ ਹਲਕੇ ਤੋਂ ਬਾਦਲ ਦਲੀਏ ਉਮੀਦਵਾਰ ਵਿਰੁਧ, ਪੰਥਕ ਮੋਰਚੇ ਵਾਲਿਆਂ ਨੇ ਬੜਾ ਗੱਜ-ਵੱਜ ਕੇ ਆਪਣਾ ਉਮੀਦਵਾਰ ਮੈਦਾਨ 'ਚ ਉਤਾਰਿਆ। ਐਨ ਮੌਕੇ 'ਤੇ ਆ ਕੇ ਉਸ ਨੇ ਬਾਦਲ ਦਲ ਦੇ ਉਮੀਦਵਾਰ ਦੇ ਹੱਕ ਵਿਚ 'ਬਹਿ ਜਾਣ' ਦਾ ਐਲਾਨ ਕਰ ਦਿੱਤਾ। ਕਿਸੇ ਸਮੇਂ ਉਹਦੇ ਨਾਲ ਮੇਰੀ ਨੇੜਤਾ ਰਹੀ ਹੋਣ ਕਾਰਨ ਮੈਂ ਉਸ ਨੂੰ ਫਿਟਕਾਰਨ ਲਈ ਫੋਨ ਮਿਲਾਇਆ, "...ਸਿੰਘ ਜੀ, ਤੁਸੀਂ ਪੰਥਕ ਮੋਰਚੇ ਦੀ ਲੀਡਰਸ਼ਿਪ ਨਾਲ ਬਹੁਤ ਧੋਖਾ ਕੀਤਾ। ਉਦੋਂ ਨਾਮੀਨੇਸ਼ਨ ਵਾਪਸ ਲੈ ਲਈ ਜਦੋਂ ਹੋਰ ਜਣਾ ਵੀ ਖੜ੍ਹਾਇਆ ਨਹੀਂ ਸੀ ਜਾ ਸਕਦਾ?"

"ਇਕੋ ਕੰਮ ਹੋਣਾ ਸੀ" ਮੇਰਾ ਰੰਜ ਭਰਿਆ ਤਾਹਨਾ ਸੁਣ ਕੇ ਉਹ ਬੜੇ ਤਹੰਮਲ ਨਾਲ ਬੋਲਿਆ, "ਯਾ ਮੈਂ ਵੋਟਾਂ 'ਚ ਖੜ੍ਹਾ ਰਹਿੰਦਾ, ਯਾ ਫਿਰ ਮੇਰੀ ਨੂੰਹ ਸਕੂਲੇ ਨੌਕਰੀ ਕਰਦੀ! ਅਗਲਿਆਂ ਨੇ ਸਕੂਲ ਦੇ ਫੰਡਾਂ ਵਿਚ ਹੋਈ ਕਿਸੇ ਪੁਰਾਣੀ ਘਪਲੇਬਾਜ਼ੀ ਦਾ ਮੇਰੀ ਨੂੰਹ ਸਿਰ ਕੇਸ ਬਣਾ 'ਤਾ। ਆਪਣੇ ਘਰ ਦੀ ਇੱਜ਼ਤ ਨੂੰ ਠਾਣਿਆਂ-ਕਚਹਿਰੀਆਂ ਵਿਚ ਰੋਲਣ ਨਾਲੋਂ ਮੈਂ 'ਧੋਖੇਬਾਜ਼' ਬਣ ਕੇ ਘਰ ਬਹਿ ਗਿਆ...ਮਰਦਾ ਕੀ ਨਾ ਕਰਦਾ?" ਠੰਢਾ ਹਉਕਾ ਭਰ ਕੇ ਉਸ ਨੇ ਫਤਿਹ ਬੁਲਾ ਦਿੱਤੀ।

***

'ਸ੍ਰੀ ਅਨੰਦਪੁਰ ਸਾਹਿਬ ਚੋਣ ਹਲਕੇ ਤੋਂ ਚੋਣ ਲੜਨ ਲਈ ਪੈਰਾਸ਼ੂਟ ਰਾਹੀਂ ਉਤਾਰੇ ਗਏ, ਜਗਰਾਤਿਆਂ ਵਿਚ ਮਾਤਾ ਦੀਆਂ ਭੇਟਾਂ ਗਾਉਣ ਵਾਲੇ ਉਮੀਦਵਾਰ ਨੂੰ ਅਸੀਂ ਹਰਗਿਜ਼ ਬਰਦਾਸ਼ਤ ਨਹੀਂ ਕਰਾਂਗੇ ... ਅਸੀਂ ਡਟ ਕੇ ਉਸ ਦਾ ਵਿਰੋਧ ਕਰਾਂਗੇ।'

ਪੰਜਾਬ ਤੋਂ ਛਪਦੀ ਇਕ ਅਖ਼ਬਾਰ ਵਿਚ ਇਹੋ ਜਿਹਾ ਬਿਆਨ ਪੜ੍ਹ ਕੇ ਬੜੀ ਹੈਰਾਨੀ ਹੋਈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ 'ਚ ਰਹਿੰਦੇ ਬਾਦਲ ਦਲ ਦੇ ਹੀ ਯੂਥ ਵਿੰਗੀਏ ਆਗੂ ਦਾ ਬਿਆਨ ਸੀ ਇਹ। ਬੜੀ ਜੁਰਅਤ ਭਰੇ ਸ਼ਬਦਾਂ ਰਹੀਂ ਇਸ ਨੌਜਵਾਨ ਨੇ ਅਮਰਜੀਤ ਸਿੰਘ ਚਾਵਲੇ ਦਾ ਵਿਰੋਧ ਕੀਤਾ ਹੋਇਆ ਸੀ। ਇਧਰੋਂ-ਉਧਰੋਂ ਪੱਤਰਕਾਰਾਂ ਨਾਲ ਰਾਬਤਾ ਬਣਾ ਕੇ ਮੈਂ ਇਸ ਗੱਭਰੂ ਦਾ ਫੋਨ ਨੰਬਰ ਪ੍ਰਾਪਤ ਕਰ ਲਿਆ। ਫੋਨ 'ਤੇ ਮੇਰਾ ਨਾਂ ਸੁਣਦਿਆਂ ਹੀ ਉਹ ਕਹਿੰਦਾ, "ਭਾਈ ਸਾਹਿਬ, ਤੁਸੀਂ ਨਹੀਂ ਮੈਨੂੰ ਜਾਣਦੇ, ਪਰ ਮੈਂ ਤੁਹਾਨੂੰ ਜਾਣਦਾ ਹਾਂ...ਤੁਸੀਂ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਾਲੇ ਗੋਗੀ ਲੰਬੜਦਾਰ ਮੁੰਡੇ ਦੇ ਵਿਆਹ 'ਤੇ ਟੌਹੜਾ ਸਾਹਿਬ ਨਾਲ ਆਏ ਸੀ ਤਾਂ ਮੈਂ ਉਥੇ ਤੁਹਾਡਾ ਭਾਸ਼ਣ ਸੁਣਿਆ ਸੀ।"

ਇਹ ਗੱਲ ਸੁਣ ਕੇ ਮੈਂ ਜ਼ਰਾ ਅਪਣੱਤ ਜਤਾਉਂਦਿਆਂ ਉਸ ਨੂੰ ਪੁੱਛਿਆ ਕਿ ਬਾਦਲ ਦਲ ਵਿਚ ਰਹਿੰਦਿਆਂ ਇੰਨੀਆਂ ਉਚੀਆਂ 'ਬਗਾਵਤੀ ਸੁਰਾਂ' ਵਾਲੇ ਬਿਆਨ? ਤੁਹਾਡੀ ਪੁੱਛਗਿੱਛ ਨਹੀਂ ਹੋਈ ਹਾਲੇ ਤੱਕ? ਇਹੋ ਜਿਹੀਆਂ 'ਪੁੱਠੀਆਂ ਗੱਲਾਂ' ਕਰਨ ਵਾਲੇ ਨੂੰ ਤਾਂ ਉਹ ਝੱਲਦੇ ਈ ਨਹੀਂ?

"ਸਾਨੂੰ ਪਹਿਲਾਂ ਧਰਮ ਹੈ, ਫੇਰ ਪਾਲਿਟਿਕਸ", ਮੁੰਡਾ ਦ੍ਰਿੜਤਾ ਨਾਲ ਬੋਲਿਆ, "ਜੇ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਤਾ ਦੀਆਂ ਭੇਟਾਂ ਗਾਉਣ ਵਾਲਾ ਸਿੱਖ (?) ਸ਼੍ਰੋਮਣੀ ਕਮੇਟੀ ਦੀ ਚੋਣ ਜਿੱਤਦਾ ਹੈ ਤਾਂ ਇਹ ਅਨੰਦਪੁਰੀਆਂ ਦੇ ਮੱਥੇ 'ਤੇ ਧੱਬਾ ਹੀ ਹੋਵੇਗਾ। ਹਾਂ, ਅਸੀਂ ਦੂਜੇ ਉਮੀਦਵਾਰ ਪ੍ਰਿੰਸੀਪਲ ਸੁਰਿੰਦਰ ਸਿੰਘ ਹੁਣਾਂ ਦੀ ਤਨ ਮਨ ਧਨ ਨਾਲ ਮਦਦ ਕਰ ਰਹੇ ਹਾਂ।" ਇਸ ਗੁਰਸਿੱਖ ਨੌਜਵਾਨ ਦੇ ਸਿਦਕੀ ਵਿਚਾਰ ਸੁਣ ਕੇ ਮੇਰੇ ਮੂੰਹੋਂ ਆਪ ਮੁਹਾਰੇ ਗੁਰਬਾਣੀ ਦੀਆਂ ਪੰਕਤੀਆਂ ਨਿਕਲ ਗਈਆਂ,

ਦਾਵਾ ਅਗਨਿ ਬਹੁਤ ਤ੍ਰਿਣ ਜਾਲੇ
ਕੋਈ ਹਰਿਓ ਬੂਟ ਰਹਿਓ ਰੀ॥

ਇਕ ਮਸ਼ਹੂਰ ਪੱਤਰਕਾਰ ਨੂੰ ਮੈਂ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਦੋ-ਚਾਰ ਮਿੰਟਾਂ ਵਿਚ ਕੁਝ ਆਖਣ ਲਈ ਕਿਹਾ। ਉਸ ਦਾ ਜਵਾਬ ਸੀ, "ਕਾਂਗਰਸੀ ਥਿੰਕ ਟੈਂਕ ਦੇ ਗੂੜ੍ਹੇ ਮਿੱਤਰ ਬਾਦਲ ਪਿਉ-ਪੁੱਤ ਕਾਂਗਰਸ ਨੂੰ ਭੰਡਦੇ ਹੋਏ, ਉਸੇ ਮੂੰਹ ਪੰਥਕ ਮੋਰਚੇ ਵਾਲਿਆਂ ਨੂੰ 'ਕਾਂਗਰਸੀ ਏਜੰਟ' ਗਰਦਾਨ ਕੇ, ਸਿੱਖਾਂ ਨੂੰ ਬੁੱਧੂ ਬਣਾਉਂਦੇ ਹੋਏ, ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਮਾਨ ਸਾਹਿਬ, ਪੰਥਕ ਮੋਰਚੇ, ਖਾਸ ਕਰਕੇ ਪੰਚ ਪ੍ਰਧਾਨੀਆਂ ਦੇ ਸਿੰਗ ਮਾਰ ਕੇ ਅੱਗੇ ਵਧਣਾ ਚਾਹ ਰਹੇ ਹਨ। ਪੰਥਕ ਮੋਰਚੇ ਵਾਲੇ ਕਿਤੇ ਮਾਨ ਨਾਲ, ਕਿਤੇ ਬਾਦਲ ਨਾਲ ਖਹਿ ਰਹੇ ਹਨ। ਅੰਤ ਸਿੱਟਾ ਇਹੀ ਨਿਕਲੂ, 'ਸ਼ਾਹ ਮੁਹੰਮਦ ਗੱਲ ਤਾਂ ਉਹੀ ਹੋ ਗਈ, ਜਿਹੜੀ ਕਹਿੰਦਾ ਸੀ 'ਬਾਦਲੀ ਪੰਥ' ਮੀਆਂ!'

# ਪੱਥਰ ਦਿਲ ਪਿਘਲਾਉਣ ਵਾਲੀ ਕਹਾਣੀ ਸੀ 'ਮਲਬੇ ਦਾ ਮਾਲਕ'

ਪਿਛਲੇ ਅੰਕ ਵਿਚ ਛਪੀ 'ਮਲਬੇ ਦਾ ਮਾਲਕ' ਕਹਾਣੀ ਪੱਥਰ ਦਿਲਾਂ ਨੂੰ ਵੀ ਪਿਘਲਾਉਣ ਵਾਲੀ ਰਚਨਾ ਹੋ ਨਿੱਬੜੀ ਹੈ। ਇਉਂ ਜਾਪਦਾ ਹੈ ਕਿ ਇਸ ਦੇ ਲੇਖਕ ਮੋਹਨ ਰਾਕੇਸ਼ ਨੇ ਉਸ ਕਾਲੇ ਦੌਰ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੋਵੇਗਾ। ਤਾਹੀਉਂ ਉਨ੍ਹਾਂ ਇਸ ਦਰਦਨਾਕ ਕਹਾਣੀ ਵਿਚ ਦ੍ਰਿਸ਼-ਚਿਤਰਨ ਕਰਦਿਆਂ ਆਪਣੀ ਕਲਮ ਨੂੰ ਚਿੱਤਰਕਾਰ ਦੇ ਬੁਰਸ਼ ਵਾਂਗ ਵਾਹਿਆ ਹੈ। ਉਦੋਂ ਪਾਠਕ ਧੁਰ ਅੰਦਰ ਤੱਕ ਕੰਬ ਉਠਦਾ ਹੈ ਜਦ ਗਨੀ ਮੀਆਂ ਆਪਣੇ ਨੂੰਹ-ਪੁੱਤ ਅਤੇ ਦੋ ਪੋਤਰੀਆਂ ਦੇ ਕਾਤਲ ਰੱਖੇ ਭਲਵਾਨ ਵੱਲ ਦੇਖ ਕੇ ਗਲਵਕੜੀ ਪਾਉਣ ਲਈ ਆਪਣੀਆਂ ਬਾਹਾਂ ਉਲਾਰਦਾ ਹੈ। ਉਸ ਕਰਮਾਂ ਮਾਰੇ ਨੂੰ ਪਤਾ ਈ ਨਹੀਂ ਹੁੰਦਾ ਕਿ ਉਹਦੇ ਟੱਬਰ ਦਾ ਯਮਦੂਤ, ਲਹੂ ਪੀਣਾ ਦੈਂਤ ਰੱਖਾ ਭਲਵਾਨ ਹੀ ਹੈ।

## ਸੰਪਾਦਕ ਦੀ ਡਾਕ

ਇਸੇ ਤਰ੍ਹਾਂ ਗਨੀ ਮੀਆਂ ਨੂੰ ਸਾਹਮਣੇ ਦੇਖ ਕੇ ਰੱਖੇ ਭਲਵਾਨ ਦੀਆਂ ਸਰੀਰਕ ਕਿਰਿਆਵਾਂ ਦਾ ਚਿਤਰਨ ਕਰਦਿਆਂ ਕਹਾਣੀਕਾਰ ਨੇ ਰੂਸੀ ਕਹਾਣੀਆਂ ਦੀ ਨਿਆਈਂ ਨਿੱਕੀ ਤੋਂ ਨਿੱਕੀ ਹਰ ਹਰਕਤ ਨੂੰ ਵੀ ਪਕੜ 'ਚ ਲਿਆਂਦਾ ਹੈ, ਜਿਵੇਂ ਨਹੱਕੇ ਚਿਰਾਗ ਦੀਨ, ਉਸ ਦੀ ਬੀਵੀ ਤੇ ਉਸ ਦੀਆਂ ਧੀਆਂ ਦੇ ਖੂਨ ਨਾਲ ਹੱਥ ਰੰਗਣ ਵਾਲੇ ਰੱਖੇ ਦਾ ਪਲ ਪਲ ਗਲਾ ਸੁੱਕਦਾ ਹੈ। ਛਿੱਥਾ ਪਿਆ ਹੋਇਆ ਉਹ ਵਾਰ-ਵਾਰ ਥੁੱਕਦਾ ਹੈ।

ਇਸ ਕਹਾਣੀ ਦੇ ਇਕ ਹੋਰ ਪੱਖ ਤੋਂ ਵੀ ਮੈਂ ਬਹੁਤ ਮੁਤਾਸਰ ਹੋਇਆ ਹਾਂ। ਕਹਾਣੀ ਲੇਖਕ ਖੁਦ ਗੈਰ-ਸਿੱਖ ਹੈ ਪਰ ਉਸ ਨੇ ਬਹੁਤੇ ਗੈਰ-ਸਿੱਖ ਕਹਾਣੀਕਾਰਾਂ ਵਾਂਗ ਕਿਸੇ ਸਿੱਖ ਪਾਤਰ ਨੂੰ ਨਹੀਂ ਬਦੂਹਿਆ। ਉਸ ਵੇਲੇ ਘੱਟ ਕਿਸੇ ਧਰਮ ਵਾਲੇ ਨੇ ਵੀ ਨਹੀਂ ਕੀਤੀ। ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਨੇ ਖੁੱਲ੍ਹ ਕੇ ਇਕ-ਦੂਜੇ ਦੇ ਲਹੂ ਨਾਲ ਹੋਲੀ ਖੇਡੀ, ਲੇਕਿਨ ਸੰਨ 47 ਬਾਰੇ ਲਿਖੀਆਂ ਕਹਾਣੀਆਂ/ਨਾਵਲ ਪੜ੍ਹਦਿਆਂ ਇਹ ਗੱਲ ਖਾਸ ਰੜਕਦੀ ਹੈ ਕਿ ਕਈ ਗੈਰ-ਸਿੱਖ ਕਹਾਣੀਕਾਰਾਂ ਨੇ ਸਿੱਖਾਂ ਜਾਂ ਸਿੱਖ ਚਿੰਨ੍ਹਾਂ ਨਾਲ, ਖੁਦ ਦੀ ਨਫ਼ਰਤ ਹੋਣ ਕਰਕੇ ਆਪਣੀਆਂ ਕਥਾ-ਕਹਾਣੀਆਂ ਵਿਚ ਮਿੱਥ ਮਿੱਥ ਕੇ ਸਿੱਖ ਪਾਤਰ ਘੜੇ ਹੋਏ ਹਨ।

ਜਿਵੇਂ ਪਿਛਲੇ ਵਰ੍ਹੇ 'ਪੰਜਾਬ ਟਾਈਮਜ਼' ਵਿਚ ਛਪੀ ਖਾੜਕੂ ਦੌਰ ਦੀ ਇਕ ਕਹਾਣੀ ਵਿਚ ਲੇਖਕ ਨੇ ਸਿੱਖਾਂ ਦੇ ਗਾਤਰੇ ਵਾਲੀ ਕ੍ਰਿਪਾਨ ਦੀ ਬਦਖੋਈ ਜ਼ਿਦ ਜ਼ਿਦ ਕੇ ਕੀਤੀ ਹੋਈ ਸੀ। ਇਸ ਤੁਅੱਸਬੀ ਪੈਟਰਨ ਦੇ ਉਲਟ ਮੋਹਨ ਰਾਕੇਸ਼ ਨੇ ਰੱਖੇ ਭਲਵਾਨ ਨੂੰ 'ਜਥੇਦਾਰ ਰੱਖਾ ਸਿੰਘ' ਨਹੀਂ ਬਣਾਇਆ। ਆਪਣੀ ਕਹਾਣੀ 'ਚ ਅੱਗੇ ਜਾ ਕੇ ਉਹ ਇਕ ਥਾਂ ਰੱਖੇ ਨੂੰ ਚਿਲਮ ਪੀਂਦਾ ਵੀ ਦਿਖਾਉਂਦਾ ਹੈ।

ਅਸਲ ਵਿਚ ਜਦ ਫਤੂਰ ਦੀ ਹਨੇਰੀ ਚੜ੍ਹਦੀ ਹੈ ਤਾਂ ਕੀ ਹਿੰਦੂ, ਕੀ ਸਿੱਖ, ਕੀ ਕੋਈ ਹੋਰ; ਸਭ ਦੇ ਮਨ ਮਲੀਨ ਕਰ ਦਿੰਦੀ ਹੈ। ਕੋਈ ਮਾਈ ਦਾ ਲਾਲ ਹੀ ਉਦੋਂ ਜਜ਼ਬਾਤ 'ਤੇ ਕਾਬੂ ਪਾ ਕੇ 'ਬੰਦਾ ਬਣਿਆ' ਰਹਿ ਸਕਦਾ ਹੈ। ਜਿਵੇਂ ਇਸ ਕਹਾਣੀ ਵਿਚ ਉਜੜੇ ਮੁਸਲਮਾਨਾਂ ਦੇ ਮਲਬੇ ਦੇ ਮਾਲਕ ਬਣੇ ਹੋਏ ਰੱਖੇ ਕਲਮੂੰਹੇ ਦੇ ਭਾਈਚਾਰੇ 'ਚੋਂ ਹੀ ਮਨੋਹਰੀ ਨਾਂ ਦਾ ਸੱਜਣ ਗਨੀ ਮੀਆਂ ਨਾਲ ਦਿਲੋਂ ਹਮਦਰਦੀ ਦਿਖਾਉਂਦਾ ਹੈ। ਕੁੱਲ ਮਿਲਾ ਕੇ ਇਹ ਕਹਾਣੀ ਉਨ੍ਹਾਂ ਚੰਦਰੇ ਸਮਿਆਂ ਦੀ ਦਰਦਨਾਕ ਗਾਥਾ ਹੈ ਜਿਸ ਨੂੰ ਮੋਹਨ ਰਾਕੇਸ਼ ਨੇ ਅਤਿਅੰਤ ਮਾਰਮਿਕ ਲਹਿਜ਼ੇ ਵਿਚ ਪੇਸ਼ ਕੀਤਾ ਹੈ।

ਅਸੀਂ ਅਦਾਰਾ 'ਪੰਜਾਬ ਟਾਈਮਜ਼' ਦੇ ਸ਼ੁਕਰਗੁਜ਼ਾਰ ਹਾਂ ਜੋ ਆਪਣੇ ਪਾਠਕਾਂ ਨੂੰ ਇਹੋ ਜਿਹਾ ਖਜ਼ਾਨਾ ਭੇਟ ਕਰਦਾ ਰਹਿੰਦਾ ਹੈ।

***-ਫਕੀਰ ਚੰਦ ਸੈਂਪਲਾ, ਐਲ.ਏ.***

***

### ਭਰੂਣ ਹੱਤਿਆ:ਸੋਚਣ ਦਾ ਵੇਲਾ

ਪੰਜਾਬ ਵਿਚ ਅੱਜ ਭਰੂਣ ਹੱਤਿਆ ਦਾ ਪਾਪ ਦਿਨੋ-ਦਿਨ ਵਧ ਰਿਹਾ ਹੈ। ਇਸ ਬਾਰੇ ਅਖ਼ਬਾਰਾਂ ਵਿਚ ਪੜ੍ਹਨ ਨੂੰ ਬਹੁਤ ਕੁਝ ਮਿਲਦਾ ਹੈ। 'ਪੰਜਾਬ ਟਾਈਮਜ਼' ਵਿਚ ਇਸ ਬਾਰੇ ਕਈ ਲੇਖ ਛਪ ਚੁੱਕੇ ਹਨ। ਬਹੁਤ ਸਾਰੇ ਲੇਖਕ ਇਸ ਅਨਹੋਣੀ ਨੂੰ ਦਾਜ ਦਾ ਵੱਡਾ ਕਾਰਨ ਮੰਨਦੇ ਹਨ। ਚਲੋ, ਮੰਨ ਲਿਆ ਜਾਵੇ ਕਿ ਆਮ ਪਰਿਵਾਰ ਲਈ ਦਹੇਜ ਕਾਰਨ ਲੜਕੀ ਬੋਝ ਬਣ ਜਾਂਦੀ ਹੈ ਪਰ ਉਨ੍ਹਾਂ ਬਾਰੇ ਕੀ ਕਿਹਾ ਜਾਵੇ ਜੋ ਲੋਕ ਆਰਥਿਕ ਪੱਖੋਂ ਸੌਖੇ ਹੀ ਨਹੀਂ, ਸਗੋਂ ਮਜ਼ਬੂਤ ਹਨ? ਧੀਆਂ ਦੇ ਵਿਆਹ 'ਤੇ ਲੱਖਾਂ ਖਰਚ ਦੇਣਾ ਅਮੀਰ ਪਰਿਵਾਰਾਂ ਲਈ ਕੋਈ ਵੱਡੀ ਗੱਲ ਨਹੀਂ। ਉਹ ਲੋਕ ਵੀ ਧੀਆਂ ਨੂੰ ਜੰਮਣ ਨਹੀਂ ਦੇ ਰਹੇ। ਹੁਣ ਉਹ ਜ਼ਮਾਨਾ ਵੀ ਨਹੀਂ ਰਿਹਾ ਕਿ ਕੋਈ ਧਾੜਵੀ ਜਾਂ ਰਾਜਾ ਜ਼ਬਰਦਸਤੀ ਕਿਸੇ ਦੀ ਧੀ ਭੈਣ ਉਠਾ ਕੇ ਲੈ ਜਾਵੇਗਾ।

ਇਸ ਸਾਲ ਮਈ ਵਿਚ ਮੈਂ ਪੰਜਾਬ ਗਿਆ ਸੀ। ਡਾਕਟਰ ਦੇ ਇਕ ਕਲੀਨਿਕ ਵਿਚ ਬੈਠਿਆਂ ਦੇਖਿਆ ਕਿ ਇਕ ਬਹੁਤ ਹੀ ਅਮੀਰ ਘਰਾਣੇ ਦੀ ਨੂੰਹ ਆਪਣੇ ਪਤੀ ਅਤੇ ਸੱਸ ਨਾਲ ਉਥੇ ਆਈ। ਪਤਾ ਲੱਗਾ ਕਿ ਇਸ ਔਰਤ ਦੇ ਗਰਭ ਵਿਚ ਲੜਕੀ ਪਨਪ ਰਹੀ ਹੈ। ਇਸ ਔਰਤ ਦਾ ਪਤੀ ਅਤੇ ਸੱਸ ਇਸ ਭਰੂਣ ਨੂੰ ਗਿਰਾਉਣ ਲਈ ਤੁਲੇ ਹੋਏ ਹਨ ਜਦ ਕਿ ਇਹ ਇਨ੍ਹਾਂ ਦਾ ਪਹਿਲਾ ਹੀ ਬੱਚਾ ਸੀ। ਸੁਣ ਕੇ ਝਟਕਾ ਲੱਗਾ ਕਿ ਲੋਕ ਕਿਸ ਦਲਦਲ

***(ਬਾਕੀ ਸਫਾ 27 'ਤੇ)***

# ਫਿਰਤ ਫਿਰਤ ਭੇਟੇ ਜਨ ਸਾਧੂ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਧਨਾਸਰੀ ਮਹਲਾ ੫
ਫਿਰਤ ਫਿਰਤ ਭੇਟੇ ਜਨ ਸਾਧੂ
ਪੂਰੈ ਗੁਰਿ ਸਮਝਾਇਆ॥
ਆਨ ਸਗਲ ਬਿਧਿ ਕਾਮਿ ਨ ਆਵੈ
ਹਰਿ ਹਰਿ ਨਾਮੁ ਧਿਆਇਆ॥
ਤਾ ਤੇ ਮੋਹਿ ਧਾਰੀ ਓਟ ਗੋਪਾਲ॥
ਸਰਨਿ ਪਰਿਓ ਪੂਰਨ ਪਰਮੇਸੁਰ
ਬਿਨਸੇ ਸਗਲ ਜੰਜਾਲ॥ਰਹਾਉ॥
ਸੁਰਗ ਮਿਰਤ ਪਇਆਲ ਭੂ ਮੰਡਲ
ਸਗਲ ਬਿਆਪੇ ਮਾਇ॥
ਜੀਅ ਉਧਾਰਨ ਸਭ ਕੁਲ ਤਾਰਨ
ਹਰਿ ਹਰਿ ਨਾਮੁ ਧਿਆਇ॥
ਨਾਨਕ ਨਾਮੁ ਨਿਰੰਜਨੁ ਗਾਈਐ
ਪਾਈਐ ਸਰਬ ਨਿਧਾਨਾ॥
ਕਰਿ ਕਿਰਪਾ ਜਿਸੁ ਦੇਇ ਸੁਆਮੀ
ਬਿਰਲੇ ਕਾਹੂ ਜਾਨਾ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਇਸ ਸ਼ਬਦ ਰਾਹੀਂ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਫਿਰਤ ਫਿਰਤ, ਭਾਵ ਜਦੋਂ ਫਿਰਦਿਆਂ ਫਿਰਦਿਆਂ ਲੱਭਦਿਆਂ ਲੱਭਦਿਆਂ ਸਾਨੂੰ ਪੂਰਾ ਗੁਰੂ ਲੱਭ ਪਿਆ ਤਾਂ ਉਸ ਨੇ ਸਾਨੂੰ ਇਹ ਮੱਤ ਦਿੱਤੀ ਕਿ ਆਨ ਭਾਵ, ਹੋਰ ਕੋਈ ਸਿਆਣਪ ਜਾਂ ਚਤੁਰਾਈ ਕੰਮ ਨਹੀਂ ਆਉਂਦੀ। ਬੱਸ, ਉਸ ਮਾਲਕ ਦਾ ਸਿਮਰਨ ਹੀ ਕਰੋ।

ਤਾ ਤੇ ਮੋਹਿ ਧਾਰੀ ਓਟ ਗੋਪਾਲ॥
ਸਰਨਿ ਪਰਿਓ ਪੂਰਨ ਪਰਮੇਸੁਰ
ਬਿਨਸੇ ਸਗਲ ਜੰਜਾਲ॥ਰਹਾਉ॥

ਇਸ ਲਈ ਹੇ ਭਾਈ! ਆਪਣੇ ਪੂਰੇ ਗੁਰੂ ਤੋਂ ਮੱਤ ਲੈ ਕੇ ਮੈਂ ਉਸ ਪ੍ਰਭੂ ਪਰਮਾਤਮਾ ਦਾ ਓਟ ਆਸਰਾ ਲੈ ਲਿਆ ਹੈ ਅਤੇ ਉਹ ਪਰਮੇਸ਼ਰ ਜੋ ਸਦਾ ਹੀ ਪੂਰਾ ਹੈ ਅਤੇ ਸਭ ਦਾ ਪ੍ਰਤਿਪਾਲਕ ਭੀ ਹੈ, ਮੈਂ ਹੁਣ ਉਹਦੀ ਸ਼ਰਨ ਵਿਚ ਆ ਗਿਆ ਹਾਂ ਅਤੇ ਉਸ ਦੀ ਸ਼ਰਨ ਵਿਚ ਆਉਣ 'ਤੇ ਮੇਰੇ ਜੀਵਨ ਦੇ ਜੰਜਾਲ ਭਾਵ, ਮਾਇਆ ਦੇ ਸਾਰੇ ਬੰਧਨ ਭੀ ਮੁੱਕ ਗਏ ਹਨ।

ਸੁਰਗ ਮਿਰਤ ਪਇਆਲ ਭੂ ਮੰਡਲ
ਸਗਲ ਬਿਆਪੇ ਮਾਇ॥
ਜੀਅ ਉਧਾਰਨ ਸਭ ਕੁਲ ਤਾਰਨ
ਹਰਿ ਹਰਿ ਨਾਮੁ ਧਿਆਇ॥

ਹੁਣ ਗੁਰਦੇਵ ਬਖਸ਼ਿਸ਼ ਕਰ ਰਹੇ ਹਨ ਕਿ ਹੇ ਭਾਈ! ਸਵਰਗ ਜਿੱਥੇ ਦੇਵਤੇ ਰਹਿੰਦੇ ਹਨ, ਮਾਤ ਲੋਕ, ਪਇਆਲ ਪਾਤਾਲ ਲੋਕ, ਭੂ ਮੰਡਲ, ਸਾਰੀਆਂ ਧਰਤੀਆਂ ਭਾਵ ਸਾਰੀ ਸ੍ਰਿਸ਼ਟੀ, ਸਾਰਾ ਜਗਤ ਹੀ ਮਾਇਆ ਮੋਹ ਦੇ ਬੰਧਨਾਂ ਵਿਚ ਫਸ ਕੇ ਔਝੜੇ ਪਿਆ ਹੋਇਆ ਹੈ, ਅਤੇ ਹੇ ਭਾਈ! ਇਸ ਨਿਮਾਣੀ ਜਿੰਦ ਦਾ ਉਧਾਰ ਕਰਨ ਵਾਲਾ ਅਤੇ ਸਾਰੀਆਂ ਕੁਲਾਂ ਨੂੰ ਤਾਰਨ ਵਾਲਾ ਤਾਂ ਇਕ ਪਰਮੇਸ਼ਰ ਦਾ ਹੀ ਨਾਮ ਹੈ, ਤਾਂ ਤੇ ਹੇ ਭਾਈ! ਉਸੇ ਪ੍ਰਭੂ ਦੇ ਨਾਮ ਦਾ ਤੂੰ ਹਰ ਵੇਲੇ ਸਿਮਰਨ ਕਰਿਆ ਕਰ।

ਨਾਨਕ ਨਾਮੁ ਨਿਰੰਜਨੁ ਗਾਈਐ
ਪਾਈਐ ਸਰਬ ਨਿਧਾਨਾ॥
ਕਰਿ ਕਿਰਪਾ ਜਿਸੁ ਦੇਇ ਸੁਆਮੀ
ਬਿਰਲੇ ਕਾਹੂ ਜਾਨਾ॥

ਸ਼ਬਦ ਦੇ ਅਖੀਰ 'ਤੇ ਸਤਿਗੁਰੂ ਨਾਮੁ ਉਪਦੇਸ਼ ਕਰਦੇ ਹਨ, ਹੇ ਨਾਨਕ! ਨਿਰੰਜਨ ਉਹ ਪ੍ਰਭੂ ਹੈ ਜੋ ਮਾਇਆ ਤੋਂ ਪਰ੍ਹੇ ਹੈ, ਨਿਰਲੇਪ ਹੈ, ਉਸ ਮਾਇਆ ਤੋਂ ਰਹਿਤ ਪ੍ਰਭੂ ਦਾ ਨਾਮ ਹਰ ਸਮੇਂ ਗਾਈਐ ਭਾਵ ਜਪਣਾ ਚਾਹੀਦਾ ਹੈ ਅਤੇ ਨਾਮ ਜਪਣ ਭਾਵ ਸਿਮਰਨ ਕਰਨ ਨਾਲ ਸਾਰੇ ਹੀ ਨਿਧਾਨ ਭਾਵ ਸੁੱਖਾਂ ਦੇ ਖਜ਼ਾਨਿਆਂ ਦੀ ਪ੍ਰਾਪਤੀ ਭੀ ਹੋ ਜਾਂਦੀ ਹੈ ਪਰ ਭੇਤ ਦੀ ਇਹ ਗੱਲ ਕਿਸੇ ਉਸ ਵਿਰਲੇ ਨੂੰ ਹੀ ਸਮਝ ਵਿਚ ਪਈ ਹੈ ਜਿਸ 'ਤੇ ਉਸ ਪ੍ਰਭੂ ਨੇ ਆਪ ਕਿਰਪਾ ਕਰਕੇ ਨਾਮ ਸਿਮਰਨ ਦੀ ਦਾਤ ਬਖਸ਼ੀ ਹੈ।

ਆਉ, ਗੁਰੂ ਪਿਆਰਿਉ! ਸ਼ਬਦ ਗੁਰੂ ਨਾਲ ਜੁੜੀਏ।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***
***ਫੋਨ:916-687-3536***

# ਦਿੱਲੀ ਦੇ ਤਾਜ਼ਾ ਧਮਾਕੇ ਮਗਰੋਂ ਉਠੇ ਸਵਾਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

ਦਿੱਲੀ ਵਿਚ ਹਾਈ ਕੋਰਟ ਦੇ ਗੇਟ ਅੱਗੇ ਇੱਕ ਬੰਬ ਧਮਾਕਾ ਹੋਣ ਨਾਲ ਸੱਤ ਬੰਦੇ ਮੌਕੇ ਉਤੇ ਆਪਣੀ ਜਾਨ ਗੁਆ ਬੈਠੇ, ਚਾਰ ਹਸਪਤਾਲ ਜਾ ਕੇ ਦਮ ਤੋੜ ਗਏ ਅਤੇ ਨੱਬੇ ਦੇ ਕਰੀਬ ਜ਼ਖਮੀਆਂ ਵਿਚੋਂ ਦੋ ਹੋਰ ਅਗਲੇ ਦਿਨ ਪ੍ਰਾਣ ਛੱਡ ਗਏ। ਕੁੱਲ ਤੇਰਾਂ ਜਾਨਾਂ ਮੌਤ ਦੀ ਝੋਲੀ ਪੈ ਜਾਣ ਪਿੱਛੋਂ ਹਰ ਕੋਈ ਆਪਣੇ ਆਪ ਨੂੰ ਹਾਲਾਤ ਦਾ ਮਾਹਰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਰੋਧੀ ਧਿਰ ਇਸ ਮੌਕੇ ਨੂੰ ਸਰਕਾਰ 'ਤੇ ਚਾਂਦਮਾਰੀ ਕਰ ਕੇ ਇਹ ਵਿਖਾਉਣ ਦੀ ਕੋਸ਼ਿਸ਼ ਵਿਚ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ। ਦੂਜੇ ਪਾਸੇ ਸਰਕਾਰ ਦਾ ਪੁਰਾਣਾ ਰਾਗ ਹੈ ਕਿ ਵਿਰੋਧੀ ਧਿਰ ਹਾਲਾਤ ਦੀ ਗੰਭੀਰਤਾ ਵੇਖਣ ਦੀ ਥਾਂ ਰਾਜਸੀ ਲਾਭ ਲੈਣਾ ਚਾਹੁੰਦੀ ਹੈ। ਜਦੋਂ ਹੁਣ ਵਾਲੇ ਹੁਕਮਰਾਨ ਵਿਰੋਧੀ ਧਿਰ ਵਿਚ ਸਨ, ਇਹ ਵੀ ਇਹੋ ਕੁਝ ਕਰਦੇ ਸਨ, ਸਰਕਾਰ ਨਾਲ ਬੈਠ ਕੇ ਅਤਿਵਾਦ ਜਾਂ ਦੇਸ਼ ਨੂੰ ਦਰਪੇਸ਼ ਖਤਰਿਆਂ ਬਾਰੇ ਨੀਤੀ ਘੜਨ ਨਹੀਂ ਸਨ ਲੱਗ ਪਏ। ਲੋਕਤੰਤਰ ਬਹੁਤ ਕੰਮ ਦੀ ਚੀਜ਼ ਹੈ ਪਰ ਇਸ ਵਿਚ ਇਹ ਕਮਜ਼ੋਰੀ ਵੀ ਹੈ ਕਿ ਰਾਜ ਗੱਦੀ ਤੱਕ ਪੁੱਜਣ ਜਾਂ ਪਹੁੰਚ ਕੇ ਟਿਕੇ ਰਹਿਣ ਲਈ ਲੋਕ ਕਿਸੇ ਵੀ ਹੱਦ ਤੱਕ ਚਲੇ ਜਾਂਦੇ ਹਨ, ਸ਼ਰਮ ਨਾਂ ਦੀ ਕੋਈ ਚੀਜ਼ ਰਾਹ ਨਹੀਂ ਰੋਕ ਸਕਦੀ।

ਤਾਜ਼ਾ ਧਮਾਕਿਆਂ ਪਿੱਛੋਂ ਕਈ ਗੱਲਾਂ ਸੋਚਣ ਵਾਲੀਆਂ ਹਨ ਅਤੇ ਇਹ ਰਾਜ ਕਰਦੀ ਧਿਰ ਜਾਂ ਵਿਰੋਧੀ ਪੱਖ ਦਾ ਫੱਟਾ ਲਾਹ ਕੇ ਹਰ ਕਿਸੇ ਨੂੰ, ਆਮ ਲੋਕਾਂ ਨੂੰ ਵੀ, ਸੋਚਣੀਆਂ ਪੈਣਗੀਆਂ। ਸੋਚਣਾ ਪਵੇਗਾ ਕਿ ਸੁਰੱਖਿਆ ਲਈ ਅਸੀਂ ਆਪ ਕਿੰਨੇ ਕੁ ਗੰਭੀਰ ਹਾਂ? ਲੋਕ ਵੀ ਕਈ ਵਾਰ ਸੁਰੱਖਿਆ ਦਾ ਮਜ਼ਾਕ ਉਡਾਉਂਦੇ ਹਨ। ਜਿੱਥੇ ਕਿਤੇ ਇਹੋ ਜਿਹੇ ਪ੍ਰਬੰਧ ਹੋਣ, ਕਈ ਲੋਕ ਉਨ੍ਹਾਂ ਤੋਂ ਬਿਨਾਂ ਵਜ੍ਹਾ ਪਾਸਾ ਵੱਟ ਕੇ ਲੰਘਣ ਦਾ ਯਤਨ ਕਰਦੇ ਵੇਖੇ ਜਾਂਦੇ ਹਨ। ਕਈ ਵਾਰ ਪੁਲਿਸ ਵਾਲਾ ਕਿਸੇ ਨੂੰ ਬੈਗ ਚੈਕ ਕਰਵਾਉਣ ਨੂੰ ਕਹੇ ਤਾਂ ਅੱਗੋਂ ਕਹਿ ਦੇਂਦੇ ਹਨ, 'ਮੈਂ ਇਹਦੇ ਵਿਚ ਬੰਬ ਤਾਂ ਨਹੀਂ ਲਈ ਜਾਂਦਾ' ਜਾਂ ਫਿਰ ਇਹ ਵੀ ਕਿ 'ਜਿਨ੍ਹਾਂ ਨੇ ਬੰਬ ਲੈ ਕੇ ਜਾਣੇ ਹਨ, ਉਨ੍ਹਾਂ ਤੁਹਾਡੇ ਨਾਲ ਸੌਦਾ ਮਾਰ ਕੇ ਲੰਘ ਜਾਣਾ ਹੈ, ਐਵੇਂ ਲੋਕਾਂ ਨੂੰ ਤੰਗ ਕਰੀ ਜਾਂਦੇ ਹੋ।' ਇੰਜ ਕਹਿਣ ਵਾਲਿਆਂ ਵਿਚ ਉਹ ਲੋਕ ਵੀ ਹੁੰਦੇ ਹਨ, ਜਿਨ੍ਹਾਂ ਨੂੰ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਕਈ ਵਾਰੀ ਰਾਜਸੀ ਲੀਡਰਾਂ ਦੇ ਚਹੇਤੇ ਪਿਸਤੌਲ ਸਮੇਤ ਸਟੇਜਾਂ ਉਤੇ ਚੜ੍ਹ ਕੇ ਨਾਲ ਜਾ ਬੈਠਦੇ ਹਨ ਤੇ ਜੇ ਉਹ ਫੜੇ ਜਾਣ ਤਾਂ ਓਹੋ ਰਾਜਸੀ ਲੀਡਰ ਛੁਡਾ ਦੇਂਦੇ ਹਨ, ਜਿਨ੍ਹਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਦੀ ਉਨ੍ਹਾਂ ਨੇ ਉਲੰਘਣਾ ਕੀਤੀ ਹੁੰਦੀ ਹੈ।

ਹੋਰ ਤਾਂ ਹੋਰ, ਇਹ ਵਿਹਾਰ ਸੰਸਦ ਭਵਨ ਤੱਕ ਜਾਰੀ ਹੈ। ਉਥੇ ਸੰਸਦ ਮੈਂਬਰਾਂ ਦੀਆਂ ਕਾਰਾਂ ਲਈ ਖਾਸ ਕਿਸਮ ਦੇ ਸਟਿੱਕਰ ਬਣਾਏ ਗਏ ਹਨ, ਜਿਨ੍ਹਾਂ ਦੀ ਜਾਂਚ ਪਿੱਛੋਂ ਹੀ ਕਿਸੇ ਵੀ ਗੱਡੀ ਨੂੰ ਲੰਘਣ ਦਿੱਤਾ ਜਾਂਦਾ ਹੈ। ਦੋ ਕੁ ਸਾਲ ਪਹਿਲਾਂ ਇੱਕ ਸੰਸਦ ਮੈਂਬਰ ਦੀ ਗੱਡੀ ਉਤੇ ਲੱਗਾ ਸਟਿੱਕਰ ਜਾਂਚ ਕਰਦੇ ਸੁਰੱਖਿਆ ਵਾਲਿਆਂ ਨੇ ਵੇਖਿਆ ਕਿ ਉਹ ਨਕਲੀ ਸੀ, ਲੱਗਾ ਭਾਵੇਂ ਉਸੇ ਐਮ ਪੀ ਦੀ ਗੱਡੀ ਉਤੇ ਸੀ। ਐਮ ਪੀ ਸਾਹਿਬ ਨੇ ਕਿਹਾ ਕਿ ਇਸ ਸਟਿੱਕਰ ਦਾ ਇੱਕ ਡੁਪਲੀਕੇਟ ਇਸ ਲਈ ਬਣਾਉਣਾ ਪਿਆ ਹੈ ਕਿ ਉਨ੍ਹਾਂ ਕੋਲ ਇੱਕ ਹੋਰ ਗੱਡੀ ਹੈ ਅਤੇ ਉਸ ਉਤੇ ਲਾਉਣ ਲਈ ਚਾਹੀਦਾ ਸੀ, ਜਦ ਕਿ ਫਾਲਤੂ ਸਟਿੱਕਰ ਮਿਲ ਨਹੀਂ ਸਨ ਸਕਦੇ। ਇਸ ਨਾਲ ਸ਼ੁਰੂ ਹੋਈ ਜਾਂਚ ਵਿਚ ਕਈ ਹੋਰ ਸੰਸਦ ਮੈਂਬਰਾਂ ਬਾਰੇ ਵੀ ਪਤਾ ਲੱਗਾ ਕਿ ਉਨ੍ਹਾਂ ਨੇ ਇੰਜ ਹੀ ਕੀਤਾ ਹੋਇਆ ਹੈ ਪਰ ਕਿਸੇ ਦੇ ਖਿਲਾਫ ਵੀ ਕਾਰਵਾਈ ਨਹੀਂ ਸੀ ਹੋਈ। ਸਾਡੀ ਪਾਰਲੀਮੈਂਟ ਵਿਚ ਆਮ ਸੁਣਿਆ ਜਾਂਦਾ ਹੈ ਕਿ ਅਮਰੀਕਾ ਤੇ ਬਰਤਾਨੀਆ ਵਿਚ ਇੱਕ ਅਤਿਵਾਦੀ ਕਾਰਵਾਈ ਹੋਣ ਤੋਂ ਬਾਅਦ ਦੂਜੀ ਦੀ ਨੌਬਤ ਨਹੀਂ ਆਉਣ ਦਿੱਤੀ ਗਈ ਸੀ। ਇੱਕ ਸਵਾਲ ਉਨ੍ਹਾਂ ਮੈਂਬਰਾਂ ਨੂੰ ਮੋੜਵਾਂ ਪੁੱਛਿਆ ਜਾ ਸਕਦਾ ਹੈ ਕਿ ਜੇ ਅਮਰੀਕਾ ਜਾਂ ਬਰਤਾਨੀਆ ਦੇ ਕਿਸੇ ਸੰਸਦ ਮੈਂਬਰ ਨੇ ਇੰਜ ਜਾਅਲੀ ਸਟਿੱਕਰ ਬਣਵਾਏ ਹੁੰਦੇ ਤਾਂ ਫੜੇ ਜਾਣ ਤੋਂ ਅਗਲੇ ਦਿਨ ਉਹ ਸੰਸਦ ਮੈਂਬਰ ਰਹਿ ਸਕਦਾ ਸੀ? ਉਸ ਦਾ ਅਸਤੀਫਾ ਕਿਸੇ ਨੂੰ ਮੰਗਣ ਦੀ ਲੋੜ ਨਹੀਂ ਸੀ ਪੈਣੀ, ਉਸ ਨੇ ਸ਼ਰਮ ਦੇ ਮਾਰੇ ਨੇ ਆਪਣੇ ਆਪ ਦੇ ਦੇਣਾ ਸੀ।

*ਸਾਡੇ ਅੰਦਰ ਦੇ ਹਾਲਾਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਮੁੰਬਈ ਦੇ ਹਮਲੇ ਵੇਲੇ ਉਥੋਂ ਦੀ ਗੱਠਜੋੜ ਸਰਕਾਰ ਦੇ ਗ੍ਰਹਿ ਮੰਤਰੀ, ਜਿਹੜਾ ਸ਼ਰਦ ਪਵਾਰ ਦੀ ਪਾਰਟੀ ਦਾ ਹੈ, ਨੇ ਇਸ ਗੱਲੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਕੋਈ ਅਗਾਊਂ ਚੇਤਾਵਨੀ ਦਿੱਤੀ ਗਈ ਸੀ। ਜਦੋਂ ਕੇਂਦਰ ਦੇ ਮੰਤਰਾਲੇ ਵੱਲੋਂ ਇਸ ਦਾ ਸਪੱਸ਼ਟੀਕਰਨ ਦਿੱਤਾ ਗਿਆ ਕਿ ਜਾਣਕਾਰੀ ਦਿੱਤੀ ਗਈ ਸੀ ਤਾਂ ਪਤਾ ਇਹ ਲੱਗਾ ਕਿ ਸੂਚਨਾ ਆਈ ਸੀ ਪਰ ਇਸ ਨੂੰ ਆਮ ਜਿਹੀ ਸੂਚਨਾ ਸਮਝ ਕੇ ਸਿਖਰਲੇ ਅਹੁਦੇਦਾਰਾਂ ਤੱਕ ਪੁਚਾਇਆ ਹੀ ਨਹੀਂ ਸੀ ਗਿਆ। ਇਹੋ ਗੱਲ ਹੁਣ ਦਿੱਲੀ ਵੇਲੇ ਕਹੀ ਗਈ ਹੈ। ਦੇਸ਼ ਦਾ ਗ੍ਰਹਿ ਮੰਤਰੀ ਇਹ ਸਫਾਈਆਂ ਦੇ ਰਿਹਾ ਹੈ ਕਿ ਸੂਚਨਾ ਦਿੱਤੀ ਗਈ ਸੀ, ਯੋਗ ਥਾਂਵਾਂ ਤੱਕ ਨਹੀਂ ਸੀ ਪਹੁੰਚ ਸਕੀ।*

ਸਾਡੇ ਕਈ ਸੰਸਦ ਮੈਂਬਰ ਪਿਛਲੇ ਮਹੀਨੇ ਦਿੱਲੀ ਵਿਚ ਬਿਨਾਂ ਅਧਿਕਾਰ ਤੋਂ ਜਾਅਲੀ ਲਾਲ ਜਾਂ ਨੀਲੀ ਬੱਤੀ ਲਾ ਕੇ ਘੁੰਮਦੇ ਫੜੇ ਗਏ। ਉਨ੍ਹਾਂ ਨੇ ਸ਼ਰਮ ਕਰਦਿਆਂ ਮੁਆਫੀ ਨਹੀਂ ਸੀ ਮੰਗੀ, ਸੰਸਦ ਵਿਚ ਅਰਜ਼ੀ ਪਾ ਕੇ ਕਾਰ ਉਤੇ ਲਾਲ ਬੱਤੀ ਲਾਉਣ ਦੀ ਪੱਕੀ ਆਗਿਆ ਮੰਗ ਲਈ ਸੀ। ਅਮਰੀਕਾ, ਬਰਤਾਨੀਆ ਵਿਚ ਫਾਇਰ ਬ੍ਰਿਗੇਡ, ਐਂਬੂਲੈਂਸ, ਪੁਲਿਸ ਦੀ ਗੱਡੀ ਤੋਂ ਬਿਨਾਂ ਕੂੜਾ-ਕਚਰਾ ਇਕੱਠਾ ਕਰਨ ਵਾਲੀ ਗੱਡੀ ਉਤੇ ਤਾਂ ਲਾਲ ਬੱਤੀ ਹੋ ਸਕਦੀ ਹੈ, ਕਿਸੇ ਐਮ ਪੀ ਦੀ ਗੱਡੀ ਉਤੇ ਨਹੀਂ ਹੁੰਦੀ। ਭਾਰਤ ਵਿਚ ਜਿਨ੍ਹਾਂ ਕੋਲ ਕੋਈ ਅਹੁਦਾ ਨਹੀਂ, ਕਿਸੇ ਲੀਡਰ ਦੇ ਝੋਲੀ-ਚੁੱਕ ਹੀ ਹਨ, ਉਹ ਵੀ ਕਾਰ ਉਤੇ ਲਾਲ ਬੱਤੀ ਲਾ ਲੈਂਦੇ ਹਨ। ਲੀਡਰਾਂ ਦੇ ਘਰਾਂ ਦੇ ਜੀਆਂ ਦਾ ਲਾਲ ਬੱਤੀ ਲਾ ਕੇ ਕਾਰ ਵਿਚ ਘੁੰਮਣਾ ਵੀ ਹੱਕ ਬਣ ਗਿਆ ਹੈ। ਜਦੋਂ ਹਰ ਕੋਈ ਏਦਾਂ ਵੀ ਆਈ ਪੀ ਬਣਿਆ ਫਿਰੇਗਾ, ਪੁਲਿਸ ਕਿਸ-ਕਿਸ ਨੂੰ ਚੈਕ ਕਰ ਕੇ ਬੁਰੀ ਬਣਦੀ ਫਿਰੇਗੀ?

ਅਗਲਾ ਮਾਮਲਾ ਹੈ ਇੱਕ ਦੂਜੇ ਦੇ ਸਿਰ ਭਾਂਡਾ ਭੰਨਣ ਦਾ। ਸੰਸਦ ਵਿਚ ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂਆਂ ਨੇ ਕਿਹਾ, ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਵੀ, ਕਿ ਅਮਰੀਕਾ ਵਿਚ ਇੱਕ ਵਾਰੀ ਗਿਆਰਾਂ ਸਤੰਬਰ ਵਾਲੀ ਵਾਰਦਾਤ ਹੋ ਜਾਣ ਤੋਂ ਪਿੱਛੋਂ ਕੋਈ ਵਾਰਦਾਤ ਨਹੀਂ ਹੋਣ ਦਿੱਤੀ ਗਈ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਨੂੰ ਅਮਰੀਕਾ ਤੋਂ ਸਿੱਖਣਾ ਚਾਹੀਦਾ ਹੈ। ਇੱਕ ਵਾਰੀ ਸੰਸਦ ਵਿਚ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲਾਂ ਬਾਰੇ ਬਹਿਸ ਚੱਲ ਰਹੀ ਸੀ ਤਾਂ ਭਾਜਪਾ ਦੇ ਇੱਕ ਸਾਬਕਾ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਮੈਂ ਭਾਰਤ ਦੇ ਸਭ ਤੋਂ ਵੱਡੇ ਰਾਜ ਯੂ ਪੀ ਦਾ ਮੁੱਖ ਮੰਤਰੀ ਰਹਿ ਚੁੱਕਾ ਹੋਣ ਕਰ ਕੇ ਜਾਣਦਾ ਹਾਂ ਕਿ ਰੋਕਣ ਦੀ ਇੱਛਾ ਹੋਵੇ ਤਾਂ ਦੰਗੇ ਤਿੰਨ ਘੰਟਿਆਂ ਵਿਚ ਰੋਕੇ ਜਾ ਸਕਦੇ ਹਨ। ਉਸੇ ਵੇਲੇ ਇੱਕ ਮੈਂਬਰ ਨੇ ਉਠ ਕੇ ਕਹਿ ਦਿੱਤਾ ਕਿ ਇਹੋ ਜਿਹਾ ਫਾਰਮੂਲਾ ਤੁਸੀਂ ਆਪਣੀ ਪਾਰਟੀ ਦੇ ਗੁਜਰਾਤ ਵਾਲੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵੀ ਦੱਸ ਦੇਣਾ ਸੀ, ਉਥੇ ਇੱਕ ਹਫਤਾ ਲੋਕ ਮਰਦੇ ਰਹੇ ਤੇ ਸਰਕਾਰ ਤਮਾਸ਼ਾ ਵੇਖਦੀ ਰਹੀ ਸੀ। ਇਸ ਦਾ ਭਾਵ ਇਹ ਕਿ ਜਾਂ ਤਾਂ ਨਰਿੰਦਰ ਮੋਦੀ ਦੀ ਦੰਗੇ ਰੋਕਣ ਦੀ ਇੱਛਾ ਨਹੀਂ ਸੀ, ਜਾਂ ਉਹ ਨਿਕੰਮਾ ਬੰਦਾ ਸੀ। ਇਹੋ ਗੱਲ ਹੁਣ ਕਹੀ ਜਾ ਰਹੀ ਹੈ ਕਿ ਜੇ ਅਮਰੀਕਾ ਤੋਂ ਸਿੱਖਣ ਦੀ ਗੱਲ ਸੀ, ਇੱਕ ਵਾਰ ਹੋ ਗਏ ਹਮਲੇ ਪਿੱਛੋਂ ਦੂਜੀ ਅਤਿਵਾਦੀ ਵਾਰਦਾਤ ਨਹੀਂ ਸੀ ਹੋਣੀ ਚਾਹੀਦੀ ਤਾਂ ਲਾਲ ਕਿਲ੍ਹੇ ਉਤੇ ਹਮਲਾ, ਸੰਸਦ ਉਤੇ ਹਮਲਾ ਅਤੇ ਗੁਜਰਾਤ ਦੇ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਦੇ ਬਿਲਕੁਲ ਸਾਹਮਣੇ ਬਣੇ ਹੋਏ ਅਕਸ਼ਰਧਾਮ ਮੰਦਰ ਉਤੇ ਹਮਲਾ ਜਾਂ ਕਈ ਹੋਰ ਹਮਲੇ ਮੁੜ-ਮੁੜ ਕਿਉਂ ਹੁੰਦੇ ਰਹੇ ਸਨ? ਏਦਾਂ ਦੇ ਅਨੇਕਾਂ ਸਵਾਲ ਇੱਕ ਦੂਜੇ ਨੂੰ ਕੀਤੇ ਜਾ ਸਕਦੇ ਹਨ ਪਰ ਇਹ ਕੋਈ ਜਵਾਬ ਪੇਸ਼ ਨਹੀਂ ਕਰਨਗੇ।

ਜਵਾਬ ਤਾਂ ਹਕੀਕਤਾਂ ਵਿਚ ਲੁਕਿਆ ਹੋਇਆ ਹੈ। ਪਹਿਲੀ ਹਕੀਕਤ ਇਹ ਹੈ ਕਿ ਭਾਰਤ ਅਮਰੀਕਾ ਨਹੀਂ। ਇਸ ਦਾ ਭਾਵ ਇਹ ਨਹੀਂ ਕਿ ਅਮਰੀਕਾ ਜਿੰਨੀਆਂ ਚੁਸਤ ਸੁਰੱਖਿਆ ਏਜੰਸੀਆਂ ਭਾਰਤ ਕੋਲ ਨਹੀਂ, ਸਗੋਂ ਇਹ ਹੈ ਕਿ ਉਸ ਦੇ ਜਿੰਨੇ ਵਸੀਲੇ ਵੀ ਭਾਰਤ ਕੋਲ ਨਹੀਂ ਹਨ ਅਤੇ ਉਸ ਮਹਾਂ ਸ਼ਕਤੀ ਵਰਗੀਆਂ ਚੁਸਤੀਆਂ ਵਰਤਣਾ ਵੀ ਭਾਰਤ ਦੀ ਨੀਤੀ ਦਾ ਹਿੱਸਾ ਨਹੀਂ ਹੋ ਸਕਦਾ। ਹੁਣੇ ਜਿਹੇ ਵਿਕੀਲੀਕਸ ਦੇ ਖੁਲਾਸਿਆਂ ਨੇ ਭੇਦ ਖੋਲ੍ਹਿਆ ਹੈ ਕਿ ਮੁੰਬਈ ਉਤੇ ਹੋਏ ਹਮਲੇ ਬਾਰੇ ਅਮਰੀਕਾ ਦੀਆਂ ਖੁਫੀਆ ਏਜੰਸੀਆਂ ਨੂੰ ਅਗਾਊਂ ਪਤਾ ਸੀ। ਇਸ ਦੇ ਬਾਵਜੂਦ ਉਸ ਨੇ ਭਾਰਤ ਨੂੰ ਇਸ ਬਾਰੇ ਦੱਸਿਆ ਨਹੀਂ ਸੀ ਤੇ ਨਤੀਜੇ ਵਜੋਂ ਜਿਹੜੇ ਇੱਕ ਸੌ ਛਿਆਹਠ ਲੋਕ ਮਾਰੇ ਗਏ, ਉਨ੍ਹਾਂ ਵਿਚ ਅਮਰੀਕਾ ਦੇ ਆਪਣੇ ਕੁਝ ਨਾਗਰਿਕ ਵੀ ਸਨ। ਵਿਕੀਲੀਕਸ ਦਾ ਇਹ ਖੁਲਾਸਾ ਸੋਲਾਂ ਆਨੇ ਸੱਚ ਹੈ। ਡੇਵਿਡ ਕੋਲਮੈਨ ਹੇਡਲੀ ਉਰਫ ਦਾਊਦ ਗਿਲਾਨੀ ਸਿਰਫ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਲਈ ਨਹੀਂ, ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਵਾਸਤੇ ਵੀ ਕੰਮ ਕਰਦਾ ਸੀ। ਜਦੋਂ ਉਹ ਮੁੜ-ਮੁੜ ਭਾਰਤ ਆਉਂਦਾ ਅਤੇ ਫਿਰ ਪਾਕਿਸਤਾਨ ਵਿਚ ਸਾਰੀ ਖੇਡ ਦੀ ਗੋਂਦ ਗੁੰਦਣ ਜਾਂਦਾ ਸੀ, ਉਦੋਂ ਸੀ ਆਈ ਏ ਜਾਂ ਐਫ ਬੀ ਆਈ ਨੇ ਉਸ ਨੂੰ ਨਹੀਂ ਸੀ ਫੜਿਆ ਪਰ ਜਦੋਂ ਉਹ ਅਮਰੀਕਾ ਦੀ ਵਾਤਾਵਰਣ ਬਾਰੇ ਸੰਸਾਰ ਭਰ ਨਾਲ ਟੱਕਰ ਦਾ ਮੋਹਰਾ ਬਣੇ ਹੋਏ ਡੈਨਮਾਰਕ ਦੇ ਅੰਦਰ ਕਿਸੇ ਵਾਰਦਾਤ ਦੀ ਖੇਡ ਖੇਡਣ ਪਹੁੰਚ ਗਿਆ, ਉਦੋਂ ਅਮਰੀਕੀ ਏਜੰਸੀਆਂ ਨੇ ਫੜ ਕੇ ਅੰਦਰ ਕਰ ਦਿੱਤਾ ਸੀ। ਭਾਰਤ ਇਸ ਤਰ੍ਹਾਂ ਦੀ ਖੇਡ ਕਦੇ ਨਹੀਂ ਖੇਡ ਸਕਦਾ ਕਿ ਪਤਾ ਵੀ ਹੋਵੇ ਅਤੇ ਸਬੰਧਤ ਦੇਸ਼ ਦੇ ਲੋਕਾਂ ਨੂੰ ਮਰਦੇ ਹਨ ਤਾਂ ਮਰਨ ਦੇਵੇ। ਇਸ ਕਰ ਕੇ ਸਾਨੂੰ ਭਾਰਤ ਦੇ ਅੰਦਰ ਦੀਆਂ ਕਮਜ਼ੋਰੀਆਂ ਦਾ ਪਤਾ ਲਾਉਣ ਤੇ ਪ੍ਰਬੰਧ ਪੱਕੇ ਕਰਨ ਤੱਕ ਸੀਮਤ ਹੋਣਾ ਚਾਹੀਦਾ ਹੈ।

ਅੰਦਰ ਦੀਆਂ ਹਾਲਤਾਂ ਜਿਹੋ ਜਿਹੀਆਂ ਹਨ, ਉਹ ਕਿਸੇ ਤੋਂ ਲੁਕੀਆਂ ਹੋਈਆਂ ਨਹੀਂ। ਹੁਣ ਦਿੱਲੀ ਦੇ ਬੰਬ ਧਮਾਕੇ ਨੇ ਇੱਕ ਵਾਰੀ ਫਿਰ ਜ਼ਾਹਰ ਕਰ ਦਿੱਤਾ ਹੈ ਕਿ ਸਾਡਾ ਆਪਣਾ ਪ੍ਰਬੰਧ ਵੀ ਸਿਰੇ ਦਾ ਨਾਕਸ ਹੈ। ਜਿਹੜੀ ਕਾਰ ਉਤੇ ਦਿੱਲੀ ਹਾਈ ਕੋਰਟ ਦੇ ਬਾਹਰ ਬੰਬ ਧਮਾਕੇ ਦੀ ਵਾਰਦਾਤ ਵਿਚ ਸ਼ਾਮਲ ਹੋਣ ਦਾ ਸ਼ੱਕ ਹੈ, ਉਸ ਦਾ ਖੁਰਾ ਤਾਂ ਲੱਭ ਲਿਆ ਪਰ ਪਿੱਛੋਂ ਇਹ ਪਤਾ ਲੱਗਾ ਕਿ ਉਹ ਢਾਈ ਸਾਲ ਪਹਿਲਾਂ ਚੋਰੀ ਹੋ ਗਈ ਸੀ ਤੇ ਕਾਰ ਦਾ ਮਾਲਕ ਉਸ ਦਾ ਪੁਲਿਸ ਤੋਂ ਨਾ ਲੱਭ ਸਕਣ ਦਾ ਸਰਟੀਫਿਕੇਟ ਲੈ ਕੇ ਬੀਮਾ ਕੰਪਨੀ ਤੋਂ ਮੁਆਵਜ਼ਾ ਵੀ ਲੈ ਚੁੱਕਾ ਸੀ। ਫਿਰ ਉਹ ਕਾਰ ਓਹੋ ਨੰਬਰ ਪਲੇਟ ਲਾ ਕੇ ਦਿੱਲੀ ਵਿਚ ਹੀ ਫਿਰਦੀ ਰਹੀ, ਜਦ ਕਿ ਪੁਲਿਸ ਦੇ ਕੰਪਿਊਟਰ ਉਤੇ ਉਸ ਦੇ ਚੋਰੀ ਹੋ ਜਾਣ ਦੀ ਰਿਪੋਰਟ ਦਰਜ ਸੀ। ਇਹੋ ਨਹੀਂ, ਦੋ ਹਫਤੇ ਪਹਿਲਾਂ ਉਹ ਕਾਰ ਉਸੇ ਨੰਬਰ ਦੀ ਪਲੇਟ ਨਾਲ ਇੱਕ ਥਾਂ ਲਾਲ ਬੱਤੀ ਦੀ ਉਲੰਘਣਾ ਦਾ ਚਲਾਣ ਵੀ ਕਰਵਾ ਗਈ ਤੇ ਫਿਰ ਕੋਈ ਭੁਗਤਣ ਵੀ ਨਾ ਆਇਆ। ਚਲਾਣ ਪੁਲਿਸ ਦੇ ਕੰਪਿਊਟਰ ਉਤੇ ਹੈ ਪਰ ਦੋਵਾਂ ਕੰਪਿਊਟਰਾਂ ਦਾ ਆਪਸ ਵਿਚ ਏਨਾ ਸਬੰਧ ਵੀ ਨਹੀਂ ਕਿ ਇੱਕ ਤੋਂ ਦੂਜੇ ਵਿਚ ਫਲੈਸ਼ ਚਮਕ ਪਵੇ ਕਿ ਇਹ ਕਾਰ ਚੋਰੀ ਦੀ ਹੈ। ਇਹੋ ਕਾਰ ਇਸੇ ਨੰਬਰ ਪਲੇਟ ਨਾਲ ਪਿਛਲੇ ਦਿਨਾਂ ਵਿਚ ਕਈ ਵਾਰੀ ਦਿੱਲੀ ਦੇ ਇੰਟਰਨੈਸ਼ਨਲ ਏਅਰਪੋਰਟ ਉਤੇ ਵੀ ਜਾਂਦੀ ਰਹੀ, ਉਥੋਂ ਦੇ ਕੰਪਿਊਟਰਾਂ ਵਿਚ ਇਸ ਦਾ ਨੰਬਰ ਦਰਜ ਹੁੰਦਾ ਰਿਹਾ ਪਰ ਉਨ੍ਹਾਂ ਦਾ ਸਬੰਧ ਵੀ ਦਿੱਲੀ ਪੁਲਿਸ ਦੇ ਕੰਪਿਊਟਰਾਂ ਨਾਲ ਨਹੀਂ। ਵਾਰਦਾਤਾਂ ਹੋਣ ਤੋਂ ਕੌਣ ਰੋਕ ਸਕੇਗਾ?

ਸਾਡੇ ਅੰਦਰ ਦੇ ਹਾਲਾਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਮੁੰਬਈ ਦੇ ਹਮਲੇ ਵੇਲੇ ਉਥੋਂ ਦੀ ਗੱਠਜੋੜ ਸਰਕਾਰ ਦੇ ਗ੍ਰਹਿ ਮੰਤਰੀ, ਜਿਹੜਾ ਸ਼ਰਦ ਪਵਾਰ ਦੀ ਪਾਰਟੀ ਦਾ ਹੈ, ਨੇ ਇਸ ਗੱਲੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਕੋਈ ਅਗਾਊਂ ਚੇਤਾਵਨੀ ਦਿੱਤੀ ਗਈ ਸੀ। ਜਦੋਂ ਕੇਂਦਰ ਦੇ ਮੰਤਰਾਲੇ ਵੱਲੋਂ ਇਸ ਦਾ ਸਪੱਸ਼ਟੀਕਰਨ ਦਿੱਤਾ ਗਿਆ ਕਿ ਜਾਣਕਾਰੀ ਦਿੱਤੀ ਗਈ ਸੀ ਤਾਂ ਪਤਾ ਇਹ ਲੱਗਾ ਕਿ ਸੂਚਨਾ ਆਈ ਸੀ ਪਰ ਇਸ ਨੂੰ ਆਮ ਜਿਹੀ ਸੂਚਨਾ ਸਮਝ ਕੇ ਸਿਖਰਲੇ ਅਹੁਦੇਦਾਰਾਂ ਤੱਕ ਪੁਚਾਇਆ ਹੀ ਨਹੀਂ ਸੀ ਗਿਆ। ਇਹੋ ਗੱਲ ਹੁਣ ਦਿੱਲੀ ਵੇਲੇ ਕਹੀ ਗਈ ਹੈ। ਦੇਸ਼ ਦਾ ਗ੍ਰਹਿ ਮੰਤਰੀ ਇਹ ਸਫਾਈਆਂ ਦੇ ਰਿਹਾ ਹੈ ਕਿ ਸੂਚਨਾ ਦਿੱਤੀ ਗਈ ਸੀ, ਯੋਗ ਥਾਂਵਾਂ ਤੱਕ ਨਹੀਂ ਸੀ ਪਹੁੰਚ ਸਕੀ। ਮਹਾਰਾਸ਼ਟਰ ਤਾਂ ਵੱਖਰਾ ਰਾਜ ਹੈ, ਦਿੱਲੀ ਦੀ ਪੁਲਿਸ ਕੇਂਦਰ ਸਰਕਾਰ ਦੇ ਆਪਣੇ ਅਧੀਨ ਹੈ। ਜੇ ਉਥੇ ਕੋਈ ਕਮੀ-ਕਮਜ਼ੋਰੀ ਰਹੀ ਹੈ ਤਾਂ ਇਹ ਵੀ ਗ੍ਰਹਿ ਮੰਤਰੀ ਚਿਦੰਬਰਮ ਦੇ ਆਪਣੇ ਸਿਰ ਪਵੇਗੀ।

ਇੱਕ ਹੋਰ ਗੱਲ ਵੀ ਹੈਰਾਨੀ ਵਾਲੀ ਸਾਹਮਣੇ ਆਈ ਹੈ। ਬੜਾ ਚਿਰ ਪਹਿਲਾਂ ਕਿਹਾ ਗਿਆ ਕਿ ਹਾਈ ਕੋਰਟ ਦੇ ਅੰਦਰ ਅਤੇ ਬਾਹਰ ਕਲੋਜ਼ ਸਰਕਿਟ ਟੀ ਵੀ ਕੈਮਰੇ ਲਾਏ ਜਾਣ ਤਾਂ ਕਿ ਚੌਕਸੀ ਰੱਖੀ ਜਾ ਸਕੇ ਪਰ ਲਾਏ ਨਹੀਂ ਸੀ ਗਏ। ਹੁਣ ਦੇਸ਼ ਦਾ ਗ੍ਰਹਿ ਮੰਤਰੀ ਕਹਿ ਰਿਹਾ ਹੈ ਕਿ ਇਸ ਦੀ ਤਜਵੀਜ਼ ਤਾਂ ਸੀ ਪਰ ਜਦੋਂ ਵੀ ਟੈਂਡਰ ਮੰਗੇ ਗਏ, ਪੀ ਡਬਲਿਊ ਡੀ (ਪਬਲਿਕ ਵਰਕਸ ਡਿਪਾਰਟਮੈਂਟ) ਦੇ ਅਧਿਕਾਰੀ ਆਈਆਂ ਹੋਈਆਂ ਕੁਟੇਸ਼ਨਾਂ ਨੂੰ ਰੱਦ ਕਰ ਦੇਂਦੇ ਰਹੇ, ਕਿਉਂਕਿ ਹਰ ਕੋਈ ਡਰਦਾ ਸੀ ਕਿ ਜੇ ਜ਼ਰਾ ਕੁ ਵੱਧ ਰੇਟ ਦੇ ਦਿੱਤਾ ਤਾਂ ਕੱਲ੍ਹ ਨੂੰ ਜਾਂਚ ਏਜੰਸੀ ਨੇ ਫੜ ਲੈਣਾ ਹੈ। ਜਿਸ ਦੇਸ਼ ਵਿਚ ਕਰੋੜਾਂ ਰੁਪਏ ਦੇ ਹਵਾਈ ਜਹਾਜ਼ ਬਿਨਾਂ ਲੋੜ ਤੋਂ ਏਅਰ ਇੰਡੀਆ ਵਾਸਤੇ ਇੱਕ ਮੰਤਰੀ ਨੇ ਖਰੀਦ ਲਏ ਸਨ, ਜਿਸ ਦੇਸ਼ ਵਿਚ ਕਾਮਨਵੈਲਥ ਖੇਡਾਂ ਦਾ ਇੱਕ ਪ੍ਰਬੰਧਕ ਕਰੋੜਾਂ ਦੀ ਬਜਾਏ ਅਰਬਾਂ ਰੁਪਏ ਦਾ ਸਾਮਾਨ ਬਿਨਾਂ ਟੈਂਡਰਾਂ ਤੋਂ ਖਰੀਦ ਲੈਂਦਾ ਸੀ, ਉਸ ਦੇਸ਼ ਵਿਚ ਸੁਰੱਖਿਆ ਪ੍ਰਬੰਧ ਲਈ ਦਸ-ਬਾਰਾਂ ਲੱਖ ਰੁਪਏ ਦੇ ਕੈਮਰੇ ਖਰੀਦ ਕਰਨ ਵਾਲੇ ਇਸ ਗੱਲ ਤੋਂ ਡਰੀ ਜਾਂਦੇ ਸਨ ਕਿ ਫਸ ਨਾ ਜਾਂਦੇ ਹੋਈਏ। ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਖਰੀਦਣ ਵਾਸਤੇ ਕਮਿਸ਼ਨ ਦੇ ਰੇਟ ਬਾਰੇ ਸਹਿਮਤੀ ਨਾ ਹੋ ਸਕੀ ਹੋਵੇ ਪਰ ਸਵਾਲ ਕੋਈ ਵੀ ਹੋਵੇ, ਜਿਹੜੇ ਦਰਜਨ ਤੋਂ ਵੱਧ ਲੋਕ ਮਾਰੇ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਦੀ ਤਸੱਲੀ ਕੌਣ ਤੇ ਕਿਵੇਂ ਕਰਵਾ ਸਕੇਗਾ? ਤਸੱਲੀ ਤਾਂ ਅਜੇ ਤੱਕ ਮੁੰਬਈ ਵਿਚ ਮਾਰੇ ਗਏ ਨਾਮਣੇ ਵਾਲੇ ਪੁਲਿਸ ਅਧਿਕਾਰੀਆਂ ਦੇ ਪਰਿਵਾਰਾਂ ਦੀ ਵੀ ਕੋਈ ਨਹੀਂ ਕਰਵਾ ਸਕਿਆ ਕਿ ਮਹਿੰਗੇ ਭਾਅ ਨਿਕੰਮੀ ਬੁਲਿਟ ਪਰੂਫ ਜੈਕਟ ਲੈ ਕੇ ਉਨ੍ਹਾਂ ਨੂੰ ਕਿਉਂ ਦਿੱਤੀ ਗਈ ਸੀ, ਜਿਹੜੀ ਉਨ੍ਹਾਂ ਦਾ ਬਚਾਅ ਨਹੀਂ ਸੀ ਕਰ ਸਕੀ?

ਭ੍ਰਿਸ਼ਟਾਚਾਰ ਦਾ ਭੜੋਲਾ ਬਣੇ ਪਏ ਭਾਰਤ ਵਿਚ ਜਦੋਂ ਹਰ ਪਾਸੇ 'ਪੈਸਾ ਖੁਦਾ ਸੇ ਕਮ ਨਹੀਂ' ਦਾ ਜਾਪ ਹੋ ਰਿਹਾ ਹੈ, ਉਸ ਵਿਚ ਕਦੇ ਦਿੱਲੀ, ਕਦੀ ਮੁੰਬਈ, ਕਦੀ ਹੈਦਰਾਬਾਦ, ਕਦੀ ਅਜਮੇਰ ਧਮਾਕਾ ਹੋ ਸਕਦਾ ਹੈ ਤੇ ਕਿਸੇ ਦਿਨ ਇਹੋ ਜਿਹਾ ਮੌਕਾ ਸਾਡੇ ਗਵਾਂਢ ਵੀ ਬਣ ਸਕਦਾ ਹੈ, ਆਖਰ ਅਸੀਂ ਵੀ ਏਸੇ 'ਮਹਾਨ ਦੇਸ਼' ਦੇ ਨਾਗਰਿਕ ਹਾਂ।

# ਕੀ ਚੋਣਾਂ ਲੜ ਰਹੇ ਸਾਰੇ ਉਮੀਦਵਾਰਾਂ ਦੇ ਪਰਿਵਾਰਾਂ ਨੇ ਅੰਮ੍ਰਿਤ ਛਕ ਲਿਐ?

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਦੋ ਹਫ਼ਤੇ ਪਹਿਲਾਂ ਸਾਰੀਆਂ ਅਖ਼ਬਾਰਾਂ ਵਿਚ ਖ਼ਬਰ ਲੱਗੀ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਹ ਆਦੇਸ਼ ਜਾਰੀ ਕੀਤਾ ਹੈ ਕਿ ਚੋਣ ਲੜ ਰਿਹਾ ਹਰ ਉਮੀਦਵਾਰ ਅਤੇ ਉਸ ਦੇ ਪਰਿਵਾਰ ਦੇ ਸਾਰੇ ਜੀਅ 25 ਅਗਸਤ ਤੱਕ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ। ਚੋਣਾਂ 18 ਸਤੰਬਰ ਨੂੰ ਹੋ ਰਹੀਆਂ ਹਨ ਅਤੇ ਹਰ ਉਮੀਦਵਾਰ ਤੇ ਉਸ ਦੇ ਪਰਿਵਾਰ ਦਾ ਲਾਜ਼ਮੀ ਅੰਮ੍ਰਿਤਧਾਰੀ ਹੋਣ ਦਾ ਮੁੱਦਾ ਸੁਪਰੀਮ ਕੋਰਟ ਦੇ ਨਾਮਵਰ ਵਕੀਲ ਐਚ.ਐਸ. ਫੂਲਕਾ ਨੇ ਜਥੇਦਾਰ ਸਾਹਮਣੇ ਰੱਖਿਆ ਸੀ। ਜਥੇਦਾਰ ਨੇ ਵੀ ਉਨ੍ਹਾਂ ਦੇ ਕਹਿਣ 'ਤੇ ਇਹ ਗੱਲ ਅੱਗੇ ਚੱਲਦੀ ਕਰ ਦਿੱਤੀ ਪਰ ਇਸ ਹਫ਼ਤੇ ਫਿਰ ਜੋ ਖ਼ਬਰ ਇਸ ਸਬੰਧੀ ਲੱਗੀ ਹੈ, ਉਸ ਮੁਤਾਬਕ ਜਥੇਦਾਰ ਕਹਿੰਦੇ ਹਨ ਕਿ ਹੁਣ ਤੱਕ ਸਿਰਫ਼ ਪੰਜ-ਛੇ ਉਮੀਦਵਾਰਾਂ ਦੇ ਪਰਿਵਾਰ ਹੀ ਉਨ੍ਹਾਂ ਕੋਲ ਪਹੁੰਚੇ ਹਨ ਅੰਮ੍ਰਿਤ ਛਕਣ ਲਈ। ਅੱਗੇ ਜਥੇਦਾਰ ਸਾਹਿਬ ਦਾ ਹੁਕਮ ਹੈ ਕਿ ਜਿਹੜੇ ਪਰਿਵਾਰ ਅੰਮ੍ਰਿਤ ਨਹੀਂ ਛਕ ਸਕੇ, ਪਹਿਲਾਂ ਉਨ੍ਹਾਂ ਨੂੰ ਅਪੀਲ ਕੀਤੀ ਜਾਵੇਗੀ ਅਤੇ ਫਿਰ ਉਨ੍ਹਾਂ ਦੇ ਪਿੰਡ ਵਿਚ ਜਾ ਕੇ ਦੀਵਾਨ ਸਜਾਏ ਜਾਣਗੇ ਅਤੇ ਉਥੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਜਾਇਆ ਕਰੇਗਾ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ 170 ਸੀਟਾਂ 'ਤੇ ਚੋਣਾਂ ਹੋ ਰਹੀਆਂ ਹਨ ਅਤੇ ਜਥੇਦਾਰ ਦੇ ਕਹਿਣ 'ਤੇ ਮਸੀਂ ਪੰਜ-ਛੇ ਟੱਬਰ ਹੀ ਗੁਰੂ ਵਾਲੇ ਬਣੇ ਹਨ। ਹੁਣ ਸੰਗਤਾਂ ਦਾ ਇੱਥੇ ਪੁੱਛਣਾ ਬਣਦਾ ਹੈ ਕਿ ਬਾਕੀ 164 ਸੀਟਾਂ ਦੇ ਉਮੀਦਵਾਰਾਂ ਦੇ ਪਰਿਵਾਰ ਜੇ ਸਮਝਦੇ ਹੀ ਕੁਝ ਨਹੀਂ, ਤਾਂ ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਦੀਵਾਨ ਸਜਾ ਕੇ ਵੀ ਕਿਹੜਾ ਪਹਾੜ ਢਾਹ ਲੈਣਾ ਹੈ ਅਤੇ ਜਥੇਦਾਰ ਸਾਹਿਬ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੇ ਲੋਕ ਚੋਣਾਂ ਲੜ ਰਹੇ ਹਨ, ਉਹ ਰੱਬ ਅਤੇ ਗੁਰੂ ਤੋਂ ਡਰਦੇ ਹੀ ਨਹੀਂ ਹਨ। ਉਹ ਤਾਂ ਸਿਰਫ ਤੇ ਸਿਰਫ਼ ਸਤਿਕਾਰਯੋਗ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਮੰਨਦੇ ਹਨ ਅਤੇ ਬਾਦਲ ਹੀ ਉਨ੍ਹਾਂ ਦਾ ਰੱਬ ਹੈ। ਹੁਣ ਤਾਂ ਲੋਕੀ ਇਹ ਵੀ ਕਹਿੰਦੇ ਹਨ ਕਿ ਕਿਹੜਾ ਰੱਬ ਦੇ ਮਗਰ ਮਗਰ ਤੁਰਿਆ ਫਿਰੇ, ਉਹ ਕਿਹੜਾ ਲੱਭਦਾ ਹੈ; ਬਾਦਲ ਸਾਹਿਬ ਤਾਂ ਝੱਟ ਪੱਟ ਮਾਇਆ ਨਾਲ ਘਰ ਭਰ ਦਿੰਦੇ ਹਨ।

ਪਹਿਲਾਂ ਲੋਕ ਕਿਹਾ ਕਰਦੇ ਸਨ, ਰੱਬ ਨੇੜੇ ਕਿ ਘਸੁੰਨ? ਹੁਣ ਉਮੀਦਵਾਰ ਆਖਦੇ ਹਨ ਕਿ ਗੁਰੂ ਨੇੜੇ ਹੈ ਕਿ ਬਾਦਲ? ਸੋ, ਜੇ ਰੱਬ ਨਾ ਵੀ ਖੁਸ਼ ਹੋਵੇ ਤਾਂ ਇਨ੍ਹਾਂ ਲੋਕਾਂ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਬਾਦਲ ਬਾਬਾ ਜੀ ਹਰ ਸਮੇਂ ਖੁਸ਼ ਰਹਿਣੇ ਚਾਹੀਦੇ ਹਨ। ਜਿੱਤਣ ਤੋਂ ਬਾਅਦ 11 ਰੁਪਏ ਦਾ ਪ੍ਰਸ਼ਾਦ ਕਰਵਾ ਕੇ ਆਪ ਹੀ ਛਕ ਜਾਣਾ ਹੈ ਅਤੇ ਇਕੱਠੇ ਹੋਏ ਲੋਕਾਂ ਦੇ ਸਾਹਮਣੇ ਭਾਵ ਆਪਣੀਆਂ ਹੀ ਸੰਗਤਾਂ ਦੇ ਸਾਹਮਣੇ ਆਪਣੀ ਸ਼ਰਧਾ ਵੀ ਬਰਕਰਾਰ ਰੱਖ ਲੈਣੀ ਹੈ ਪਰ ਜੇ ਬਾਦਲ ਸਾਹਿਬ ਰੁੱਸ ਗਏ ਤਾਂ ਬਰਬਾਦੀ ਸਾਹਮਣੇ ਖੜ੍ਹੀ ਹੈ। ਕਿਹੜਾ ਬੰਦਾ ਪਾਣੀ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਪਾਵੇਗਾ?

ਬਾਕੀ, ਬਥੇਰੇ ਲੋਕ ਜੁਰਅਤ ਵੀ ਕਰਦੇ ਹਨ, ਆਪੋ-ਆਪਣੇ ਇਲਾਕਿਆਂ ਵਿਚ ਸੇਵਾ ਵੀ ਕਰਦੇ ਹਨ ਤਾਂ ਕੌਮ ਦੀ ਉਮੀਦ ਬਣਦੀ ਹੈ ਕਿ ਸ਼ਾਇਦ ਇਸ ਵਾਰੀ ਕੁਝ ਚੰਗੇ, ਨੇਕ, ਭਲੇ ਪੁਰਸ਼ ਅੱਗੇ ਆ ਜਾਣਗੇ। ਫਿਰ ਕਈ ਤਰ੍ਹਾਂ ਦੇ ਵੱਖੋ ਵੱਖਰੇ ਪੰਥ ਵੀ ਤਿਆਰ ਹੋ ਜਾਂਦੇ ਹਨ ਅਤੇ ਦਮਾਮੇ ਵੱਜਣ ਲੱਗ ਪੈਂਦੇ ਹਨ। ਤਰ੍ਹਾਂ-ਤਰ੍ਹਾਂ ਦੇ ਸਟੰਟ ਕੀਤੇ ਜਾਂਦੇ ਹਨ ਅਤੇ ਨਾਅਰੇ ਵੀ ਲੱਗਦੇ ਹਨ ਕਿ ਅਸੀਂ ਹੁਣ ਪੰਜਾਬ ਦਾ ਭਵਿੱਖ ਵੀ ਬਦਲਾਂਗੇ, ਗੁਰਦੁਆਰੇ ਵੀ ਆਜ਼ਾਦ ਕਰਵਾਵਾਂਗੇ, ਲੋਕਾਂ ਨਾਲ ਕੀਤੇ ਹੋਏ ਵਾਅਦੇ ਵੀ ਪੂਰੇ ਕਰਾਂਗੇ। ਦੂਜੇ ਪਾਸੇ, ਜਦੋਂ ਬਾਦਲਕਿਆਂ ਦੇ ਸੂਹੀਏ ਜਦੋਂ ਬਾਦਲਕਿਆਂ ਨੂੰ ਜਾ ਕੇ ਖ਼ਬਰ ਸੁਣਾਉਂਦੇ ਹਨ ਕਿ ਫਲਾਣੇ ਇਲਾਕੇ ਵਿਚ ਕੋਈ ਬੰਦਾ ਬੋਲ ਰਿਹਾ ਹੈ ਤਾਂ ਮਾਲਕ ਫਟਾ ਫਟ ਹਰਕਤ ਵਿਚ ਆ ਜਾਂਦੇ ਹਨ ਅਤੇ ਸ਼ਾਮ ਹੋਣ ਤੋਂ ਪਹਿਲਾਂ ਪਹਿਲਾਂ ਹੀ ਕਰੋੜਾਂ ਰੁਪਏ ਖ਼ਰਚ ਕੇ ਓਪਰੇਸ਼ਨ ਕੀਤਾ ਜਾਂਦਾ ਹੈ। ਫਿਰ ਇਕ ਦਿਨ ਪਹਿਲਾਂ ਹੀ ਜੋ ਬੰਦਾ ਧਰਮ ਦਾ ਰੌਲਾ ਪਾ ਰਿਹਾ ਹੁੰਦਾ ਹੈ, ਉਹ ਓਪਰੇਸ਼ਨ ਤੋਂ ਬਾਅਦ ਸਦਾ ਲਈ ਹੀ ਚੁੱਪ ਹੋ ਜਾਂਦਾ ਹੈ ਅਤੇ ਮੁੜ ਕੇ ਵਿਚਾਰਾ ਕਦੀ ਵੀ ਨਹੀਂ ਬੋਲਦਾ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕਿਸ ਨੂੰ ਯਾਦ ਰਹਿੰਦਾ ਹੈ ਕਿ ਜਿਸ ਬੰਦੇ ਦਾ ਓਪਰੇਸ਼ਨ ਹੋਇਆ ਹੈ ਜਾਂ ਕੀਤਾ ਗਿਆ ਹੈ, ਉਸ ਨੇ ਜਾਂ ਉਸ ਦੇ ਪਰਿਵਾਰ ਨੇ ਅੰਮ੍ਰਿਤ ਛਕਿਆ ਹੋਇਆ ਹੈ ਜਾਂ ਨਹੀਂ? ਇਨ੍ਹਾਂ ਤਾਂ ਜਿਸ ਬੰਦੇ ਤੋਂ ਖਤਰਾ ਸੀ, ਬੰਦਾ ਖਰੀਦ ਲਿਆ; ਬਾਕੀ ਉਸ ਬੰਦੇ ਦੇ ਪਰਿਵਾਰ ਦਾ ਕੀ ਕਸੂਰ ਹੈ ਕਿ ਉਹ ਜਥੇਦਾਰ ਦੇ ਕਹਿਣ 'ਤੇ ਧੱਕੇ ਨਾਲ ਹੀ ਅੰਮ੍ਰਿਤ ਛਕੀ ਜਾਵੇ? ਉਸ ਪਰਿਵਾਰ ਨੂੰ ਤਾਂ ਪਤਾ

*(ਬਾਕੀ ਸਫਾ 27 'ਤੇ)*

# ਸ਼ਿਕਾਗੋ ਦਾ ਕਬੱਡੀ ਕੱਪ ਸਿਨਸਿਨੈਟੀ ਦੀ ਟੀਮ ਨੇ ਜਿਤਿਆ

**ਸ਼ਿਕਾਗੋ (ਪ੍ਰਿੰ. ਸਰਵਣ ਸਿੰਘ, ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਕਲੱਬ, ਸ਼ਿਕਾਗੋ ਵਲੋਂ ਲੰਘੀ 4 ਸਤੰਬਰ ਨੂੰ ਕਰਵਾਏ ਗਏ ਕਬੱਡੀ ਕੱਪ ਟੂਰਨਾਮੈਂਟ ਵਿਚ ਕਬੱਡੀ ਓਪਨ ਦਾ 5100 ਡਾਲਰ ਦਾ ਪਹਿਲਾ ਇਨਾਮ ਸਿਨਸਿਨੈਟੀ ਦੀ ਅਮਨਦੀਪ ਧਾਰਨੀ ਅਤੇ ਜਗਰੂਪ ਸਿੰਘ ਤੂਰ ਦੀ ਸਪਾਂਸਰ ਕੀਤੀ ਅਤੇ ਚੋਟੀ ਦੇ ਧਾਵੀਆਂ ਤੇ ਜਾਫੀਆਂ ਨਾਲ ਸ਼ਿੰਗਾਰੀ ਪੰਜਾਬ ਸਪੋਰਟਸ ਕਲੱਬ ਓਹਾਇਓ ਦੀ ਟੀਮ ਨੇ ਜਿੱਤਿਆ ਜਦੋਂ ਕਿ ਦੂਜੇ ਥਾਂ 'ਤੇ ਯੂ ਐਸ ਏ ਕਬੱਡੀ ਫੈਡਰੇਸ਼ਨ, ਕੈਲੀਫੋਰਨੀਆ ਦੀ ਟੀਮ ਰਹੀ ਜਿਸ ਦੇ ਹਿੱਸੇ 4100 ਡਾਲਰ ਦਾ ਦੂਜਾ ਇਨਾਮ ਆਇਆ।



ਓਪਨ ਕਬੱਡੀ ਵਿਚ ਦੂਜੇ ਥਾਂ ਆਈ ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਟੀਮ

ਮੇਲੇ ਦੀ ਸ਼ੁਰੂਆਤ ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਵਲੋਂ ਪ੍ਰਭੂ ਚਰਨਾਂ ਵਿਚ ਅਰਦਾਸ ਨਾਲ ਹੋਈ। ਗੜ੍ਹਸ਼ੰਕਰ ਵਿਚ ਓਲੰਪੀਅਨ ਜਰਨੈਲ ਸਿੰਘ ਯਾਦਗਾਰੀ ਸਟੇਡੀਅਮ ਬਣਵਾਉਣ ਵਿਚ ਹਿੱਸਾ ਪਾਉਣ ਵਾਲੇ ਹਾਸਰਸੀ ਸ਼ਾਇਰ ਮੇਜਰ ਸਿੰਘ ਮੌਜੀ ਅਤੇ ਕਲੱਬ ਦੇ ਚੇਅਰਮੈਨ ਰਣਬੀਰ ਸਿੰਘ ਧਾਲੀਵਾਲ ਨੇ ਗੁਬਾਰੇ ਉਡਾ ਕੇ ਖੇਡ ਮੇਲੇ ਦਾ ਉਦਘਾਟਨ ਕੀਤਾ ਤੇ ਟੀਮਾਂ ਨੂੰ ਅਸ਼ੀਰਵਾਦ ਦੇ ਕੇ ਕਬੱਡੀ ਦਾ ਮੈਚ ਸ਼ੁਰੂ ਕਰਵਾਇਆ। ਪ੍ਰੋ. ਮੱਖਣ ਸਿੰਘ ਨੇ ਮਾਈਕ ਫੜ ਕੇ ਕਿਹਾ, "ਗੋਲ ਜਿਹਾ ਦਾਇਰਾ ਵਿਚ ਹੰਦੇ ਦੋ ਦਿਸਦੇ, ਚੜ੍ਹ ਜਾਂਦਾ ਚਾਅ ਜਾਂ ਖਿਡਾਰੀ ਵਿਚ



ਮਨਦੀਪ ਸਿੰਘ ਭੂਰਾ ਤੋਂ ਮਿਡਵੈਸਟ ਕੱਪ ਪ੍ਰਾਪਤ ਕਰਦੀ ਹੋਏ ਜੇਤੂ ਟੀਮ

ਦਿਸਦੇ, ਜਾਈਏ ਬਲਿਹਾਰੇ ਜੀਹਨੇ ਕਾਢ ਇਹਦੀ ਕੱਢੀ, ਖੇਡਣੀ ਕਬੱਡੀ ਯਾਰੋ ਖੇਡਣੀ ਕਬੱਡੀ, ਕਈ ਹੁਣ ਖੇਡਦੇ ਤੇ ਕਈਆਂ ਖੇਡ ਛੱਡੀ।"

ਲੋਕਲ ਟੀਮਾਂ ਦੇ ਮੁਕਾਬਲੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ, ਮੀਰੀ ਪੀਰੀ ਸਪੋਰਟਸ



ਬੈਸਟ ਸਟਾਪਰ ਸੰਦੀਪ ਅਤੇ ਬੈਸਟ ਰੇਡਰ ਗੁਰਪ੍ਰੀਤ ਤੇ ਬਲਜੀਤ ਨੂੰ ਇਨਾਮ ਦਿੰਦੇ ਹੋਏ ਸ਼ੇਰਾ ਸ਼ੇਰਗਿੱਲ

ਕਲੱਬ ਇੰਡੀਅਨਐਪੋਲਿਸ ਅਤੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਵਿਚਾਲੇ ਹੋਏ। ਪਹਿਲਾ ਮੈਚ ਸ਼ਿਕਾਗੋ ਕਲੱਬ ਤੇ ਦੁਆਬਾ ਕਲੱਬ ਵਿਚਕਾਰ ਹੋਇਆ ਜੋ ਸ਼ਿਕਾਗੋ ਨੇ 33-20 ਅੰਕਾਂ ਉਤੇ ਜਿੱਤ ਲਿਆ। ਦੂਜਾ ਮੈਚ ਮੀਰੀ ਪੀਰੀ ਸਪੋਰਟਸ ਕਲੱਬ, ਇੰਡੀਅਨਐਪੋਲਿਸ ਅਤੇ ਪੰਜਾਬ ਸਪੋਰਟਸ ਕਲੱਬ ਓਹਾਇਓ, ਸਿਨਸਿਨੈਟੀ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ। ਫਾਈਨਲ ਮੁਕਾਬਲਾ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਅਤੇ ਸਿਨਸਿਨੈਟੀ ਦੀਆਂ ਟੀਮਾਂ ਵਿਚਾਲੇ ਹੋਇਆ। ਮਿਡਵੈਸਟ ਕਬੱਡੀ ਕੱਪ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੀ ਟੀਮ ਨੇ ਜਿੱਤਿਆ।

ਅੰਡਰ 21 ਸ਼ੋਅ ਮੈਚ ਸ਼ਿਕਾਗੋ ਅਤੇ ਪੰਜਾਬ ਸਪੋਰਟਸ ਐਸੋਸੀਏਸ਼ਨ, ਮਿਸ਼ੀਗਨ (ਡਿਟਰਾਇਟ) ਦੀਆਂ ਟੀਮਾਂ ਵਿਚਾਲੇ ਹੋਇਆ ਜਿਨ੍ਹਾਂ ਵਿਚ ਵਧੇਰੇ ਕਰਕੇ ਅਮਰੀਕਾ ਦੇ ਹੀ ਜੰਮਪਲ ਕਬੱਡੀ ਖਿਡਾਰੀ ਸਨ। ਇਹ ਮੁਕਾਬਲਾ ਡਿਟਰਾਇਟ ਦੀ ਟੀਮ ਨੇ ਜਿੱਤਿਆ ਜਦੋਂਕਿ ਸ਼ਿਕਾਗੋ ਦੂਜੇ ਨੰਬਰ 'ਤੇ ਰਿਹਾ।

ਓਪਨ ਕਬੱਡੀ ਕੱਪ ਵਿਚ ਓਂਟਾਰੀਓ ਕਬੱਡੀ ਫੈਡਰੇਸ਼ਨ ਟੋਰਾਂਟੋ, ਯੂ ਐਸ ਏ ਕਬੱਡੀ ਫੈਡਰੇਸ਼ਨ, ਕੈਲੀਫੋਰਨੀਆ, ਪੰਜਾਬ ਸਪੋਰਟਸ ਕਲੱਬ, ਸਿਨਸਿਨੈਟੀ (ਓਹਾਇਓ) ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੀਆਂ ਧੁਰੰਤਰ ਟੀਮਾਂ ਵਿਚਾਲੇ ਜ਼ਬਰਦਸਤ ਮੁਕਾਬਲੇ ਹੋਏ।

ਵੱਡੀਆਂ ਟੀਮਾਂ ਦਾ ਪਹਿਲਾ ਮੈਚ ਯੂ ਐਸ



ਏ ਕਬੱਡੀ ਫੈਡਰੇਸ਼ਨ ਕੈਲੀਫੋਰਨੀਆ ਤੇ ਸਿਨਸਿਨੈਟੀ ਦੀਆਂ ਟੀਮਾਂ ਵਿਚਕਾਰ ਹੋਇਆ। ਦੋਹਾਂ ਟੀਮਾਂ ਵਿਚ ਚੋਟੀ ਦੇ ਖਿਡਾਰੀ ਖੇਡ ਰਹੇ ਸਨ। ਕੈਲੀਫੋਰਨੀਆ ਦੀ ਟੀਮ ਨਾਲ ਜਸਵਿੰਦਰ ਲੱਛਰ, ਅਮਰਜੀਤ ਸੰਘਾ, ਰਮੀਦੀ ਵਾਲਾ ਕਿੰਦੂ ਪਹਿਲਵਾਨ, ਗੁਰਦਿਆਲ ਚੰਦ, ਗੁਰਮੁਖ ਸੰਧੂ ਤੇ ਜਸਵਿੰਦਰ ਸੋਹਲ ਉਚੇਚੇ ਆਏ ਸਨ ਪਰ ਉਨ੍ਹਾਂ ਦੀ ਟੀਮ ਮੈਚ ਜਿੱਤ ਨਾ ਸਕੀ। ਸਿਨਸਿਨੈਟੀ ਦੇ ਧਾਵੀ ਜੱਸਾ ਸਿੱਧਵਾਂ, ਕੀਪਾ ਬੱਧਨੀ ਤੇ ਗੁਰਪ੍ਰੀਤ ਬੁਰਜ ਮੀਕ ਤੇ ਲੈਰੀ ਦੀ ਪਕੜ ਵਿਚ ਨਾ ਆਏ।

ਓਪਨ ਕਬੱਡੀ ਕੱਪ ਦਾ ਦੂਜਾ ਮੈਚ ਟੋਰਾਂਟੋ ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੀਆਂ ਟੀਮਾਂ ਵਿਚਾਲੇ ਹੋਇਆ। ਮਨਿੰਦਰ ਗਿੱਲ, ਰਵੀ ਸਰਾਏ, ਤਾਰੀ, ਜਿੰਦੀ, ਅਮਰੀਕ, ਜੋਰਾ, ਅੰਕਤ, ਡੌਂਟੇ ਤੇ ਰਾਣਾ ਭੰਡਾਲ ਆਦਿ ਖਿਡਾਰੀ ਇਸ ਮੈਚ ਵਿਚ ਖੇਡ ਰਹੇ ਸਨ।

ਫਾਈਨਲ ਮੈਚ ਵਿਚ ਯੂ ਐਸ ਏ ਕਬੱਡੀ ਫੈਡਰੇਸ਼ਨ ਅਤੇ ਸਿਨਸਿਨੈਟੀ ਦੀਆਂ ਟੀਮਾਂ ਦਾ ਪੂਰਾ ਜ਼ੋਰ ਲੱਗਾ। ਕੈਲੀਫੋਰਨੀਆ ਵੱਲੋਂ ਬੱਲੀ, ਅਰਸ਼ੀ ਤੇ ਸਾਹਬੀ ਕਬੱਡੀਆਂ ਪਾਉਣ ਵਾਲੇ ਸਨ ਤੇ ਸਿਨਸਿਨੈਟੀ ਵੱਲੋਂ ਜੱਸਾ, ਕੀਪਾ ਤੇ ਗੁਰਪ੍ਰੀਤ। ਓਧਰ ਮੀਕ ਤੇ ਲੈਰੀ ਜੱਫੇ ਲਾਉਣ ਵਾਲੇ ਸਨ ਤੇ ਏਧਰ ਸੰਦੀਪ, ਭੀਮਾ ਤੇ ਛਿੰਦਾ। ਅੱਧੇ ਸਮੇਂ ਤਕ ਕੈਲੀਫੋਰਨੀਆ ਦੇ 16 ਅੰਕ ਬਣੇ ਤੇ ਸਿਨਸਿਨੈਟੀ ਦੇ 20 ਅੰਕ। ਆਖ਼ਰ ਇਹ ਮੈਚ ਸਿਨਸਿਨੈਟੀ ਦੀ ਟੀਮ ਨੇ 34-27 ਅੰਕਾਂ ਨਾਲ ਜਿੱਤ ਕੇ ਕੱਪ



ਉਦਘਾਟਨੀ ਰਸਮ ਸਮੇਂ ਕਲੱਬ ਦੇ ਅਹੁਦੇਦਾਰ ਅਤੇ ਹੋਰ ਮਹਿਮਾਨ

ਦੇ ਨਾਲ ਇਕਵੰਜਾ ਸੌ ਡਾਲਰ ਦਾ ਨਕਦ ਇਨਾਮ ਵੀ ਜਿੱਤ ਲਿਆ ਜੋ ਸ਼ਿਕਾਗੋ ਨੇੜਲੇ ਸ਼ਹਿਰ ਵਾਕੀਗਨ ਦੇ ਗਿੱਲ ਭਰਾਵਾਂ-ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ ਨੇ ਦਿੱਤਾ ਸੀ। ਕਬੱਡੀ ਦਾ ਦੂਜਾ ਇਨਾਮ ਸਵਰਗੀ ਗੁਰਦੇਵ ਸਿੰਘ ਪੂਨੀਆ ਦੀ ਯਾਦ 'ਚ ਉਨ੍ਹਾਂ ਦੇ ਪੋਤੇ ਸ. ਜਸਪਾਲ



ਮਿਡਵੈਸਟ ਕੱਪ ਲਈ ਦੂਜੇ ਨੰਬਰ 'ਤੇ ਆਈ ਸਿਨਸਿਨੈਟੀ ਦੀ ਟੀਮ

ਸਿੰਘ ਪੂਨੀਆ ਵੱਲੋਂ ਸੀ।

ਕਬੱਡੀ ਮੈਚਾਂ ਦੇ ਰੈਫਰੀ ਸਤਵੰਤ ਸਿੰਘ ਨਿੱਜਰ, ਬਿੰਦੀ ਸਰਾਂ, ਅਮਰਜੀਤ ਸੰਘਾ ਤੇ ਬਿੱਕੀ ਸਮੀਪੁਰੀਆ ਸਨ। ਦਰਸ਼ਨ ਸਿੰਘ ਪੰਮਾ, ਲਾਲੀ ਨਿੱਜਰ, ਜਿੰਦੀ ਖੰਗੂੜਾ, ਪਾਲਾ ਖੰਗੂੜਾ ਅਤੇ ਦੀਪਾ ਬਦੇਸ਼ਾ ਲਾਈਨਮੈਨ ਦੀ ਡਿਊਟੀ ਨਿਭਾ ਰਹੇ ਸਨ।

ਮੇਲੇ ਵਿਚ ਪਹਿਲਵਾਨ ਕਰਤਾਰ ਸਿੰਘ ਨੇ ਮਿਲਵਾਕੀ ਦੇ ਸੱਜਣਾਂ ਮਿੱਤਰਾਂ ਸੰਗ ਆ ਦਰਸ਼ਨ ਦਿੱਤੇ। ਉਹ ਨਿਊ ਯਾਰਕ ਵਿਚ ਹੋਈਆਂ ਵਿਸ਼ਵ ਪੁਲਿਸ ਖੇਡਾਂ ਵਿਚੋਂ ਸੋਨ ਤਗਮਾ ਜਿੱਤ ਕੇ ਜੇਤੂ ਫੇਰੀ ਉਤੇ ਸੀ। ਉਸ ਨੇ ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਵਿਸ਼ਵ ਵੈਟਰਨ ਚੈਂਪੀਅਨਸ਼ਿਪਾਂ ਵਿਚੋਂ ਪੱਚੀ ਦੇ ਕਰੀਬ ਤਗਮੇ ਜਿੱਤੇ ਹਨ। ਉਹ ਪੰਜਾਬ ਦਾ ਮਾਣ ਹੈ ਭਾਰਤ ਦੀ ਸ਼ਾਨ। ਮੇਲੇ ਵਿਚ ਉਸ ਦਾ ਭਰਪੂਰ ਮਾਣ ਸਨਮਾਨ ਕੀਤਾ ਗਿਆ। ਪੰਜਾਬੀ ਮੀਡੀਏ ਦਾ ਮਾਣ ਸਿੱਧੂ ਦਮਦਮੀ ਵੀ ਮੇਲੇ ਵਿਚ ਆਇਆ ਤੇ ਖੇਡ ਮੇਲੇ ਦੀ ਸ਼ਾਨ ਵਧਾਈ। ਗੁਰਮੁਖ ਸਿੰਘ ਭੁੱਲਰ ਮੇਲੇ ਦੇ ਨਜ਼ਾਰੇ ਟੀ. ਵੀ. ਕੈਮਰੇ ਵਿਚ ਬੰਦ ਕਰ ਰਿਹਾ ਸੀ। ਇਸ ਟੂਰਨਾਮੈਂਟ ਦੌਰਾਨ ਉਘੇ ਗੀਤਕਾਰ ਜਸਵੀਰ ਗੁਣਾਚੌਰੀਆ ਦੀ ਪੁਸਤਕ 'ਜਿੰਦੇ ਨੀਂ ਜਿੰਦੇ' ਵੀ ਰਿਲੀਜ਼ ਕੀਤੀ ਗਈ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੀ ਨਵੀਂ ਪੁਸਤਕ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਦੀਆਂ ਕੁਝ ਕਾਪੀਆਂ ਆਪਣੇ ਦੋਸਤਾਂ ਮਿੱਤਰਾਂ ਨੂੰ ਭੇਟ ਕੀਤੀਆਂ ਅਤੇ 'ਖੇਡ ਸੰਸਾਰ' ਦਾ ਕਬੱਡੀ ਅੰਕ ਵੀ ਵੰਡਿਆ।

ਕਬੱਡੀ ਮੈਚ ਦੇਖਣ ਲਈ ਦਰਸ਼ਕ ਨਾ ਸਿਰਫ ਇਲੀਨਾਏ ਦੇ ਵੱਖ ਵੱਖ ਹਿੱਸਿਆਂ ਤੋਂ ਹੀ ਪਹੁੰਚੇ ਹੋਏ ਸਨ ਸਗੋਂ ਵਿਸਕਾਨਸਿਨ, ਮਿਸ਼ੀਗਨ, ਇੰਡੀਆਨਾ, ਓਹਾਇਓ, ਕੈਨਟਕੀ ਅਤੇ ਹੋਰ ਦੂਰ ਦੁਰੇਡੀਆਂ ਸਟੇਟਾਂ ਤੋਂ ਵੀ ਪਹੁੰਚੇ ਹੋਏ ਸਨ। ਕੁਝ ਦਰਸ਼ਕ ਟੀਮਾਂ ਦੇ ਨਾਲ ਫਿਲਾਡੈਲਫੀਆ (ਮੈਰੀਲੈਂਡ), ਕੈਲੀਫੋਰਨੀਆ, ਟੋਰਾਂਟੋ ਅਤੇ ਵੈਨਕੂਵਰ ਤੋਂ ਵੀ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਦਰਸ਼ਕਾਂ ਵਿਚ ਹਮੇਸ਼ਾ ਵਾਂਗ ਬੀਬੀਆਂ ਵੀ ਕਾਫੀ ਗਿਣਤੀ ਵਿਚ ਹਾਜ਼ਰ ਸਨ। ਸ਼ਾਮ ਨੂੰ ਹਾਲਤ ਇਹ ਸੀ ਕਿ ਪਾਰਕਿੰਗ ਲਾਟ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਅਤੇ ਗੱਡੀ ਪਾਰਕ ਕਰਨ ਲਈ ਜਗ੍ਹਾ ਨਹੀਂ ਸੀ ਮਿਲ ਰਹੀ। ਸ਼ਿਕਾਗੋ ਤੋਂ ਭੁਪਿੰਦਰ ਸਿੰਘ

(ਬਾਕੀ ਅਗਲੇ ਸਫੇ 'ਤੇ)





ਹੁੰਦਲ ਆਪਣੇ ਸਾਥੀਆਂ ਡਾ. ਅਮਰਦੀਪ ਸੰਘਾ, ਬਲਕਾਰ ਸਿੰਘ ਢਿਲੋਂ, ਹਰਵਿੰਦਰ ਕੰਗ ਸਮੇਤ, ਮੇਜਰ ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ, ਕਰਨਲ ਨਿਰਮਲ ਸਿੰਘ ਸਿੰਘਾ, ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ, ਮਿਲਵਾਕੀ ਤੋਂ ਜਗਦੀਸ਼ਰ ਸਿੰਘ ਕਲੇਰ, ਬਚਨ ਸਿੰਘ ਗਿੱਲ, ਪਾਖਰ ਸਿੰਘ ਸਿੱਧੂ, ਅਮਰਜੀਤ ਸਿੰਘ ਸੰਧਰ, ਹਰਭਜਨ ਸਿੰਘ ਸੰਧਾਵਾਲੀਆ, ਬਲਵੀਰ ਸਿੰਘ ਸੈਣੀ, ਬਹਾਦਰ ਸਿੰਘ ਬੋਪਾਰਾਏ, ਡਿਸਕਸ ਥਰੋ ਦਾ ਚੈਂਪੀਅਨ ਗੁਰਮੁਖ ਸਿੰਘ, ਹਰਵਿੰਦਰ ਸਿੰਘ (ਲਾਲੀ) ਸਿੱਧੂ, ਇੰਡੀਆਨਾ ਤੋਂ ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਸਿੰਘ ਘੋਤੜਾ, ਸਾਹਿਬ ਸਿੰਘ ਸੇਖੋਂ, ਮਨਜੀਤ ਸਿੰਘ ਬਿੱਟੂ, ਬਲਵਿੰਦਰ ਸਿੰਘ ਤੇ ਬਿੱਟੂ ਭਾਜੀ ਬਲਜੀਤ ਸਿੰਘ ਨਾਗਰਾ, ਤੀਰਥ (ਮਿੱਤਰਾਂ ਦਾ ਢਾਬਾ), ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਗੁਰਿੰਦਰ ਗਿੱਲ, ਰਾਣਾ ਵਿਰਕ, ਸਰਵਣ ਸਿੰਘ ਟਿਵਾਣਾ, ਧਰਮਿੰਦਰ ਸਿੰਘ ਖਟੜਾ, ਯਾਦਵਿੰਦਰ ਸਿੰਘ ਖਟੜਾ, ਮਿਸ਼ੀਗਨ ਤੋਂ ਦਲਬਾਰਾ ਸਿੰਘ ਮਾਂਗਟ, ਨਰਿੰਦਰ ਸਿੰਘ ਮੁੰਦਰ, ਹਰਪਾਲ ਸਿੰਘ ਪੰਮਾ, ਕਰਨ ਗਿੱਲ, ਇੰਦਰਜੀਤ ਸਿੰਘ ਬਾਠ, ਖੇਮ ਸਿੰਘ ਵਿਰਕ, ਲਾਲੀ-ਪਾਲੀ ਭਰਾ ਹਰ ਸਾਲ ਦੀ ਤਰ੍ਹਾਂ ਹੀ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਪਹੁੰਚੇ ਹੋਏ ਸਨ।

ਮੇਲੇ ਲਈ ਕੋਈ ਫੀਸ ਨਹੀਂ ਸੀ ਜਦੋਂਕਿ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸੀ। ਛੋਲੇ-ਭਠੂਰੇ, ਕੜ੍ਹੀ-ਚੌਲ ਦੇ ਨਾਲ ਨਾਲ ਕੁੱਕੜ ਖਾਣ ਦੇ ਸ਼ੌਕੀਨਾਂ ਲਈ ਗਰਿਲ ਕੀਤਾ ਚਿਕਨ ਵੀ ਹਾਜ਼ਰ ਸੀ। ਚਾਹ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ। ਕੇ ਕੇ ਪੰਮਾ ਗਰਮਾ ਗਰਮ ਪਕੌੜੇ ਅਤੇ ਜਲੇਬੀਆਂ ਲੈ ਕੇ ਦਰਸ਼ਕਾਂ ਦੀ ਸੇਵਾ ਵਿਚ ਹਾਜ਼ਰ ਸੀ। ਬੀਬੀ ਸੁਰਿੰਦਰ ਕੌਰ ਸੰਘਾ ਨੇ ਵੀ ਲੰਗਰ ਪਾਣੀ ਦੀ ਅਣਥਕ ਸੇਵਾ ਕੀਤੀ।

ਕਬੱਡੀ ਦੇ ਮੈਚ ਛੇ ਵਜੇ ਖ਼ਤਮ ਹੋ ਗਏ ਤੇ ਸਤਵਿੰਦਰ ਬਿੱਟੀ ਦੇ ਅਖਾੜੇ ਦੀ ਵਾਰੀ ਆ ਗਈ। ਸੈਂਕੜਿਆਂ ਦੀ ਗਿਣਤੀ ਵਿਚ ਔਰਤਾਂ ਤੇ ਮਰਦਾਂ ਨੇ ਆਪੋ ਆਪਣੀਆਂ ਕੁਰਸੀਆਂ ਸਟੇਜ ਅੱਗੇ ਸਜਾ ਲਈਆਂ। ਸਾਢੇ ਸੱਤ ਵਜੇ ਤਕ ਗੀਤ ਸੰਗੀਤ ਦਾ ਆਨੰਦ ਮਾਣਿਆ ਜਾਣਾ ਸੀ। ਬਿੱਟੀ ਪੂਰੀ ਤਿਆਰੀ ਕਰ ਕੇ ਆਈ ਸੀ ਤੇ ਉਸ ਨੇ ਸ਼ਿਕਾਗੋ ਦਾ ਮੇਲਾ ਲੁੱਟਣਾ ਸੀ। ਉਧਰ ਨਿੰਮਾ ਡੱਲੇਵਾਲਾ ਵੀ ਪੂਰੀ ਤਿਆਰੀ 'ਚ ਸੀ ਪਰ ਮੇਲੇ ਨੂੰ ਨਜ਼ਰ ਲੱਗ ਗਈ। ਕਿਸੇ ਗੱਲੋਂ ਖ਼ਫ਼ਾ ਹੋਈ ਪੁਲਿਸ ਇਸ ਗੱਲ 'ਤੇ ਅੜ ਗਈ ਕਿ ਪਾਰਕ ਦੇ ਨਿਯਮਾਂ ਅਨੁਸਾਰ ਮੇਲਾ ਤਾਂ ਸਾਢੇ ਸੱਤ ਵਜੇ ਤਕ ਜਾਰੀ ਰੱਖਿਆ ਜਾ ਸਕਦਾ ਹੈ ਪਰ ਲਾਊਡ ਸਪੀਕਰ ਛੇ ਵਜੇ ਤੋਂ ਬਾਅਦ ਨਹੀਂ ਵਜਾਇਆ ਜਾ ਸਕਦਾ। ਏਡੇ ਇਕੱਠ ਵਿਚ ਸਤਵਿੰਦਰ ਬਿੱਟੀ ਸਾਊਂਡ ਤੋਂ ਬਿਨਾਂ ਗਾਉਂਦੀ ਤਾਂ ਕੀ ਗਾਉਂਦੀ? ਮੇਲਾ ਸਾਰੇ ਦਿਨ ਦੀ ਖ਼ੁਸ਼ੀ ਪਿੱਛੋਂ ਮਾਯੂਸੀ ਵਿਚ ਵਿਛੜਿਆ ਪਰ ਇਹਦੀਆਂ ਯਾਦਾਂ ਦੇਰ ਤਕ ਚੇਤੇ ਰਹਿਣਗੀਆਂ।

# ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 20 ਫ਼ੀਸਦੀ ਵਧੀ

**ਲੰਡਨ:** ਦੁਨੀਆਂ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਇਕ ਦਹਾਕੇ ਵਿਚ 20 ਫੀਸਦੀ ਵਧ ਗਈ ਹੈ ਤੇ ਹਰ ਸਾਲ ਸਵਾ ਕਰੋੜ ਲੋਕ ਇਸ ਬਿਮਾਰੀ ਦੀ ਮਾਰ ਹੇਠ ਆ ਰਹੇ ਹਨ। ਦੁਨੀਆਂ ਵਿਚ ਜਿੰਨੇ ਲੋਕ ਐਚ.ਆਈ.ਵੀ. ਤੋਂ ਪ੍ਰਭਾਵਿਤ ਹੁੰਦੇ ਹਨ, ਉਸ ਤੋਂ ਚਾਰ ਗੁਣਾ ਕੈਂਸਰ ਦੀ ਲਪੇਟ ਵਿਚ ਆ ਰਹੇ ਹਨ। ਸਾਲ ਵਿਚ ਸਵਾ ਕਰੋੜ ਕੈਂਸਰ ਮਰੀਜ਼ਾਂ ਵਿਚੋਂ 28 ਲੱਖ ਲੋਕਾਂ ਨੂੰ ਇਹ ਬਿਮਾਰੀ ਅਸੰਤੁਲਤ ਖੁਰਾਕ, ਕਸਰਤ ਦੀ ਘਾਟ ਤੇ ਮੋਟਾਪੇ ਕਾਰਨ ਲੱਗੀ ਹੈ।

ਜੇਕਰ ਦੁਨੀਆਂ ਵਿਚ ਲੋਕ ਸੰਤੁਲਤ ਖੁਰਾਕ ਲੈਣ, ਕਸਰਤ ਕਰਨ ਤੇ ਮੋਟਾਪਾ ਘਟਾਉਣ ਤਾਂ ਅਗਲੇ ਦਹਾਕੇ ਵਿਚ ਇਸ ਬਿਮਾਰੀ ਤੋਂ ਪੀੜਤਾਂ ਦੀ ਗਿਣਤੀ ਨਾਟਕੀ ਢੰਗ ਨਾਲ ਘਟ ਜਾਵੇਗੀ। ਮਾਹਰਾਂ ਦਾ ਕਹਿਣਾ ਹੈ ਕਿ ਕੈਂਸਰ ਤੋਂ ਇਲਾਵਾ ਦਿਲ ਦੇ ਰੋਗ ਤੇ ਸ਼ੂਗਰ ਅਜਿਹੀਆਂ ਦੋ ਹੋਰ ਅਲਾਮਤਾਂ ਹਨ ਜੋ ਸੰਸਾਰ ਵਿੱਚ ਮਹਾਮਾਰੀ ਦਾ ਰੂਪ ਲੈ ਰਹੀਆਂ ਹਨ।




ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Century 21®
M&M AND ASSOCIATES
Each office is independently owned and operated.
MLS®

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

Desi World Radio

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ



ਹਲਕਾ ਨਿਹਾਲ ਸਿੰਘ ਵਾਲਾ ਤੋਂ ਅਜ਼ਾਦ ਤੌਰ 'ਤੇ ਜਿੱਤੇ ਪੰਜਾਬ ਦੇ ਐਮ ਐਲ ਏ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਸੰਭਾਵੀ ਉਮੀਦਵਾਰ ਅਜੀਤ ਸਿੰਘ ਸ਼ਾਂਤ ਲੰਘੇ ਬੁੱਧਵਾਰ ਗੁਰਦੁਆਰਾ ਸੈਨ ਹੋਜ਼ੇ ਸੰਗਤਾਂ ਦੇ ਦਰਸ਼ਨ ਕਰਨ ਲਈ ਪਹੁੰਚੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰ ਕੇ ਸਨਮਾਨ ਕੀਤਾ ਗਿਆ।

*To Advertise with us call: 847-359-0746*







# ਫਤਿਹਗੜ੍ਹ ਸਾਹਿਬ ਦੇ ਅਗਾਂਹਵਧੂ ਕਿਸਾਨ ਗੁਰਪ੍ਰੀਤ ਸਿੰਘ ਪੰਨੂ ਨੂੰ ਕੌਮੀ ਖੋਜ ਪੁਰਸਕਾਰ

**ਪਟਿਆਲਾ:** ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਅਗਾਂਹਵਧੂ ਕਿਸਾਨ ਗੁਰਪ੍ਰੀਤ ਸਿੰਘ ਪੰਨੂ ਨੂੰ ਕੌਮੀ ਚੌਲ ਖੋਜ ਪੁਰਸਕਾਰ (2011) ਦਿੱਤਾ ਗਿਆ ਹੈ। ਫਤਿਹਗੜ੍ਹ ਸਾਹਿਬ ਦੇ ਨਜ਼ਦੀਕ ਪਿੰਡ ਮਹਿਦੂਦਾਂ ਦੇ ਗੁਰਪ੍ਰੀਤ ਸਿੰਘ ਪੰਨੂ ਨੂੰ ਇਹ ਪੁਰਸਕਾਰ ਉਨ੍ਹਾਂ ਵੱਲੋਂ ਟਰੈਕਟਰ ਨਾਲ ਚੱਲਣ ਵਾਲੀ ਅਜਿਹੀ ਮਸ਼ੀਨ ਈਜਾਦ ਕਰਨ ਲਈ ਦਿੱਤਾ ਗਿਆ ਹੈ ਜਿਸ ਨਾਲ ਬਾਸਮਤੀ ਅਤੇ ਝੋਨੇ ਦੀ ਮੀਂਹ ਹਨੇਰੀ ਨਾਲ ਡਿੱਗੀ ਹੋਈ ਫਸਲ ਨੂੰ ਸਾਂਭਣ ਵਿਚ ਬਹੁਤ ਮਦਦ ਮਿਲੀ। ਇਹ ਮਸ਼ੀਨ ਅਜਿਹਾ ਪੰਪ ਹੈ ਜਿਹੜਾ ਟਰੈਕਟਰ ਦੀ ਸ਼ਾਫਟ ਨਾਲ ਚਲਾਇਆ ਜਾਂਦਾ ਹੈ।

ਗੌਰਤਲਬ ਹੈ ਕਿ ਪਿਛਲੇ ਸਾਲ ਸਤੰਬਰ ਵਿਚ ਫਤਿਹਗੜ੍ਹ ਸਾਹਿਬ ਦੇ ਇਲਾਕੇ ਵਿਚ ਗੜੇ ਪੈਣ ਕਾਰਨ ਬਾਸਮਤੀ ਦੀ 30 ਤੋਂ 40 ਫੀਸਦ ਫਸਲ ਤਬਾਹ ਹੋ ਗਈ ਸੀ। ਚੌਲਾਂ ਦਾ ਦਾਣਾ ਦਾਣਾ ਮਰੁੰਡਿਆ ਗਿਆ ਅਤੇ ਖੇਤਾਂ ਵਿਚ ਹੀ ਡਿੱਗ ਪਿਆ ਪਰ ਹਰਪ੍ਰੀਤ ਸਿੰਘ ਪੰਨੂ ਵੱਲੋਂ ਤਿਆਰ ਕੀਤੀ ਮਸ਼ੀਨ ਦੀ ਮਦਦ ਨਾਲ ਖੇਤਾਂ ਵਿਚ ਡਿੱਗੇ ਚੌਲ ਆਸਾਨੀ ਨਾਲ ਸਾਂਭ ਲਏ ਗਏ। ਆਪਣੇ ਚੌਲ ਸਾਂਭਣ ਲਈ ਇਹ ਮਸ਼ੀਨ ਜ਼ਿਲ੍ਹੇ ਭਰ ਦੇ ਕਿਸਾਨਾਂ ਨੇ ਵਰਤੀ। ਇਥੋਂ ਤੱਕ ਕਿ ਇਹ ਮਸ਼ੀਨ ਜ਼ਮੀਨ 'ਤੇ ਡਿੱਗਾ ਚੌਲਾਂ ਦਾ ਇਕ ਇਕ ਦਾਣਾ ਇਕੱਤਰ ਕਰ ਲੈਂਦੀ ਹੈ। ਇਹ ਮਸ਼ੀਨ ਸਿਰਫ ਬਾਰਵੀਂ ਪਾਸ ਇਸ ਅਗਾਂਹਵਧੂ ਕਿਸਾਨ ਦੇ ਦਿਮਾਗ ਨੇ ਸਿਰਫ 3500 ਰੁਪਏ ਦੀ ਲਾਗਤ ਨਾਲ ਇਕ ਪੁਰਾਣੇ ਮਾਨੋਬਲਾਕ ਪੱਖੇ ਨੂੰ ਜਨਰੇਟਰ ਸੈਟ ਦੇ ਸਟੈਂਡ 'ਤੇ ਫਿੱਟ ਕਰਕੇ ਇਹ ਮਸ਼ੀਨ ਤਿਆਰ ਕੀਤੀ ਹੈ।

ਫਤਿਹਗੜ੍ਹ ਸਾਹਿਬ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਖੇਤੀ ਇੰਜੀਨੀਅਰ ਅਸਿਸਟੈਂਟ ਪ੍ਰੋਫੈਸਰ ਰੋਹਿਤ ਸ਼ਰਮਾ, ਡਿਪਟੀ ਡਾਇਰੈਕਟਰ ਹਰਿੰਦਰ ਸਿੰਘ ਅਤੇ ਅਰਵਿੰਦਰ ਸਿੰਘ ਕੰਗ ਨੇ ਗੁਰਪ੍ਰੀਤ ਸਿੰਘ ਪੰਨੂ ਵੱਲੋਂ ਤਿਆਰ ਕੀਤੀ ਮਸ਼ੀਨ ਦਾ ਜਾਇਜ਼ਾ ਲਿਆ ਅਤੇ ਇਸ ਦੀ ਕੁਆਲਿਟੀ ਦੀ ਪੁਸ਼ਟੀ ਕੀਤੀ। ਇਸ ਦੇ ਨਾਲ ਉਨ੍ਹਾਂ ਇਸ ਮਸ਼ੀਨ ਨੂੰ ਕੌਮੀ ਪੁਰਸਕਾਰ ਦੇਣ ਲਈ ਆਪਣੇ ਸੁਝਾਅ ਹੈਦਰਾਬਾਦ ਵਿਚ ਸਥਿਤ ਚੌਲ ਖੋਜ ਡਾਇਰੈਕਟੋਰੇਟ ਕੋਲ ਭੇਜ ਦਿੱਤੇ। ਚੌਲ ਖੋਜ ਡਾਇਰੈਕਟੋਰੇਟ ਨੇ ਪੂਰੀ ਪੁਣ-ਛਾਣ ਤੋਂ ਬਾਅਦ ਗੁਰਪ੍ਰੀਤ ਸਿੰਘ ਨੂੰ ਇਹ ਪੁਰਸਕਾਰ ਦੇਣ ਦਾ ਐਲਾਨ ਕੀਤਾ ਜੋ ਹੈਦਰਾਬਾਦ ਵਿਖੇ ਹੋਏ ਸਮਾਗਮ ਵਿਚ ਦਿੱਤਾ ਗਿਆ। ਪੰਜਾਬ ਵਿਚੋਂ ਇਹ ਪੁਰਸਕਾਰ ਹਾਸਲ ਕਰਨ ਵਾਲੇ ਸਿਰਫ ਤਿੰਨ ਕਿਸਾਨ ਸਨ ਜਿਨ੍ਹਾਂ ਵਿਚੋਂ ਗੁਰਪ੍ਰੀਤ ਸਿੰਘ ਪੰਨੂ ਇਕ ਹਨ। ਇਸ ਸਮਾਗਮ ਵਿਚ ਕੁੱਲ 25 ਕਿਸਾਨਾਂ ਨੂੰ ਪੁਰਸਕਾਰ ਦਿੱਤੇ ਗਏ।

ਇਸ ਮਸ਼ੀਨ ਬਾਰੇ ਗੁਰਪ੍ਰੀਤ ਸਿੰਘ ਦਾ ਕਹਿਣਾ ਸੀ ਕਿ ਉਹ ਮਸ਼ੀਨਰੀ ਬਾਰੇ ਮੁੱਢ ਤੋਂ ਹੀ ਬੜਾ ਸੁਚੇਤ ਰਹਿੰਦਾ ਸੀ। ਗੜਿਆਂ ਕਾਰਨ ਹੋਈ ਤਬਾਹੀ ਨੇ ਉਸ ਉਤੇ ਬਹੁਤ ਅਸਰ ਪਾਇਆ ਕਿਉਂਕਿ ਕਿਸਾਨਾਂ ਦੀ ਇੰਨੇ ਮਹੀਨਿਆਂ ਦੀ ਮਿਹਨਤ ਖਰਾਬ ਹੋ ਗਈ ਸੀ। ਇਉਂ ਉਸ ਦੇ ਮਨ ਵਿਚ ਇਹ ਪੰਪ ਤਿਆਰ ਕਰਨ ਦਾ ਨਕਸ਼ਾ ਉਭਰਿਆ ਜਿਸ ਰਾਹੀਂ ਖੇਤਾਂ ਵਿਚ ਡਿੱਗੇ ਦਾਣੇ ਸਾਂਭੇ ਜਾ ਸਕਦੇ ਸਨ। ਉਸ ਨੇ ਇਸ ਪਾਸੇ ਲਗਾਤਾਰ ਕੰਮ ਜਾਰੀ ਰੱਖਿਆ ਅਤੇ ਆਖਰਕਾਰ ਇਹ ਪੰਪ ਬਣਾਉਣ ਵਿਚ ਸਫਲ ਹੋ ਗਿਆ।



ਗੁਰਪ੍ਰੀਤ ਦੇ ਪਿਤਾ

ਗੁਰਪ੍ਰੀਤ ਮੁਤਾਬਕ ਸਰਕਾਰ ਨੂੰ ਇਸ ਪੰਪ ਤੋਂ ਵੱਡੇ ਪੱਧਰ 'ਤੇ ਲਾਭ ਲੈਣ ਲਈ ਇਸ ਨੂੰ ਵੱਡੇ ਪੱਧਰ 'ਤੇ ਤਿਆਰ ਕਰਨਾ ਚਾਹੀਦਾ ਹੈ। ਇਸ ਨੂੰ ਹੋਰ ਕੰਮਾਂ ਲਈ ਵਰਤਣ ਬਾਰੇ ਵੀ ਰਾਸਤੇ ਖੁੱਲ੍ਹ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇ ਸਰਕਾਰ ਉਸ ਦੀ ਮੱਦਦ ਕਰੇ ਤਾਂ ਇਸ ਪੰਪ ਨੂੰ ਕਿਸਾਨਾਂ ਲਈ ਹੋਰ ਵੀ ਲਾਹੇਵੰਦ ਬਣਾਇਆ ਜਾ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਦਾ ਭਰਾ ਸਵਰਨਜੀਤ ਸਿੰਘ ਪੰਨੂ ਓਹਾਇਓ ਸਟੇਟ ਦੇ ਸ਼ਹਿਰ ਡੇਅਟਨ ਵਸਦਾ ਹੈ।



ਪੁਰਸਕਾਰ ਹਾਸਲ ਕਰਦਾ ਹੋਇਆ ਗੁਰਪ੍ਰੀਤ ਸਿੰਘ ਪੰਨੂ



ਗੁਰਪ੍ਰੀਤ ਸਿੰਘ ਦੀ ਤਿਆਰ ਕੀਤੀ ਮਸ਼ੀਨ

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 18 ਸਤੰਬਰ 2011 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**16 ਸਤੰਬਰ 2011:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**18 ਸਤੰਬਰ 2011:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ।

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦੇ ਵਿਸ਼ੇਸ਼ ਲੰਗਰ ਦੀ ਸੇਵਾ ਰਾਜਾ ਸਵੀਟਸ ਵਲੋਂ ਹੋਵੇਗੀ*

17 ਸਤੰਬਰ, ਸਨਿਚਰਵਾਰ ਨੂੰ ਸ਼ਾਮ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਸੁੰਦਰ ਪਾਲਕੀ ਵਿਚ ਸਜਾ ਕੇ ਸੰਗਤਾਂ ਵਲੋਂ ਚੌਕੀ ਦੇ ਰੂਪ ਵਿਚ ਵਾਹਿਗੁਰੂ ਦਾ ਜਾਪ ਕਰਦਿਆਂ ਗੁਰੂਘਰ ਦੁਆਲੇ ਚਕਰ ਲਾਇਆ ਜਾਏਗਾ।

ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਮੀਤ ਸਿੰਘ ਖਾਲਸਾ, ਰਾਣਾ ਕਾਹਲੋਂ, ਰਵੀਇੰਦਰ ਸਿੰਘ ਰੰਧਾਵਾ, ਹਰਕੰਵਲ ਸਿੰਘ ਕਾਹਲੋਂ, ਗੁਰਦੇਵ ਸਿੰਘ ਕਾਹਲੋਂ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ, ਬਾਲੀ ਸਿੰਘ ਬੋਪਾਰਾਏ, ਸਤਵੀਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਚੀਮਾ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ ਰੂਪੋਵਾਲੀ, ਗੁਰਿੰਦਰ ਸਿੰਘ ਬਸਰਾ, ਨਰਿੰਦਰ ਸਿੰਘ ਢਿੱਲੋਂ, ਸੁਖਬੀਰ ਸਿੰਘ ਨੰਗਲ ਕਾਦੀਆਂ, ਮੇਜਰ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ ਸਰਪੰਚ, ਹਰਿੰਦਰ ਸਿੰਘ ਕਾਹਲੋਂ, ਅਮਰਵੀਰ ਸਿੰਘ ਕਾਹਲੋਂ, ਅਮਰੀਕ ਸਿੰਘ ਕਾਹਲੋਂ (ਸਾਰੇ ਪਿੰਡ ਸਾਰਚੂਰ), ਮਲਵਿੰਦਰ ਸਿੰਘ ਪਠਾਣਕੋਟ, ਹਰਮਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਨਾਥਪੁਰ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਖਰ, ਡਾ. ਸਰੂਪ ਸਿੰਘ ਮਾਂਗਟ, ਨਿਸ਼ਾਨ ਸਿੰਘ (ਫਤਿਹਗੜ੍ਹ ਚੂੜੀਆਂ), ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ ਕਾਹਲੋਂ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜੱਫਰਵਾਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਖੋਖਰ, ਸਤਨਾਮ ਸਿੰਘ ਵਾਵਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਬਲਜੀਤ ਸਿੰਘ ਰਾਜਾ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਕਾਦੀਆਂ, ਜਤਿੰਦਰ ਸਿੰਘ ਸਾਹਬਾਜ, ਸਤਿੰਦਰ ਸਿੰਘ ਖੁਸ਼ਹਾਲਪੁਰ, ਲਖਬੀਰ ਸਿੰਘ ਢਕੋਹਾ, ਜਸਮੇਲ ਸਿੰਘ ਕਾਸ਼ਤੀਵਾਲ, ਜਸਪ੍ਰੀਤ ਸਿੰਘ ਵਿਰਕ, ਸੁਖਵਿੰਦਰ ਸਿੰਘ ਥਾਣਾ, ਅੰਮ੍ਰਿਤ ਸਿੰਘ ਬਟਾਲਾ, ਬਲਵੰਤ ਸਿੰਘ ਕਾਹਲਵਾਂ, ਸਵਿੰਦਰ ਸਿੰਘ ਛੀਨਾ, ਬਿਕਰਮਜੀਤ ਸਿੰਘ ਦਾਦੂਬੋਧ, ਸੁਰਿੰਦਰ ਸਿੰਘ ਖੱਤੀਬਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਚੀਮਾ ਫੋਨ 408-203-8054
ਬਲਜਿੰਦਰ ਸਿੰਘ ਸਾਰਚੂਰ ਫੋਨ 510-461-2219
ਨੀਟੂ ਸਿੰਘ ਕਾਹਲੋਂ ਫੋਨ 408-398-1474
ਹਰਪਾਲ ਸਿੰਘ ਚਾਹਲ ਫੋਨ 408-981-2842

ਕੁਲਵਿੰਦਰ ਸਿੰਘ ਰੂਪੋਵਾਲੀ ਫੋਨ 408-892-8147
ਅਰਵਿੰਦ ਸਿੰਘ ਫੋਨ 408-300-2500
ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ
ਫੋਨ 408-274-9373

# Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# ਸਿੱਖਾਂ ਦੀ ਵਿਲੱਖਣ ਪਛਾਣ ਲਈ ਡੇਅਟਨ ਦੇ ਸਿੱਖਾਂ ਦਾ ਉਪਰਾਲਾ

**ਡੇਅਟਨ, ਓਹਾਇਓ (ਚਰਨਜੀਤ ਸਿੰਘ ਗੁਮਟਾਲਾ):** 11 ਸਤੰਬਰ 2001 ਨੂੰ ਨਿਊ ਯਾਰਕ ਦੇ ਵਰਲਡ ਟਰੇਡ ਸੈਂਟਰ ਦੇ ਦੋ ਟਾਵਰਾਂ ਉਤੇ ਅਲ ਕਾਇਦਾ ਅਤਿਵਾਦੀਆਂ ਵਲੋਂ ਕੀਤੇ ਹਮਲੇ ਪਿਛੋਂ ਜਿਥੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਮੁੱਖ ਧਾਰਾ ਦੇ ਖਾਸ ਕਰ ਸੰਕੀਰਨ ਸੋਚ ਵਾਲੇ ਲੋਕਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ, ਉਥੇ ਸਿੱਖ ਭਾਈਚਾਰੇ ਨੂੰ ਵੀ ਪਗੜੀ ਅਤੇ ਦਾਹੜੀ ਕੇਸਾਂ ਬਾਰੇ ਭੁਲੇਖੇ ਕਾਰਨ ਇਸ ਰੋਹ ਦਾ ਸ਼ਿਕਾਰ ਹੋਣਾ ਪਿਆ। ਹਮਲੇ ਦੀ ਜ਼ਿੰਮੇਵਾਰੀ ਅਲ ਕਾਇਦਾ ਵਲੋਂ ਲਏ ਜਾਣ ਉਪਰੰਤ ਮੀਡੀਆ ਵਿਚ ਓਸਾਮਾ ਬਿਨ ਲਾਦਿਨ ਦੀ ਤਸਵੀਰ ਮੁੜ-ਮੁੜ ਵਿਖਾਏ ਜਾਣ ਨੇ ਬਲਦੀ 'ਤੇ ਤੇਲ ਪਾਇਆ।



*ਡਾ. ਗੁਮਟਾਲਾ**

ਅਮਰੀਕਾ ਵਿਚ ਸਿੱਖ ਭਾਵੇਂ 100 ਸਾਲ ਤੋਂ ਵੀ ਵੱਧ ਸਮੇਂ ਤੋਂ ਰਹਿੰਦੇ ਆ ਰਹੇ ਹਨ ਪਰ ਉਹ ਆਪਣੀ ਨਿਵੇਕਲੀ ਪਛਾਣ ਸਬੰਧੀ ਅਮਰੀਕੀਆਂ ਨੂੰ ਸਹੀ ਤਰੀਕੇ ਨਾਲ ਜਾਣਕਾਰੀ ਨਹੀਂ ਦੇ ਸਕੇ।



*ਅਪਰੈਲ 2005 ਦੀ ਨੁਮਾਇਸ਼'ਚ ਡਾ. ਤੇਜਦੀਪ ਸਿੰਘ ਰਤਨ (ਖੱਬੇ) ਅਤੇ ਸਮੀਪ ਸਿੰਘ ਗੁਮਟਾਲਾ (ਸੱਜੇ), ਅਮਰੀਕੀ ਵਿਦਿਆਰਥਣ ਦੇ ਦਸਤਾਰ ਸਜਾਉਂਦੇ ਹੋਏ*

ਅਮਰੀਕਾ ਵਿਚ ਪਗੜੀ ਬੰਨਣ ਅਤੇ ਦਾਹੜੀ ਰਖਣ ਵਾਲਿਆਂ ਵਿਚੋਂ 99 ਪ੍ਰਤੀਸ਼ਤ ਸਿੱਖ ਹਨ ਤੇ ਉਨ੍ਹਾਂ ਦੀ ਦਸਤਾਰ ਮੱਧ ਏਸ਼ੀਆ ਦੇ ਲੋਕਾਂ ਨਾਲੋਂ ਭਾਵੇਂ ਵੱਖਰੀ ਹੈ ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਨੂੰ ਬਿਨ ਲਾਦਿਨ ਦੇ ਸਾਥੀ ਸਮਝ ਕੇ ਨਫ਼ਰਤ ਦੇ ਪਾਤਰ



*ਦਸਤਾਰਧਾਰੀ ਅਮਰੀਕੀ ਮਹਿਮਾਨ (ਖੱਬੇ ਦੂਜਾ ਅਤੇ ਤੀਜਾ), ਦਸਤਾਰ ਸਜਾਈ ਕੈਪਟਨ ਤੇਜਦੀਪ ਸਿੰਘ ਰਤਨ, ਸਮੀਪ ਸਿੰਘ ਗੁਮਟਾਲਾ, ਦਲਜੀਤ ਸਿੰਘ ਅਤੇ ਡਾ. ਦਰਸ਼ਨ ਸਿੰਘ ਸਹਿੰਬੀ ਨਾਲ*

ਬਣਾਇਆ ਗਿਆ। ਦੋ ਦਿਨ ਬਾਅਦ ਹੀ ਐਰੀਜ਼ੋਨਾ ਦਾ ਵਸਨੀਕ ਸ. ਬਲਬੀਰ ਸਿੰਘ ਸੋਢੀ ਆਪਣੇ ਸਟੋਰ ਉਤੇ ਇਕ ਜਨੂਨੀ ਦੇ ਗੁੱਸੇ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਅਤੇ 9 ਮਹੀਨੇ ਬਾਅਦ ਉਸ ਦੇ ਭਰਾ ਦਾ ਵੀ ਕਤਲ ਹੋ ਗਿਆ।

ਓਹਾਇਓ ਸਟੇਟ ਦੇ ਸ਼ਹਿਰ ਡੇਅਟਨ, ਜਿਸ ਨੂੰ ਹਵਾਈ ਜਹਾਜਾਂ ਦੇ ਜਨਮ ਦਾਤਾ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ, ਵਿਚ ਰਾਈਟ ਸਟੇਟ ਯੂਨੀਵਰਸਿਟੀ ਵਿਚ ਕੰਪਿਊਟਰ, ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕ ਵਿਭਾਗ ਦੇ ਅੰਮ੍ਰਿਤਸਰ ਦੇ ਜੰਮਪਲ ਪ੍ਰੋ. ਡਾ. ਕੁਲਦੀਪ ਸਿੰਘ ਰਤਨ ਅਤੇ ਸਕੂਲ ਆਫ ਮੈਡੀਸਨ ਦੇ ਸਹਾਇਕ ਪ੍ਰੋਫੈਸਰ ਡਾ. ਦਰਸ਼ਨ ਸਿੰਘ ਸਹਿੰਬੀ ਨੇ ਅੰਮ੍ਰਿਤਸਰ ਦੇ ਹੀ ਜੰਮਪਲ ਤਿੰਨ ਵਿਦਿਆਰਥੀਆਂ-ਤੇਜਦੀਪ ਸਿੰਘ ਰਤਨ, ਸਮੀਪ ਸਿੰਘ ਗੁਮਟਾਲਾ, ਸਿਮਰਪ੍ਰੀਤ ਸਿੰਘ ਰਤਨ ਅਤੇ ਡੇਅਟਨ ਦੀ ਸਿੱਖ ਸੰਗਤ ਨਾਲ ਮਿਲ ਕੇ ਇਹ ਦਰਸਾਉਣ ਲਈ ਇਕ ਪ੍ਰਚਾਰ ਮੁਹਿੰਮ ਵਿੱਢੀ ਕਿ ਅਮਰੀਕਾ ਵਿਚ 99% ਦਸਤਾਰ ਸਜਾਉਣ ਵਾਲੇ ਕੇਸਾਧਾਰੀ ਵਿਅਕਤੀ ਭਾਰਤੀ ਮੂਲ ਦੇ ਸਿੱਖ ਹਨ ਅਤੇ ਉਨ੍ਹਾਂ ਦਾ 11 ਸਤੰਬਰ ਦੇ ਕਾਂਡ ਵਾਲੇ ਅਤਿਵਾਦੀਆਂ ਨਾਲ ਕੋਈ ਸਬੰਧ ਨਹੀਂ, ਦਸਤਾਰ ਅਤੇ ਕੇਸ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਹਨ।

ਸਭ ਤੋਂ ਪਹਿਲਾਂ ਉਨ੍ਹਾਂ ਇਥੋਂ ਦੇ ਲੋਕਲ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਤੀਕ ਪਹੁੰਚ ਕੀਤੀ। ਉਨ੍ਹਾਂ ਦਿਨਾਂ ਵਿਚ ਯੂਨੀਵਰਸਿਟੀ ਦੀ 15 ਹਜ਼ਾਰ ਦੀ ਗਿਣਤੀ ਵਿਚ ਛਪਣ ਵਾਲੀ ਹਫ਼ਤਾਵਾਰੀ ਨਿਊਜ਼ ਬੁਲਿਟਨ 'ਗ਼ਾਰਡੀਅਨ' ਵਿਚ ਬਿਨ ਲਾਦਿਨ ਅਤੇ ਤਾਲਿਬਾਨ ਦੇ ਤਰ੍ਹਾਂ-ਤਰ੍ਹਾਂ ਦੇ ਕਾਰਟੂਨ ਛਪਦੇ ਸਨ। ਉਨ੍ਹਾਂ ਨੇ ਸੰਪਾਦਕ ਤੱਕ ਪਹੁੰਚ ਕਰਕੇ ਇਹ ਬੰਦ ਕਰਵਾਏ, ਕਿਉਂਕਿ ਇਨ੍ਹਾਂ ਨਾਲ ਕੇਸਾਧਾਰੀ ਤੇ ਦਸਤਾਰਧਾਰੀ ਵਿਅਕਤੀਆਂ ਵਿਰੁਧ ਨਫ਼ਰਤ ਪੈਦਾ ਹੋ ਰਹੀ ਸੀ। ਉਨ੍ਹਾਂ ਨੇ ਇਸ ਨਿਊਜ਼ ਬੁਲਿਟਨ ਵਿਚ ਸਿੱਖਾਂ ਦੀ ਨਿਵੇਕਲੀ ਪਛਾਣ ਅਤੇ ਸਿੱਖ ਧਰਮ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਇਨ੍ਹਾਂ ਯਤਨਾਂ ਨਾਲ ਇਸ ਇਲਾਕੇ ਦੇ ਅਮਰੀਕਨਾਂ ਨੂੰ ਸਿੱਖਾਂ ਦੀ ਪਛਾਣ ਬਾਰੇ ਕਾਫੀ ਜਾਣਕਾਰੀ ਹੋਈ।

ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਇਸ ਗਰੁਪ ਦੇ ਉਦਮ ਨਾਲ ਪਾਵਰ ਪਵਾਇੰਟ ਸਲਾਈਡਾਂ ਬਣਾ ਕੇ ਲੈਕਚਰ ਤਿਆਰ ਕੀਤੇ ਗਏ। ਯੂਨੀਵਰਸਿਟੀਆਂ, ਗਿਰਜਿਆਂ ਅਤੇ ਹੋਰ ਬਹੁਤ ਸਾਰੇ ਖ਼ਾਸ ਸਥਾਨਾਂ 'ਤੇ ਲੋਕਾਂ ਨੂੰ ਸਿੱਖ ਧਰਮ ਅਤੇ ਸਿੱਖਾਂ ਦੀ ਨਿਵੇਕਲੀ ਪਛਾਣ ਬਾਰੇ ਜਾਣਕਾਰੀ ਦਿੱਤੀ ਗਈ। ਡੇਅਟਨ ਦੇ ਗੁਰਦੁਆਰੇ ਵਿਚ 9/11 ਹਮਲੇ ਵਿਚ ਮਾਰੇ ਗਏ 3000 ਤੋਂ ਵੀ ਵੱਧ ਅਮਰੀਕਨਾਂ ਅਤੇ ਨਫ਼ਰਤ ਦਾ ਸ਼ਿਕਾਰ ਹੋਏ ਐਰੀਜ਼ੋਨਾ ਵਾਸੀ ਸ. ਬਲਬੀਰ ਸਿੰਘ ਸੋਢੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸ਼ਹਿਰ ਦੇ ਮੇਅਰ ਅਤੇ ਪਤਵੰਤੇ ਸ਼ਹਿਰੀਆਂ ਨੂੰ ਗੁਰਦੁਆਰੇ ਬੁਲਾਕੇ ਸਿੱਖ ਧਰਮ ਬਾਰੇ ਜਾਣਕਾਰੀ ਦੇਣੀ ਸ਼ੁਰੂ ਕੀਤੀ ਗਈ ਜੋ ਅਜੇ ਵੀ ਜਾਰੀ ਹੈ।

ਰਾਇਟ ਸਟੇਟ ਯੂਨੀਵਰਸਿਟੀ ਦੇ ਧਾਰਮਿਕ ਵਿਭਾਗ ਨਾਲ ਮਿਲ ਕੇ ਸਿੱਖਾਂ ਬਾਰੇ ਇਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਹਾਜ਼ਰ ਵਿਅਕਤੀਆਂ ਦੇ ਸੁਆਲਾਂ ਦੇ ਜੁਆਬ ਦਿੱਤੇ ਗਏ। 14 ਨਵੰਬਰ 2001 ਨੂੰ 'ਰੀਲੀਜੀਅਸ ਫਾਊਂਡਰਜ਼ ਡੇ' ਦੇ ਮੌਕੇ ਤੇ ਡਾ. ਕੁਲਦੀਪ ਸਿੰਘ ਰਤਨ ਨੇ "ਸਿੱਖ ਧਰਮ ਵਿਚ ਵਿਸ਼ਵ ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦਾ ਸੰਕਲਪ" ਵਿਸ਼ੇ 'ਤੇ ਇਕ ਲੈਕਚਰ ਦਿੱਤਾ ਜੋ ਬਹੁਤ ਸਲਾਹਿਆ ਗਿਆ।



*ਮਨਪ੍ਰੀਤ ਸਿੰਘ ਅਪਰੈਲ 2004 ਦੀ ਪ੍ਰਦਰਸ਼ਨੀ ਵਿਚ ਤਬਲਾ ਵਜਾਉਂਦਾ ਹੋਇਆ ਡਾ. ਦਰਸ਼ਨ ਸਿੰਘ ਸਹਿੰਬੀ (ਖੱਬੇ), ਕੈਪਟਨ ਤੇਜਦੀਪ ਸਿੰਘ ਰਤਨ, ਪ੍ਰੋ. ਕੁਲਦੀਪ ਸਿੰਘ ਰਤਨ, ਸਮੀਪ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ ਤੇ ਕੌਮੀ ਤਰਾਨਾ ਗਾਉਂਦਾ ਕੈਵਿਨ ਮੁਰਾਚਨੀਅਨ ਨਾਲ*

30 ਅਪਰੈਲ 2003 ਨੂੰ ਰਾਈਟ ਸਟੇਟ ਯੂਨੀਵਰਸਿਟੀ ਵਿਖੇ ਤਸਵੀਰਾਂ ਅਤੇ ਪੋਸਟਰਾਂ ਦੀ ਵਰਤੋਂ ਕਰਦੇ ਹੋਏ ਖ਼ਾਲਸੇ ਦੇ ਜਨਮ ਦਿਨ ਵਿਸਾਖੀ ਨੂੰ ਸਮਰਪਿਤ ਇਕ ਪ੍ਰਦਰਸ਼ਨੀ ਲਾਈ ਗਈ। ਮਈ 2003 ਵਿਚ ਰਾਈਟ ਸਟੇਟ ਯੂਨੀਵਰਸਿਟੀ ਵਲੋਂ 'ਨਸਲੀ ਤੇ ਸਭਿਆਚਾਰਕ ਵਿਭਿੰਨਤਾ' ਬਾਰੇ ਇਕ ਰੋਜ਼ਾ ਕਾਨਫਰੰਸ ਕਰਵਾਈ ਗਈ ਜਿਸ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਿੱਖ ਧਰਮ ਬਾਰੇ ਪ੍ਰਦਰਸ਼ਨੀ ਲਾਈ ਗਈ। ਅਜਿਹੀ ਪ੍ਰਦਰਸ਼ਨੀ 'ਉਮੰਗ ਗੁਜਰਾਤੀ ਸਮਾਜ' ਵਲੋਂ 21 ਅਗਸਤ 2003 ਨੂੰ ਮਨਾਏ ਗਏ 'ਭਾਰਤੀ ਮੇਲੇ' ਵਿਚ ਵੀ ਲਾਈ ਗਈ। ਪੰਜਾਬ ਦਾ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ। ਸਿੱਖਾਂ ਦੀ ਵਿਸ਼ੇਸ਼ ਪਹਿਚਾਣ ਬਾਰੇ ਡਾਕੂਮੈਂਟਰੀ 'ਮਿਸਟੇਕਨ ਆਈਡੈਂਟਿਟੀ: ਸਿੱਖਸ ਇਨ ਅਮੈਰਿਕਾ' ਵਿਖਾਈ ਗਈ। ਅਜਿਹਾ ਹੀ ਉਪਰਾਲਾ 21 ਅਕਤੂਬਰ 2003 ਨੂੰ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਵਿਦਿਅਕ ਕੇਂਦਰ ਵੱਲੋਂ ਅਮਰੀਕਨਾਂ ਅਤੇ ਵਿਦੇਸ਼ੀ ਮੂਲ ਦੇ ਵਿਦਿਆਰਥੀਆਂ ਵਿਚ ਆਪਸੀ ਸੂਝ ਪੈਦਾ ਕਰਨ ਲਈ ਕੀਤਾ ਗਿਆ। 31 ਜਨਵਰੀ 2004 ਨੂੰ ਡੇਅਟਨ ਦੇ ਗ਼ਿਰਜਾਘਰ ਵਿਚ ਕਰਵਾਏ ਗਏ ਇਕ ਸਮਾਗਮ ਵਿਚ ਸ਼ਬਦ ਕੀਰਤਨ ਕੀਤਾ ਗਿਆ।

25 ਅਪਰੈਲ 2004 ਨੂੰ ਸਿੱਖ ਸਟੂਡੈਂਟਸ ਐਸੋਸੀਏਸ਼ਨ ਅਤੇ ਯੂਨੀਵਰਸਿਟੀ ਦੇ ਆਹਨਾ ਕੇਂਦਰ ਵਲੋਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦੇ ਸਥਾਨ, ਸੇਵਾ ਦੇ ਸੰਕਲਪ, ਵਿਆਹ-ਸ਼ਾਦੀ ਤੇ ਤਿਉਹਾਰ ਦਰਸਾਉਂਦੀ ਇਕ ਨੁਮਾਇਸ਼ ਲਾਈ ਗਈ। ਗੀਤ, ਸੰਗੀਤ ਤੋਂ ਇਲਾਵਾ ਗਿੱਧਾ, ਭੰਗੜਾ ਤੇ ਨੇੜਲੇ ਸ਼ਹਿਰ ਸਿਨਸਿਨੈਟੀ ਦੀ ਟੀਮ ਨੇ ਗਤਕਾ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਅਜਿਹਾ ਹੀ ਪ੍ਰੋਗਰਾਮ ਮੁੜ 13 ਅਪਰੈਲ 2005 ਨੂੰ ਕਰਵਾਇਆ ਗਿਆ ਜਿਸ ਵਿਚ ਸਿਨਸਿਨੈਟੀ ਦੇ ਹਰਜੱਸ ਸਿੰਘ ਤੇ ਗੁਰਸ਼ਾਨ ਸਿੰਘ ਨੇ ਗਤਕਾ ਪੇਸ਼ ਕੀਤਾ। ਭੰਗੜੇ ਨੇ ਵੀ ਖ਼ੂਬ ਰੰਗ ਬੰਨਿਆ। ਮਹਿਮਾਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ। ਕੁਝ ਅਮਰੀਕਨਾਂ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਪੂਰੀ ਤਿਆਰੀ ਕੀਤੀ ਅਤੇ ਉਨ੍ਹਾਂ ਨੇ ਕਈ ਹਫਤੇ ਆਪਣੀ ਦਾਹੜੀ ਦੀ ਸ਼ੇਵ ਨਹੀਂ ਕੀਤੀ ਤਾਂ ਜੋ ਉਹ ਦਸਤਾਰ ਬੰਨਣ ਦਾ ਪੂਰਾ ਜਾਇਜ਼ਾ ਲੈ ਸਕਣ। ਕੁੱਝ ਅਮਰੀਕਨ ਲੜਕੀਆਂ ਦਸਤਾਰ ਸਜਾ ਕੇ ਆਪਣੇ ਆਪ ਨੂੰ ਸ਼ਹਿਜਾਦੀਆਂ ਮਹਿਸੂਸ ਕਰ ਰਹੀਆਂ ਸਨ। ਇਹ ਸ਼ਾਇਦ ਅਮਰੀਕਾ ਵਿਚ ਪਹਿਲੀ ਵੇਰ ਸੀ, ਜਦ ਕਿਸੇ ਅਮਰੀਕਨ ਯੂਨੀਵਰਸਿਟੀ ਵਿਚ ਦਸਤਾਰਾਂ ਸਜਾਈਆਂ ਗਈਆਂ ਹੋਣ। ਇਸ ਪਿਛੋਂ ਹੋਰਨਾਂ ਸ਼ਹਿਰਾਂ ਵਿਚ ਵੀ ਦਸਤਾਰ ਸਜਾਉਣ ਦੇ ਪ੍ਰੋਗਰਾਮ ਸ਼ੁਰੂ ਹੋਣ ਲੱਗੇ।



*ਇਕ ਦਰਸ਼ਕ ਪ੍ਰਦਰਸ਼ਨੀ ਵੇਖਦੇ ਹੋਇਆ*

27 ਫਰਵਰੀ 2006 ਨੂੰ ਡੇਅਟਨ ਦੇ ਟੈਂਪਲ ਇਜ਼ਰਾਇਲ ਵਿਚ 7 ਪ੍ਰਮੁੱਖ ਧਰਮਾਂ ਜਿਨ੍ਹਾਂ ਵਿਚ ਬੁੱਧ, ਇਸਾਈ, ਹਿੰਦੂ, ਇਸਲਾਮ, ਜੈਨੀ, ਸਿੱਖ ਅਤੇ ਬਹਾਈ ਸ਼ਾਮਲ ਸਨ, ਵਲੋਂ ਅੰਤਰ-ਧਰਮ ਸਮਾਰੋਹ ਕੀਤਾ ਗਿਆ ਜਿਸ ਵਿਚ ਸਿੱਖ ਧਰਮ ਦੇ ਵਖ ਵਖ ਪਹਿਲੂਆਂ ਬਾਰੇ ਚਾਨਣਾ ਪਾਇਆ ਗਿਆ। ਨਜ਼ਦੀਕੀ ਸ਼ਹਿਰ ਟਰਾਏ ਵਿਚ ਹਵਾਈ ਜਹਾਜ਼ਾਂ ਦੇ ਪੁਰਜ਼ੇ ਬਣਾਉਣ ਵਾਲੀ ਕੰਪਨੀ 'ਗੁਡਰਿਚ ਏਰੋਸਪੇਸ' ਵਿਚ 2009 ਵਿਚ ਮਨਾਏ ਗਏ 'ਭਾਰਤ ਦੀ ਬਹੁ-ਸਭਿਆਚਾਰਕ ਵਿਲੱਖਣਤਾ' ਪ੍ਰੋਗਰਾਮ ਵਿਚ ਪੰਜਾਬ ਦੇ ਸਭਿਆਚਾਰ ਤੇ ਸਿੱਖ ਧਰਮ ਦੀ ਵਿਲੱਖਣਤਾ ਬਾਰੇ ਨੁਮਾਇਸ਼ ਲਾਈ ਗਈ ਤੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਸਭ ਉਦਮਾਂ ਦਾ ਸਿੱਟਾ ਇਹ ਨਿਕਲਿਆ ਕਿ ਅਮਰੀਕਾ ਦੀਆਂ ਹੋਰਨਾਂ ਯੂਨੀਵਰਸਿਟੀਆਂ ਨੇ ਅਜਿਹੇ ਪ੍ਰੋਗਰਾਮ ਰਾਈਟ ਸਟੇਟ ਯੂਨੀਵਰਸਿਟੀ ਦੇ ਇਨ੍ਹਾਂ ਵਿਦਿਆਰਥੀਆਂ ਦੀ ਸਹਾਇਤਾ ਨਾਲ ਕਰਨੇ ਸ਼ੁਰੂ ਕੀਤੇ। ਦਸਤਾਰ ਸਜਾਉਣ ਦੇ ਪ੍ਰੋਗਰਾਮ ਵੀ ਸ਼ੁਰੂ ਹੋਏ। ਡੇਅਟਨ ਦੇ ਗੁਰਦੁਆਰੇ ਵਿਦਿਆਰਥੀ ਸਿੱਖ ਧਰਮ ਬਾਰੇ ਜਾਣਕਾਰੀ ਲੈਣ ਲਈ ਆਉਣ ਲੱਗੇ। ਇਹ ਸਿਲਸਿਲਾ ਅਜੇ ਵੀ ਜਾਰੀ ਹੈ।

ਵਰਣਨਯੋਗ ਹੈ ਕਿ ਤੇਜਦੀਪ ਸਿੰਘ ਰਤਨ ਨੇ ਬਾਅਦ ਵਿਚ ਡਾਕਟਰੀ ਦੀ ਪੜ੍ਹਾਈ ਕਰਕੇ ਦਸਤਾਰ ਤੇ ਕੇਸਾਂ ਸਮੇਤ ਅਮਰੀਕੀ ਫ਼ੌਜ ਵਿਚ ਨੌਕਰੀ ਦੰਦਾਂ ਦੇ ਡਾਕਟਰ ਦੇ ਤੌਰ 'ਤੇ ਸ਼ੁਰੂ ਕੀਤੀ ਹੈ ਤੇ ਅਜਕਲ ਉਹ ਅਫ਼ਗਾਨਿਸਤਾਨ ਵਿਚ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਉਸ ਵਾਂਗ ਹੋਰ ਸਿੱਖ ਵੀ ਮਿਲਟਰੀ ਵੱਲ ਆਕਰਸ਼ਿਤ ਹੋਏ ਹਨ। ਰਾਈਟ ਸਟੇਟ ਯੂਨੀਵਰਸਿਟੀ 'ਕਮਿਊਨਿਟੀ' ਮੈਗਜ਼ੀਨ ਦੇ ਸਤੰਬਰ 2010 ਦੇ ਅੰਕ ਵਿਚ ਉਸ ਬਾਰੇ ਇਕ ਵਿਸ਼ੇਸ਼ ਲੇਖ "ਵਾਰੀਅਰ ਸੇਂਟ" ਪ੍ਰਕਾਸ਼ਿਤ ਹੋਇਆ। ਇਸ ਮੈਗਜ਼ੀਨ ਦੀਆਂ 85,000 ਕਾਪੀਆਂ ਛਪਦੀਆਂ ਹਨ।

ਐਗਜ਼ੈਕਿਟਵ ਇਨ ਹੋਟਲ ਦੇ ਮਾਲਕ ਸ. ਅਵਤਾਰ ਸਿੰਘ ਡੇਅਟਨ ਵਾਸੀਆਂ ਦੇ ਸਹਿਯੋਗ ਨਾਲ, ਹਰ ਸਾਲ ਸਪਰਿੰਗਫ਼ੀਲਡ ਵਿਚ ਸਭਿਆਚਾਰਕ ਮੇਲਾ ਕਰਵਾਉਂਦੇ ਹਨ ਜਿਸ ਵਿਚ ਸਿੱਖ ਸਭਿਆਚਾਰ ਬਾਰੇ ਨੁਮਾਇਸ਼ ਤੋਂ ਇਲਾਵਾ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ ਜਾਂਦਾ ਹੈ। ਉਹ ਮੈਮੋਰੀਅਲ ਡੇਅ ਪਰੇਡ ਵਿਚ ਆਪਣੇ ਕੁਝ ਸਾਥੀਆਂ ਨਾਲ ਦਸਤਾਰਾਂ ਸਜਾ ਕੇ ਸ਼ਾਮਲ ਹੁੰਦੇ ਹਨ। ਸੜਕਾਂ ਕੰਢੇ ਬੈਠੇ ਦਰਸ਼ਕ ਉਨ੍ਹਾਂ ਨੂੰ ਮਿਸਟਰ ਸਿੰਘ ਦੇ ਨਾਂ ਨਾਲ ਬੁਲਾਉਂਦੇ ਹਨ।

ਸਿੱਖਾਂ ਦੀ ਪਹਿਚਾਣ ਬਾਰੇ ਅਜਿਹੇ ਉਦਮ ਅਮਰੀਕਾ ਤੋਂ ਇਲਾਵਾ ਫ਼ਰਾਂਸ, ਕੈਨੇਡਾ ਤੇ ਹੋਰਨਾਂ ਮੁਲਕਾਂ ਵਿਚ ਵੀ ਕਰਨ ਦੀ ਲੋੜ ਹੈ। ਸਰਬ ਧਰਮ ਸਮਾਗਮਾਂ ਵਿਚ ਸਿੱਖ ਸੰਸਥਾਵਾਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਕੌਮਾਂਤਰੀ ਪੱਧਰ 'ਤੇ ਇਕ ਐਸੇ ਕੇਂਦਰ ਦੀ ਲੋੜ ਹੈ, ਜਿੱਥੋਂ ਸਿੱਖ ਧਰਮ ਬਾਰੇ ਪ੍ਰਚਾਰ ਸਮੱਗਰੀ ਮਿਲ ਸਕੇ। ਗੁਰਦੁਆਰਾ ਸਾਹਿਬਾਨ ਨੂੰ ਸਿੱਖ ਧਰਮ ਦੇ ਗਿਆਨ ਦਾ ਸੋਮਾ ਬਣਾਉਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਅਤੇ ਸ਼ਹਿਰੀਆਂ ਨੂੰ ਗੁਰਦੁਆਰੇ ਉਚੇਚੇ ਤੌਰ 'ਤੇ ਬੁਲਾ ਕੇ ਡੇਅਟਨ ਵਾਂਗ ਉਨ੍ਹਾਂ ਨੂੰ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਜਿਥੇ ਵੀ ਸਿੱਖ ਵਸਦੇ ਹਨ, ਉਥੇ ਸਕੂਲਾਂ ਦੇ ਸਿਲੇਬਸ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਸ਼ਾਮਲ ਕਰਨ ਲਈ ਯਤਨ ਹੋਣੇ ਚਾਹੀਦੇ ਹਨ। ਇੰਟਰਨੈਟ ਅਤੇ ਫਿਲਮ ਮੀਡੀਏ ਦੀ ਵੀ ਇਸ ਖਾਤਰ ਪੂਰੀ ਵਰਤੋਂ ਹੋ ਸਕਦੀ ਹੈ।

***ਫੋਨ:937-573-9812**




# ਭਾਰੀ ਸੇਲ ! ਭਾਰੀ ਸੇਲ ! ਭਾਰੀ ਸੇਲ !

# India Palace

**2850 Quimby Rd., San Jose, CA 95148, Ph. 408-223-9978**

## ਇੰਡੀਆ ਪੈਲੇਸ

Store Opens 7 days a week (9AM to 9.30 PM)

*Food Stamps Welcome*

ਮੱਖਣ $2.29
*ਲਿਮਿਟ 10*

ਲਾਲ ਪਿਆਜ਼
25 ਪੌਂਡ $3.99

ਬਾਦਾਮ
2 ਪੌਂਡ $4.99





ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ ਸੇਲ

ਦਾਲਾਂ (4 ਪੌਂਡ ਦਾ ਪੈਕਟ)
ਕਾਲੇ ਛੋਲੇ $3.29
ਛੋਲਿਆਂ ਦੀ ਦਾਲ $3.79
ਦਾਲ ਮਸਰ $3.49
ਰਾਜਮਾਂਹ $3.99
ਕਾਬਲੀ ਛੋਲੇ $3.49
ਅਰਹਰ ਦੀ ਦਾਲ $4.99
ਮਸਰ ਸਾਬਤ $3.49
ਆਚਾਰ ਪਚਰੰਗਾ ਮਿਕਸ $1.99
ਮੈਗੀ ਮਸਾਲਾ 3 ਪੈਕੇਟ 99 ਸੈਂਟ

ਪਾਰਲੇ ਜੀ ਬਿਸਕੁਟ 12 ਪੈਕੇਟ 99 ਸੈਂਟ
ਸੂਜੀ ਦੇ ਰਸ 2 ਪੈਕਟਾਂ ਪਿਛੇ 1 ਫਰੀ (ਬ੍ਰਿਟੇਨੀਆ)
ਮਿਰਚ ਮਸਾਲਾ ਨਮਕੀਨ $1.99
ਦੀਪ ਨਾਨ $1.99
ਬਿਕੈਨੋ ਸਨੈਕਸ 1.49
ਤਾਜਾ ਸਬਜ਼ੀਆਂ
ਭਿੰਡੀ 99 ਸੈਂਟ ਨੂੰ ਪੌਂਡ
ਪਿਆਜ਼ 19 ਸੈਂਟ ਨੂੰ ਪੌਂਡ
ਬਤਾਊਂ 49 ਸੈਂਟ ਨੂੰ ਪੌਂਡ
ਕਰੇਲੇ 79 ਸੈਂਟ ਨੂੰ ਪੌਂਡ

ਹਰਾ ਧਨੀਆਂ ਡਾਲਰ ਦੀਆਂ ਪੰਜ ਗੁਛੀਆਂ
ਟਮਾਟਰ 29 ਸੈਂਟ ਨੂੰ ਪੌਂਡ
ਘੀਆ ਕੱਦੂ 49 ਸੈਂਟ ਨੂੰ ਪੌਂਡ
ਆਟਾ ਤੇ ਚੌਲ
ਬਾਵਨ $6.99 (20 ਪੌਂਡ ਦਾ ਥੈਲਾ)
ਸ਼ੇਰ ਆਟਾ $6.99 (20 ਪੌਂਡ ਦਾ ਥੈਲਾ)
ਗੋਲਡਨ $9.99 (20 ਪੌਂਡ ਦਾ ਥੈਲਾ)
ਚਾਹ ਸਰਤਾਜ $5.99 (2 ਪੌਂਡ)
ਰੈਡ ਆਟਾ $ 11.99
*ਸੇਲ 30 ਸਤੰਬਰ 2011 ਤਕ ਹੈ*

## Cash Only No Returns Cash Only

**Prices subject to change without notice**
**Cash sale with flyer only**

## ਗੁਰੂ ਕੇ ਲੰਗਰ ਅਤੇ ਧਾਰਮਕ ਸਮਾਗਮਾਂ ਲਈ ਸਪੈਸ਼ਲ ਰੇਟ

**ਹੋਰ ਜਾਣਕਾਰੀ ਲਈ ਕਾਲ ਕਰੋ: ਰਘਬੀਰ ਸਿੰਘ ਕਾਲਾ, ਫੋਨ: 408-661-8709**

# ਡੈਟ ਸੈਟਲਮੈਂਟ ਬਨਾਮ ਬੈਂਕਰਪਸੀ

**ਆਰਥਿਕ ਮਾਮਲੇ**

ਡੈਟ ਸੈਟਲਮੈਂਟ ਅਸਲ ਵਿਚ ਲੈਣੇਦਾਰਾਂ ਨੂੰ ਮੋੜੀ ਜਾਣ ਵਾਲੀ ਬਿਨਾ ਜਾਮਨੀ ਕਰਜੇ ਦੀ ਰਕਮ ਘਟਾਉਣ ਦਾ ਇੱਕ ਤਰੀਕਾ ਹੈ। ਇਸ ਅਮਲ ਨੂੰ ਆਰਬਿਟਰੇਸ਼ਨ (ਸਾਲਸੀ) ਜਾਂ ਡੈਟ ਨੈਗੋਸ਼ਿਏਸ਼ਨ (ਕਰਜ ਸੌਦੇਬਾਜ਼ੀ) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਡੈਟ ਸੈਟਲਮੈਂਟ ਕਰਜਾ ਘਟਾਉਣ ਅਤੇ ਖਤਮ ਕਰਨ ਦਾ ਇੱਕ ਪੂਰੀ ਤਰ੍ਹਾਂ ਨਾਲ ਕਾਨੂੰਨੀ ਤਰੀਕਾ ਹੈ। ਇਸ ਸੌਦੇਬਾਜ਼ੀ ਦੇ ਅਮਲ ਰਾਹੀਂ ਕਰਜਦਾਰ ਕੁੱਲ ਬਕਾਇਆ ਰਕਮ ਤੋਂ ਘੱਟ ਇੱਕ ਮਿੱਥੀ ਹੋਈ ਰਕਮ ਅਦਾ ਕਰਨ ਉਤੇ ਸਹਿਮਤੀ ਦਿੰਦਾ ਹੈ ਜਿਸ ਨੂੰ ਕਰਜੇ ਦਾ ਪੂਰਾ ਭੁਗਤਾਨ ਸਮਝਿਆ ਜਾਂਦਾ ਹੈ। ਅਜਿਹਾ ਯਕਮੁਸ਼ਤ ਅਦਾਇਗੀ ਜਾਂ ਵਿਆਜ-ਮੁਕਤ ਮਹੀਨਾਵਾਰ ਕਿਸ਼ਤਾਂ ਰਾਹੀਂ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸੌਦੇਬਾਜ਼ੀ ਕਰਕੇ ਕਰਜਾ ਉਹ ਕਰਜਦਾਰ ਹੀ ਘਟਾ ਸਕਦਾ ਹੈ ਜੋ ਆਪਣੀ ਅਦਾਇਗੀ ਵਿਚ ਪਿੱਛੜ ਰਿਹਾ ਹੋਵੇ। ਜੇ ਘੱਟੋ-ਘੱਟ ਇੱਕ ਰਕਮ ਹਰ ਮਹੀਨੇ ਅਦਾ ਕੀਤੀ ਜਾ ਰਹੀ ਹੈ, ਤਾਂ ਵੀ ਲੈਣੇਦਾਰ ਸੌਦੇਬਾਜ਼ੀ ਲਈ ਮੰਨ ਸਕਦੇ ਹਨ। ਫੇਰ ਵੀ, ਲੈਣੇਦਾਰਾਂ ਨੂੰ ਉਨ੍ਹਾਂ ਖਾਤਿਆਂ ਦਾ ਵੱਧ ਫਿਕਰ ਹੁੰਦਾ ਹੈ ਜੋ ਕਾਫੀ ਪਿੱਛੇ ਹੁੰਦੇ ਹਨ ਅਤੇ ਬਕਾਇਆ ਰਕਮ ਵਧਦੀ ਜਾ ਰਹੀ ਹੋਵੇ। ਅਜਿਹੇ ਮਾਮਲਿਆਂ ਵਿਚ ਲੈਣੇਦਾਰਾਂ ਨੂੰ ਕਰਜਦਾਰ ਵਲੋਂ ਬੈਂਕਰਪਸੀ ਯਾਨਿ ਦੀਵਾਲੀਆ ਹੋ ਜਾਣ ਅਤੇ ਇੰਜ ਸਾਰੀ ਰਕਮ ਡੁੱਬ ਜਾਣ ਦਾ ਡਰ ਹੁੰਦਾ ਹੈ। ਅਜਿਹੇ ਮਾਮਲਿਆਂ ਵਿਚ ਸੌਦੇਬਾਜ਼ੀ ਦੀ ਗੁੰਜਾਇਸ਼ ਵੱਧ ਰਹਿੰਦੀ ਹੈ। ਡੈਟ ਸੈਟਲਮੈਂਟ ਘੱਟਦੇ ਚਾਲੂ ਭੁਗਤਾਨਾਂ ਅਤੇ ਕਰਜੇ ਦੀ ਬਕਾਇਆ ਰਕਮ ਉਤੇ ਮਿਲਣ ਵਾਲੀ ਛੋਟ ਤੋਂ ਹੋਣ ਵਾਲੇ ਫਾਇਦਿਆਂ ਕਰਕੇ ਸਾਰੇ ਤਰੀਕਿਆਂ ਨਾਲੋਂ ਵੱਧ ਪਸੰਦ ਕੀਤੀ ਜਾਂਦੀ ਹੈ।

ਬੈਂਕਰਪਸੀ ਯਾਨਿ ਦੀਵਾਲੀਆਪਨ ਫੈਡਰਲ ਕਾਨੂੰਨ ਅਧੀਨ ਇੱਕ ਅਜਿਹਾ ਅਮਲ ਹੈ, ਜੋ ਉਨ੍ਹਾਂ ਕਰਜ਼ਦਾਰਾਂ ਨੂੰ ਆਪਣਾ ਸਾਰਾ ਕਰਜਾ ਖਤਮ ਕਰਨ ਜਾਂ ਕਰਜੇ ਦੇ ਇਕ ਵੱਡੇ ਹਿੱਸੇ ਦਾ ਕਿਸ਼ਤਾਂ ਵਿਚ ਭੁਗਤਾਨ ਲਈ ਰਾਹ ਖੋਲ੍ਹਦਾ ਹੈ, ਜਿਨ੍ਹਾਂ ਦੇ ਕਰਜੇ ਦੀ ਰਕਮ ਉਨ੍ਹਾਂ ਕੋਲ ਅਦਾਇਗੀ ਲਈ ਉਪਲਬਧ ਰਕਮ ਤੋਂ ਵੱਧ ਹੈ।

ਬੈਂਕਰਪਸੀ ਦਾਇਰ ਕਰਨ ਦੇ ਸਭ ਤੋਂ ਲੋਕਪ੍ਰਿਅ ਤਰੀਕੇ ਹਨ-ਚੈਪਟਰ 7 ਅਤੇ 13, ਇਨ੍ਹਾਂ ਦੋਵਾਂ ਵਿਚੋਂ ਚੈਪਟਰ 7 ਰਾਹੀਂ ਦੀਵਾਲੀਆਪਨ ਹਾਸਲ ਕਰਨਾ ਜ਼ਿਆਦਾ ਮੁਸ਼ਕਲ ਹੈ। ਕਾਨੂੰਨ ਬਦਲਣ ਤੋਂ ਪਹਿਲਾਂ ਚੈਪਟਰ 7 ਵਧੇਰੇ ਲੋਕਾਂ ਵਲੋਂ ਵਰਤਿਆ ਜਾਂਦਾ ਸੀ ਪਰ ਕਾਨੂੰਨ ਬਦਲਣ ਤੋਂ ਬਾਦ ਕਰਜਦਾਰ ਨੂੰ ਦੋਵਾਂ ਵਿਚੋਂ ਕਿਹੜਾ ਰਾਹ ਹਾਸਲ ਹੋਵੇਗਾ, ਇਸ ਦਾ ਫੈਸਲਾ ਅਦਾਲਤ ਕਰਦੀ ਹੈ।

ਚੈਪਟਰ 7 ਲਈ ਯੋਗਤਾ ਹਾਸਲ ਕਰਨ ਦੇ ਨਿਯਮ ਬਹੁਤ ਸਖਤ ਹਨ। ਜੇ ਅਦਾਲਤ ਇਹ ਫੈਸਲਾ ਕਰਦੀ ਹੈ ਕਿ ਇੱਕ ਕਰਜਦਾਰ ਹਰ ਮਹੀਨੇ ਇੱਕ ਸੌ ਡਾਲਰ ਤੱਕ ਦਾ ਕਰਜ਼ਾ ਅਦਾ ਕਰ ਸਕਦਾ ਹੈ, ਤਾਂ ਵੀ ਫਾਇਲਿੰਗ ਆਪਣੇ ਆਪ ਹੀ ਚੈਪਟਰ 13 ਦੀ ਬੈਂਕਰਪਸੀ ਵੱਲ ਜਾਏਗੀ। ਕਿਸੇ ਵੀ ਹਾਲਤ ਵਿਚ ਕਰਜਦਾਰਾਂ ਨੂੰ ਕ੍ਰੈਡਿਟ ਕਾਉਂਸਲਿੰਗ ਯਾਨਿ ਕਰਜ ਸਲਾਹਕਾਰੀ ਅਤੇ ਬਜਟ ਅਨੈਲਸਿਸ (ਬਜਟ ਵਿਸ਼ਲੇਸ਼ਣ) ਆਪਣੇ ਖਰਚੇ ਉਤੇ ਹੀ ਕਰਵਾਉਣਾ ਪਏਗਾ।

ਚੈਪਟਰ 13 ਚਾਲੂ ਭੁਗਤਾਨਾਂ ਉਤੇ ਕੁਝ ਰਾਹਤ ਜਰੂਰ ਦਿਵਾਉਂਦਾ ਹੈ ਪਰ ਇਹ ਚੈਪਟਰ 7 ਦੀ ਤਰ੍ਹਾਂ ਕਰਜਦਾਰ ਪੱਖੀ ਨਹੀਂ ਹੈ ਅਤੇ ਇਸ ਦੇ ਕੁੱਝ ਨੁਕਸਾਨ ਵੀ ਹਨ ਜਿਸ ਕਰਕੇ ਕਰਜਦਾਰ ਇਹ ਸੋਚਦੇ ਹਨ ਕਿ ਇਹ ਰਾਹ ਉਨ੍ਹਾਂ ਲਈ ਠੀਕ ਨਹੀਂ ਹੈ। ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇੱਕ ਵਾਰ ਫਾਇਲਿੰਗ ਦੀਆਂ ਸ਼ਰਤਾਂ ਮਿਥਣ ਤੋਂ ਬਾਦ ਕਰਜ਼ਦਾਰ ਦੇ ਪੈਸੇ ਦਾ ਹਿਸਾਬ-ਕਿਤਾਬ ਅਦਾਲਤ ਦੇ ਇੱਕ ਟਰਸਟੀ ਦੀ ਦੇਖ-ਰੇਖ ਵਿਚ ਹੁੰਦਾ ਹੈ। ਇਸ ਤਰ੍ਹਾਂ ਰੋਜ਼ ਦੇ ਜਾਂ ਮਹੀਨੇ ਦੇ ਖਰਚੇ ਵਿਚ ਇੱਕ ਬਾਹਰ ਦੇ ਬੰਦੇ ਦੀ ਦਖਅੰਦਾਜ਼ੀ ਸਮਝੌਤੇ ਨੂੰ ਖਾਤਮੇ ਦੀ ਕਗਾਰ ਤੱਕ ਲੈ ਆਉਂਦੀ ਹੈ ਅਤੇ ਕਰਜਦਾਰ ਕ੍ਰੈਡਿਟ ਕਾਰਡ 'ਤੇ ਕਰਜਾ ਲੈਣ ਲਈ ਮਜਬੂਰ ਹੋ ਜਾਂਦਾ ਹੈ।

**ਬੈਂਕਰਪਸੀ ਦੇ ਦਸ ਵੱਡੇ ਨੁਕਸਾਨ**

1. ਕ੍ਰੈਡਿਟ ਰਿਪੋਰਟ ਅਤੇ ਸਕੋਰ ਉਤੇ ਮਾੜ੍ਹਾ ਪ੍ਰਭਾਵ। ਇਹ ਖਰਾਬ ਚਿੰਨ ਕ੍ਰੈਡਿਟ ਰਿਪੋਰਟ ਉਤੇ 10 ਸਾਲ ਜਾਂ ਇਸ ਤੋਂ ਵੀ ਜ਼ਿਆਦਾ ਸਮੇਂ ਤੱਕ ਰਹਿ ਸਕਦਾ ਹੈ।

2. ਬੈਂਕਰਪਸੀ ਤੁਹਾਡੇ ਪਬਲਿਕ ਰਿਕਾਰਡ 'ਤੇ ਅਣਮਿੱਥੇ ਸਮੇਂ ਲਈ ਰਹਿ ਸਕਦੀ ਹੈ।

3. ਬੈਂਕਰਪਸੀ ਭਵਿੱਖ ਦੇ ਘੱਟ ਮਿਆਦ ਵਾਲੇ ਖਰਚਿਆਂ ਉਤੇ ਪ੍ਰਭਾਵ ਪਾ ਸਕਦੀ ਹੈ।

4. ਕੁੱਝ ਸਮੇਂ ਵਾਸਤੇ ਮਾਰਟਗੇਜ ਉਪਲਬਧ ਨਹੀਂ ਹੋਵੇਗਾ।

5. ਜ਼ਿਆਦਾਤਰ ਮਾਮਲਿਆਂ ਵਿਚ ਸਾਰੇ ਕਰਜੇ ਤੋਂ ਮੁਕਤੀ ਨਹੀਂ ਮਿਲਦੀ।

6. ਬੈਂਕਰਪਸੀ ਕਾਨੂੰਨ ਬਦਲਣ ਤੋਂ ਬਾਦ ਚੈਪਟਰ 7 ਲਈ ਕੁਆਲੀਫਾਈ ਕਰਨਾ ਕਰਜਦਾਰ ਲਈ ਬਹੁਤ ਮੁਸ਼ਕਲ ਹੋ ਗਿਆ ਹੈ।

7. ਕਰਜਦਾਰ ਨੂੰ ਲੈਣੇਦਾਰਾਂ ਦਾ ਪੈਸਾ ਵਾਪਸ ਕਰਨ ਲਈ ਆਪਣੀ ਜਾਇਦਾਦ ਵੇਚਣ 'ਤੇ ਮਜਬੂਰ ਹੋਣਾ ਪੈ ਸਕਦਾ ਹੈ।

8. ਕਈ ਸਾਲਾਂ ਵਾਸਤੇ ਕ੍ਰੈਡਿਟ ਕਾਰਡ ਮਿਲਣ ਵਿਚ ਦਿੱਕਤ ਹੋ ਸਕਦੀ ਹੈ।

9. ਇਹ ਅਮਲ ਬਹੁਤ ਅਣਸੁਖਾਵਾਂ ਹੈ ਅਤੇ ਤੁਹਾਨੂੰ ਕੁੱਝ ਸਮੇਂ ਲਈ ਸ਼ਰਮਿੰਦਗੀ ਦਾ




ਸਾਹਮਣਾ ਕਰਨਾ ਪੈ ਸਕਦਾ ਹੈ।

10. ਨੌਕਰੀ ਅਤੇ ਕਰਜੇ ਲਈ ਅਰਜ਼ੀਆਂ ਵਿਚ ਅਕਸਰ ਇਹ ਪੁੱਛਿਆ ਜਾਂਦਾ ਹੈ, "ਕੀ ਤੁਸੀਂ ਕਦੇ ਬੈਂਕਰਪਸੀ ਦਾਇਰ ਕੀਤੀ ਹੈ?" ਇਸ ਸਵਾਲ ਦਾ ਝੂਠਾ ਜਵਾਬ ਦੇਣਾ ਇੱਕ ਫੈਡਰਲ ਗੁਨਾਹ ਹੈ।

**ਡੈਟ ਸੈਟਲਮੈਂਟ ਦੇ 5 ਵੱਡੇ ਫਾਇਦੇ**

ਡੈਟ ਸੈਟਲਮੈਂਟ, ਜਿਸ ਨੂੰ ਕਰਜਾ ਸੌਦੇਬਾਜ਼ੀ ਵੀ ਕਿਹਾ ਜਾਂਦਾ ਹੈ, ਇੱਕ ਨਵੀਂ ਕ੍ਰੈਡਿਟ ਕਾਰਡ ਕਰਜ਼ਾ ਰਾਹਤ ਹੈ, ਜਿਸ ਦੇ ਕਰਜਾ ਕਾਊਂਸਲਿੰਗ, ਕਨਸੌਲੀਡੇਸ਼ਨ ਅਤੇ ਬੈਂਕਰਪਸੀ ਦੇ ਮੁਕਾਬਲੇ ਕਈ ਫਾਇਦੇ ਹਨ। ਪਹਿਲਾ ਅਤੇ ਫੌਰੀ ਫਾਇਦਾ ਹੈ-ਡੈਟ ਸੈਟਲ ਹੋਣ ਤੱਕ ਬਿਨਾਂ ਕੋਈ ਐਡਵਾਂਸ ਫੀਸ ਦਿੱਤਿਆਂ ਕਰਜੇ ਵਿਚ ਕਟੌਤੀ। ਜਿਨ੍ਹਾਂ ਖਾਤਿਆਂ ਲਈ ਕਰਜਾ ਰਾਹਤ ਮਿਲ ਸਕਦੀ ਹੈ, ਉਹ ਹਨ-ਕ੍ਰੈਡਿਟ ਕਾਰਡ, ਡਿਪਾਰਟਮੈਂਟਲ ਸਟੋਰ ਕਰਜਾ, ਮੈਡੀਕਲ ਬਿੱਲ ਅਤੇ ਬਿਨਾ ਜਾਮਨੀ ਕਰਜੇ। ਇਸਦੇ ਹੋਰ ਫਾਇਦੇ ਹਨ:

1. ਇੱਕ ਵਾਰ ਡੈਟ ਸੈਟਲਮੈਂਟ ਅਮਲ ਸ਼ੁਰੂ ਹੋ ਜਾਏ ਤਾਂ ਅਦਾਲਤ ਦੇ ਨਿਰਦੇਸ਼ਾਂ 'ਤੇ ਕਰਜਦਾਰ ਦੀ ਤਨਖਾਹ ਵਿਚ ਹੋਣ ਵਾਲੀ ਕਟੌਤੀ ਬੰਦ ਹੋ ਜਾਵੇਗੀ ਕਿਉਂਕਿ ਲੈਣੇਦਾਰਾਂ ਨੂੰ ਇਹ ਪਤਾ ਲੱਗਣ 'ਤੇ ਕਿ ਤੁਸੀਂ ਡੈਟ ਸੈਟਲਮੈਂਟ ਦੇ ਅਮਲ ਵਿਚ ਹੋ, ਤਸੱਲੀ ਹੋ ਜਾਂਦੀ ਹੈ ਕਿ ਉਨ੍ਹਾਂ ਦੀ ਕੁਝ ਰਕਮ ਦਾ ਭੁਗਤਾਨ ਜਰੂਰ ਹੋ ਜਾਵੇਗਾ, ਯਾਨਿ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ ਵਾਲੀ ਗੱਲ। ਇਸ ਲਈ ਜਦੋਂ ਤੱਕ ਇਹ ਪ੍ਰਕਿਰਿਆ ਚਲ ਰਹੀ ਹੈ, ਉਹ ਕੋਈ ਕਨੂੰਨੀ ਐਕਸ਼ਨ ਨਹੀਂ ਲੈਣਗੇ।

2. ਕਰਜਾ ਮੁਕਤੀ: ਜਦੋਂ ਤੱਕ ਡੈਟ ਸੈਟਲ ਨਹੀਂ ਹੋ ਜਾਂਦਾ, ਸੈਟਲਮੈਂਟ ਦੇ ਅਮਲ ਦੌਰਾਨ ਤੁਹਾਨੂੰ ਕੋਈ ਪੇਸ਼ਗੀ ਫੀਸ ਨਹੀਂ ਦੇਣੀ ਪਏਗੀ।

3. ਇਹ ਕਰਜਦਾਰ ਦੀ ਜਾਇਦਾਦ ਨੂੰ ਸੁਰੱਖਿਅਤ ਕਰਦੀ ਹੈ। ਭੁਗਤਾਨਾਂ ਵਿਚ ਕਟੌਤੀ ਅਤੇ ਕਰਜੇ ਦੇ ਇੱਕ ਹਿੱਸੇ ਦਾ ਖਾਤਮਾ ਕਰਕੇ ਇਹ ਅਮਲ ਖਪਤਕਾਰ ਦੀ ਜਾਇਦਾਦ 'ਤੇ ਦਬਾਅ ਘਟਾ ਦਿੰਦਾ ਹੈ। ਮਿਸਾਲ ਵਜੋਂ, ਕਰਜਾ ਰਾਹਤ ਨੂੰ ਲੋਨ ਮੋਡੀਫਿਕੇਸ਼ਨ ਨਾਲ ਜੋੜ ਕੇ ਘਰ ਦੇ ਮਾਲਕਾਂ ਦੀ ਕਰਜਾ ਲਾਹੁਣ ਵਿਚ ਮਦਦ ਕੀਤੀ ਜਾਂਦੀ ਹੈ ਜਿਸ ਨਾਲ ਉਨ੍ਹਾਂ ਨੂੰ ਮਾਰਟਗੇਜ ਦੇ ਨਵੇਂ ਕਾਨੂੰਨਾਂ ਤਹਿਤ ਮੰਜ਼ੂਰੀ ਮਿਲ ਸਕਦੀ ਹੈ।

4. ਸਾਰਾ ਕਰਜਾ ਉਤਾਰਿਆ ਜਾ ਸਕਦਾ ਹੈ: ਡੈਟ ਕਟੌਤੀ ਤੋਂ ਬਾਦ ਅਦਾਇਗੀ ਦਾ ਪ੍ਰੋਗਰਾਮ ਕਾਫੀ ਲਚਕੀਲਾ ਹੋ ਜਾਂਦਾ ਹੈ ਪਰ ਜ਼ਿਆਦਾਤਰ ਇਹ 36 ਮਹੀਨਿਆਂ ਤੋਂ ਵੱਧ ਨਹੀਂ ਹੁੰਦਾ। ਸਾਧਾਰਨ ਤੌਰ 'ਤੇ, ਘੱਟੋ-ਘੱਟ ਅਦਾਇਗੀ ਨਾਲ ਇਨ੍ਹਾਂ ਖਾਤਿਆਂ ਦਾ ਭੁਗਤਾਨ ਕਰਨ ਲਈ 25 ਸਾਲਾਂ ਤੋਂ ਵੱਧ ਲੱਗ ਸਕਦੇ ਹਨ।

5. ਕ੍ਰੈਡਿਟ ਸਕੋਰ ਵਿਚ ਛੇਤੀ ਸੁਧਾਰ: ਖਾਤਿਆਂ ਦੀ ਸੈਟਲਮੈਂਟ ਨਾਲ ਕਰਜਦਾਰ ਆਪਣੇ ਕ੍ਰੈਡਿਟ ਸਕੋਰ ਬੈਂਕਰਪਸੀ ਨਾਲੋਂ ਛੇਤੀ ਸੁਧਾਰ ਸਕਦੇ ਹਨ। ਬੈਂਕਰਪਸੀ ਕ੍ਰੈਡਿਟ ਰਿਪੋਰਟ 'ਤੇ 10 ਸਾਲਾਂ ਤੋਂ ਵੱਧ ਅਤੇ ਪਬਲਿਕ ਰਿਕਾਰਡ ਉਤੇ ਅਣਮਿੱਥੇ ਸਮੇਂ ਲਈ ਰਹਿ ਸਕਦੀ ਹੈ।

ਡੈਟ ਸੈਟਲਮੈਂਟ/ਸੌਦੇਬਾਜ਼ੀ ਹੋਰ ਕਰਜਾ ਰਾਹਤ, ਜਿਵੇਂ ਕਿ ਬੈਂਕਰਪਸੀ-ਨਾਲੋਂ ਆਪਣੇ ਫਾਇਦਿਆਂ ਕਰਕੇ ਸੰਕਟਗ੍ਰਸਤ ਕਰਜਦਾਰਾਂ ਵਿਚ ਜ਼ਿਆਦਾ ਲੋਕਪ੍ਰਿਅ ਹੈ। ਫੇਰ ਵੀ, ਕੋਈ ਫੈਸਲਾ ਲੈਣ ਤੋਂ ਪਹਿਲਾਂ, ਖਪਤਕਾਰਾਂ ਨੂੰ ਹਰ ਤਰ੍ਹਾਂ ਦੀ ਕਰਜਾ ਰਾਹਤ ਤੋਂ ਵਾਕਫ ਹੋਣਾ ਚਾਹੀਦਾ ਹੈ। ਜੇ ਤੁਸੀਂ ਬਹੁਤ ਸਾਰੇ ਕਰਜ਼ਿਆਂ ਦੇ ਬੋਝ ਥੱਲੇ ਦਬੇ ਹੋਏ ਹੋ ਅਤੇ ਇਸ ਤੋਂ ਬਾਹਰ ਆਉਣਾ ਚਾਹੁੰਦੇ ਹੋ ਤਾਂ ਡੈਟ ਸੈਟਲਮੈਂਟ ਤੁਹਾਡੇ ਲਈ ਸਹੀ ਚੋਣ ਹੈ। ਇੱਕ ਡੈਟ ਸੈਟਲਮੈਂਟ ਕੰਪਨੀ ਤੁਹਾਡੇ ਕਰਜ਼ਿਆਂ ਉਤੇ ਕੁੱਲ ਬਕਾਇਆ ਘਟਾਉਣ ਵਿਚ ਮਦਦ ਕਰੇਗੀ। ਇੱਥੋਂ ਤੱਕ ਕਿ ਇਹ ਕਈ ਕਰਜ਼ਿਆਂ ਨੂੰ ਜੋੜ ਕੇ ਇੱਕ ਮਹੀਨਾਵਾਰ ਭੁਗਤਾਨ ਵਿਚ ਬਦਲ ਦੇਵੇਗੀ, ਜੋ ਤੁਹਾਡੇ ਸਾਰੇ ਮੌਜੂਦਾ ਭੁਗਤਾਨਾਂ ਤੋਂ ਘੱਟ ਹੋਵੇਗਾ। ਡੈਟ ਸੈਟਲਮੈਂਟ ਬੈਂਕਰਪਸੀ ਕੀਤੇ ਬਿਨਾਂ ਤੁਹਾਡੀਆਂ ਆਰਥਿਕ ਚਿੰਤਾਵਾਂ ਨੂੰ ਦੂਰ ਕਰਨ ਦਾ ਇੱਕ ਅਸਰਦਾਰ ਤਰੀਕਾ ਹੈ।

ਡੈਟ ਸੈਟਲਮੈਂਟ ਬੈਂਕਰਪਸੀ ਤੋਂ ਬਿਹਤਰ ਹੈ। ਬੈਂਕਰਪਸੀ ਨੂੰ ਸਮਾਜਿਕ ਧੱਬਾ ਬਿਨਾਂ ਵਜ੍ਹਾ ਨਹੀਂ ਕਿਹਾ ਜਾਂਦਾ, ਬੇਸ਼ਕ ਕੁੱਝ ਮਾਮਲਿਆਂ ਵਿਚ ਇਹ ਅਟੱਲ ਅਮਲ ਹੋ ਨਿਬੜਦਾ ਹੈ। ਇਹ ਵੀ ਸੱਚ ਹੈ ਕਿ ਬੈਂਕਰਪਸੀ ਤੁਹਾਡੀ ਆਰਥਿਕ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਵੀ ਤਬਾਹ ਕਰ ਦਿੰਦੀ ਹੈ। ਬੈਂਕਰਪਸੀ ਤੁਹਾਡੀ ਕ੍ਰੈਡਿਟ ਰਿਪੋਰਟ ਉਤੇ 10 ਸਾਲਾਂ ਤੱਕ ਰਹਿ ਸਕਦੀ ਹੈ ਅਤੇ ਇਹ ਹਰੇਕ ਜਾਂਚ ਕਰਨ ਵਾਲੇ ਨੂੰ ਦਿਸਦੀ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਸਾਡੇ ਸਮਾਜ ਵਿਚ ਦੀਵਾਲੀਆਪਨ ਕਿੱਡਾ ਵੱਡਾ ਮਿਹਣਾ ਹੈ। ਬੈਂਕਰਪਸੀ ਉਨ੍ਹਾਂ ਲੋਕਾਂ ਲਈ ਹੈ ਜੋ ਆਪਣਾ ਕਰਜ਼ਾ ਕਿਸੇ ਵੀ ਹਾਲਤ ਵਿਚ ਚੁਕਤਾ ਨਹੀਂ ਕਰ ਸਕਦੇ। ਜੇਕਰ ਤੁਸੀਂ ਜਿੰਨਾ ਹੋ ਸਕੇ, ਕਰਜ਼ਾ ਚੁਕਾਉਣਾ ਚਾਹੁੰਦੇ ਹੋ ਤਾਂ ਡੈਟ ਰਿਡਕਸ਼ਨ ਕਿਤੇ ਬਿਹਤਰ ਚੋਣ ਹੈ।

*-ਸੁਰਿੰਦਰ ਸਿੰਘ, ਡੈਟ ਸਪੈਸ਼ਲਿਸਟ*
*ਕਿਸੇ ਵੀ ਸਵਾਲ ਲਈ ਕਾਲ ਕਰੋ*
*ਫੋਨ: 510-397-8292*

Quik Signs
Signs • Graphics • Wraps


ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ
ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਅਕਾਲੀਆਂ ਦੀ ਮਿਹਰਬਾਨੀ ਨਾਲ ਸ਼੍ਰੋਮਣੀ ਕਮੇਟੀ ਹੋਈ ਕੰਗਾਲ

**ਚੰਡੀਗੜ੍ਹ:** ਸਿੱਖੀ ਦੇ ਪ੍ਰਚਾਰ ਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਬਣੀ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ 'ਤੇ ਕਈ ਸਵਾਲ ਖੜ੍ਹੇ ਹੋ ਗਏ ਹਨ। ਭਾਵੇਂ ਕਮੇਟੀ ਉਤੇ ਲੰਮੇ ਸਮੇਂ ਤੋਂ ਕਾਬਜ਼ ਅਕਾਲੀ ਦਲ (ਬਾਦਲ) 'ਤੇ ਹਮੇਸ਼ਾ ਗੁਰੂ ਦੀ ਗੋਲਕ ਨੂੰ ਨਿੱਜੀ ਹਿੱਤਾਂ ਲਈ ਵਰਤਣ ਦੇ ਦੋਸ਼ ਲਗਦੇ ਰਹੇ ਹਨ ਪਰ ਇਤਿਹਾਸਕ ਗੁਰੂਧਾਮਾਂ ਦੇ ਘਾਟੇ 'ਚ ਚੱਲਣ ਤੇ ਹੋਰ ਸੰਸਥਾਵਾਂ ਦੇ ਕਰਜ਼ਾਈ ਹੋਣ ਦੇ ਖੁਲਾਸਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਦਰਬਾਰ ਸਾਹਿਬ ਸਣੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਆਉਂਦੇ 86 ਗੁਰੂਘਰਾਂ ਵਿਚੋਂ 42 ਘਾਟੇ ਵਿਚ ਚੱਲ ਰਹੇ ਹਨ। ਸਾਲ 2010-11 ਦੇ ਬਜਟ ਵਿਚ ਸਿਰਫ ਦਰਬਾਰ ਸਾਹਿਬ ਨੂੰ ਹੀ ਸਾਢੇ 23 ਕਰੋੜ ਰੁਪਏ ਦੇ ਘਾਟੇ ਵਿਚ ਵਿਖਾਇਆ ਗਿਆ ਹੈ ਜਦਕਿ ਹਕੀਕਤ ਇਹ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਦਰਬਾਰ ਸਾਹਿਬ ਦੀ ਗੋਲਕ ਵਿਚ ਹਰ ਸਾਲ ਕਰੀਬ 4 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ। 2010-11 ਵਿਚ ਦਰਬਾਰ ਸਾਹਿਬ ਦੀ ਆਮਦਨ 122.11 ਕਰੋੜ ਰੁਪਏ ਵਿਖਾਈ ਗਈ ਹੈ ਜਦਕਿ ਖ਼ਰਚ 145 ਕਰੋੜ ਰੁਪਏ ਹੈ। 1998 ਵਿਚ ਸ਼੍ਰੋਮਣੀ ਕਮੇਟੀ ਕੋਲ 72 ਕਰੋੜ ਰੁਪਏ ਦੀਆਂ ਐਫ਼.ਡੀ.ਆਰ. ਸਨ ਪਰ ਅੱਜ ਕੋਈ ਐਫ਼.ਡੀ.ਆਰ. ਨਹੀਂ ਹੈ। ਧਰਮ ਪ੍ਰਚਾਰ ਕਮੇਟੀ ਕੋਲ 1998 ਵਿਚ 66 ਕਰੋੜ ਰੁਪਏ ਦੀਆਂ ਐਫ਼.ਡੀ.ਆਰ. ਸਨ ਪਰ ਅੱਜ ਕੋਈ ਜਮ੍ਹਾਂ ਪੂੰਜੀ ਨਹੀਂ ਹੈ ਸਗੋਂ ਇਸ ਵਾਰ ਕਮੇਟੀ ਦੇ ਬਜਟ ਵਿਚ ਵੀ 5 ਕਰੋੜ ਦਾ ਘਾਟਾ ਵਿਖਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ 19 ਦੇ 19 ਕਾਲਜ ਹੀ ਘਾਟੇ ਵਿਚ ਹਨ ਜਦਕਿ 32 ਸਕੂਲਾਂ ਵਿਚੋਂ 18 ਘਾਟੇ ਵਿਚ ਹਨ। ਵਧੇਰੇ ਸਕੂਲ ਉਹ ਹਨ ਜਿਨ੍ਹਾਂ ਨੂੰ ਸਰਕਾਰ ਤੋਂ ਗ੍ਰਾਂਟ ਮਿਲਦੀ ਹੈ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੀ ਜ਼ਮੀਨ ਤੇ ਇਮਾਰਤ ਵੀ 22 ਕਰੋੜ ਰੁਪਏ ਵਿਚ ਪੰਜਾਬ ਐਂਡ ਸਿੰਧ ਬੈਂਕ ਕੋਲ ਗਹਿਣੇ ਪਈ ਹੈ। ਇਸ ਰਕਮ ਨਾਲ ਮਸ਼ੀਨਰੀ ਖ਼ਰੀਦੀ ਗਈ ਹੈ ਪਰ ਸੰਸਥਾ ਦੇ ਡਾਇਰੈਕਟਰ ਨੇ ਖ਼ੁਦ ਹੀ ਕਿਹਾ ਸੀ ਕਿ ਮਸ਼ੀਨਰੀ ਖ਼ਰੀਦਣ 'ਚ ਵੱਡਾ ਘਪਲਾ ਹੋਇਆ ਹੈ।

ਗੁਰੂ ਰਾਮ ਦਾਸ ਮੈਡੀਕਲ ਕਾਲਜ ਨੂੰ ਹਰ ਸਾਲ 5 ਕਰੋੜ ਰੁਪਏ ਦੀ ਸਹਾਇਤਾ ਗ੍ਰਾਂਟ ਦੇ ਤੌਰ 'ਤੇ 'ਵਿਦਿਅਕ ਫ਼ੰਡ' ਤੋਂ ਇਲਾਵਾ ਦਿਤੀ ਜਾਂਦੀ ਹੈ ਹਾਲਾਂਕਿ ਇਹ ਸਪੱਸ਼ਟ ਹੈ ਕਿ 'ਵਿਦਿਅਕ ਫ਼ੰਡ' ਤੋਂ ਬਿਨਾਂ ਕੋਈ ਵੀ ਸਹਾਇਤਾ ਵਿਦਿਅਕ ਅਦਾਰਿਆਂ ਨੂੰ ਦੇਣੀ ਗੈਰ ਕਾਨੂੰਨੀ ਹੈ ਤੇ ਇਸ ਬਾਰੇ ਸਰਕਾਰੀ 'ਆਡੀਟਰਜ਼' ਨੇ ਅਨੇਕਾਂ ਵਾਰ ਇਤਰਾਜ਼ ਹੀ ਨਹੀਂ ਲਾਏ ਸਗੋਂ 'ਆਡੀਟਰਾਂ' ਦਾ ਇਹ ਕਥਨ ਗੁਰਦੁਆਰਾ ਗਜ਼ਟ ਤਕ ਵਿਚ ਛਪਿਆ ਹੈ ਕਿ ਇੰਜ ਫ਼ੰਡ ਤਕਸੀਮ ਕਰ ਕੇ ਗੁਰਦੁਆਰਾ ਐਕਟ ਦੀ ਉਲੰਘਣਾ ਹੀ ਨਹੀਂ ਹੋ ਰਹੀ ਸਗੋਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਇਸ ਬਾਰੇ ਪਾਏ ਜਾਂਦੇ ਮਤਿਆਂ ਨਾਲ ਵੀ ਗੱਲ ਨਹੀਂ ਬਣਦੀ ਤੇ ਇਹ ਮਤੇ ਗੁਰਦੁਆਰਾ ਐਕਟ ਦੀ ਸਪੱਸ਼ਟ ਉਲੰਘਣਾ ਹਨ। ਨਿਯਮਾਂ ਅਨੁਸਾਰ ਸਿਰਫ 10 ਫ਼ੀਸਦੀ ਦਸਵੰਧ, 15 ਫ਼ੀਸਦੀ ਧਾਰਮਿਕ ਫ਼ੰਡ, 5 ਫ਼ੀਸਦੀ ਵਿਦਿਅਕ ਫ਼ੰਡ ਤੇ 8.5 ਫ਼ੀਸਦੀ ਗੁਰਬਾਣੀ ਸਾਹਿਤ ਤੇ ਸਮਾਜ ਭਲਾਈ ਦੇ ਕੰਮਾਂ 'ਤੇ ਖ਼ਰਚੇ ਜਾ ਸਕਦੇ ਹਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਸਾਢੇ 17 ਕਰੋੜ ਰੁਪਏ 'ਵਿਦਿਅਕ ਫ਼ੰਡ' ਦੇ ਤੌਰ 'ਤੇ ਅਪਣੇ ਬਜਟ ਵਿਚ ਸਕੂਲਾਂ, ਕਾਲਜਾਂ ਨੂੰ ਦਿਤੇ ਜਾਣ ਦੇ ਬਾਵਜੂਦ ਸਕੂਲ, ਕਾਲਜ ਘਾਟੇ ਵਿਚ ਚੱਲ ਰਹੇ ਹਨ।

ਇਸ ਤੋਂ ਇਲਾਵਾ ਵਿਸ਼ਵ ਸਿੱਖ ਯੂਨੀਵਰਸਿਟੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤਕ 40 ਕਰੋੜ ਰੁਪਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਵਿਚੋਂ ਫ਼ੰਡ ਕੱਢ ਕੇ ਬਣਾਏ ਜਾ ਰਹੇ ਟਰੱਸਟਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪ 'ਲਾਈਫ਼ ਮੈਂਬਰ' ਹੋਣ ਦੇ ਨਾਲ-ਨਾਲ ਚੇਅਰਮੈਨ ਹਨ। ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਦੀਆਂ 42 ਸੀਟਾਂ ਸਿੱਖ ਕੋਟੇ ਦੀਆਂ ਹਨ ਤੇ 8 ਐਨ.ਆਰ.ਆਈ. ਕੋਟੇ ਦੀਆਂ ਹਨ ਪਰ ਇਨ੍ਹਾਂ ਵਿਚੋਂ ਪੈਸੇ ਲੈ ਕੇ ਇਹ ਸੀਟਾਂ ਗ਼ੈਰ-ਸਿੱਖਾਂ ਨੂੰ ਦਿੱਤੀਆਂ ਜਾਂਦੀਆਂ ਹਨ। ਪਤਾ ਲੱਗਾ ਹੈ ਕਿ ਇਸ ਬਾਰੇ ਜਦ ਡਾਇਰੈਕਟਰ ਡਾ. ਏ.ਪੀ. ਸਿੰਘ 'ਤੇ ਦੋਸ਼ ਲਾਏ ਗਏ ਤਾਂ ਡਾਇਰੈਕਟਰ ਨੂੰ ਤਿੰਨ ਮਹੀਨੇ ਲਈ ਇੰਗਲੈਂਡ ਰਵਾਨਾ ਕਰ ਦਿੱਤਾ ਗਿਆ।





Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ

# ਪੰਜਾਬ ਤੁਰਿਆ ਬਿਹਾਰ ਦੇ ਰਾਹ

## 50 ਫੀਸਦੀ ਤੋਂ ਵੱਧ ਚੋਣ ਬੂਥ ਸੰਵੇਦਨਸ਼ੀਲ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੋਣਾਂ ਦੌਰਾਨ ਬਾਹੂਬਲ ਦੀ ਵਰਤੋਂ ਦੇ ਮਾਮਲੇ 'ਚ ਪੰਜਾਬ ਵੀ ਹੁਣ ਬਿਹਾਰ ਦੀ ਰਾਹੇ ਤੁਰ ਪਿਆ ਹੈ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਬਣਾਏ ਕੁੱਲ ਬੂਥਾਂ ਵਿਚੋਂ ਪੰਜਾਹ ਫੀਸਦੀ ਤੋਂ ਵੱਧ ਬੂਥ ਸੰਵੇਦਨਸ਼ੀਲ ਹਨ। ਕਮੇਟੀ ਦੀਆਂ ਚੋਣਾਂ ਲਈ ਕੁੱਲ 8334 ਬੂਥ ਕਾਇਮ ਕੀਤੇ ਗਏ ਹਨ ਤੇ ਇਨ੍ਹਾਂ ਵਿਚੋਂ 4594 ਨੂੰ ਸੰਵੇਦਨਸ਼ੀਲ ਕਰਾਰ ਦਿੱਤਾ ਗਿਆ ਹੈ। ਅਤਿ ਨਾਜ਼ੁਕ ਬੂਥਾਂ ਦੀ ਗਿਣਤੀ 504 ਦੱਸੀ ਗਈ ਹੈ।

ਇਹ ਤਾਂ ਧਾਰਮਿਕ ਵੋਟਾਂ ਹਨ ਪਰ ਜੇਕਰ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਪੰਜਾਬੀਆਂ ਨੇ ਧੱਕੇਸ਼ਾਹੀ ਦੇ ਮਾਮਲੇ 'ਚ ਬਿਹਾਰੀਆਂ ਨੂੰ ਵੀ ਮਾਤ ਪਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਵੀ ਚੋਣ ਕਮਿਸ਼ਨ ਪੂਰੀ ਤਰ੍ਹਾਂ ਫਿਕਰਮੰਦ ਹੈ ਕਿਉਂਕਿ 50 ਫੀਸਦੀ ਬੂਥਾਂ ਦੇ ਸੰਵੇਦਨਸ਼ੀਲ ਹੋਣ ਦਾ ਮਾਮਲਾ ਕਾਫੀ ਗੰਭੀਰ ਹੈ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਹਰਫੂਲ ਸਿੰਘ ਬਰਾੜ ਨੇ ਦੱਸਿਆ ਕਿ ਨਾਜ਼ੁਕ ਬੂਥਾਂ ਉਤੇ ਦੂਜਿਆਂ ਬੂਥਾਂ ਨਾਲੋਂ ਵਧੇਰੇ ਸੁਰੱਖਿਆ ਰੱਖੀ ਜਾਵੇਗੀ ਤੇ ਜੇ ਲੋੜ ਪਈ ਤਾਂ ਅਰਧ ਸੈਨਿਕ ਬਲ ਵੀ ਲਾਏ ਜਾ ਸਕਣਗੇ। ਉਨ੍ਹਾਂ ਪੁਲਿਸ ਮੁਖੀ ਪੀ.ਐਸ. ਗਿੱਲ ਦੇ ਉਸ ਬਿਆਨ ਨਾਲ ਅਸਹਿਮਤੀ ਪ੍ਰਗਟ ਕੀਤੀ ਜਿਸ ਵਿਚ ਉਨ੍ਹਾਂ ਵੋਟਾਂ ਲਈ ਪੰਜਾਬ ਪੁਲੀਸ ਨੂੰ ਕਾਫ਼ੀ ਦੱਸਿਆ ਹੈ।

ਉਨ੍ਹਾਂ ਨੇ ਦੱਸਿਆ ਕਿ ਪੋਲਿੰਗ ਬੂਥਾਂ ਦੀ ਚੋਣ ਕਮਿਸ਼ਨ ਵੱਲੋਂ ਕੋਈ ਵੀਡੀਓਗ੍ਰਾਫੀ ਨਹੀਂ ਕੀਤੀ ਜਾਵੇਗੀ ਪਰ ਜੇ ਉਮੀਦਵਾਰ ਚਾਹੁਣ ਤਾਂ ਉਹ ਆਪਣੇ ਖ਼ਰਚ 'ਤੇ ਵੀਡੀਓ ਤਿਆਰ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਲਈ ਡਿਪਟੀ ਕਮਿਸ਼ਨਰ ਦੀ ਅਗਾਊਂ ਪ੍ਰਵਾਨਗੀ ਜ਼ਰੂਰੀ ਹੈ। ਉਮੀਦਵਾਰ ਵੀਡੀਓਗ੍ਰਾਫੀ ਸਿਰਫ ਪੋਲਿੰਗ ਸਟੇਸ਼ਨ ਦੇ ਬਾਹਰ ਕਰ ਸਕਦੇ ਹਨ ਜਦੋਂਕਿ ਅੰਦਰ ਇਸ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਕਮਿਸ਼ਨ ਵੱਲੋਂ ਵੋਟਾਂ ਦੇ ਦਿਨ ਪੋਲਿੰਗ ਸਟੇਸ਼ਨਾਂ ਦੇ ਆਲੇ-ਦੁਆਲੇ ਸਿਰਫ ਸਰਕਾਰੀ ਜਾਂ ਚੋਣ ਅਮਲੇ ਨਾਲ ਸਬੰਧਤ ਗੱਡੀਆਂ ਨੂੰ ਆਉਣ-ਜਾਣ ਦੀ ਇਜਾਜ਼ਤ ਹੋਵੇਗੀ ਜਦੋਂਕਿ ਨਿੱਜੀ ਵਾਹਨਾਂ ਦੇ 200 ਮੀਟਰ ਦੇ ਘੇਰੇ ਅੰਦਰ ਆਉਣ ਦੀ ਮਨਾਹੀ ਹੋਵੇਗੀ।

ਵੋਟਾਂ ਵਾਲੇ ਦਿਨ ਇਕ ਵਾਹਨ ਵਿਚ ਡਰਾਈਵਰ ਸਮੇਤ ਸਿਰਫ ਚਾਰ ਵਿਅਕਤੀ ਹੀ ਸਫ਼ਰ ਕਰ ਸਕਣਗੇ। ਵੋਟਾਂ ਵਾਲੇ ਦਿਨ ਹਥਿਆਰ ਲੈ ਕੇ ਚੱਲਣ 'ਤੇ ਵੀ ਰੋਕ ਰਹੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਪਿਛਲੇ ਦਿਨੀਂ 57991 ਨਵੀਆਂ ਵੋਟਾਂ ਬਣੀਆਂ ਹਨ ਤੇ ਹੁਣ ਵੋਟਾਂ ਦੀ ਗਿਣਤੀ ਵਧ ਕੇ 53 ਲੱਖ, 21 ਹਜ਼ਾਰ, 302 ਹੋ ਗਈ ਹੈ। ਉਨ੍ਹਾਂ ਮੰਨਿਆ ਕਿ ਪੰਜਾਬ ਵਿਚੋਂ ਜਾਅਲੀ ਵੋਟਾਂ ਬਣਨ ਦੀ ਸ਼ਿਕਾਇਤਾਂ ਆ ਰਹੀਆਂ ਹਨ ਤੇ ਇਨ੍ਹਾਂ ਦੀ ਜਾਂਚ ਦੇ ਹੁਕਮ ਦਿੱਤੇ ਗਏ ਹਨ।

ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਵੋਟਰਾਂ ਦੀ ਗਿਣਤੀ ਪਹਿਲਾਂ ਜਿੰਨੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਾਅਲੀ ਵੋਟਾਂ ਸਿੱਧ ਹੋਣ ਦੀ ਸੂਰਤ ਵਿਚ ਇਹ ਰੱਦ ਕੀਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਦੀਆਂ 170 ਸੀਟਾਂ ਲਈ 18 ਸਤੰਬਰ ਨੂੰ ਵੋਟਾਂ ਪੈਣਗੀਆਂ।

ਕੁੱਲ ਮੈਂਬਰਾਂ ਵਿਚੋਂ 157 ਪੰਜਾਬ ਵਿਚੋਂ, 11 ਹਰਿਆਣਾ ਤੇ ਇਕ-ਇਕ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿਚੋਂ ਚੁਣਿਆ ਜਾਵੇਗਾ। ਪਿਛਲੀ ਵਾਰ 2004 ਵਿਚ ਵੋਟਾਂ ਪਈਆਂ ਸਨ। ਕਮੇਟੀ ਲਈ ਪੰਦਰਾਂ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਕੁੱਲ 170 ਸੀਟਾਂ ਵਿਚੋਂ 30 ਫੀਸਦੀ ਔਰਤਾਂ ਤੇ 20 ਫੀਸਦੀ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

# ਮਾਨ ਵੱਲੋਂ ਲੋੜੋਂ ਵੱਧ ਛਪ ਰਹੇ ਬੈਲਟ ਪੇਪਰਾਂ 'ਤੇ ਇਤਰਾਜ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਲੋੜ ਤੋਂ ਵੱਧ ਛਪ ਰਹੇ ਬੈਲਟ ਪੇਪਰਾਂ ਦੇ ਮਾਮਲੇ ਵਿਚ ਗੁਰਦੁਆਰਾ ਚੋਣਾਂ ਦੇ ਚੀਫ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇ।

ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਗੁਰਦੁਆਰਾ ਚੋਣਾਂ ਲਈ ਛਾਪੇ ਜਾ ਰਹੇ ਬੈਲਟ ਪੇਪਰ ਸਰਕਾਰੀ ਪ੍ਰੈਸ ਪਟਿਆਲਾ ਤੋਂ ਛਪਵਾਏ ਜਾ ਰਹੇ ਹਨ। ਚੋਣ ਕਮਿਸ਼ਨ ਵੱਲੋਂ ਇਕ ਸੀਟ 'ਤੇ 6 ਬੈਲਟ ਪੇਪਰ ਛਾਪਣ ਦਾ ਨਿਯਮ ਤੈਅ ਹੋਇਆ ਹੈ ਪਰ ਬਾਦਲ ਹਕੂਮਤ ਆਪਣੇ ਪ੍ਰਭਾਵ ਦੀ ਦੁਰਵਰਤੋਂ ਕਰਕੇ ਇਕ ਪੇਪਰ 'ਤੇ ਮੰਦਭਾਵਨਾ ਤਹਿਤ ਗੁਪਤ ਤੌਰ 'ਤੇ 8 ਬੈਲਟ ਪੇਪਰ ਛਪਵਾ ਰਹੀ ਹੈ।

ਇਸ ਤਰ੍ਹਾਂ ਨਾਲ ਲੱਖਾਂ ਦੀ ਗਿਣਤੀ ਵਿਚ ਕੁੱਲ ਵੋਟਰਾ ਨਾਲੋਂ ਵੱਧ ਬੈਲਟ ਪੇਪਰ ਛਪਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਨਾਂ ਬੈਲਟ ਪੇਪਰਾਂ ਦੀ ਵਰਤੋਂ ਬਾਦਲ ਹਕੂਮਤ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਕਰੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਨੇ ਇਸ ਅਤਿ ਸੰਜੀਦਾ ਮੁੱਦੇ 'ਤੇ ਸਖਤੀ ਤੇ ਚੌਕਸੀ ਨਾ ਵਰਤੀ ਤਾਂ ਬਾਦਲ ਦਲ ਆਪਣੇ ਜਮੂਹਰੀਅਤ ਵਿਰੋਧੀ ਮਨਸੂਬਿਆਂ ਵਿਚ ਕਾਮਯਾਬ ਹੋ ਜਾਵੇਗਾ।

ਸ. ਮਾਨ ਨੇ ਕਿਹਾ ਕਿ ਹਾਕਮ ਸ਼੍ਰੋਮਣੀ ਅਕਾਲੀ ਦਲ ਕਈ ਚੋਣ ਹਲਕਿਆਂ 'ਚ ਪੁਲੀਸ ਤੇ ਅਫਸਰਸ਼ਾਹੀ ਦੀ ਦੁਰਵਰਤੋਂ ਕਰਕੇ ਬੂਥਾਂ 'ਤੇ ਜਬਰੀ ਕਬਜ਼ੇ ਕਰਕੇ ਜਾਅਲੀ ਵੋਟਾਂ ਭੁਗਤਾਉਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਦੀ ਪਾਰਟੀ ਵੱਲੋਂ ਮੁੱਖ ਚੋਣ ਕਮਿਸ਼ਨਰ ਦੇ ਧਿਆਨ ਹਿਤ ਲਿਆਉਂਦੇ ਹੋਏ ਮੰਗ ਕੀਤੀ ਗਈ ਹੈ ਕਿ ਪਟਿਆਲਾ ਦੀ ਸਰਕਾਰੀ ਪ੍ਰੈਸ ਜਿਥੇ ਚੋਣ ਬੈਲਟ ਪੇਪਰ ਛਪ ਰਹੇ ਹਨ, 'ਤੇ ਕਰੜੀ ਨਜ਼ਰ ਰੱਖੀ ਜਾਵੇ।

# ਸ਼੍ਰੋਮਣੀ ਕਮੇਟੀ ਨੇ ਹਾਈ ਕੋਰਟ ਦਾ ਦਰ ਖੜਕਾਇਆ

**ਚੰਡੀਗੜ੍ਹ:** ਸਹਿਜਧਾਰੀ ਸਿੱਖਾਂ ਦੇ ਵੋਟ ਦੇਣ ਦੇ ਅਧਿਕਾਰਾਂ ਬਾਰੇ ਕੇਸ ਨੂੰ ਨਵਾਂ ਮੋੜ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਹੁੰਚ ਕਰਕੇ ਸੀਨੀਅਰ ਐਡਵੋਕੇਟ ਹਰਭਗਵਾਨ ਸਿੰਘ ਵਿਰੁੱਧ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਅਪੀਲ ਕੀਤੀ ਹੈ। ਦੀਵਾਨੀ ਜ਼ਾਬਤਾ ਕੋਡ ਦੇ ਸੈਕਸ਼ਨ 151 ਤੇ ਫੌਜਦਾਰੀ ਦੰਡ ਵਿਧਾਨ ਦੇ ਸੈਕਸ਼ਨ 340 ਅਧੀਨ ਹਰਭਗਵਾਨ ਸਿੰਘ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੇ ਜਾਣ ਦੀ ਬੇਨਤੀ ਹਾਈ ਕੋਰਟ 'ਚ ਕੀਤੀ ਗਈ ਹੈ ਜਦਕਿ ਸਾਜ਼ਿਸ਼ਕਾਰਾਂ ਦੀ ਝੂਠੀ ਗਵਾਹੀ ਦੇਣ ਤੇ ਫੌਜਦਾਰੀ ਸਾਜ਼ਿਸ਼ ਲਈ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੇ ਸੈਕਸ਼ਨ 193 ਤੇ 120 ਬੀ ਅਧੀਨ ਕਾਰਵਾਈ ਕੀਤੇ ਜਾਣ ਦੀ ਵਕਾਲਤ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਪਹਿਲੀ ਸਤੰਬਰ ਤੋਂ ਪਹਿਲਾਂ ਹਰਭਗਵਾਨ ਸਿੰਘ ਨੇ ਕਦੇ ਵੀ ਇਸ ਮਾਮਲੇ 'ਚ ਸਿਵਲ ਰਿੱਟ ਪਟੀਸ਼ਨਾਂ ਬਾਰੇ ਭਾਰਤ ਸਰਕਾਰ ਦੀ ਨੁਮਾਇੰਦਗੀ ਨਹੀਂ ਕੀਤੀ ਸੀ। ਇਸੇ ਦਿਨ ਉਸ ਦੇ ਬਿਆਨ 'ਤੇ ਕੇਸ ਨਿਬੇੜ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਹਰਭਗਵਾਨ ਸਿੰਘ ਨੇ ਜਾਣਬੁੱਝ ਕੇ ਝੂਠਾ ਤੇ ਗਲਤ ਬਿਆਨ ਦਿੱਤਾ ਤੇ ਅਜਿਹਾ ਕਰਦਿਆਂ ਉਸ ਨੇ ਨਾ ਸਿਰਫ ਹਾਈ ਕੋਰਟ ਨੂੰ ਗੁੰਮਰਾਹ ਕੀਤਾ ਬਲਕਿ ਦੁਨੀਆਂ ਭਰ 'ਚ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਸੱਟ ਮਾਰੀ।

# ਗੁਰਦੁਆਰਾ ਸੁਧਾਰ ਲਹਿਰ ਦੀ ਤਵਾਰੀਖ ਦੇ ਮੁੱਢਲੇ ਸੱਤ ਸਾਲ

### 1920

10-11 ਅਕਤੂਬਰ: 'ਖਾਲਸਾ ਬਰਾਦਰੀ' ਜਥੇਬੰਦੀ ਵੱਲੋਂ ਜੱਲ੍ਹਿਆਂ ਵਾਲੇ ਬਾਗ, ਅੰਮ੍ਰਿਤਸਰ ਵਿਖੇ ਪਛੜੀਆਂ ਸ਼੍ਰੇਣੀਆਂ ਦੇ ਸਿੰਘਾਂ ਦਾ ਦੀਵਾਨ।

12 ਅਕਤੂਬਰ: 'ਖਾਲਸਾ ਬਰਾਦਰੀ' ਵੱਲੋਂ ਕੀਤੇ ਦੀਵਾਨ ਵਿਚ ਜਿਨ੍ਹਾਂ ਸਿੰਘਾਂ ਨੇ ਅੰਮ੍ਰਿਤ ਛਕਿਆ ਸੀ, ਉਹ ਸਿੰਘ ਕੜਾਹ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਗਏ, ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪੁਜਾਰੀਆਂ ਤੇ ਸੰਗਤਾਂ ਦੀ ਬਹਿਸ ਮਗਰੋਂ ਹੁਕਮਨਾਮਾ ਲਿਆ ਗਿਆ। ਅਖੀਰ ਪੁਜਾਰੀਆਂ ਨੇ ਅਰਦਾਸ ਕੀਤੀ ਅਤੇ ਕੜਾਹ ਪ੍ਰਸ਼ਾਦ ਵਰਤਾਇਆ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਅਕਾਲੀ ਸਿੰਘਾਂ ਨੇ ਸੰਭਾਲਿਆ।

13 ਅਕਤੂਬਰ: ਡਿਪਟੀ ਕਮਿਸ਼ਨਰ (ਅੰਮ੍ਰਿਤਸਰ) ਨੇ ਪੁਜਾਰੀਆਂ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਸਿੰਘਾਂ ਨੂੰ ਬੁਲਾਇਆ ਪਰ ਪੁਜਾਰੀ ਨਾ ਆਏ। ਸੋ, ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਸਿੰਘਾਂ ਕੋਲ ਰਿਹਾ। ਸ੍ਰੀ ਦਰਬਾਰ ਸਾਹਿਬ ਤੇ ਇਸ ਨਾਲ ਸਬੰਧਿਤ ਗੁਰਦੁਆਰਿਆਂ ਤੋਂ ਸਰਕਾਰੀ ਪ੍ਰਬੰਧ ਹਟਾ ਕੇ 9 ਗੁਰਸਿੱਖਾਂ ਦੀ ਆਰਜ਼ੀ ਪ੍ਰਬੰਧਕ ਕਮੇਟੀ ਬਣਾਈ ਗਈ।

13 ਨਵੰਬਰ: ਪੰਜਾਬ ਸਰਕਾਰ ਨੇ ਮਹਾਰਾਜਾ ਪਟਿਆਲਾ ਦੀ ਸਲਾਹ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਗੁਰਦੁਆਰਾ ਪ੍ਰਬੰਧ ਸਕੀਮ ਲਈ 36 ਸਿੱਖਾਂ ਦੀ ਕਮੇਟੀ ਬਣਾਈ। ਇਸ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਸਨ।

16 ਨਵੰਬਰ: ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਜਿਸ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ, ਮੀਤ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਥਾਪੇ ਗਏ।

14 ਦਸੰਬਰ: ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਅਤੇ ਸ. ਸੁਰਮੁਖ ਸਿੰਘ ਝਬਾਲ ਪਹਿਲੇ ਪ੍ਰਧਾਨ ਬਣੇ।

### 1921

23 ਜਨਵਰੀ: ਸ. ਸੁੰਦਰ ਸਿੰਘ ਮਜੀਠੀਆ ਨੇ ਪੰਜਾਬ ਦੇ ਗਵਰਨਰ ਦੀ ਐਗਜ਼ੈਕਟਿਵ ਵਿਚ ਰੈਵੀਨਿਊ ਮੈਂਬਰ ਬਣਨ ਮਗਰੋਂ 23 ਜਨਵਰੀ, 1921 ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।

24 ਜਨਵਰੀ: ਸ਼੍ਰੋਮਣੀ ਕਮੇਟੀ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਵਾਨ ਹੋਇਆ।

14 ਮਾਰਚ: ਗੁਰਦੁਆਰਾ ਬਿੱਲ ਬਣਾਉਣ ਵਾਸਤੇ ਮੀਆਂ ਫ਼ਜ਼ਲ ਹੁਸੈਨ ਨੇ ਪੰਜਾਬ ਵਿਧਾਨ ਕੌਂਸਲ ਵਿਚ ਮਤਾ ਪੇਸ਼ ਕੀਤਾ ਕਿ ਤਿੰਨ ਮੈਂਬਰੀ ਗੁਰਦੁਆਰਾ ਕਮਿਸ਼ਨ ਬਣਾਇਆ ਜਾਵੇ।

20 ਮਾਰਚ: ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਬਿੱਲ ਅਤੇ ਪ੍ਰਬੰਧ ਸਬੰਧੀ ਵਿਚਾਰ ਕਰਨ ਲਈ 12 ਮੈਂਬਰੀ ਕਮੇਟੀ ਬਣਾਈ।

11 ਅਪ੍ਰੈਲ: ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰੀ ਗੁਰਦੁਆਰਾ ਬਿੱਲ ਨੂੰ ਬਿਨਾਂ ਤਬਦੀਲੀਆਂ ਦੇ ਮੰਨਣ ਤੋਂ ਇਨਕਾਰ।

16 ਅਪ੍ਰੈਲ: ਗੁਰਦੁਆਰਾ ਬਿੱਲ ਪੰਜਾਬ ਕੌਂਸਲ ਵਿਚ ਪੇਸ਼ ਪਰ ਉਸ ਦਿਨ ਬਿੱਲ ਪਾਸ ਕਰਨ ਦੀ ਥਾਂ 9 ਮਈ ਤੱਕ ਮੁਲਤਵੀ।

30 ਅਪ੍ਰੈਲ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਜਿਸਟਰ।

14 ਅਗਸਤ: ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ।

29 ਅਕਤੂਬਰ: ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ ਨਿਯਮਾਂ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੇ ਸਬੰਧਿਤ ਗੁਰਦੁਆਰਿਆਂ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਹੋਣੀਆਂ ਚਾਹੀਦੀਆਂ ਹਨ।

### 1922

3 ਜਨਵਰੀ: ਡੀ. ਸੀ. ਨੇ 3 ਜਨਵਰੀ ਨੂੰ ਚਾਬੀਆਂ ਮੋੜਨੀਆਂ ਚਾਹੀਆਂ।

6 ਜਨਵਰੀ: ਡੀ.ਸੀ. ਆਪ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਪਤਾ ਕਰਨ ਗਿਆ ਕਿ ਪ੍ਰਬੰਧਕ ਕਿਹੜੀਆਂ ਸ਼ਰਤਾਂ 'ਤੇ ਚਾਬੀਆਂ ਵਾਪਸ ਲੈਣਗੇ।

19 ਜਨਵਰੀ: ਚਾਬੀਆਂ ਦੇ ਮਾਮਲੇ ਵਿਚ ਰਿਹਾਅ ਹੋਏ ਸਿੰਘ ਅੰਮ੍ਰਿਤਸਰ ਪੁੱਜੇ ਅਤੇ ਸ਼ਾਮ ਨੂੰ 6 ਵਜੇ ਜ਼ਿਲ੍ਹਾ ਜੱਜ ਦੇ ਨੁਮਾਇੰਦੇ ਨੇ ਚਾਬੀਆਂ ਦੀ ਥੈਲੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਦੀਵਾਨ ਵਿਚ ਬਾਬਾ ਖੜਕ ਸਿੰਘ ਨੂੰ ਦਿੱਤੀ।

19 ਫਰਵਰੀ: ਸ. ਸੁੰਦਰ ਸਿੰਘ ਰਾਮਗੜ੍ਹੀਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ।

27 ਫਰਵਰੀ: ਮਿਸਟਰ ਵਿਲਸਨ ਜੋਹਨਸਟਨ (ਹੋਮ ਸੈਕਟਰੀ) ਅਤੇ ਸਰਦਾਰ ਹੁਕਮ ਸਿੰਘ (ਸਬ ਜੱਜ) ਵੱਲੋਂ ਸ਼੍ਰੋਮਣੀ ਕਮੇਟੀ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਸਮਝੌਤਾ ਕਰਨ ਅਤੇ ਗੁਰਦੁਆਰਾ ਬਿੱਲ ਬਣਾਉਣ ਸਬੰਧੀ ਮੀਟਿੰਗ।

12 ਮਾਰਚ: ਸਰਕਾਰੀ ਨੇ ਸ਼੍ਰੋਮਣੀ ਕਮੇਟੀ ਨੂੰ ਸਿੱਖ ਪੰਥ ਦੀ ਪ੍ਰਤੀਨਿਧ ਕਮੇਟੀ ਮੰਨਿਆ।

14 ਮਾਰਚ: ਗੁਰਦੁਆਰਾ ਬਿੱਲ ਸਬੰਧੀ ਵਿਚਾਰ ਕਰਨ ਸਰਕਾਰੀ ਅਫ਼ਸਰਾਂ ਨੂੰ ਮਿਲਣ ਲਈ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਅਨੁਸਾਰ ਸ. ਬ. ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਸ. ਬੂਟਾ ਸਿੰਘ ਵਕੀਲ ਤੇ ਸ. ਅਮਰ ਸਿੰਘ ਵਾਸੂ ਦੀ ਸਬ ਕਮੇਟੀ ਬਣਾਈ।

1 ਮਈ: ਸ਼੍ਰੋਮਣੀ ਕਮੇਟੀ ਵੱਲੋਂ ਸ. ਅਮਰ ਸਿੰਘ ਵਾਸੂ ਅਤੇ ਦੋ ਮੈਂਬਰ ਲਾਹੌਰ ਦੇ ਕਮਿਸ਼ਨਰ ਟੌਲਿੰਗਟਨ ਅਤੇ ਹੋਮ ਸੈਕਟਰੀ ਵਿਲਸਨ ਜਾਨਸਟਨ ਗੁਰਦੁਆਰਾ ਪ੍ਰਬੰਧ ਸਬੰਧੀ ਵਿਚਾਰ ਕਰਨ ਲਈ ਮਿਲੇ।

16 ਜੁਲਾਈ: ਸ਼੍ਰੋਮਣੀ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ। ਬਾਬਾ ਖੜਕ ਸਿੰਘ ਪ੍ਰਧਾਨ ਚੁਣੇ ਗਏ। ਜੇਲ੍ਹ ਵਿਚ ਹੋਣ ਕਾਰਨ ਸ. ਬਹਾਦਰ ਮਹਿਤਾਬ ਸਿੰਘ ਨੂੰ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਪ੍ਰਧਾਨ ਦਾ ਕੰਮ ਸੰਭਾਲਣ ਲਈ ਕਿਹਾ ਗਿਆ।

31 ਜੁਲਾਈ: ਸਰ ਜੌਹਨ ਮੈਨਾਰਡ ਨੇ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਐਲਾਨ ਕੀਤਾ ਕਿ 1921 ਦਾ ਗੁਰਦੁਆਰਾ ਬਿੱਲ ਜੋ ਕੌਂਸਲ ਵਿਚ ਪਾਸ ਕਰਨ ਲਈ ਪੇਸ਼ ਕੀਤਾ ਜਾਣਾ ਸੀ, ਹੁਣ ਪੇਸ਼ ਨਹੀਂ ਕੀਤਾ ਜਾਵੇਗਾ।

7 ਨਵੰਬਰ: ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਸਰਕਾਰ ਵੱਲੋਂ ਗੁਰਦੁਆਰਾ ਬਿੱਲ ਪੇਸ਼।

### 1923

15 ਜੁਲਾਈ: ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ।

25 ਜੁਲਾਈ: ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਦੀ ਇਕੱਤਰਤਾ।

28 ਸਤੰਬਰ: ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੀ ਇਕੱਤਰਤਾ ਹੋਈ, ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਭੇਜੇ ਜਾਣ ਵਾਲੇ ਸਿੱਖ ਚੁਣੇ ਗਏ।

12 ਅਕਤੂਬਰ: ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਸੰਸਥਾਵਾਂ ਕਰਾਰ।

17 ਅਕਤੂਬਰ: ਸ਼੍ਰੋਮਣੀ ਕਮੇਟੀ ਦੀ ਨੌਂ ਮੈਂਬਰੀ ਨਵੀਂ ਕਾਰਜਕਾਰਨੀ ਕਮੇਟੀ ਬਣੀ।

20 ਅਕਤੂਬਰ: ਅਖ਼ਬਾਰਾਂ ਦੇ ਐਡੀਟਰਾਂ ਨੂੰ ਹੁਕਮ ਕੀਤਾ ਕਿ ਅਖ਼ਬਾਰਾਂ ਵਿਚ ਸ਼੍ਰੋਮਣੀ ਕਮੇਟੀ ਦਾ ਕੋਈ ਐਲਾਨ ਨਾ ਛਾਪਿਆ ਜਾਵੇ।

14 ਨਵੰਬਰ: ਕਾਂਗਰਸ ਦੇ ਨੇਤਾ ਅੰਮ੍ਰਿਤਸਰ ਇਕੱਤਰ ਹੋਏ ਅਤੇ ਅਕਾਲੀ ਲਹਿਰ ਦੀ ਸਹਾਇਤਾ ਕਰਨ ਲਈ ਅਕਾਲੀ ਸਹਾਇਕ ਕਮੇਟੀ ਬਣਾਉਣ ਦਾ ਫ਼ੈਸਲਾ।

### 1924

1 ਜਨਵਰੀ: ਕੋਕਾ ਨਾਡਾ ਕਾਂਗਰਸ ਦੇ ਖੁੱਲ੍ਹੇ ਸਮਾਗਮ ਵਿਚ ਸ੍ਰੀਮਤੀ ਸਰੋਜਨੀ ਨਾਇਡੂ ਵੱਲੋਂ ਮਤਾ ਪੇਸ਼ ਕਰਕੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਉੱਪਰ ਹਮਲਾ ਉਨ੍ਹਾਂ ਜਮਾਤਾਂ ਉਤੇ ਹਮਲਾ ਕਰਾਰ ਜੋ ਸ਼ਾਂਤਮਈ ਰਹਿ ਕੇ ਸੁਤੰਤਰਤਾ ਪ੍ਰਾਪਤ ਕਰਨਾ ਚਾਹੁੰਦੀਆਂ ਹਨ।

11 ਅਪ੍ਰੈਲ: ਸਿੱਖ ਗੁਰਦੁਆਰਿਆਂ ਦਾ ਸਮਝੌਤਾ ਕਰਵਾਉਣ ਲਈ ਬਰਡਵੁਡ ਕਮੇਟੀ ਦਾ ਐਲਾਨ।

2 ਜੂਨ: ਸਰ ਮੈਲਕਮ ਹੇਲੀ ਪੰਜਾਬ ਦਾ ਗਵਰਨਰ ਬਣ ਕੇ ਸ਼ਿਮਲੇ ਪਹੁੰਚਿਆ।

3 ਸਤੰਬਰ: ਸ਼੍ਰੋਮਣੀ ਕਮੇਟੀ ਵੱਲੋਂ ਐਚ. ਈ. ਬਰਡਵੁਡ ਨਾਲ ਸਮਝੌਤਾ ਫੇਲ੍ਹ ਹੋਣ ਬਾਰੇ ਐਲਾਨ।

25 ਨਵੰਬਰ: ਪੰਜਾਬ ਸਰਕਾਰ ਵੱਲੋਂ ਮਿਸਟਰ ਐਮਰਸਨ ਤੇ ਪਕਲ ਨੂੰ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ ਨਾਲ ਮਿਲ ਕੇ ਗੁਰਦੁਆਰਾ ਬਿੱਲ ਬਣਾਉਣ ਬਾਰੇ ਨਿਯੁਕਤ ਕੀਤਾ।

10 ਦਸੰਬਰ: ਸਿੱਖ ਸੁਧਾਰ ਕਮੇਟੀ ਦੇ 80 ਮੈਂਬਰ ਗੁਰਦੁਆਰਾ ਬਿਲ ਬਾਰੇ ਗਵਰਨਰ ਨੂੰ ਮਿਲੇ।

### 1925

21 ਜਨਵਰੀ: ਪੰਜਾਬ ਦੇ ਗਵਰਨਰ ਵੱਲੋਂ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਿਤ।

10 ਅਪ੍ਰੈਲ: ਗੁਰਦੁਆਰਾ ਬਿੱਲ ਦੋਹਾਂ ਧਿਰਾਂ ਦੇ ਸਮਝੌਤੇ ਨਾਲ ਤਿਆਰ।

21 ਅਪ੍ਰੈਲ: ਸ਼੍ਰੋਮਣੀ ਕਮੇਟੀ ਦੀ ਗੁਰਦੁਆਰਾ ਬਿੱਲ ਬਾਰੇ ਰਿਪੋਰਟ ਛਪੀ।

27 ਅਪ੍ਰੈਲ: ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਵਿਚ ਗੁਰਦੁਆਰਾ ਬਿੱਲ ਪ੍ਰਵਾਨ।

7 ਮਈ: ਪੰਜਾਬ ਕੌਂਸਲ ਵਿਚ ਗੁਰਦੁਆਰਾ ਬਿੱਲ ਸ. ਤਾਰਾ ਸਿੰਘ ਮੋਗਾ ਵੱਲੋਂ ਪੇਸ਼।

20 ਮਈ: ਸੀਲੈਕਟ ਕਮੇਟੀ ਦੀ ਗੁਰਦੁਆਰਾ ਬਿੱਲ ਬਾਰੇ ਰਿਪੋਰਟ ਪੰਜਾਬ ਕੌਂਸਲ ਵਿਚ ਪੇਸ਼।

9 ਜੁਲਾਈ: ਗੁਰਦੁਆਰਾ ਬਿੱਲ ਸ਼ਿਮਲਾ ਇਜਲਾਸ ਵਿਚ ਪਾਸ।

28 ਜੁਲਾਈ: ਪੰਜਾਬ ਦੇ ਗਵਰਨਰ ਵੱਲੋਂ ਮਨਜ਼ੂਰੀ ਦੇਣ 'ਤੇ ਗੁਰਦੁਆਰਾ ਬਿੱਲ ਗੁਰਦੁਆਰਾ ਐਕਟ ਬਣਿਆ।

7 ਅਗਸਤ: ਪੰਜਾਬ ਗਜ਼ਟ ਵਿਚ ਗੁਰਦੁਆਰਾ ਐਕਟ ਛਾਪਿਆ।

1 ਨਵੰਬਰ: ਸਿੱਖ ਗੁਰਦੁਆਰਾ ਐਕਟ ਲਾਗੂ।

### 1926

18 ਜੂਨ: ਗੁਰਦੁਆਰਾ ਐਕਟ ਤਹਿਤ ਵੋਟਾਂ ਨਾਲ ਸ਼੍ਰੋਮਣੀ ਕਮੇਟੀ ਦੀ ਪਹਿਲੀ ਚੋਣ।

13 ਸਤੰਬਰ: ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਗ਼ੀ ਕਰਾਰ ਦੇਣ ਵਾਲਾ ਹੁਕਮ ਵਾਪਿਸ।

2 ਅਕਤੂਬਰ: ਸੈਂਟਰਲ ਬੋਰਡ ਦੀ ਪਹਿਲੀ ਇਕੱਤਰਤਾ। ਬਾਬਾ ਖੜਕ ਸਿੰਘ ਪ੍ਰਧਾਨ ਬਣੇ।

4 ਦਸੰਬਰ: ਨਵੀਂ ਚੁਣੀ ਸ਼੍ਰੋਮਣੀ ਕਮੇਟੀ ਨੇ ਪੁਰਾਣੀ ਕਮੇਟੀ ਤੋਂ ਮੁਕੰਮਲ ਚਾਰਜ ਸੰਭਾਲਿਆ।

# ਮਸਲਾ ਸ਼੍ਰੋਮਣੀ ਕਮੇਟੀ ਚੋਣਾਂ ਦਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਦਾ ਪਿਛੋਕੜ ਸਿੱਖ-ਸੰਘਰਸ਼ ਨਾਲ ਜੁੜਿਆ ਹੋਇਆ ਹੈ। ਇਸ ਸਿੱਖ-ਸੰਘਰਸ਼ ਵਿਚ ਗੁਰਦੁਆਰਾ ਸੁਧਾਰ ਲਹਿਰ ਅਤੇ ਸਿੰਘ ਸਭਾ ਲਹਿਰ ਦੀ ਪੰਥਕ ਜਦੋਜਹਿਦ ਸ਼ਾਮਲ ਸੀ। ਇਸੇ ਦਾ ਪ੍ਰਗਟਾਵਾ 1920 ਵਿਚ ਹੋਣ ਵੇਲੇ ਇਸ ਨੂੰ ਇਸ ਤਰ੍ਹਾਂ ਸਿੱਖਾਂ ਦੀ ਪਾਰਲੀਮੈਂਟ ਵਜੋਂ ਨਹੀਂ ਚਿਤਵਿਆ ਗਿਆ ਸੀ ਜਿਵੇਂ ਵਰਤਮਾਨ ਸਿੱਖ ਸਿਆਸਤਦਾਨਾਂ ਨੇ ਬਿਨਾ ਸੋਚੇ ਸਮਝੇ ਚਿਤਵਣਾ ਅਤੇ ਕਹਿਣਾ ਸ਼ੁਰੂ ਕਰ ਰਖਿਆ ਹੈ। ਜਿਸ ਤਰ੍ਹਾਂ

**ਬਲਕਾਰ ਸਿੰਘ (ਪ੍ਰੋਫੈਸਰ)**
**ਫੋਨ:93163-01328**

ਸ਼੍ਰੋਮਣੀ ਕਮੇਟੀ ਸਿਆਸੀ ਪਲੈਟਫਾਰਮ ਹੋ ਜਾਣ ਵਲ ਸਰਪੱਟ ਦੌੜੀ ਜਾ ਰਹੀ ਹੈ, ਇਸ ਦੀਆਂ ਜੜ੍ਹਾਂ 1925 ਦੇ ਗੁਰਦੁਆਰਾ ਐਕਟ ਵਿਚ ਪਈਆਂ ਹਨ। ਇਸ ਨੂੰ ਰੋਕਿਆ ਜਾ ਸਕਦਾ ਸੀ ਪਰ ਇਸ ਪਾਸੇ ਤੁਰਨ ਦਾ ਰਾਹ ਸਿੱਖ-ਸਿਆਸਤਦਾਨਾਂ ਨੇ ਬੰਦ ਕਰਨ ਦੀ ਨੌਬਤ ਤੱਕ ਰੋਕੀ ਰਖਿਆ ਹੈ।

ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਸ਼੍ਰੋਮਣੀ ਕਮੇਟੀ ਵਿਚ ਹਿੱਸੇਦਾਰ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰ ਹੌਲੀ ਹੌਲੀ ਇਹ ਚੋਣ-ਮੈਦਾਨ ਕੇਵਲ ਅਕਾਲੀ ਰੰਗ ਦੇ ਸਿੱਖ-ਸਿਆਸਤਦਾਨਾਂ ਵਾਸਤੇ ਹੀ ਰਹਿ ਗਿਆ ਹੈ। ਇਸ ਨਾਲ ਇਸ ਚੋਣ ਦਾ ਏਜੰਡਾ ਬਦਲਣਾ ਚਾਹੀਦਾ ਸੀ ਪਰ ਅਕਾਲੀ ਰੰਗ ਦੇ ਸਿਆਸਤਦਾਨਾਂ ਦੀ ਸਿਆਸੀ-ਸੂਈ ਇਸ ਨੁਕਤੇ 'ਤੇ ਅੜ ਗਈ ਹੈ ਕਿ ਸਿੱਖ-ਦੁਸ਼ਮਣ ਸਿਆਸਤਦਾਨ ਸ਼੍ਰੋਮਣੀ ਕਮੇਟੀ 'ਤੇ ਕਬਜਾ ਕਰਨਾ ਚਾਹੁੰਦੇ ਹਨ। ਇਹ ਭਾਵਨਾ "ਪੰਥ ਨੂੰ ਖਤਰਾ" ਦੇ ਪੁਰਾਣੇ ਸਿਆਸੀ-ਪੈਂਤੜੇ ਦੀ ਨਿਰੰਤਰਤਾ ਵਿਚ ਹੀ ਹੈ। ਇਸ ਨੂੰ ਹਰੇਕ ਧਿਰ ਦੂਜਿਆਂ ਦੇ ਖਿਲਾਫ ਵਰਤੀ ਜਾ ਰਹੀ ਹੈ। ਚਾਹੀਦਾ ਤਾਂ ਇਹ ਹੈ ਕਿ ਜਦੋਂ ਅਕਾਲੀ-ਧੜੇ ਜਾਂ ਅਕਾਲੀ ਮਿਸਲਾਂ ਹੀ ਇਕ ਦੂਜੇ ਨੂੰ ਪਛਾੜਨ ਦੀ ਸਿਆਸਤ ਕਰ ਰਹੀਆਂ ਹਨ ਤਾਂ ਏਜੰਡਾ ਪੰਥਕ ਸਰੋਕਾਰ ਹੁੰਦਾ। ਜੇ ਇਹ ਨਹੀਂ ਹੋ ਰਿਹਾ ਤਾਂ ਇਹੀ ਚੋਣ-ਏਜੰਡਾ ਹੋ ਜਾਣਾ ਚਾਹੀਦਾ ਹੈ।

ਆਉਂਦੀ 18 ਸਤੰਬਰ ਦੀਆਂ ਚੋਣਾਂ ਕਿਸੇ ਵੀ ਪਹਿਲਾਂ ਹੋ ਚੁੱਕੀ ਚੋਣ ਨਾਲੋਂ ਵਖ ਨਹੀਂ ਹਨ ਕਿਉਂਕਿ ਇਹ ਧਰਮ ਨੂੰ ਲੈ ਕੇ ਲੜੇ ਜਾਣ ਦੀ ਥਾਂ ਧਰਮ ਦੀ ਸਿਆਸਤ ਨੂੰ ਲੈ ਕੇ ਹੀ ਲੜੀਆਂ ਜਾ ਰਹੀਆਂ ਹਨ। ਵੇਖਣ ਨੂੰ ਚਾਰ ਤਰ੍ਹਾਂ ਦੇ ਸਿੱਖ-ਉਮੀਦਵਾਰ ਚੋਣ ਮੈਦਾਨ ਵਿਚ ਹਨ। ਪਹਿਲੇ ਹੁਕਮਰਾਨ ਅਕਾਲੀ ਦਲ, ਦੂਜੇ ਪੰਥਕ ਮੋਰਚੇ, ਤੀਜੇ ਅਕਾਲੀ ਦਲ (ਮਾਨ) ਦੇ ਅਤੇ ਚੌਥੇ ਆਜ਼ਾਦ ਉਮੀਦਵਾਰ ਹਨ। ਪਹਿਲੀ ਧਿਰ ਦਾ ਸਾਰਾ ਜ਼ੋਰ ਲੱਗਾ ਹੋਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਕਾਂਗਰਸ ਨੂੰ ਅਜਿਹੀ ਪੰਜਵੀਂ ਧਿਰ ਮੰਨਿਆ ਜਾਵੇ, ਜੋ ਪਹਿਲੀ (ਹੁਕਮਰਾਨ) ਧਿਰ ਦੇ ਖਿਲਾਫ ਭੁਗਤ ਰਹੀ ਹੈ ਜਾਂ ਭੁਗਤੇਗੀ?

ਸ. ਪ੍ਰਕਾਸ਼ ਸਿੰਘ ਬਾਦਲ ਤਾਂ ਲਗਾਤਾਰ ਕਹਿ ਰਹੇ ਹਨ ਕਿ ਇਹ ਚੋਣ ਕਾਂਗਰਸ ਨਾਲ ਹੀ ਲੜੀ ਜਾ ਰਹੀ ਹੈ ਕਿਉਂਕਿ ਬਾਦਲਕਿਆਂ ਦੇ ਖਿਲਾਫ ਲੜਨ ਵਾਲੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਨਾਲ ਹੀ ਚੋਣ ਲੜ ਰਹੇ ਹਨ? ਏਸੇ ਭਾਵਨਾ ਦੀ ਨਿਰੰਤਰਤਾ ਵਿਚ ਹੀ ਬਾਦਲ ਸਾਹਿਬ ਵਲੋਂ ਇਸ ਚੋਣ ਦੇ ਨਿਕਲਣ ਵਾਲੇ ਨਤੀਜਿਆਂ ਨੂੰ "ਰੈਫਰੈਂਡਮ" ਅਤੇ "ਸੈਮੀ ਫਾਈਨਲ" ਵਰਗੇ ਨਾਮ ਵੀ ਦਿੱਤੇ ਜਾ ਰਹੇ ਹਨ। ਦੂਜੇ ਪਾਸੇ ਕੈਪਟਨ ਸਾਹਿਬ ਸਪਸ਼ਟ ਕਰ ਚੁੱਕੇ ਹਨ ਕਿ ਕਾਂਗਰਸ ਦੇ ਸਿੱਖ ਵੋਟਰ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹੁਕਮਰਾਨ ਅਕਾਲੀ ਦਲ ਦੇ ਉਮੀਦਵਾਰਾਂ ਦੇ ਬੇਸ਼ੱਕ ਖਿਲਾਫ ਭੁਗਤਣਗੇ ਪਰ ਕਾਂਗਰਸ ਦਾ ਇਸ ਚੋਣ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਇਹ ਸੰਖੇਪ ਵੇਰਵਾ ਇਸ ਲਈ ਦਿੱਤਾ ਹੈ ਤਾਂ ਕਿ ਗੱਲ ਇਸ ਨੁਕਤੇ ਤੋਂ ਸ਼ੁਰੂ ਕੀਤੀ ਜਾ ਸਕੇ ਕਿ ਇਹ ਚੋਣ ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਸਿਆਸੀ ਹੋ ਗਈ ਹੈ। ਹੋਵੇ ਵੀ ਕਿਉਂ ਨਾ? ਚੋਣ ਅਖਾੜੇ ਵਿਚ ਉਤਰੇ ਉਮੀਦਵਾਰਾਂ ਵਿਚੋਂ 90% ਸਿਆਸੀ ਪਾਰਟੀਆਂ ਨੂੰ ਮਿਲੇ ਚੋਣ ਨਿਸ਼ਾਨ 'ਤੇ ਚੋਣ ਲੜ ਰਹੇ ਹਨ। ਇਸ ਦਾ ਅਰਥ ਤਾਂ ਇਹ ਹੋਇਆ ਕਿ ਜੋ ਅਤੇ ਜਿਵੇਂ ਵਰਤਮਾਨ ਚੋਣਾਂ ਦਾ ਸਿਆਸੀਕਰਨ ਹੋ ਰਿਹਾ ਹੈ, ਉਸ ਨੂੰ ਸਿੱਖ-ਭਾਈਚਾਰੇ ਨੇ ਠੀਕ ਮੰਨ ਲਿਆ ਹੈ? ਸਵਾਲ ਹੈ ਕਿ ਕੀ ਇਸ ਨੂੰ ਪੰਥ ਦਾ ਫੈਸਲਾ ਵੀ ਮੰਨ ਲਿਆ ਜਾਵੇ? ਇਸ ਅਤਿ ਲੋੜੀਂਦੇ ਪੰਥਕ-ਮਸਲੇ ਵੱਲ ਚੋਣ ਲੜ ਰਹੀ ਕਿਸੇ ਵੀ ਧਿਰ ਦਾ ਧਿਆਨ ਨਹੀਂ ਹੈ। ਜੇ ਇਸ ਬਾਰੇ ਨਿੱਠ ਕੇ ਨਾ ਸੋਚਿਆ ਗਿਆ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਪੰਜਾਬ ਦੇ ਮੁੱਖ ਮੰਤਰੀ ਦਾ ਦਖਲ ਪੱਕਾ ਹੋ ਜਾਏਗਾ? ਇਸ ਨੂੰ ਰੋਕਣ ਵਾਸਤੇ ਕੇਂਦਰ ਸਰਕਾਰ ਦੀ ਮਦਦ ਲੈਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਜਾਵੇਗਾ? ਪੰਥਕ-ਪ੍ਰਭੂਸੱਤਾ ਨੂੰ ਸਿੱਖ-ਸਿਆਸਤਦਾਨਾਂ ਨੇ ਪਹਿਲਾਂ ਹੀ ਬਹੁਤ ਖੋਰਾ ਲਾ ਦਿੱਤਾ ਹੈ। ਰਹਿੰਦੀ ਕਸਰ ਪੂਰੀ ਕਰਨ ਵਾਲੇ ਪਾਸੇ ਭੱਜੇ ਜਾ ਰਹੇ ਇਨ੍ਹਾਂ ਲੋਕਾਂ ਨੂੰ ਰੋਕਣ ਦਾ ਮੌਕਾ ਵਰਤਮਾਨ ਚੋਣਾਂ ਨਾਲ ਮਿਲਿਆ ਹੋਇਆ ਹੈ ਅਤੇ ਇਸ ਮੌਕੇ ਪੰਥਕ-ਸੁਰ ਵਿਚ ਹੀ ਵੋਟ ਦੀ ਵਰਤੋਂ ਕਰਾਂਗੇ ਤਾਂ ਹੀ ਸ਼੍ਰੋਮਣੀ ਕਮੇਟੀ ਨੂੰ ਸਿੱਖ-ਸਿਆਸਤਦਾਨਾਂ ਦੇ ਕਬਜੇ ਵਿਚੋਂ ਛੁਡਾ ਸਕਾਂਗੇ।

ਇਸ ਸਵਾਲ ਦਾ ਉਤਰ ਲੱਭਣ ਲੱਗਿਆਂ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਸਿੱਖ ਇਕੱਲੇ ਪੰਜਾਬ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਫੈਲੇ ਹੋਏ ਹਨ। ਇਸ ਕਰਕੇ 50% ਤੋਂ ਵਧ ਸਿੱਖ ਇਸ ਚੋਣ ਵਿਚ ਵੋਟਰ ਵੀ ਨਹੀਂ ਹਨ। ਇਸ ਨਾਤੇ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਪਾਰਲੀਮੈਂਟ ਸਮਝਣ ਦੀ ਥਾਂ ਅਕਾਲੀ-ਕਬਜ਼ੇ ਵਾਲੇ ਸਿਆਸਤਦਾਨਾਂ ਦੀ ਪਾਰਲੀਮੈਂਟ ਕਹਿਣਾ ਚਾਹੀਦਾ ਹੈ। ਇਹ ਆਮ ਧਾਰਨਾ ਹੈ ਕਿ ਅਕਾਲੀ ਦਲ ਉਤੇ ਉਸੇ ਹੀ ਧੜੇ ਦਾ ਕਬਜ਼ਾ ਰਹਿੰਦਾ ਹੈ, ਜਿਸ ਦੇ ਕਬਜ਼ੇ ਵਿਚ ਸ਼੍ਰੋਮਣੀ ਕਮੇਟੀ ਹੁੰਦੀ ਹੈ। ਇਹ ਉਨਾ ਚਿਰ ਹੀ ਹੋ ਸਕਦਾ ਹੈ ਜਿੰਨਾ ਚਿਰ ਸ਼੍ਰੋਮਣੀ ਕਮੇਟੀ ਨੂੰ ਸਿਆਸੀ-ਅਖਾੜਾ ਬਣਾਈ ਰਖਾਂਗੇ। ਪਰ ਇਹ ਵੀ ਸੱਚ ਹੈ ਕਿ ਸ਼੍ਰੋਮਣੀ ਕਮੇਟੀ ਦਾ 25 ਸਾਲ ਪ੍ਰਧਾਨ ਰਹਿਣ ਦੇ ਬਾਵਜੂਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਾਲੀ ਦਲ ਦਾ ਪ੍ਰਧਾਨ ਨਹੀਂ ਬਣ ਸਕਿਆ ਸੀ। ਅਜਿਹਾ ਇਸ ਲਈ ਵਾਪਰਿਆ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਕਾਲੀ ਦਲ ਦੇ ਪ੍ਰਧਾਨ ਦਾ ਬਣਾਇਆ ਹੋਇਆ ਹੀ ਹੋ ਸਕਦਾ ਹੈ। ਜਥੇਦਾਰ ਟੌਹੜਾ ਨੂੰ ਇਸੇ ਸਿਆਸੀ-ਮਜਬੂਰੀ ਅਧੀਨ ਪ੍ਰਧਾਨਗੀ ਛੱਡਣੀ ਅਤੇ ਲੈਣੀ ਵੀ ਪਈ ਸੀ।

ਸ਼੍ਰੋਮਣੀ ਕਮੇਟੀ ਉਤੇ ਬਾਹਰ ਰਹਿ ਕੇ ਕਬਜ਼ਾ ਕਰਨ ਦੀ ਜੋ ਸਿਆਸੀ ਵਿਧੀ ਸ. ਬਾਦਲ ਨੇ ਲਗਾਤਾਰ ਲਾਗੂ ਕੀਤੀ ਰਖੀ ਹੈ, ਉਸ ਦੇ ਲੇਖੇ ਜੋਖੇ ਦੀ ਇਥੇ ਗੁੰਜਾਇਸ਼ ਨਹੀਂ ਹੈ ਪਰ ਨਤੀਜਾ ਸਪਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਦੇ ਗਲ ਵਿਚ ਜਿਸ ਤਰ੍ਹਾਂ ਸਿਆਸੀ-ਤੌਕ ਪੈ ਗਿਆ ਹੈ, ਉਸ ਨੂੰ ਦੇਸ਼ ਦੇ ਕਾਨੂੰਨ ਦੀ ਪੁਸ਼ਤਪਨਾਹੀ ਹੋਣ ਕਰਕੇ ਗਲੋਂ ਲਾਹੁਣਾ ਦਿਨੋ ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਸ ਬਾਰੇ ਤਾਂ ਇਹੀ ਕਹਿਣਾ ਪਵੇਗਾ ਕਿ ਸਿੱਖ-ਸੰਸਥਾਵਾਂ ਦੀ ਸਿਆਸੀ-ਗੁਲਾਮੀ ਜਿਵੇਂ ਚੋਣ-ਵਿਧੀ ਨਾਲ ਗਲ ਪੈ ਗਈ ਹੈ, ਉਵੇਂ ਚੋਣ-ਵਿਧੀ ਨਾਲ ਹੀ ਇਸ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਸ ਵਾਸਤੇ ਇਹ ਚੋਣ-ਅਵਸਰ ਕੰਮ ਆ ਸਕਦਾ ਸੀ। ਅਜਿਹਾ ਤਾਂ ਹੀ ਸੰਭਵ ਸੀ ਜੇ ਇਕ ਦੇ ਮੁਕਾਬਲੇ ਇਕ ਹੀ ਉਮੀਦਵਾਰ ਹੁੰਦਾ?

ਬਾਦਲ ਸਾਹਿਬ ਚੋਣ ਘੁਲਾਟੀਆਂ ਦੇ ਮਹਾਂਰਥੀ ਹੋਣ ਕਰਕੇ ਆਪਣੇ ਵਰਗੇ ਆਪ ਹੀ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਹ ਚੋਣ ਜਿੱਤ ਚੁੱਕੇ ਹਨ, ਫਿਰ ਵੀ ਉਹ ਪਿੱਠ ਨਾਲ ਪਿੱਠ ਜੋੜ ਕੇ ਲੜਾਈ ਲੜਦੇ ਨਜ਼ਰ ਆ ਰਹੇ ਹਨ। ਜਿਸ ਨੂੰ ਉਨ੍ਹਾਂ ਦੇ ਸਮਰਥਕ ਜੇਤੂ-ਚੜ੍ਹਤ ਸਮਝ ਰਹੇ ਹਨ, ਉਸੇ ਨੂੰ ਬਾਦਲ ਸਾਹਿਬ ਚੋਣ ਸਮਝ ਕੇ ਪੂਰੀ ਤਨਦੇਹੀ ਨਾਲ ਲੜ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਹ ਚੋਣ ਹੁਕਮਰਾਨ ਅਕਾਲੀ ਦਲ ਵਲੋਂ ਹੀ ਜਿੱਤੀ ਜਾ ਰਹੀ ਹੈ। ਜਿੱਤੀ ਹੀ ਜਾਣੀ ਸੀ ਕਿਉਂਕਿ ਬਾਦਲ-ਵਿਰੋਧੀ ਵੋਟਾਂ ਵੰਡੀਆਂ ਜਾ ਰਹੀਆਂ ਹਨ। ਆਪਣੇ ਅਕਾਲੀ ਵਿਰੋਧੀਆਂ/ਦੋਖੀਆਂ ਵਲੋਂ ਤਾਂ ਉਨ੍ਹਾਂ ਨੂੰ ਕੋਈ ਖਤਰਾ ਹੈ ਹੀ ਨਹੀਂ। ਫਿਰ ਵੀ ਕਿਸੇ ਕਿਸਮ ਦੀ ਢਿੱਲ ਨਹੀਂ ਵਰਤ ਰਹੇ ਤਾਂ ਇਸ ਨੂੰ ਉਨ੍ਹਾਂ ਦਾ ਸਿਆਸੀ-ਪੈਂਤੜਾ ਹੀ ਸਮਝਣਾ ਚਾਹੀਦਾ ਹੈ।

ਖਤਰਿਆਂ ਨੂੰ ਚੁੱਪ ਨਾਲ ਪਛਾੜਨ ਦੇ ਉਸਤਾਦ ਸ. ਬਾਦਲ ਦੀ ਇਸ ਜਿੱਤ ਨੂੰ ਉਨ੍ਹਾਂ ਦੇ ਵਿਰੋਧੀਆਂ ਨੇ ਲੋੜ ਨਾਲੋਂ ਵਧ ਸੁਨਿਸਚਿਤ ਬਣਾ ਦਿੱਤਾ ਹੈ। ਕੇਂਦਰ ਸਰਕਾਰ, ਜਿਸ ਦੀ ਨਿੰਦਿਆ ਨੂੰ ਉਹ ਲਗਾਤਾਰ ਸਿਆਸੀ-ਹਥਿਆਰ ਵਜੋਂ ਵਰਤਦੇ ਤੁਰੇ ਆ ਰਹੇ ਹਨ, ਨੇ ਵੀ ਸ. ਬਾਦਲ ਦੀ ਜਿੱਤ ਯਕੀਨੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛਡੀ। ਜਿਸ ਵੇਲੇ ਕੇਂਦਰੀ ਸਰਕਾਰ ਨੇ ਚੋਣਾਂ ਦਾ ਐਲਾਨ ਕੀਤਾ, ਉਸ ਵੇਲੇ ਬਿਨਾਂ ਬਾਦਲ ਸਾਹਿਬ ਤੋਂ ਕਿਸੇ ਨੂੰ ਯਕੀਨ ਨਹੀਂ ਸੀ ਕਿ ਇਸ ਤਰ੍ਹਾਂ ਚੋਣਾਂ ਹੋ ਜਾਣਗੀਆਂ? ਇਸ ਦੀ ਤਾਈਦ ਇਸ ਤੱਥ ਤੋਂ ਵੀ ਹੋ ਜਾਂਦੀ ਹੈ ਕਿ ਸ਼੍ਰੋਮਣੀ ਕਮੇਟੀ ਵਾਸਤੇ ਵੋਟਾਂ ਬਣਾਉਣ ਦਾ ਕੰਮ ਜਿਵੇਂ ਬਾਦਲਕਿਆਂ ਨੇ ਕੀਤਾ, ਹੋਰ ਕਿਸੇ ਖਾਲੀ-ਧਿਰ ਨੇ ਨਹੀਂ ਕੀਤਾ। ਇਸ ਕਰਕੇ ਕਹਿ ਸਕਦੇ ਹਾਂ ਕਿ ਚੋਣ ਲੜੀ ਜ਼ਰੂਰ ਜਾ ਰਹੀ ਹੈ ਪਰ ਬਾਦਲਕਿਆਂ ਤੋਂ ਬਿਨਾਂ ਬਾਕੀ ਸਾਰੇ ਚੋਣ ਘਟ ਲੜ ਰਹੇ ਹਨ ਅਤੇ ਗਲ ਪਿਆ ਢੋਲ ਵਧ ਵਜਾ ਰਹੇ ਹਨ।

ਦੂਜੀ ਮਦਦ ਬਾਦਲ ਸਾਹਿਬ ਦੀ ਕੇਂਦਰ ਨੇ ਉਸ ਵੇਲੇ ਕਰ ਦਿੱਤੀ ਜਦੋਂ ਅਨੰਦ ਮੈਰਿਜ ਐਕਟ ਬਾਰੇ ਕੇਂਦਰੀ ਕਾਨੂੰਨ ਮੰਤਰੀ ਖੁਰਸ਼ੀਦ ਅਹਿਮਦ ਨੇ ਬਿਲਕੁਲ ਹੀ ਬੇਲੋੜਾ ਤੇ ਬੇਮੌਕਾ ਬਿਆਨ ਦਾਗ਼ ਦਿੱਤਾ। ਅਗਲੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਸਹਿਜਧਾਰੀਆਂ ਦੇ ਮੁੱਦੇ ਉਤੇ ਸਿਆਸੀ ਹਾਰਾਕੀਰੀ ਵਰਗੀ ਬਿਆਨਬਾਜ਼ੀ ਕੋਰਟ ਵਿਚ ਦਿਤੇ ਬਿਆਨ ਨਾਲ ਸ਼ੁਰੂ ਹੋ ਗਈ। ਸ. ਬਾਦਲ ਦੀ ਚੋਣ ਮੁਹਿੰਮ ਨੂੰ ਇਹ ਸਾਰਾ ਕੁਝ ਘਿਉ ਵਾਂਗ ਲੱਗਾ ਅਤੇ ਅਜੇ ਵੀ ਲੱਗੀ ਜਾ ਰਿਹਾ ਹੈ। ਸ. ਬਾਦਲ ਨੂੰ ਪਤਾ ਹੈ ਕਿ ਪੰਜਾਬ ਦੇ ਵਰਤਮਾਨ ਕਾਂਗਰਸ ਮੁਖੀ ਕੈਪਟਨ ਸਾਹਿਬ ਤੋਂ ਬਿਨਾਂ ਹੋਰ ਕੁਝ ਵੀ ਉਨ੍ਹਾਂ ਦੀ ਜੇਤੂ-ਚੜ੍ਹਤ ਦੇ ਰਾਹ ਵਿਚ ਨਹੀਂ ਆ ਸਕਦਾ। ਏਸੇ ਕਰਕੇ ਉਹ ਗੁਰੂ ਦੇ ਨਾਮ 'ਤੇ ਵੋਟ ਮੰਗਣ ਵੇਲੇ ਵੀ ਕੈਪਟਨ ਸਾਹਿਬ ਦਾ ਨਾਂ ਲੈਣਾ ਨਹੀਂ ਭੁਲਦੇ। ਕੈਪਟਨ ਸਾਹਿਬ ਵੀ ਜਵਾਬੀ ਛੇੜਛਾੜ ਕਰਦੇ ਰਹਿੰਦੇ ਹਨ ਅਤੇ ਨਤੀਜੇ ਵਜੋਂ ਇਹ ਚੋਣ ਆ ਰਹੀਆਂ ਵਿਧਾਨ ਸਭਾ ਚੋਣਾ ਦਾ ਹਿੱਸਾ ਹੀ ਹੁੰਦੀ ਜਾ ਰਹੀ ਹੈ।

"ਵਿਰੋਧ-ਵਿਕਾਸ" ਦੇ ਸਿਧਾਂਤ ਦੀ ਸਿਆਸੀ ਪੈਰੋਡੀ ਅਕਾਲੀ ਵਰਤਾਰੇ ਵਿਚੋਂ ਸਾਹਮਣੇ ਆ ਜਾਂਦੀ ਹੈ। ਜਦੋਂ ਜਥੇਦਾਰ ਟੌਹੜਾ ਨੂੰ ਪ੍ਰਧਾਨਗੀ ਛੱਡਣੀ ਪਈ ਸੀ ਅਤੇ ਇਸ ਲੜਾਈ ਵਿਚ ਜਿਹੜੇ ਮੈਂਬਰ ਉਨ੍ਹਾਂ ਵਿਰੁਧ ਭੁਗਤੇ ਸਨ, ਉਨ੍ਹਾਂ ਦਾ ਮਾਣ ਸਤਿਕਾਰ ਬਾਦਲ ਸਰਕਾਰ ਦੀਆਂ ਨਿਗਾਹਾਂ ਵਿਚ ਉਨ੍ਹਾਂ ਦੀ ਆਸ ਨਾਲੋਂ ਬਹੁਤ ਵਧ ਗਿਆ ਸੀ। ਇਹੋ ਜਿਹੇ ਇਕ ਮੈਂਬਰ ਨੇ ਜਥੇਦਾਰ ਟੌਹੜਾ ਦੀ ਫੋਟੋ ਆਪਣੇ ਘਰ ਵਿਚ ਨੁਮਾਇਆ ਕਰਕੇ ਲਾਈ ਹੋਈ ਸੀ। ਪੁੱਛਣ 'ਤੇ ਉਸ ਦੱਸਿਆ ਕਿ ਜਿਸ ਕਰਕੇ ਮਾਣ ਸਤਿਕਾਰ ਮਿਲਿਆ ਹੈ, ਉਸੇ ਦੀ ਫੋਟੋ ਹੀ ਲਾਈ ਹੋਈ ਹੈ। ਇਸ ਵੇਲੇ ਵੀ ਬਾਦਲ ਦਲ ਵਲੋਂ ਜਿੱਤਣ ਵਾਲਿਆਂ ਨੂੰ ਮਾਨ ਸਾਹਿਬ ਦੀ ਫੋਟੋ ਲਾਉਣੀ ਹੀ ਚਾਹੀਦੀ ਹੈ? ਇਸ ਦਾ ਕਾਰਨ ਇਕਲਾ ਇਹੀ ਨਹੀਂ ਕਿ ਬਾਦਲ-ਵਿਰੋਧੀ ਇਕਠੇ ਨਹੀਂ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਇਹ ਚੋਣ, ਮੁੱਦਿਆਂ 'ਤੇ ਨਹੀਂ ਲੜੀ ਜਾ ਰਹੀ।

ਚੋਣ-ਮੈਨੀਫੈਸਟੋ ਜੋ ਸਾਹਮਣੇ ਆਏ ਹਨ, ਉਹ ਮੁੱਦਿਆਂ ਦੀ ਥਾਂ 'ਤੇ ਇਹ ਵਾਅਦਾ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਵਸੀਲਿਆਂ ਵਿਚ ਹਿੱਸੇਦਾਰ ਕਿਵੇਂ ਬਣਿਆ ਜਾਏਗਾ? ਜਿਹੜੇ ਧਰਮ-ਪ੍ਰਚਾਰ ਬਾਰੇ ਵਾਅਦੇ ਕੀਤੇ ਗਏ ਹਨ, ਉਨ੍ਹਾਂ ਉਤੇ ਪਹਿਰੇਦਾਰੀ ਅਤੇ ਜਵਾਬਦੇਹੀ ਦੀ ਗੱਲ ਬਿਲਕੁਲ ਹੀ ਨਹੀਂ ਕੀਤੀ ਗਈ। ਵਾਅਦਿਆਂ ਨੂੰ ਖਰਚਿਆਂ ਦੇ ਪੈਮਾਨੇ ਨਾਲ ਮਾਪਿਆ ਜਾ ਰਿਹਾ ਹੈ। ਕੀ ਕੀਤਾ ਜਾਂ ਕੀ ਕਰਨਾ ਹੈ, ਇਸ ਦਾ ਕਿਸੇ ਨੂੰ ਕੋਈ ਫਿਕਰ ਨਹੀਂ। ਕੁਝ ਕਰਨ ਦੇ ਨਾਂ 'ਤੇ ਕਿੰਨੀ ਭੱਜ ਨੱਠ ਕੀਤੀ ਗਈ, ਇਸੇ ਦੀ ਕਥਾ ਕੀਤੀ ਜਾ ਰਹੀ ਹੈ।

ਵੈਸੇ ਹੀ 1925 ਦੇ ਐਕਟ ਦੀ ਪ੍ਰਧਾਨ ਸੁਰ ਗੁਰਦੁਆਰਾ ਸੰਸਥਾ ਦੇ ਪ੍ਰਬੰਧ ਨਾਲ ਜੁੜੀ ਹੋਈ ਹੈ। ਪ੍ਰਬੰਧ ਨੂੰ ਪਾਰਦਰਸ਼ੀ ਅਤੇ ਸੰਗਤੀ ਬਣਾਉਣ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਕੀ ਭੂਮਿਕਾ ਹੋ ਸਕਦੀ ਹੈ, ਇਸ ਬਾਰੇ ਕਿਸੇ ਮੈਨੀਫੈਸਟੋ ਵਿਚ ਕੁਝ ਨਹੀਂ ਕਿਹਾ ਗਿਆ। "ਸਿੱਖਾਂ ਦੀ ਪਾਰਲੀਮੈਂਟ" ਨੇ ਕਿੰਨੀਆਂ ਬੈਠਕਾਂ ਕੀਤੀਆ ਅਤੇ ਉਸ ਵਿਚ ਕਿਸ ਨੇ ਕੀ ਬੋਲਿਆ, ਇਸ ਬਾਰੇ ਕੋਈ ਗੱਲ ਕਿਉਂ ਨਹੀਂ ਕਰਦਾ? ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਲ ਵਿਚ ਦੋ ਵਾਰ ਮਿਲਦੇ ਹਨ। ਇਕ ਵਾਰ ਲਿਫਾਫੇ ਵਿਚੋਂ ਨਿਕਲਣ ਵਾਲੇ ਪ੍ਰਧਾਨ ਵਾਸਤੇ ਹੱਥ ਖੜੇ ਕਰਨ ਲਈ ਅਤੇ ਦੂਜੀ ਵਾਰ ਸਿਰ ਦੇ ਉਤੋਂ ਲੰਘਣ ਵਾਲੇ ਬਜਟ-ਅੰਕੜਿਆਂ ਦੇ ਹੱਕ ਵਿਚ ਹੱਥ ਖੜੇ ਕਰਨ ਵਾਸਤੇ। ਹੱਥ ਖੜੇ ਕਰਨ ਦੀ ਇਹ ਕਾਰਵਾਈ ਸਾਲ ਵਿਚ ਛੇ ਘੰਟੇ ਬਣਦੀ ਹੈ। ਅਨਪੜ੍ਹਤਾ ਵਲ ਛਾਲੀਂ ਵਧ ਰਹੇ ਸਿੱਖ ਭਾਈਚਾਰੇ ਨੂੰ ਕੌਣ ਦੱਸੇਗਾ ਕਿ ਉਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਸਤੇ ਸਿਆਸਤਦਾਨ ਨਹੀਂ, ਸੁਜੱਗ ਧਾਰਮਿਕ ਉਮੀਦਵਾਰ ਜਿਤਾਉਣੇ ਚਾਹੀਦੇ ਹਨ? ਇਹ ਤੱਥ ਤਾਂ ਬਾਦਲ-ਵਿਰੋਧੀਆਂ ਨੇ ਵੀ ਸਾਹਮਣੇ ਨਹੀਂ ਲਿਆਂਦੇ ਕਿਉਂਕਿ ਉਨ੍ਹਾਂ ਕੋਲ ਵੀ "ਉਤਰ ਕਾਟੋ ਮੈਂ ਚੜ੍ਹਾਂ" ਤੋਂ ਬਿਨਾਂ ਕੋਈ ਏਜੰਡਾ ਹੀ ਨਹੀਂ ਹੈ।

ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਸਿੱਖ ਸੰਸਥਾਵਾਂ ਨੂੰ ਸਿਆਸਤਦਾਨਾਂ ਦੇ ਕਬਜ਼ੇ ਵਿਚੋਂ ਕਿਵੇਂ ਛੁਡਾਇਆ ਜਾਵੇ? ਇਸ ਬਾਰੇ ਕੋਈ ਵੀ ਸਿਆਸਤਦਾਨ ਸੁਣਨ ਨੂੰ ਹੀ ਤਿਆਰ ਨਹੀਂ ਹੈ। ਹਾਲਾਤ ਹੀ ਅਜਿਹੇ ਹਨ ਕਿ ਵੋਟ ਦੀ ਵਿਆਕਰਣ ਹੀ ਸਿਆਸਤ ਨਾਲ ਜੁੜੀ ਹੋਈ ਪ੍ਰਵਾਨ ਕਰ ਲਈ ਗਈ ਹੈ। ਇਹ ਸੱਚ ਹੈ ਕਿ ਜਿਵੇਂ ਦੀ ਸ਼੍ਰੋਮਣੀ ਕਮੇਟੀ ਦੀ ਚੋਣ ਹੋ ਗਈ ਹੈ, ਉਸ ਨੂੰ ਸਿਆਸਤਦਾਨਾਂ ਦੀ ਮਦਦ ਬਿਨਾਂ ਤਾਂ ਚੋਣ ਬੂਥਾਂ ਦਾ ਪ੍ਰਬੰਧ ਕਰਨਾ ਅਤੇ ਚੋਣ ਦੇ ਖਰਚੇ ਦਾ ਪ੍ਰਬੰਧ ਕਰਨਾ ਹੀ ਮੁਸ਼ਕਲ ਹੋ ਜਾਵੇਗਾ? ਸਿਆਸਤ ਦੇ ਇਸ ਬੋਲਬਾਲੇ ਨੇ ਧਰਮ ਨੂੰ ਬਹੁਤ ਪਿੱਛੇ ਧੱਕ ਦਿਤਾ ਹੈ। ਜਦੋਂ ਲੋੜ ਪੈਂਦੀ ਹੈ ਉਦੋਂ ਧਰਮ ਨੂੰ ਸਿਆਸੀ ਸੰਦ ਵਜੋਂ ਵਰਤਣ ਵਾਸਤੇ ਸਿਅਸੀ ਮੁਹਿੰਮ ਚਲ ਪੈਂਦੀ ਹੈ। ਇਹੀ ਤਾਂ ਹੋ ਰਿਹਾ ਹੈ ਅਤੇ ਹੋ ਰਹੇ ਨਾਲ ਸੰਤੁਸ਼ਟੀ ਨੂੰ ਪੰਥਕ ਕਹਿਣ ਦੀ ਵਧੀਕੀ ਵੀ ਹੋ ਰਹੀ ਹੈ। ਇਸ ਵਿਚ ਅਸੀਂ ਆਪ ਹੀ ਫਸੇ ਹਾਂ ਅਤੇ ਆਪ ਹੀ ਇਸ ਵਿਚੋਂ ਨਿਕਲਣਾ ਪਵੇਗਾ? ਪੰਥਕ ਚੁੱਪ ਨੂੰ ਪੰਥਕ ਸਹਿਮਤੀ ਸਮਝਣ ਦਾ ਲਾਹਾ ਸਿੱਖ ਸਿਆਸਤਦਾਨਾਂ ਨੇ ਬਹੁਤ ਉਠਾ ਲਿਆ ਹੈ। ਗੁਰੂ ਦੇ ਬੰਦਿਆਂ ਨੂੰ ਬੰਦੇ ਦਾ ਬੰਦਾ ਹੋਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰੇਜ਼ ਕਰਨ ਦੇ ਬਿਬੇਕ ਦੇ ਧਾਰਨੀ ਨਹੀਂ ਬਣੋਗੇ ਤਾਂ ਬੰਧੂਆ ਵੋਟਰ ਕਹਾਓਗੇ? ਫੈਸਲਾ ਸਾਡੇ ਆਪਣੇ ਹੱਥ ਵਿਚ ਹੈ ਅਤੇ ਇਸ ਵਾਸਤੇ ਮੌਕਾ 18 ਸਤੰਬਰ ਨੂੰ ਆ ਰਿਹਾ ਹੈ। ਹੋਵੇਗਾ ਉਹੀ ਜੋ ਅਸੀਂ ਕਰਾਂਗੇ ਅਤੇ ਜੋ ਅਸੀਂ ਕਰਾਂਗੇ, ਉਸ ਦੀ ਕੀਮਤ ਵੀ ਸਾਨੂੰ ਹੀ ਦੇਣੀ ਪਵੇਗੀ।

## ਕੀ ਚੋਣਾਂ ਲੜ ਰਹੇ ਸਾਰੇ ਉਮੀਦਵਾਰਾਂ ਦੇ ਪਰਿਵਾਰਾਂ ਨੇ ਅੰਮ੍ਰਿਤ ਛਕ ਲਿਐ?

*(ਸਫਾ 17 ਦੀ ਬਾਕੀ)*

ਹੀ ਨਹੀਂ ਹੈ ਕਿ ਅੰਮ੍ਰਿਤ ਹੁੰਦਾ ਕੀ ਹੈ?

ਇੱਥੇ ਜਥੇਦਾਰ ਜੀ ਦੀ ਗੱਲ ਵੀ ਬੜੀ ਖੂਬਸੂਰਤ ਅਤੇ ਦਲੀਲ ਵਾਲੀ ਲਗਦੀ ਹੈ ਕਿ ਚੋਣਾਂ ਹੋਣ ਤੱਕ ਜਿਹੜੇ ਪਰਿਵਾਰ ਅੰਮ੍ਰਿਤ ਛਕਣ ਤੋਂ ਰਹਿ ਜਾਣਗੇ, ਉਨ੍ਹਾਂ ਨੂੰ ਪਹਿਲਾਂ ਅਪੀਲ ਕੀਤੀ ਜਾਵੇਗੀ, ਫਿਰ ਉਨ੍ਹਾਂ ਦੇ ਪਿੰਡਾਂ ਵਿਚ ਜਾ ਕੇ ਦੀਵਾਨ ਸਜਾਉਣਗੇ ਅਤੇ ਉਨ੍ਹਾਂ ਨੂੰ ਅੰਮ੍ਰਿਤ ਵੀ ਛਕਾਉਣਗੇ। ਪਰ ਪੁਛਣ ਵਾਲੇ ਇਹ ਵੀ ਪੁਛਦੇ ਹਨ, ਕੀ ਗੱਲ, ਜਿਥੇ ਜਥੇਦਾਰ ਜੀ ਆਪ ਜਾਣਾ ਚਾਹੁੰਦੇ ਹਨ, ਉਨ੍ਹਾਂ ਪਿੰਡਾਂ, ਸ਼ਹਿਰਾਂ ਜਾਂ ਕਸਬਿਆਂ ਵਿਚ ਕੀ ਗੁਰਦੁਆਰੇ ਨਹੀਂ ਹਨ? ਕੀ ਉਨ੍ਹਾਂ ਗੁਰੂਘਰਾਂ ਵਿਚ ਪੰਜ ਸਿੰਘ ਅੰਮ੍ਰਿਤ ਤਿਆਰ ਕਰਕੇ ਉਨ੍ਹਾਂ ਪਰਿਵਾਰਾਂ ਨੂੰ ਗੁਰੂ ਵਾਲੇ ਨਹੀਂ ਬਣਾ ਸਕਦੇ? ਹਾਂ ਜੀ, ਇਹ ਹੋ ਸਕਦਾ ਹੈ ਅਤੇ ਇਕੋ ਹੀ ਦਿਨ ਵਿਚ ਹੋ ਸਕਦਾ ਹੈ, ਪਰ ਜੇ ਕਰਨਾ ਹੋਵੇ, ਤਾਂ! ਜਦ ਤੁਸੀਂ ਕਰਨਾ ਹੀ ਨਹੀਂ ਚਾਹੁੰਦੇ ਤਾਂ ਕੌਣ ਤੁਹਾਨੂੰ ਕੁਝ ਆਖ ਸਕਦਾ ਹੈ? ਜਥੇਦਾਰ ਸਾਹਿਬ ਜਿਨ੍ਹਾਂ ਦੇ ਇਸ਼ਾਰਿਆਂ 'ਤੇ ਬੋਲਦੇ ਹਨ, ਮਰਜ਼ੀ ਤਾਂ ਉਨ੍ਹਾਂ ਦੀ ਚੱਲਣੀ ਹੈ ਅਤੇ ਚਲਦੀ ਹੈ। ਉਹ ਤਾਂ ਐਵੇਂ ਗੱਲੀਂ ਬਾਤੀਂ ਹੀ ਫੂਲਕਾ ਸਾਹਿਬ ਨੂੰ ਖੁਸ਼ ਕਰਨ ਲੱਗੇ ਹੋਏ ਹਨ ਕਿ 'ਅਸੀਂ ਸਾਰਾ ਕੰਮ ਤੁਹਾਡੇ ਕਹਿਣ 'ਤੇ ਹੀ ਕਰ ਰਹੇ ਹਾਂ'।

ਬਾਕੀ ਫੂਲਕਾ ਸਾਹਿਬ ਦੀ ਇਕ ਹੋਰ ਵੀ ਮੰਗ ਹੈ ਕਿ ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਬਿਲਕੁਲ ਹੀ ਨਾ ਕੀਤੀ ਜਾਵੇ ਅਤੇ ਚੋਣਾਂ ਧਰਮ ਦੇ ਦਾਇਰੇ ਦੇ ਅੰਦਰ ਰਹਿ ਕੇ ਹੀ ਹੋਣ। ਫੂਲਕਾ ਸਾਹਿਬ ਦੀ ਮੰਗ ਤਾਂ ਸਤਿਕਾਰਯੋਗ ਹੈ ਪਰ ਉਹ ਮੰਗ ਕਿਨ੍ਹਾਂ ਲੋਕਾਂ ਤੋਂ ਕਰ ਰਹੇ ਹਨ? ਇੱਥੇ ਹੀ ਸਾਰਾ ਕੰਮ ਗਲਤ-ਮਲਤ ਹੋ ਗਿਆ ਹੈ। ਜਿਨ੍ਹਾਂ ਲੋਕਾਂ ਨੇ ਪੰਜਾਬ ਵਿਚ ਨਸ਼ਿਆਂ ਦੇ ਦਰਿਆ ਵਗਾ ਕੇ ਪੰਜਾਬ ਦੀਆਂ ਜੜ੍ਹਾਂ ਵੱਢ ਦਿੱਤੀਆਂ ਹਨ, ਜਿਨ੍ਹਾਂ ਦਾ ਨਸ਼ਿਆਂ ਬਗੈਰ ਗੁਜ਼ਾਰਾ ਹੀ ਨਹੀਂ ਹੈ, ਜਿਨ੍ਹਾਂ ਨੇ ਗਰੀਬਾਂ ਨੂੰ ਨਸ਼ੇ ਖਾਣੇ ਤੇ ਪੀਣੇ ਸਿਖਾਏ ਹਨ, ਉਨ੍ਹਾਂ ਬਾਦਲਕਿਆਂ ਦੀਆਂ ਚੋਣਾਂ ਨਸ਼ਿਆਂ ਤੋਂ ਰਹਿਤ ਕਿਵੇਂ ਹੋ ਸਕਦੀਆਂ ਹਨ? ਹਾਂ, ਇਕ ਗੱਲ ਬਾਦਲ ਸਾਹਿਬ ਨੇ ਫੂਲਕਾ ਸਾਹਿਬ ਨੂੰ ਖੁਸ਼ ਕਰਨ ਲਈ ਜ਼ਰੂਰ ਕਰ ਦਿੱਤੀ ਹੈ ਕਿ ਜਥੇਦਾਰ ਤੋਂ ਅਪੀਲ ਜ਼ਰੂਰ ਕਰਵਾ ਦਿੱਤੀ ਹੈ ਕਿ ਇਨ੍ਹਾਂ ਚੋਣਾਂ ਵਿਚ ਨਸ਼ੇ ਬਿਲਕੁਲ ਨਹੀਂ ਵਰਤੇ ਜਾਣਗੇ। ਜੇ ਕੋਈ ਵਰਤਦਾ ਫੜਿਆ ਗਿਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੋ, ਫੂਲਕਾ ਸਾਹਿਬ ਵੀ ਖੁਸ਼, ਉਮੀਦਵਾਰ ਵੀ ਖੁਸ਼ ਅਤੇ ਬਾਦਲ ਜੀ ਤਾਂ ਪਹਿਲਾਂ ਹੀ ਖੁਸ਼ ਨੇ। ਉਨ੍ਹਾਂ ਨੂੰ ਪਤਾ ਹੈ ਕਿ ਸਿੱਖ ਕੌਮ 'ਤੇ ਰਾਜ ਕਿਵੇਂ ਕਰਨਾ ਹੈ ਅਤੇ ਉਹ ਕਰ ਵੀ ਰਹੇ ਨੇ। ਮੈਂ ਆਪਣਾ ਇਕ ਸ਼ਿਅਰ ਕਹਿ ਰਹੀ ਹਾਂ:

ਧਰਮ ਦਾ ਸੀ ਜੋ ਰੌਲਾ ਪਾਉਂਦੇ
ਸਾਰੇ ਰਾਹ ਵਿਚ ਰਹਿ ਗਏ ਨੇ।
ਬਣ ਰਹੇ ਸੀ ਜੋ ਮਹਿਲ ਹਵਾ ਦੇ
ਦੋ ਪਲ ਵਿਚ ਹੀ ਢਹਿ ਗਏ ਨੇ।
ਮਾੜੀ ਕਿਸਮਤ ਸਿੰਘਾਂ ਦੇ ਵਿਚ
ਹੁਣ ਵੀ ਏਕਾ ਹੋ ਨਾ ਸਕਿਆ
ਖ਼ਿਲਰ ਗਏ ਨੇ ਡੱਡੂਆਂ ਵਾਂਗੂੰ
ਸਭ ਦੇ ਭੱਠੇ ਬਹਿ ਗਏ ਨੇ।

## ਸੰਪਾਦਕ ਦੀ ਡਾਕ

*(ਸਫਾ 16 ਦੀ ਬਾਕੀ)*

ਵਿਚ ਧਸਦੇ ਜਾ ਰਹੇ ਹਨ? ਇਹ ਪਰਿਵਾਰ ਦਿੱਖ ਪੱਖੋਂ ਵੀ ਪੂਰਾ ਗੁਰਸਿੱਖ ਪਰਿਵਾਰ ਜਾਣਿਆ ਜਾਂਦਾ ਹੈ। ਸੋਚਿਆ ਕਿ ਕੀ ਹੋ ਗਿਆ ਹੈ ਮਹਾਨ ਕੌਮ ਦੇ ਵਾਰਸਾਂ ਨੂੰ? ਕਿਥੇ ਗਏ ਹਨ ਇਸ ਕੌਮ ਦੇ ਸਰਪ੍ਰਸਤ?

ਦੇਖਣ ਨੂੰ ਇਹ ਮਿਲਦਾ ਹੈ ਕਿ ਸੰਤ ਮਹਾਤਮਾ ਅਤੇ ਪ੍ਰਚਾਰਕ ਵੀ ਪ੍ਰਚਾਰ ਲਈ ਵਿਦੇਸ਼ਾਂ, ਖਾਸ ਕਰ ਪੱਛਮੀ ਦੇਸ਼ਾਂ ਵੱਲ ਵਹੀਰਾਂ ਘੱਤੀ ਆਉਂਦੇ ਹਨ ਜਦ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਮਾਰੂ ਨਸ਼ਿਆਂ, ਬੇ-ਭਰੋਸਗੀ, ਭਰੂਣ ਹੱਤਿਆ ਵਰਗੇ ਮਾੜੇ ਪ੍ਰਭਾਵ ਹੇਠ ਹੈ। ਕੀ ਇਨ੍ਹਾਂ ਵਿਦਵਾਨਾਂ ਦਾ ਲੋਕਾਂ ਨੂੰ ਪੰਜਾਬ 'ਚ ਸਮਝਾਉਣ ਦਾ ਕੋਈ ਫ਼ਰਜ਼ ਨਹੀਂ ਬਣਦਾ? ਪੱਛਮੀ ਦੇਸ਼ਾਂ ਵਿਚ ਪੰਜਾਬ ਤੋਂ ਆਈ ਪਹਿਲੀ ਪੀੜ੍ਹੀ ਭਰੂਣ ਹੱਤਿਆ ਵਿਚ ਗ੍ਰਸਤ ਹੈ। ਕਾਰਨ ਸ਼ਾਇਦ ਸਾਡੀ ਸੋਚ ਦਾ ਹੈ ਜਿਸ ਨੂੰ ਬਦਲਣ ਲਈ ਸਾਨੂੰ ਥੋੜ੍ਹੀ ਬਹੁਤ ਪੱਛਮੀ ਮੂਲ ਦੇ ਲੋਕਾਂ ਦੀ ਪੈੜ ਦੱਬਣੀ ਹੋਵੇਗੀ ਕਿ ਇਨਸਾਨੀ ਸਰੀਰ ਨੂੰ ਸਿਰਫ਼ ਮੇਲ ਫੀਮੇਲ ਵਿਚ ਹੀ ਨਾ ਤੋਲਿਆ ਜਾਵੇ! ਬਰਾਬਰ ਦੀ ਨਜ਼ਰ ਨਾਲ ਤੱਕਿਆ ਜਾਵੇ।

*-ਅਜਮੇਰ ਸਿੰਘ ਪੰਨੂ*
*ਫੋਨ: 630-440-3458*

***

### ਪੰਜਾਬੀਆਂ ਦੀ ਭੇਡ ਚਾਲ

ਪੰਜਾਬ ਟਾਈਮਜ਼ ਦੇ 27 ਅਗਸਤ ਦੇ ਅੰਕ ਵਿਚ "ਭੇਡ ਚਾਲ" ਨਾਂ ਦੇ ਲੇਖ ਵਿਚ ਵੀਰ ਬਾਬ ਖੈਹਰਾ ਦੇ ਵਿਚਾਰ ਬਹੁਤ ਹੀ ਸ਼ਲਾਘਾਯੋਗ ਸਨ। ਉਨ੍ਹਾਂ ਨੇ ਮੈਨੂੰ ਵੀ ਕੁਝ ਲਿਖਣ 'ਤੇ ਉਤਸ਼ਾਹਿਤ ਕਰ ਦਿੱਤਾ। ਇਹ ਇਕ ਕੌੜੀ ਸੱਚਾਈ ਹੈ ਕਿ ਪਰਦੇਸਾਂ ਵਿਚ ਵਸੇ ਅਸੀਂ ਪੰਜਾਬੀਆਂ ਨੇ ਵਖ ਵਖ ਕਿਸਮਾਂ ਦੇ ਗਾਇਕਾਂ ਦੇ ਸ਼ੋਅ, ਨਗਰ ਕੀਰਤਨ ਅਤੇ ਖੇਡ ਮੇਲੇ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਹਜ਼ਾਰਾਂ ਨਹੀਂ, ਲੱਖਾਂ ਡਾਲਰ ਇਨ੍ਹਾਂ ਉਪਰ ਖਰਚ ਕੀਤੇ ਜਾਂਦੇ ਹਨ ਅਤੇ ਬਹੁਤੀ ਵਾਰ ਇਕ ਦੂਜੇ ਦੇ ਉਤੋਂ ਦੀ ਬਾਜ਼ੀ ਮਾਰ ਲੈਣ ਦੀ ਨੀਅਤ ਨਾਲ। ਆਪੋ ਆਪਣੀ ਹਉਮੈ ਨੂੰ ਚਮਕਾਉਣ ਲਈ ਪੈਸਾ ਖਰਚ ਕੀਤਾ ਜਾਂਦਾ ਹੈ ਪਰ ਇਸ ਗੱਲ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ ਕਿ ਸਾਡੇ ਭਾਈਚਾਰੇ ਨੂੰ ਫਿਊਨਰਲ ਹੋਮ, ਸੀਨੀਅਰ ਸੈਂਟਰ, ਨਰਸਿੰਗ ਹੋਮ ਜਾਂ ਅਜਿਹੀਆਂ ਹੋਰ ਸਹੂਲਤਾਂ ਦੀ ਬੇਹਦ ਲੋੜ ਹੈ। ਵਿਚਾਰੇ ਬਜ਼ੁਰਗ ਗੁਰਦੁਆਰਿਆਂ 'ਚ ਬੈਠ ਕੇ ਜਾਂ ਪਾਰਕਾਂ 'ਚ ਦਰਖਤਾਂ ਹੇਠ ਬੈਠ ਕੇ ਆਪਣਾ ਸਮਾਂ ਬਤੀਤ ਕਰਨ 'ਤੇ ਮਜਬੂਰ ਹਨ।

ਫਰਿਜ਼ਨੋ ਨਿਵਾਸੀਆਂ ਨੇ ਬਹੁਤ ਹੀ ਚੰਗਾ ਉਪਰਾਲਾ ਕੀਤਾ ਹੈ ਜਿਨ੍ਹਾਂ ਨੇ ਆਪਣੇ ਭਾਈਚਾਰੇ ਲਈ ਫਿਊਨਰਲ ਹੋਮ ਬਣਾਉਣ ਦਾ ਬੀੜਾ ਉਠਾਇਆ ਹੈ। ਯੂਬਾ ਸਿਟੀ ਵਿਚ ਕਿੰਨੇ ਹੀ ਮੰਨੇ-ਪ੍ਰਮੰਨੇ ਪੈਸੇ ਵਾਲੇ ਪਰਿਵਾਰ ਰਹਿੰਦੇ ਹਨ ਪਰ ਕਿਸੇ ਦਾ ਧਿਆਨ ਇਸ ਉਪਰਾਲੇ ਵੱਲ ਨਹੀਂ ਗਿਆ। ਯੂਬਾ ਸਿਟੀ ਵਿਚ ਜਿਸ ਥਾਂ ਸਦੀਵੀ ਵਿਛੋੜਾ ਦੇ ਗਏ ਲੋਕਾਂ ਦਾ ਅੰਤਿਮ ਸਸਕਾਰ ਕੀਤਾ ਜਾਂਦਾ ਹੈ ਉਥੇ ਨਾ ਤਾਂ ਬੈਠਣ ਦਾ ਕੋਈ ਠੀਕ ਪ੍ਰਬੰਧ ਹੈ ਅਤੇ ਨਾ ਹੀ ਕੋਈ ਪਾਰਕਿੰਗ ਦਾ। ਹੈਰਾਨੀ ਵਾਲੀ ਗੱਲ ਹੈ ਕਿ ਕਿਸੇ ਦਾ ਵੀ ਕੋਈ ਧਿਆਨ ਇਸ ਪਾਸੇ ਵੱਲ ਨਹੀਂ ਗਿਆ। ਹਰ ਸਾਲ ਉਥੇ ਨਗਰ ਕੀਰਤਨ ਹੁੰਦਾ ਹੈ। ਹਜ਼ਾਰਾਂ ਡਾਲਰ ਸਕਿਉਰਿਟੀ 'ਤੇ ਖਰਚ ਕੀਤੇ ਜਾਂਦੇ ਹਨ, ਫਿਰ ਵੀ ਲੜਾਈਆਂ-ਭੜਾਈਆਂ ਹੁੰਦੀਆਂ ਹਨ। ਬਾਕੀ ਭਾਈਚਾਰੇ ਵੀ ਆਪਣੀਆਂ ਪਰੇਡਾਂ ਕਰਦੇ ਹਨ ਪਰ ਇੰਜ ਆਪਣੇ ਧਰਮ ਗ੍ਰੰਥਾਂ ਦਾ ਲੜਾਈਆਂ ਕਰਕੇ ਨਿਰਾਦਰ ਨਹੀਂ ਕਰਦੇ। ਨਗਰ ਕੀਰਤਨ ਕੱਢਣਾ ਆਪਣੀ ਥਾਂ ਠੀਕ ਹੈ ਪਰ ਭਾਈਚਾਰੇ ਨੂੰ ਹੋਰ ਲੋੜੀਂਦੀਆਂ ਸਹੂਲਤਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

*-ਗੁਰਚਰਨ ਕੌਰ, ਯੂਨੀਅਨ ਸਿਟੀ।*

# ਪਰਮਾਣੂ ਊਰਜਾ, ਕੁਦਰਤ ਤੇ ਮਨੁੱਖੀ ਸਰੋਕਾਰ

ਪਹਿਲੀ ਗੱਲ

ਜਤਿੰਦਰ ਮੌਹਰ
ਫੋਨ: +91 97799 34747

ਜਪਾਨ ਦੀ ਪਰਮਾਣੂ ਤ੍ਰਾਸਦੀ ਵਿਚੋਂ ਉਭਰੇ ਤਬਾਹੀ ਦੇ ਖ਼ਦਸ਼ਿਆਂ ਨੇ ਮੁੱਦੇ ਦੀ ਗੰਭੀਰਤਾ ਨੂੰ ਫ਼ੈਸਲਾਕੁੰਨ ਮੋੜ 'ਤੇ ਲਿਆਂਦਾ ਹੈ। ਪਹਿਲਾਂ ਸਮੁੱਚੇ ਖ਼ਤਰੇ ਨੂੰ ਭੂਚਾਲ ਅਤੇ ਸੁਨਾਮੀ ਦੇ ਅਸਰ ਹੇਠਲੇ ਪਰਮਾਣੂ ਪਲਾਂਟਾਂ ਤੱਕ ਮਹਿਦੂਦ ਕਰਕੇ ਦੇਖਿਆ ਗਿਆ। ਜਪਾਨ ਤੋਂ ਹਵਾ ਦਾ ਰੁਖ਼ ਉਦੋਂ ਭਾਰਤ ਦੇ ਪੱਖ ਵਿਚ ਸੀ। ਇਸੇ ਦਲੀਲ ਨਾਲ ਖ਼ਦਸ਼ਿਆਂ ਨੂੰ ਖਾਸ ਖ਼ਿੱਤੇ ਤੱਕ ਸੰਗੋੜ ਲਿਆ ਗਿਆ, ਜਿੱਦਾਂ ਕਿਤੇ ਜ਼ਿੰਦਗੀ ਹਵਾ ਦਾ ਰੁਖ਼ ਬਦਲਣ ਤੱਕ ਹੀ ਜਿਉਂਈ ਜਾਣੀ ਹੋਵੇ। ਅਖ਼ਬਾਰੀ ਕਾਲਮਾਂ ਰਾਹੀਂ ਚਿਰਕਾਲੀ ਮਸਲਿਆਂ ਨਾਲ ਜੁੜੀ ਬਹਿਸ ਪਰਮਾਣੂ ਪਲਾਂਟਾਂ ਦੀਆਂ ਸੁਰੱਖਿਆ ਪੇਸ਼ਬੰਦੀਆਂ ਦੀ ਨਜ਼ਰਸਾਨੀ ਤੱਕ ਸੁੰਗੜ ਗਈ। ਇਸ ਮਾਹੌਲ ਵਿਚ ਪਰਮਾਣੂ ਖ਼ਤਰੇ ਦੇ ਖ਼ਿਲਾਫ਼ ਸੁਹਿਰਦ ਧਿਰਾਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਅਸਲ ਮਸਲਾ 'ਨਜ਼ਰਸਾਨੀ ਦੀ ਮੰਗ' ਤੋਂ ਪਰਮਾਣੂ ਪਲਾਂਟ ਲਾਉਣ ਤੋਂ ਰੋਕਣ ਦਾ ਹੈ।

ਸਰਕਾਰੀ ਧਿਰਾਂ 'ਤੁਹਾਨੂੰ ਨਹੀਂ ਪਤਾ' ਅਤੇ 'ਕੋਈ ਖ਼ਤਰਾ ਨਹੀਂ' ਦਾ ਰਾਗ ਅਲਾਪਦੀਆਂ ਰਹੀਆਂ। ਆਲਮੀ ਸਿਹਤ ਸੰਸਥਾ ਤੋਂ ਲੈ ਕੇ ਦੇਸੀ ਏਜੰਸੀਆਂ, ਇਕੋ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਜਪਾਨੀ ਪਰਮਾਣੂ ਖ਼ਤਰਾ ਮੁਕਾਮੀ (ਲੋਕਲ) ਹੈ। ਫੌਰੀ ਤੌਰ 'ਤੇ ਮਨੁੱਖੀ ਸਿਹਤ ਲਈ ਕੋਈ ਖ਼ਤਰਾ ਨਹੀਂ ਹੈ।। ਰੂਸ ਦੇ ਚਰਨੋਬਿਲ ਹਾਦਸੇ ਵਿਚ ਫੌਰੀ ਹੋਈਆਂ ਮੌਤਾਂ ਦੀ ਗਿਣਤੀ ਬੰਨਵੇਂ ਸੀ ਪਰ ਹੌਲੀ ਹੌਲੀ ਲੱਖਾਂ ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਜਪਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਨਾਉਤੋ ਕਾਨ (ਹੁਣ ਪ੍ਰਧਾਨ ਮੰਤਰੀ ਯੋਸ਼ੀਹੀਕੋ ਨੋਦਾ ਹਨ) ਹਾਦਸੇ ਨੂੰ ਦੂਜੀ ਆਲਮੀ ਜੰਗ ਤੋਂ ਬਾਅਦ ਮੁਲਕ ਦੇ ਸਨਮੁਖ ਸਭ ਤੋਂ ਵੱਡੀ ਵੰਗਾਰ ਕਰਾਰ ਦਿੱਤਾ ਸੀ। ਪਰਮਾਣੂ ਐਮਰਜੈਂਸੀ ਲਾਈ ਜਾ ਚੁੱਕੀ ਹੈ, ਤੇ ਇਸ ਨੂੰ ਚਰਨੋਬਿਲ ਹਾਦਸੇ ਦੇ ਬਰਾਬਰ ਦਾ ਹਾਦਸਾ ਮੰਨਿਆਂ ਜਾ ਚੁੱਕਾ ਹੈ। ਭਾਰਤ ਵਿਚ ਪਰਮਾਣੂ ਸਨਅਤ ਦਾ ਸਾਰਾ ਜ਼ੋਰ ਜਪਾਨੀ ਹਾਦਸੇ ਅਤੇ ਪਰਮਾਣੂ ਖ਼ਤਰੇ ਨੂੰ ਘਟਾ ਕੇ ਪੇਸ਼ ਕਰਨ ਵਿਚ ਲੱਗਿਆ ਹੋਇਆ ਹੈ। ਅਮਰੀਕਾ ਮੁਤਾਬਕ ਪਰਮਾਣੂ ਹਾਦਸਾ 30 ਕਿਲੋਮੀਟਰ ਦਾ ਘੇਰੇ ਵਿਚ ਅਸਰਅੰਦਾਜ਼ ਹੋਇਆ। ਜਪਾਨ ਦੀਆਂ ਗ਼ੈਰ-ਸਰਕਾਰੀ ਜਥੇਬੰਦੀਆਂ ਅਤੇ ਚੌਗਿਰਦਾ ਪ੍ਰੇਮੀਆਂ ਮੁਤਾਬਕ ਧਮਾਕੇ ਦੇ ਤਿੰਨ ਦਿਨਾਂ ਦੇ ਅੰਦਰ ਵਿਕਿਰਨਾਂ ਛੇ ਸੌ ਕਿਲੋਮੀਟਰ ਤੱਕ ਫੈਲ ਚੁੱਕੀਆਂ ਸਨ। ਪਰਮਾਣੂ ਪ੍ਰਦੂਸ਼ਿਤ ਪਾਣੀ ਲਗਾਤਾਰ ਸਮੁੰਦਰ ਵਿਚ ਰਿਸ ਰਿਹਾ ਹੈ। ਅਮਰੀਕਾ, ਰੂਸ ਤੇ ਚੀਨ ਵਿਚ ਵੀ ਜਪਾਨੀ ਹਾਦਸੇ ਦਾ ਅਸਰ ਦਿਸਿਆ ਹੈ।

ਫੂਕੂਸ਼ੀਮਾ ਦੇ ਸਾਰੇ ਛੇ ਰਿਐਕਟਰਾਂ ਦੀਆਂ ਬਾਲਣ ਛੜਾਂ ਵਿਚ ਪਲੂਟੋਨੀਅਮ ਹੈ ਜਿਸ ਨੂੰ ਪਰਮਾਣੂ ਹਥਿਆਰਾਂ ਦੇ ਬਾਲਣ ਵਜੋਂ ਜਾਣਿਆ ਜਾਂਦਾ ਹੈ। ਪਲੂਟੋਨੀਅਮ ਯੂਰੇਨੀਅਮ ਤੋਂ ਵੱਧ ਘਾਤਕ ਹੈ ਜੋ ਫੇਫੜਿਆਂ ਤੇ ਗੁਰਦਿਆਂ ਨੂੰ ਤਬਾਹ ਕਰ ਦਿੰਦਾ ਹੈ। ਇਹ ਰਿਸਣ ਤੋਂ ਬਾਅਦ ਜਲਦੀ ਬੇਅਸਰ ਨਹੀਂ ਹੁੰਦਾ। ਪਲੂਟੋਨੀਅਮ-239 ਦੀ ਅੱਧੀ ਉਮਰ 25000 ਸਾਲ ਹੈ। ਇਹ ਆਪਣੀ ਅੱਧੀ ਰੇਡੀਓ ਐਕਟਿਵ ਸਮਰੱਥਾ ਦੇ ਬੇਅਸਰ ਹੋਣ ਲਈ ਇੰਨਾ ਹੀ ਸਮਾਂ ਲਵੇਗਾ। ਖ਼ਬਰਾਂ ਦੱਸਦੀਆਂ ਹਨ ਕਿ ਪਲੂਟੋਨੀਅਮ ਮਿੱਟੀ ਵਿਚ ਰਿਸ ਚੁੱਕਿਆ ਹੈ ਜੀਹਦੇ ਅਸਰ ਬਾਰੇ ਵੇਰਵੇ ਆਉਣੇ ਅਜੇ ਬਾਕੀ ਹਨ। ਰਿਸ ਰਹੇ ਹੋਰ ਰੇਡੀਓ ਐਕਟਿਵ ਤੱਤ ਸਮੁੱਚੀ ਜੈਵਿਕ ਸਿਹਤ ਲਈ ਵੱਡਾ ਖ਼ਤਰਾ ਹਨ। ਖੁਰਾਕ ਲੜੀ ਰਾਹੀਂ ਇਸ ਅਸਰ ਦਾ ਘੇਰਾ ਹਰ ਹੱਦ ਪਾਰ ਕਰ ਜਾਵੇਗਾ। ਇਹ ਤਰਕ ਅਕਸਰ ਦਿੱਤਾ ਜਾਂਦਾ ਹੈ ਕਿ ਹਾਦਸੇ ਤਾਂ ਹੋਰ ਵੀ ਹੁੰਦੇ ਰਹਿੰਦੇ ਹਨ। 'ਹੋਰ' ਹਾਦਸਿਆਂ ਦੀ ਤੁਲਨਾ ਪਰਮਾਣੂ ਹਾਦਸਿਆਂ ਨਾਲ ਕਰਨਾ ਬੇਤੁਕਾ ਹੈ। ਇਸ ਦਾ ਅਸਰ ਮਨੁੱਖਾਂ ਤੋਂ ਬਿਨਾਂ ਜੀਵ-ਜੰਤੂਆਂ, ਰੁੱਖਾਂ-ਬੂਟਿਆਂ, ਮਿੱਟੀ, ਪਾਣੀ ਤੇ ਹਰ ਇਕ ਚੀਜ਼ ਉੱਤੇ ਸਦੀਆਂ ਤੱਕ ਰਹਿੰਦਾ ਹੈ। ਪਰਮਾਣੂ ਊਰਜਾ ਨੂੰ ਕਾਰਬਨ ਰਹਿਤ ਊਰਜਾ ਵਜੋਂ ਵਡਿਆਉਣਾ ਤਰਕਹੀਣ ਦਾਅਵਾ ਹੈ। ਯੂਰੇਨੀਅਮ ਨੂੰ ਵਰਤੋਂ ਯੋਗ ਬਣਾਉਣ ਤੋਂ ਲੈ ਕੇ ਢੋਆ-ਢੁਆਈ ਅਤੇ ਰਿਐਕਟਰ ਬਣਾਉਣ ਤੱਕ ਕਾਫ਼ੀ ਕਾਰਬਨ ਖਰਚ ਹੁੰਦਾ ਹੈ। ਵੱਧ ਤੋਂ ਵੱਧ 60 ਸਾਲ ਉਮਰ ਹੰਢਾਉਣ ਵਾਲਾ ਪਰਮਾਣੂ ਬਿਜਲੀ-ਘਰ ਸੈਂਕੜੇ ਸਾਲਾਂ ਲਈ ਰੇਡੀਓਐਕਟਿਵ ਤੇ ਪਰਮਾਣੂ ਕੂੜਾ ਪਿੱਛੇ ਛੱਡ ਜਾਂਦਾ ਹੈ। ਕੈਂਸਰ, ਬਾਂਝਪਣ, ਜਮਾਂਦਰੂ ਅਪੰਗਤਾ ਅਤੇ ਸਦੀਆਂ ਤੱਕ ਵਿਕਿਰਨਾਂ ਦਾ ਬੁਰਾ ਅਸਰ ਕਾਇਮ ਰਹਿੰਦਾ ਹੈ। ਕੋਲਾਰ ਖਾਣਾਂ ਵਿਚ ਪਰਮਾਣੂ ਕੂੜਾ ਦੱਬਣ ਦੀਆਂ ਗੱਲਾਂ ਕਰਨ ਵਾਲੇ ਜਾਣ-ਬੁੱਝ ਕੇ ਜਨਤਾ ਦੇ ਅੱਖੀਂ ਘੱਟਾ ਪਾ ਰਹੇ ਹਨ। ਧਰਤੀ ਅੰਦਰਲੀ ਸਰਗਰਮੀ ਜਾਂ ਵਧ-ਘਟ ਰਹੀ ਤਪਸ਼ ਕੋਲਾਰ ਖਾਣਾਂ ਵਿਚ ਦੱਬੇ ਪਰਮਾਣੂ ਕੂੜੇ ਨੂੰ ਘਾਤਕ ਹਾਦਸੇ ਦਾ ਸਬੱਬ ਬਣਾ ਸਕਦੀ ਹੈ। ਭਾਰਤ ਦੇ ਚੌਗਿਰਦਾ ਤੇ ਜੰਗਲਾਤ ਮੰਤਰੀ ਜੈਰਾਮ ਰਮੇਸ਼ 'ਪਰਮਾਣੂ ਊਰਜਾ ਤੋਂ ਹਰਗਿਜ਼ ਪਿੱਛੇ ਨਹੀਂ ਹਟਾਂਗੇ' ਅਤੇ ਐਟਮੀ ਊਰਜਾ ਕਮਿਸ਼ਨ ਦਾ ਮੁਖੀ ਸ੍ਰੀਕੁਮਾਰ ਬੈਨਰਜੀ 'ਪਰਮਾਣੂ ਊਰਜਾ ਹੀ ਹੱਲ ਹੈ' ਜਿਹੇ ਬਿਆਨ ਦੇ ਰਹੇ ਹਨ। ਭੂਪਾਲ ਗੈਸ ਤ੍ਰਾਸਦੀ ਅਤੇ ਪਿਛਲੇ ਸਮਿਆਂ ਦੇ ਤਜਰਬਿਆਂ ਦੀ ਰੋਸ਼ਨੀ ਵਿਚ ਸਰਕਾਰੀ ਦਾਅਵਿਆਂ ਉੱਤੇ ਯਕੀਨ ਕਰਨਾ ਔਖਾ ਹੈ। ਚਰਨੋਬਲ ਤ੍ਰਾਸਦੀ ਵਿਚ ਵੱਡੇ ਪੱਧਰ 'ਤੇ ਹੋਈਆਂ ਮੌਤਾਂ ਦਾ ਮੁੱਖ ਕਾਰਨ ਲੋਕਾਂ ਵਿਚ ਫੈਲਿਆ ਸਹਿਮ ਅਤੇ ਉਨ੍ਹਾਂ ਨੂੰ ਮੁਕਾਮੀ ਦੁੱਧ ਪੀਣ ਤੋਂ ਨਾ ਰੋਕਣਾ ਸਿੱਧ ਕੀਤਾ ਜਾ ਰਿਹਾ ਹੈ। ਪੱਚੀ ਸਾਲ ਬਾਅਦ ਵੀ ਸਿਹਤ ਸਮੱਸਿਆਵਾਂ ਉੱਥੋਂ ਦੇ ਲੋਕਾਂ ਦਾ ਪਿੱਛਾ ਨਹੀਂ ਛੱਡ ਰਹੀਆਂ।

ਤਿੰਨ ਮੀਲ ਟਾਪੂ (ਥ੍ਰੀ ਮਾਈਲ ਆਈਲੈਂਡ) ਦੇ ਪਰਮਾਣੂ ਹਾਦਸੇ (ਸੰਨ 1979) ਤੋਂ ਬਾਅਦ ਅਮਰੀਕਾ ਦੀ ਵਾਲਸਟ੍ਰੀਟ ਨੇ ਪਰਮਾਣੂ ਸਨਅਤ 'ਤੇ ਰੋਕ ਲਾ ਦਿੱਤੀ। ਪਿਛਲੇ 25 ਸਾਲਾਂ ਤੋਂ ਯੂਰਪ ਨੇ ਕੋਈ ਨਵਾਂ ਪਰਮਾਣੂ ਰਿਐਕਟਰ ਨਹੀਂ ਬਣਾਇਆ। ਪੱਛਮੀ ਮੁਲਕ ਨਾਕਾਮਯਾਬ ਤਬਾਹਕਾਰੀ ਸਨਅਤ ਨੂੰ ਕੂੜੇ ਦੇ ਡੱਬੇ ਵਿਚ ਸੁੱਟ ਚੁੱਕੇ ਹਨ। ਇਨ੍ਹਾਂ ਮੁਲਕਾਂ ਤੋਂ ਰਿਐਕਟਰ ਖ਼ਰੀਦ ਕੇ ਭਾਰਤ ਸਰਕਾਰ ਜਨਤਾ ਨੂੰ ਬਾਰੂਦ ਦੇ ਢੇਰ 'ਤੇ ਬਿਠਾਉਣਾ ਚਾਹੁੰਦੀ ਹੈ। ਜੈਤਾਪੁਰ ਪਰਮਾਣੂ ਪਲਾਂਟ ਦੇ ਖ਼ਿਲਾਫ਼ ਡਟੀ 'ਕੋਕਣ ਬਚਾਉ ਸਮਿਤੀ' ਸਾਹਮਣੇ ਜੈਰਾਮ ਰਮੇਸ਼ ਦਾ ਕਬੂਲਨਾਮਾ ਦਿਲਚਸਪ ਹੈ। ਫਰਾਂਸ ਦੀ 'ਅਰੇਵਾ' ਕੰਪਨੀ ਅਣਪਰਖਿਆ ਈ.ਪੀ.ਆਰ. ਰਿਐਕਟਰ ਜੈਤਾਪੁਰ ਵਿਚ ਲਾ ਰਹੀ ਹੈ। ਫਿਨਲੈਂਡ, ਅਮਰੀਕਾ ਅਤੇ ਫਰਾਂਸ ਦੇ ਪਰਮਾਣੂ ਮਾਹਿਰ ਰਿਐਕਟਰ ਦੀ ਸੁਰੱਖਿਆ ਬਾਰੇ 3000 ਸਵਾਲ ਖੜ੍ਹੇ ਕਰ ਚੁੱਕੇ ਹਨ। ਫਰਾਂਸੀਸੀ ਰਾਸ਼ਟਰਪਤੀ ਸਰਕੋਜ਼ੀ ਦੇ ਭਾਰਤੀ ਦੌਰੇ ਦੇ ਦਸ ਦਿਨਾਂ ਅੰਦਰ ਜੈਤਾਪੁਰ ਪਰਮਾਣੂ ਪਲਾਂਟ ਨੂੰ 'ਬਾਸ਼ਰਤ' ਸਹਿਮਤੀ ਦੇ ਦਿੱਤੀ ਗਈ। ਜੈਰਾਮ ਰਮੇਸ਼ ਇਸ ਕਾਹਲੀ ਪਿੱਛੇ 'ਵੱਡੇ ਦਾਅ ਪੇਚਕ' ਅਤੇ 'ਵਿੱਤੀ ਕਾਰਨ' ਦੱਸਦਾ ਹੈ ਜਿਨ੍ਹਾਂ ਦੀ ਕੀਮਤ ਬੇਸ਼ਕੀਮਤੀ ਮਨੁੱਖੀ ਜਾਨਾਂ ਅਤੇ ਚੌਗਿਰਦੇ ਦੀ ਤਬਾਹੀ ਨੇ ਅਦਾ ਕਰਨੀ ਹੈ। ਸੁਰੱਖਿਆ ਦਾ ਪੱਕਾ ਦਾਅਵਾ 'ਅੰਤਿਮ ਸੱਚ' ਨਹੀਂ ਹੈ। ਪਰਮਾਣੂ ਖ਼ਤਰੇ ਦਾ ਹੱਲ ਪਾਰਦਰਸ਼ਤਾ, ਅਨੁਸ਼ਾਸਨ, ਕਾਰਪੋਰੇਟ ਜ਼ਿੰਮੇਵਾਰੀ ਅਤੇ ਨਿਪੁੰਨ ਨਿਗਰਾਨ ਅਦਾਰਿਆਂ ਰਾਹੀਂ ਤੈਅ ਕੀਤਾ ਜਾ ਰਿਹਾ ਹੈ। ਸਰਕਾਰਾਂ ਤੇ ਕਾਰਪੋਰੇਟਾਂ ਦੀ 'ਕਾਰਗੁਜ਼ਾਰੀ' ਦਾ ਲੰਬਾ ਤਜਰਬਾ ਜਨਤਾ ਦੇ ਚੇਤਿਆਂ ਵਿਚ ਪਿਆ ਹੈ। ਮਨੁੱਖੀ ਗ਼ਲਤੀ, ਤਕਨੀਕੀ ਖ਼ਰਾਬੀ ਤੇ ਕੁਦਰਤੀ ਆਫ਼ਤ ਕਦੇ ਇਸ ਵਿਉਂਤਬੰਦੀ ਨੂੰ ਤਬਾਹਕੁਨ ਸਾਬਤ ਕਰ ਸਕਦੇ ਹਨ।

ਅਵਾਮ ਨੂੰ ਕਿਹਾ ਜਾਂਦਾ ਹੈ ਕਿ 'ਤੁਹਾਨੂੰ ਪਤਾ ਨਹੀਂ ', 'ਤੁਸੀਂ ਕੋਈ ਮਾਹਿਰ ਨਹੀਂ ਹੋ'; ਪਰ ਵਿਗਿਆਨ ਦਾ ਸਮਾਜਿਕ ਪੱਖ ਸਭ ਤੋਂ ਅਹਿਮ ਹੈ। ਗੰਭੀਰ ਮਸਲਿਆਂ 'ਤੇ ਸਵਾਲ ਕਰਨਾ ਆਵਾਮ ਦਾ ਹੱਕ ਹੈ ਕਿਉਂਕਿ ਸਰਕਾਰ ਨੇ ਲਗਾਤਾਰ ਆਪਣੀ ਭਰੋਸੇਯੋਗਤਾ ਨੂੰ ਖੋਰਾ ਲਾਇਆ ਹੈ। ਐਟਮੀ ਊਰਜਾ ਦੇ ਮਾਮਲੇ ਵਿਚ ਸਰਕਾਰਾਂ ਤੇ ਕੰਪਨੀਆਂ ਨੇ ਹਮੇਸ਼ਾਂ ਸੱਚ ਲੁਕੋਇਆ ਹੈ। ਜਨਤਕ ਹਿੱਤਾਂ ਦਾ ਫ਼ੈਸਲਾ ਕਰਨ ਲਈ ਸੰਸਦ, ਕਾਂਗਰਸ ਜਾਂ ਭਾਜਪਾ ਅੰਤਿਮ ਧਿਰਾਂ ਨਹੀਂ ਹਨ। ਆਵਾਮ ਇਨ੍ਹਾਂ ਦੇ ਬਰਾਬਰ ਦੀ ਧਿਰ ਹੈ। ਪਰਮਾਣੂ ਊਰਜਾ ਦੇ ਪੱਖ ਵਿਚ ਕਾਂਗਰਸ ਤੇ ਭਾਜਪਾ ਦੀ ਇਕੋ ਜਿਹੀ ਪਹੁੰਚ ਰਹੀ ਹੈ। ਇਨ੍ਹਾਂ ਦੀ ਸਹਿਮਤੀ ਉੱਤੇ ਵਿਗਿਆਨਕ ਤੱਥਾਂ ਅਤੇ ਸਮਾਜਿਕ ਸਰੋਕਾਰ ਵਾਲੀਆਂ ਦਲੀਲਾਂ ਨਾਲ ਸਵਾਲ ਕਰਨਾ ਅਹਿਮ ਹੈ। ਜੋ ਅਵਾਮ ਦੀ 'ਬਿਹਤਰੀ' ਲਈ ਕੀਤਾ ਜਾ ਰਿਹਾ ਹੈ, ਉਸ ਬਾਬਤ ਸਮਝ 'ਮਾਹਿਰਾਂ' ਤੱਕ ਮਹਿਦੂਦ ਕਿਉਂ ਰਹੇ? ਪਰਮਾਣੂ ਊਰਜਾ ਦੇ ਮਾਮਲੇ ਵਿਚ ਪੰਜਾਬ ਦੇ ਸਿਆਸੀ ਦਲਾਂ ਦਾ ਨਜ਼ਰੀਆ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ। ਅਮਰਿੰਦਰ ਸਰਕਾਰ ਵੱਲੋਂ ਪੰਜਾਬ ਵਿਚ ਪਰਮਾਣੂ ਪਲਾਂਟ ਲਾਉਣ ਦੇ ਫ਼ੈਸਲੇ ਦਾ ਬਾਦਲਾਂ ਨੇ ਵਿਰੋਧ ਕੀਤਾ ਸੀ। ਉਹੀ ਬਾਦਲ ਹੁਣ ਪੈਂਤੜਾ ਬਦਲ ਪਲਾਂਟ ਦੇ ਹੱਕ ਵਿਚ ਹੋ ਗਏ ਹਨ। ਹੁਣ ਕਿਹੜਾ ਪੰਜਾਬ ਦੀ ਆਬਾਦੀ ਸੰਘਣੀ ਨਹੀਂ ਰਹੀ ਜਾਂ ਧਰਤੀ ਜ਼ਰਖ਼ੇਜ਼ ਨਹੀਂ ਰਹੀ? ਪੰਜਾਬੀ ਸ਼ਾਇਰ ਪਾਸ਼ ਲਿਖਦਾ ਹੈ:

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ
ਕੁਰਬਾਨੀ ਜਿਹੀ ਵਫ਼ਾ
ਪਰ ਜੇ ਦੇਸ਼
ਰੂਹ ਦੀ ਵਗਾਰ ਦਾ ਕੋਈ ਕਾਰਖ਼ਾਨਾ ਹੈ
ਪਰ ਜੇ ਦੇਸ਼
ਉੱਲੂ ਬਣਨ ਦਾ ਪ੍ਰਯੋਗਘਰ ਹੈ
ਤਾਂ ਸਾਨੂੰ ਉਸ ਤੋਂ ਖ਼ਤਰਾ ਹੈ।

ਹੁਣ ਹਿੰਦ-ਅਮਰੀਕਾ ਪਰਮਾਣੂ ਸੰਧੀ ਸਦਕਾ ਅਗਲੇ ਪੰਜ ਸਾਲਾਂ ਵਿਚ ਹਰਿਆਣੇ ਵਿਚ ਚਾਰ ਪਰਮਾਣੂ ਪਲਾਂਟ ਲਾਏ ਜਾ ਰਹੇ ਹਨ। ਉਪਰੋਂ ਪੰਜਾਬ ਸਰਕਾਰ ਵਲੋਂ ਦਿਖਾਈ ਜਾ ਰਹੀ ਦਿਲਚਸਪੀ ਸੰਘਣੀ ਆਬਾਦੀ ਵਾਲੇ ਦੋਵਾਂ ਸੂਬਿਆਂ ਲਈ ਖ਼ਤਰੇ ਦੀ ਘੰਟੀ ਸਿੱਧ ਹੋ ਸਕਦੀ ਹੈ। ਇਕ ਭੁਲੇਖਾ ਸਸਤੀ ਬਿਜਲੀ ਦਾ ਪਾਇਆ ਜਾਂਦਾ ਹੈ। ਸਾਡੇ ਮੁਲਕ ਵਿਚ ਲੱਗਣ ਜਾ ਰਹੇ ਪਰਮਾਣੂ ਪਲਾਂਟਾਂ ਦੀ ਪੈਦਾਵਾਰ ਘੱਟ ਪਰ ਬਿਜਲੀ ਬਹੁਤ ਮਹਿੰਗੀ ਹੋਵੇਗੀ। ਇਸ ਤੋਂ ਬਾਅਦ ਤਰਜੀਹ ਸਨਅਤੀ ਕੇਂਦਰਾਂ ਨੂੰ ਦਿੱਤੀ ਜਾਵੇਗੀ।

ਖ਼ਬਰਾਂ ਮੁਤਾਬਕ ਭਾਰਤ ਦੇ ਵੱਡੇ ਪਰਮਾਣੂ ਪਲਾਂਟਾਂ ਕਾਲਪਾਕਮ, ਨਰੌਰਾ ਤੇ ਤਾਰਾਪੁਰ ਦੇ ਮੁਕਾਮੀ ਲੋਕਾਂ ਲਈ ਸੁਰੱਖਿਆ ਪੇਸ਼ਬੰਦੀਆਂ ਨਾਮਨਿਹਾਦ ਹਨ। ਸੰਨ 2004 ਵਿਚ ਸੁਨਾਮੀ ਦਾ ਕਹਿਰ ਕਾਲਪਾਕਮ ਪਲਾਂਟ ਦੇ ਨੇੜਲੇ ਪਿੰਡਾਂ ਵਿਚ ਵਾਪਰ ਚੁੱਕਿਆ ਹੈ। ਪਲਾਂਟ ਬੰਦ ਹੋਣ ਕਰਕੇ ਹਾਦਸੇ ਦਾ ਖਦਸ਼ਾ ਟਲ ਗਿਆ ਸੀ। ਸੰਨ 1993 ਵਿਚ ਨਰੌਰਾ ਪਲਾਂਟ ਵਿਚ ਲੱਗੀ ਅੱਗ ਮੁਲਕ ਦਾ ਵੱਡਾ ਪਰਮਾਣੂ ਹਾਦਸਾ ਮੰਨੀ ਜਾਂਦੀ ਹੈ। ਕੈਗਾ (ਕਰਨਾਟਕ) ਵਿਚ ਟ੍ਰਿਟੀਅਮ ਰਿਸਣ ਦਾ ਹਾਦਸਾ ਸਾਹਮਣੇ ਆ ਚੁੱਕਿਆ ਹੈ।

ਜਪਾਨੀ ਹਾਦਸੇ ਤੋਂ ਬਾਅਦ ਪਲਾਂਟਾਂ ਲਾਗੇ ਵਸਦੇ ਲੋਕ ਖ਼ੌਫ਼ਜ਼ਦਾ ਹਨ। ਭਾਰਤ ਤੋਂ ਤਕਨੀਕੀ ਤੌਰ 'ਤੇ ਜ਼ਿਆਦਾ ਵਿਕਸਿਤ ਜਪਾਨ ਵਿਚ ਵਾਪਰਿਆ ਹਾਦਸਾ ਲੋਕਾਂ ਦੇ ਖ਼ਦਸ਼ਿਆਂ ਨੂੰ ਹੋਰ ਡੂੰਘਾ ਕਰਦਾ ਹੈ। ਵੱਡੀ ਐਮਰਜੈਂਸੀ ਦੀ ਅਣਹੋਂਦ ਵਿਚ ਵੀ ਪਰਮਾਣੂ ਪਲਾਂਟਾਂ ਵਿਚੋਂ ਲਗਾਤਾਰ ਨਿਕਲਦੀਆਂ ਵਿਕਿਰਨਾਂ ਰੋਜ਼ਾਨਾ ਜ਼ਿੰਦਗੀ ਨੂੰ ਬਦਤਰ ਬਣਾ ਰਹੀਆਂ ਹਨ। ਜਾਦੂਗੌਡਾ ਯੂਰੇਨੀਅਮ ਖਾਣਾਂ ਅਤੇ ਰਾਜਸਥਾਨ ਵਿਚਲੇ ਰਿਐਕਟਰਾਂ ਦੇ ਦਰਜ ਹੋਏ ਮਾਰੂ ਅਸਰ ਮੀਡੀਆ ਵੱਲੋਂ ਨਜ਼ਰਅੰਦਾਜ਼ ਕੀਤੇ ਗਏ ਹਨ। ਵਿਕਿਰਨਾਂ ਦੇ ਅਸਰਅੰਦਾਜ਼ ਘੇਰੇ ਦੀ ਪੱਕੀ ਹੱਦਬੰਦੀ ਅਜੇ ਤੱਕ ਨਹੀਂ ਕੀਤੀ ਜਾ ਸਕੀ ਹੈ। ਲੋਕਾਂ ਦੇ ਪੁੱਛਣ 'ਤੇ ਪਲਾਂਟ ਅਧਿਕਾਰੀ ਜਵਾਬ ਦਿੰਦੇ ਹਨ ਕਿ ਅਸੀਂ ਵਿਕਿਰਨਾਂ ਦੀ ਦਿਸ਼ਾ ਬਦਲ ਦਿੱਤੀ ਹੈ। ਦਿਸ਼ਾ ਬਦਲਣ ਦੀ ਕੋਈ ਵਿਗਿਆਨਕ ਵਿਆਖਿਆ ਹਾਲੇ ਤੱਕ ਸਾਹਮਣੇ ਨਹੀਂ ਆਈ। ਲੋਕਾਂ ਵਿਚ ਭੰਬਲਭੂਸਾ ਕਾਇਮ ਹੈ ਪਰ ਉਨ੍ਹਾਂ ਦੇ ਮੂੰਹ 'ਤੇ ਬੰਨ੍ਹੀ ਰੁਜ਼ਗਾਰ ਦੀ ਪੱਟੀ ਪਲਾਂਟ ਦਾ ਵਿਰੋਧ ਕਰਨ ਤੋਂ ਰੋਕਦੀ ਹੈ।

ਸਰਕਾਰੀ ਦਾਅਵਿਆਂ ਦੇ ਉਲਟ ਪਰਮਾਣੂ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਕੋਲ ਪਰਮਾਣੂ ਤਬਾਹੀ ਨੂੰ ਰੋਕਣ ਲਈ ਢਾਂਚਾ ਅਤੇ ਸਿੱਖਿਅਤ ਮਾਹਿਰ ਦੋਵੇਂ ਨਹੀਂ ਹਨ। ਕਾਲਪਾਕਮ ਪਲਾਂਟ ਦੀ ਤਾਜ਼ਾ ਅਜ਼ਮਾਇਸ਼ੀ ਮਸ਼ਕ ਦੌਰਾਨ ਸੰਚਾਰ ਅਤੇ ਆਵਾਜਾਈ ਪ੍ਰਬੰਧ ਨਾਕਾਮਯਾਬ ਸਾਬਤ ਹੋਏ ਹਨ। ਭਾਰਤ ਹਥਿਆਰਾਂ ਦੇ ਸਭ ਤੋਂ ਵੱਡੇ ਬਰਾਮਦਕਾਰ ਵਜੋਂ 'ਸੋਭਾ ਖੱਟ ਰਿਹਾ ਹੈ। ਇਸ 'ਮਹਾਨ ਕੰਮ' ਵਿਚ ਅਸੀਂ ਚੀਨ ਨੂੰ ਪਛਾੜ ਦਿੱਤਾ ਹੈ। ਸੰਨ 2011-2012 ਲਈ ਭਾਰਤ ਦਾ ਰੱਖਿਆ ਬਜਟ 1500 ਅਰਬ ਰੁਪਈਆ ਤੈਅ ਕੀਤਾ ਗਿਆ ਹੈ। ਜਿਹੜਾ ਪਿਛਲੇ ਦੋ ਸਾਲਾਂ ਦੀ ਤੁਲਨਾ ਵਿਚ 40 ਫ਼ੀਸਦੀ ਜ਼ਿਆਦਾ ਹੈ। ਅਜੇ 126 ਲੜਾਕੂ ਜੈੱਟ ਜਹਾਜ਼, 200 ਹੈਲੀਕਾਪਟਰ ਅਤੇ ਪਣਡੁੱਬੀ ਖ਼ਰੀਦਣ ਦੀ ਮਨਸ਼ਾ ਹੈ।

ਐਟਮੀ ਹਥਿਆਰ ਬਣਾਉਣ ਦੀ ਦੌੜ ਵਿਚ ਸਾਡਾ ਮੁਲਕ ਮੋਹਰੀ ਹੈ। ਅਜਿਹੇ ਮਾਹੌਲ ਵਿਚ ਪਰਮਾਣੂ ਖ਼ਤਰੇ ਦਾ ਖ਼ਦਸ਼ਾ ਹੋਰ ਗੰਭੀਰ ਹੋ ਜਾਂਦਾ ਹੈ। ਇਸ ਘਾਤਕ ਮਾਹੌਲ ਵਿਚ ਮੰਗ ਇਹੀ ਬਣਦੀ ਹੈ ਕਿ ਪਰਮਾਣੂ ਪਲਾਂਟ ਲਾਉਣੇ ਬੰਦ ਕੀਤੇ ਜਾਣ। ਹਰ ਤਰ੍ਹਾਂ ਦੇ ਵੱਡੇ ਪਲਾਂਟਾਂ ਦੀ ਥਾਂ ਛੋਟੇ ਪਲਾਂਟ ਲਾਏ ਜਾਣ। ਸਨਅਤ ਦਾ ਜਮਹੂਰੀਕਰਨ ਕੀਤਾ ਜਾਵੇ। ਪੌਣ ਊਰਜਾ, ਸੂਰਜੀ ਊਰਜਾ, ਖੇਤੀ ਅਤੇ ਜੰਗਲਾਤ ਬਾਰੇ (ਬਾਇਓ ਮਾਸ) ਤੇ ਹੋਰ ਨਵਿਆਉਣ ਯੋਗ ਸੋਮਿਆਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। 'ਨਵਿਆਉਣ ਯੋਗ ਸੋਮੇ ਹੱਲ ਹਨ' ਦੇ ਨਾਅਰੇ ਵਿਚ ਮਨੁੱਖਤਾ ਅਤੇ ਕੁਦਰਤ ਦੀ ਚਿਰਕਾਲੀ ਭਲਾਈ ਹੈ।

***ਤਿੰਨ ਮੀਲ ਟਾਪੂ (ਥ੍ਰੀ ਮਾਈਲ ਆਈਲੈਂਡ) ਦੇ ਪਰਮਾਣੂ ਹਾਦਸੇ (ਸੰਨ 1979) ਤੋਂ ਬਾਅਦ ਅਮਰੀਕਾ ਦੀ ਵਾਲਸਟ੍ਰੀਟ ਨੇ ਪਰਮਾਣੂ ਸਨਅਤ 'ਤੇ ਰੋਕ ਲਾ ਦਿੱਤੀ। ਪਿਛਲੇ 25 ਸਾਲਾਂ ਤੋਂ ਯੂਰਪ ਨੇ ਕੋਈ ਨਵਾਂ ਪਰਮਾਣੂ ਰਿਐਕਟਰ ਨਹੀਂ ਬਣਾਇਆ। ਪੱਛਮੀ ਮੁਲਕ ਨਾਕਾਮਯਾਬ ਤਬਾਹਕਾਰੀ ਸਨਅਤ ਨੂੰ ਕੂੜੇ ਦੇ ਡੱਬੇ ਵਿਚ ਸੁੱਟ ਚੁੱਕੇ ਹਨ।...ਹੁਣ ਹਿੰਦ-ਅਮਰੀਕਾ ਪਰਮਾਣੂ ਸੰਧੀ ਸਦਕਾ ਅਗਲੇ ਪੰਜ ਸਾਲਾਂ ਵਿਚ ਹਰਿਆਣੇ ਵਿਚ ਚਾਰ ਪਰਮਾਣੂ ਪਲਾਂਟ ਲਾਏ ਜਾ ਰਹੇ ਹਨ। ਉਪਰੋਂ ਪੰਜਾਬ ਸਰਕਾਰ ਵਲੋਂ ਦਿਖਾਈ ਜਾ ਰਹੀ ਦਿਲਚਸਪੀ ਸੰਘਣੀ ਆਬਾਦੀ ਵਾਲੇ ਦੋਵਾਂ ਸੂਬਿਆਂ ਲਈ ਖ਼ਤਰੇ ਦੀ ਘੰਟੀ ਸਿੱਧ ਹੋ ਸਕਦੀ ਹੈ। ਇਕ ਭੁਲੇਖਾ ਸਸਤੀ ਬਿਜਲੀ ਦਾ ਪਾਇਆ ਜਾਂਦਾ ਹੈ।***




*ਹੈਰਿਸਬਰਗ (ਅਮਰੀਕਾ) ਵਿਚ 1979 ਚ ਥ੍ਰੀ ਮਾਈਲ ਆਈਲੈਂਡ ਦੇ ਪਰਮਾਣੂ ਹਾਦਸੇ ਤੋਂ ਬਾਅਦ ਕੀਤੇ ਵਿਖਾਵੇ ਦਾ ਦ੍ਰਿਸ਼।*

## ਕਾਵਿ-ਸੰਸਾਰ

### ਮਾਏ ਮੇਰੀਏ !

ਇਕ ਗੱਲ ਆਖਾਂ ਮਾਏ ਨੀ,
ਮੇਰੀ ਮੋੜੀਂ ਨਾ।
ਕੋਈ ਹਾਣ ਮੇਰਾ ਨਾ ਮਿਲਿਆ,
ਮੈਨੂੰ ਤੋਰੀਂ ਨਾ।

ਜਦ ਲੰਡਨ ਜਾਂ ਕੈਨੇਡਾ
ਵਿਚ ਨਾਂ ਜੋੜ ਦਿੰਦੇ,
ਬਾਪੂ ਜੀ ਦੇ ਪੇਪਰ
ਕਈ ਨਾਲ ਤੋਰ ਦਿੰਦੇ।
ਉਹ ਪੀਣ ਸ਼ਰਾਬਾਂ ਸੁਣਿਆ,
ਉਥੇ ਗੋਰੀਂ ਨਾ...।
ਇਕ ਗੱਲ ਆਖਾਂ ਮਾਏ ਨੀ,
ਮੇਰੀ ਮੋੜੀਂ ਨਾ।

ਨਾਲ ਮੇਰੇ ਕਈ ਕੁੜੀਆਂ
ਕਾਲਜ ਪੜ੍ਹੀਆਂ ਨੇ।
ਰੁਲਦੀਆਂ ਉਹ ਪਰਦੇਸੀਂ,
ਹੋਰ ਵੀ ਬੜੀਆਂ ਨੇ।
ਖੁਸ਼ੀਆਂ ਦਾ ਨਾਂ ਦੁਸ਼ਮਣ
ਬੰਨ੍ਹ ਦਈਂ ਡੋਰੀ ਨਾ...।
ਇਕ ਗੱਲ ਆਖਾਂ ਮਾਏ ਨੀ,
ਮੇਰੀ ਮੋੜੀਂ ਨਾ।

ਦੋ-ਦੋ ਮੁੰਦੀਆਂ ਪਾ ਕੇ
ਨੀ ਉਹ ਮੋਹ ਲੈਂਦੇ,
ਕਲਫਾਂ ਲਾ ਲਾ ਕਈ ਤਾਂ
ਉਮਰ ਲੁਕੋ ਲੈਂਦੇ।
ਲਾਲਚ ਨਹੀਂ ਕੋਈ ਮੈਨੂੰ,
ਖਾਹ ਲਊਂ ਥੋੜ੍ਹੀ ਮਾਂ...।
ਇਕ ਗੱਲ ਆਖਾਂ ਮਾਏ ਨੀ,
ਮੇਰੀ ਮੋੜੀਂ ਨਾ।

'ਚੀਮਨੇ' ਤੋਂ ਵੀ ਹੋਵੇ
ਪੁੱਛ-ਪੜਤਾਲ ਕਰੀਂ।
ਵੇਖੀਂ ਕਿਧਰੇ ਜ਼ਿੰਦਗੀ
ਨਾ ਮੇਰੀ ਗਾਲ ਧਰੀਂ।
ਰਾਜ ਦੀ ਧੌਂਸ ਨਾ ਮੰਨੀਂ,
ਕਹਿ ਦਈਂ ਕੋਰੀ ਮਾਂ...।
ਇਕ ਗੱਲ ਆਖਾਂ ਮਾਏ ਨੀ,
ਮੇਰੀ ਮੋੜੀਂ ਨਾ।

***-ਰਾਜ ਧਾਲੀਵਾਲ***

### ਰੱਬ ਨਾਲ ਪਿਆਰ

'ਜਨਮ ਨਹੀਂ ਮਿਲਣਾ ਵਾਰ-ਵਾਰ
ਤੂੰ ਕਰ ਲੈ ਰੱਬ ਨਾਲ ਪਿਆਰ,'
ਇਹ ਸੀ ਤੇਰਾ ਕੌਲ ਕਰਾਰ
ਤੂੰ ਕਿਉਂ ਭੁੱਲ ਗਿਆ ਮੇਰੇ ਯਾਰ।

ਛੱਡ ਮਾਇਆ ਨਾਲ ਪਿਆਰ
ਇਹ ਨਹੀਂ ਜਾਣੀ ਤੇਰੇ ਨਾਲ
ਫਿਰ ਕਿਉਂ ਕਰਦਾ ਏ ਲੁੱਟ ਮਾਰ,
ਤੂੰ ਕਿਉਂ ਭੁੱਲ ਗਿਆ ਮੇਰੇ ਯਾਰ।

ਕਰ ਲੈ ਨਾਮ ਦਾ ਵਪਾਰ
ਇਹੀਉ ਸੱਚੀ ਸੁੱਚੀ ਕਾਰ
ਹੋ ਜਾਉ ਭਵ ਸਾਗਰ ਤੂੰ ਪਾਰ,
ਤੂੰ ਕਿਉਂ ਭੁੱਲ ਗਿਆ ਮੇਰੇ ਯਾਰ।

ਸਭਨਾਂ ਧਰਮਾਂ ਦਾ ਇਹ ਸਾਰ
ਹੈ ਇੱਕ ਸੱਚਾ ਪ੍ਰਵਦਗਾਰ
ਫਿਰ ਕਿਉਂ ਕਰਦਾ ਏ ਭੇਦ ਭਾਵ,
ਤੂੰ ਕਿਉ ਭੁੱਲ ਗਿਆ ਮੇਰੇ ਯਾਰ।

***-ਜਗਤਾਰ ਸਿੰਘ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ

ਡਾ. ਗੁਰਨਾਮ ਕੌਰ

ਪਿਛਲੇ ਲੇਖ ਵਿਚ ਅਸੀਂ 'ਲਘੂਨਰਾਜ ਛੰਦ' (ਅੰਕ 51 ਤੋਂ 70) ਦਾ ਅਧਿਐਨ ਕਰਨ ਦਾ ਉਪਰਾਲਾ ਕੀਤਾ ਸੀ। ਅੰਕ 71 ਤੋਂ ਫਿਰ 'ਕਬਿੱਤ' ਸ਼ੁਰੂ ਹੁੰਦੇ ਹਨ ਜੋ ਅੰਕ ਨੱਬੇ ਤੱਕ ਚਲਦੇ ਹਨ, ਜਿਨ੍ਹਾਂ ਦੀ ਗਿਣਤੀ ਵੀਹ ਹੋ ਜਾਂਦੀ ਹੈ। ਕੋਈ ਵੀ ਧਰਮ ਜਾਂ ਪਰਮਾਤਮਾ ਨੂੰ ਪਾਉਣ ਦਾ ਰਸਤਾ ਜਦੋਂ ਧਾਰਮਿਕ ਆਗੂਆਂ ਅਤੇ ਪੁਜਾਰੀਆਂ ਦੇ ਹਥੇ ਚੜ੍ਹ ਕੇ ਬੋਸੀਦਾ ਕਰਮਕਾਂਡ ਵਿਚ ਫਸ ਜਾਂਦਾ ਹੈ ਤਾਂ ਉਹ ਆਪਣੀ ਸਦ-ਤਾਜ਼ਗੀ ਅਤੇ ਸਾਦਗੀ ਖੋ ਬੈਠਦਾ ਹੈ। ਇਸ ਤਰ੍ਹਾਂ ਲੋਕਾਂ ਦੀ ਸਹੀ ਅਗਵਾਈ ਕਰਨ ਦੀ ਥਾਂ ਵਾਧੂ ਦੀਆਂ ਰਸਮਾਂ ਵਿਚ ਫਸ ਕੇ ਉਹ ਆਪਣੇ ਮੰਨਣ ਵਾਲਿਆਂ ਨੂੰ ਹੋਰ ਔਝੜੀਂ



ਡਾ. ਗੁਰਨਾਮ ਕੌਰ

ਪਾ ਦਿੰਦਾ ਹੈ। ਇਹ ਵਰਤਾਰਾ ਕਿਸੇ ਵੀ ਧਰਮ ਵਿਚ, ਕਿਸੇ ਵੀ ਸਮੇਂ ਪ੍ਰਵੇਸ਼ ਕਰ ਸਕਦਾ ਹੈ ਅਤੇ ਕਰਦਾ ਆਇਆ ਹੈ। ਸਿੱਖ ਧਰਮ ਵਿਚ ਵੀ ਇਹ ਵਾਪਰ ਚੁੱਕਿਆ ਹੈ ਜਿਸ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਲਹਿਰ ਪੈਦਾ ਹੋਈ। ਅੱਜ ਇੱਕੀਵੀਂ ਸਦੀ ਵਿਚ ਵੀ ਬਹੁਤ ਕੁਝ ਅਜਿਹਾ ਧਾਰਮਿਕ ਰਸਮਾਂ ਦੇ ਨਾਮ ਤੇ ਅਤੇ ਰਾਜਨੀਤੀ ਕਾਰਨ ਧਰਮ ਵਿਚ ਦਾਖਲ ਹੋ ਗਿਆ ਹੈ ਜੋ ਸਿੱਖ ਸਿਧਾਂਤਾਂ ਦਾ ਅਨੁਸਾਰੀ ਨਹੀਂ ਹੈ। ਇਸ ਦੇ ਵਿਸਤਾਰ ਵਿਚ ਨਾ ਜਾਂਦਿਆਂ ਅਸੀਂ 'ਅਕਾਲ ਉਸਤਤਿ' ਵਿਚ ਪ੍ਰਾਪਤ ਅੰਕ ਇਕੱਤ੍ਰ ਤੋਂ ਅੱਸੀ ਤੱਕ 'ਕਬਿੱਤ' ਦਾ ਅਧਿਐਨ ਕਰਾਂਗੇ। ਇਸ ਤੋਂ ਪਹਿਲਾਂ 'ਲਘੂਨਰਾਜ ਛੰਦ' ਵਿਚ ਪਰਮਾਤਮਾ ਦੀ ਸਰਬ-ਵਿਆਪਕਤਾ ਦੀ ਗੱਲ ਕੀਤੀ ਗਈ ਹੈ। ਇਸ ਰਚਨਾ ਵਿਚ ਗੁਰੂ ਸਾਹਿਬ ਨੇ ਵੇਲੇ ਦੇ ਧਰਮਾਂ ਵਿਚ ਪ੍ਰਵੇਸ਼ ਕਰ ਚੁੱਕੇ ਧਾਰਮਿਕ ਕਰਮਕਾਂਡ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਇਹ ਪਰਮਾਤਮਾ ਨੂੰ ਪਾਉਣ ਵਿਚ ਸਹਾਈ ਨਹੀਂ ਹੁੰਦਾ। ਇਹ ਮਹਿਜ਼ ਰਸਮਾਂ ਹਨ।

ਪਹਿਲੇ ਕਬਿੱਤ ਵਿਚ ਧਾਰਮਿਕ ਭੇਖ ਦੇ ਤੌਰ 'ਤੇ ਜਿਹੜੇ ਇਹ ਸਮਝਦੇ ਹਨ ਕਿ ਗੰਦਗੀ ਖਾਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਜਾਂ ਪਿੰਡੇ ਤੇ ਸੁਆਹ ਅਤੇ ਮਿੱਟੀ ਮਲ ਕੇ ਰੱਬ ਨੂੰ ਪਾ ਸਕੀਦਾ ਹੈ, ਉਤੇ ਵਿਅੰਗ ਕਰਦਿਆਂ ਕਿਹਾ ਗਿਆ ਹੈ ਕਿ ਜੇ ਗੰਦਗੀ ਖਾਣ ਨਾਲ ਰੱਬ ਮਿਲ ਜਾਂਦਾ ਹੋਵੇ ਫਿਰ ਸੂਰ ਤਾਂ ਸਾਰਾ ਦਿਨ ਗੰਦਗੀ ਚਰਦੇ ਹਨ ਭਾਵ ਉਨ੍ਹਾਂ ਨੂੰ ਤਾਂ ਸਹਿਜੇ ਹੀ ਰੱਬ ਮਿਲ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਜੇ ਪਿੰਡੇ 'ਤੇ ਮਿੱਟੀ ਜਾਂ ਰਾਖ ਮਲਣ ਨਾਲ ਰੱਬ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਹਾਥੀ, ਗਧਾ-ਖੋਤਾ ਸਦਾ ਮਿੱਟੀ ਵਿਚ ਲਿਟਦੇ ਹਨ।

ਕਈ ਸਾਧੂ ਮੜ੍ਹੀਆਂ ਵਿਚ ਨਿਵਾਸ ਕਰਨ ਨੂੰ ਰੱਬ ਦੀ ਪ੍ਰਾਪਤੀ ਦਾ ਰਾਹ ਮੰਨਦੇ ਹਨ; ਉਨ੍ਹਾਂ 'ਤੇ ਵਿਅੰਗ ਕਸਿਆ ਹੈ ਕਿ ਗਿਰਝ ਅਤੇ ਬਿੱਜੂ (ਜੋ ਦੱਬੇ ਹੋਏ ਮੁਰਦਾ ਬੱਚੇ ਖਾ ਜਾਂਦਾ ਹੈ) ਸਦਾ ਮੜ੍ਹੀਆਂ ਵਿਚ ਹੀ ਰਹਿੰਦੇ ਹਨ। ਜੇ ਕੁਟੀਆ, ਮੱਠ ਜਾਂ ਹੁਜਰੇ ਵਿਚ ਇਕਾਂਤ-ਵਾਸ ਕਰਨ ਨਾਲ, ਤੁਰੇ ਰਹਿਣ ਨਾਲ ਜਾਂ ਮੋਨ ਧਾਰਨ ਕਰਨ ਨਾਲ ਪਰਮਾਤਮਾ ਪ੍ਰਾਪਤ ਹੁੰਦਾ ਹੋਵੇ ਫਿਰ ਉਲੂ ਹਮੇਸ਼ਾ ਉਜਾੜ-ਬੀਆਬਾਨਾਂ ਵਿਚ ਹੀ ਨਿਵਾਸ ਕਰਦੇ ਹਨ ਅਤੇ ਹਿਰਨ ਸਦਾ ਹੀ ਨਿੰਮੋ-ਝੂਣੇ ਹੋਏ ਤੁਰੇ ਫਿਰਦੇ ਰਹਿੰਦੇ ਹਨ ਅਤੇ ਬ੍ਰਿਛ-ਬੂਟੇ ਸਦਾ ਮੋਨ ਧਾਰੀ ਰੱਖਦੇ ਹਨ, ਉਨ੍ਹਾਂ ਨੂੰ ਰੱਬ ਦੀ ਪ੍ਰਾਪਤੀ ਹੋ ਜਾਣੀ ਚਾਹੀਦੀ ਹੈ। ਜੇ ਸੰਜਮ ਰੱਖਣ ਨਾਲ ਭਾਵ ਬ੍ਰਹਮਚਾਰੀ ਹੋਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੋਵੇ ਫਿਰ ਖੁਸਰੇ ਤਾਂ ਸਹਿਜ ਹੀ ਉਸ ਨੂੰ ਪਾ ਲੈਣ। ਜੇ ਨੰਗੇ ਪੈਰੀਂ ਘੁੰਮਣ ਨਾਲ ਉਸ ਦਾ ਗਿਆਨ ਪ੍ਰਾਪਤ ਹੋ ਸਕਦਾ ਹੋਵੇ ਫਿਰ ਬਾਂਦਰ ਅਤੇ ਲੰਗੂਰ ਆਦਿ ਸਦਾ ਹੀ ਨੰਗੇ ਪੈਰੀਂ ਘੁੰਮਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ, ਕਾਮਨਾਵਾਂ ਵਿਚ ਗ੍ਰਸੇ ਹੋਏ, ਗੁੱਸੇ ਅਤੇ ਕ੍ਰੋਧ ਦੇ ਮਾਰੇ ਹੋਏ, ਉਸ ਇੱਕ ਪਰਮਾਤਮਾ ਦੇ ਗਿਆਨ ਤੋਂ ਬਿਨਾਂ, ਕਮਜ਼ੋਰ ਮਨੁੱਖ ਸੰਸਾਰ ਰੂਪੀ ਭਵ-ਸਾਗਰ ਨੂੰ ਕਿਵੇਂ ਪਾਰ ਕਰ ਸਕਦੇ ਹਨ:

ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ॥
ਏਕ ਗਿਆਨ ਕੇ ਬਿਹੀਨ
ਛੀਨ ਕੈਸੇ ਕੈ ਤਰਤ ਹੈਂ॥71॥

ਗੁਰੂ ਨਾਨਕ ਵੀ 'ਆਸਾ ਦੀ ਵਾਰ' ਵਿਚ ਅਜਿਹੇ ਧਾਰਮਿਕ ਕਰਮਕਾਂਡ ਦਾ ਖੰਡਨ ਕਰਦਿਆਂ ਕਹਿੰਦੇ ਹਨ ਕਿ ਇਹ ਰਸਮਾਂ ਮਨੁੱਖ ਨੂੰ ਪਰਮਾਤਮਾ ਤੱਕ ਨਹੀਂ ਪਹੁੰਚਾਉਂਦੀਆਂ ਸਗੋਂ ਮਨੁੱਖ ਧਾਰਮਿਕ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ ਜਿਵੇਂ ਜੇ ਕੋਈ ਮਨੁੱਖ ਕਿਸੇ ਵਿਦਿਆ ਵਿਚ ਬਹੁਤ ਮਾਹਿਰ ਹੋ ਜਾਂਦਾ ਹੈ ਤਾਂ ਉਸ ਨੂੰ ਉਸ ਦਾ ਹੰਕਾਰ ਹੋ ਜਾਂਦਾ ਹੈ। ਬਹੁਤੇ ਤੀਰਥਾਂ ਦੀ ਯਾਤਰਾ ਕਰਨ ਵਾਲਾ ਵੀ ਯਾਤਰਾ ਦਾ ਹਾਲ ਥਾਂ ਥਾਂ ਦੱਸਦਾ ਫਿਰਦਾ ਹੈ। ਕਈ ਲੋਕ ਧਾਰਮਿਕ ਭੇਖ ਧਾਰ ਕੇ ਆਪਣੇ ਸਰੀਰ ਨੂੰ ਕਈ ਕਿਸਮ ਦੇ ਕਸ਼ਟ ਦਿੰਦੇ ਹਨ ਅਤੇ ਆਪਣੇ ਕੀਤੇ ਦਾ ਦੁੱਖ ਪਾਉਂਦੇ ਹਨ। ਕਈ ਅੰਨ ਛੱਡ ਕੇ ਭੁੱਖੇ ਰਹਿੰਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਤਲਖ ਬਣਾ ਲੈਂਦੇ ਹਨ। ਕਈ ਕਪੜੇ ਨਹੀਂ ਪਾਉਂਦੇ ਅਤੇ ਕਈ ਹੋਰਾਂ ਨੇ ਇਕਾਂਤ ਵਿਚ ਬੈਠ ਕੇ ਮੋਨ ਧਾਰਿਆ ਹੋਇਆ ਹੈ। ਇਹ ਸਾਰੇ ਮੂਰਖ ਹਨ ਕਿਉਂਕਿ ਮਾਇਆ ਵਿਚ ਸੁੱਤਾ ਮਨੁੱਖ ਗੁਰੂ ਤੋਂ ਬਿਨਾਂ ਕਿਵੇਂ ਜਾਗ ਸਕਦਾ ਹੈ? ਕਈ ਹੋਰ ਹਨ ਜੋ ਪੈਰਾਂ ਤੋਂ ਨੰਗੇ ਫਿਰਦੇ ਹਨ, ਜੂਠਾ-ਮਿੱਠਾ ਖਾਂਦੇ ਹਨ ਅਤੇ ਸਿਰ ਵਿਚ ਸੁਆਹ ਪਾਈ ਰੱਖਦੇ ਹਨ। ਇਹ ਸਾਰੇ ਅਗਿਆਨੀ ਅਤੇ ਮੂਰਖ ਹਨ ਜੋ ਇਸ ਤਰ੍ਹਾਂ ਆਪਣੀ ਇੱਜ਼ਤ ਗੁਆ ਬੈਠੇ ਹਨ। ਅਕਲ ਦਾ ਅੰਨ੍ਹਾ ਮਨੁੱਖ ਮੜ੍ਹੀਆਂ-ਮਸਾਣਾਂ ਵਿਚ ਜਾ ਬੈਠਦਾ ਹੈ ਅਤੇ ਸਮਾਂ ਲੰਘ ਜਾਣ 'ਤੇ ਪਛਤਾਉਂਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਰਸਤਾ ਉਸ ਵੱਲ ਨਹੀਂ ਜਾਂਦਾ। ਇਹ ਰਸਤਾ ਗੁਰੂ ਤੋਂ ਸਮਝ ਆਉਂਦਾ ਹੈ ਅਤੇ ਗੁਰੂ ਉਸ ਨੂੰ ਮਿਲਦਾ ਹੈ ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੋਵੇ। ਗੁਰਮਤਿ ਅਨੁਸਾਰ ਮਿਹਰ ਦਾ ਪਾਤਰ ਬਣਨ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ:

ਲਿਖਿ ਲਿਖਿ ਪੜਿਆ ਤੇਤਾ ਕੜਿਆ॥
ਬਹੁ ਤੀਰਥ ਭਵਿਆ ਤੇਤੋ ਲਵਿਆ॥
(ਪੰਨਾ 467)

ਜੇ ਜੰਗਲਾਂ ਵਿਚ ਭੌਂਦੇ ਰਹਿਣ ਨਾਲ, ਸਿਰਫ ਦੁੱਧ ਪੀਣ ਨਾਲ ਅਤੇ ਹਵਾ ਆਸਰੇ ਰਹਿਣ ਨਾਲ ਰੱਬ ਮਿਲਦਾ ਹੋਵੇ ਤਾਂ ਫਿਰ ਸਾਰੇ ਭੂਤ-ਪ੍ਰੇਤ ਆਦਿ ਜੰਗਲ-ਉਜਾੜਾਂ ਵਿਚ ਦਿਨ-ਰਾਤ ਭੌਂਦੇ ਹਨ, ਬੱਚੇ ਅਤੇ ਵੱਛੇ-ਸਭ ਦੁੱਧ ਪੀਂਦੇ ਹਨ, ਸੱਪ ਅਤੇ ਨਾਗ ਆਦਿ ਸਭ ਪੌਣ-ਆਹਾਰੀ ਹਨ, ਜੇ ਘਾਹ ਚਰਨ ਨਾਲ ਅਤੇ ਧਨ ਆਦਿ ਦਾ ਤਿਆਗ ਕਰਨ ਨਾਲ ਪਰਮਾਤਮਾ ਦਾ ਅਨੁਭਵ ਕੀਤਾ ਜਾ ਸਕਦਾ ਹੈ ਫਿਰ ਤਾਂ ਗਊ ਦੇ ਜਾਏ ਸਾਨ੍ਹ, ਵੱਛੇ ਅਤੇ ਬਲਦ ਸਭ ਘਾਹ ਹੀ ਖਾਂਦੇ ਹਨ ਅਤੇ ਧਨ ਦਾ ਤਿਆਗ ਕਰਦੇ ਹਨ, ਉਨ੍ਹਾਂ ਨੂੰ ਰੱਬ ਤਾਂ ਫਿਰ ਸਭ ਤੋਂ ਪਹਿਲਾਂ ਮਿਲਣਾ ਚਾਹੀਦਾ ਹੈ। ਗੁਰੂ ਸਾਹਿਬ ਕਹਿੰਦੇ ਹਨ, ਜੇ ਅਕਾਸ਼ ਵਿਚ ਉਡਣ ਨਾਲ, ਸਮਾਧੀ-ਸਥਿਤ ਹੋਣ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤਾਂ ਤੇ ਪੰਛੀ ਵੀ ਅਕਾਸ਼ ਵਿਚ ਉਡਦੇ ਹਨ, ਬਗੁਲਾ, ਬਿੱਲਾ ਅਤੇ ਬਘਿਆੜ ਵੀ ਧਿਆਨ ਲਾ ਕੇ ਬੈਠਦੇ ਹਨ (ਇਹ ਤਿੰਨੇ ਆਪਣੇ ਸ਼ਿਕਾਰ 'ਤੇ ਪੂਰਾ ਧਿਆਨ ਲਾ ਕੇ ਰੱਖਦੇ ਹਨ ਅਤੇ ਉਸ ਨੂੰ ਦਬੋਚ ਲੈਂਦੇ ਹਨ। ਖਾਸ ਕਰਕੇ ਬਗਲੇ ਦੀ ਸਮਾਧੀ ਦੀ ਉਦਾਹਰਣ ਪਖੰਡ ਵਾਸਤੇ ਆਮ ਹੀ ਦਿੱਤੀ ਜਾਂਦੀ ਹੈ), ਇਸ ਹਿਸਾਬ ਤਾਂ ਇਹ ਸਭ ਪਰਮਾਤਮਾ ਨਾਲ ਮੇਲ ਦੇ ਅਧਿਕਾਰੀ ਹਨ।

ਦਸਮ ਪਾਤਸ਼ਾਹ ਆਖਦੇ ਹਨ, ਜਿੰਨੇ ਵੀ ਲੋਕ ਬ੍ਰਹਮ ਦਾ ਗਿਆਨ ਰੱਖਦੇ ਹਨ, ਉਨ੍ਹਾਂ ਸਭ ਨੂੰ ਅਜਿਹੇ ਧਿਆਨੀਆਂ ਦਾ ਗਿਆਨ ਹੈ ਪਰ ਉਨ੍ਹਾਂ ਭੁੱਲ ਕੇ ਵੀ ਅਜਿਹੇ ਪਖੰਡਾਂ ਨੂੰ ਮਨ ਵਿਚ ਨਹੀਂ ਆਉਣ ਦਿੱਤਾ ਅਤੇ ਨਾ ਹੀ ਇਨ੍ਹਾਂ ਦਾ ਬਿਆਨ ਕੀਤਾ ਹੈ। ਧਰਤੀ ਵਿਚ ਰਹਿਣ ਵਾਲਿਆਂ ਨੂੰ ਸਿਉਂਕ ਕਿਹਾ ਜਾਂਦਾ ਹੈ ਅਤੇ ਅਕਾਸ਼ ਵਿਚ ਉਡਣ ਵਾਲੇ ਪੰਛੀ ਅਖਵਾਉਂਦੇ ਹਨ। ਫਲ ਖਾਣ ਵਾਲੇ ਬਾਂਦਰੀ ਦੇ ਬੱਚੇ ਕਹੇ ਜਾਂਦੇ ਹਨ ਅਤੇ ਅਣਡਿੱਠ, ਲੁਕ-ਛਿਪ ਕੇ ਰਹਿਣ ਵਾਲਿਆਂ ਨੂੰ ਭੂਤ ਕਹਿੰਦੇ ਹਨ। ਜਲ ਉਤੇ ਤਾਣਾ ਤਣਨ ਵਾਂਗ ਘੁੰਮਣ ਵਾਲਿਆਂ ਨੂੰ ਦੁਨੀਆਂ ਜਲ-ਜੁਲਾਹਾ ਭਾਵ ਗੰਗੇਰੀ ਕਹਿੰਦੀ ਹੈ ਅਤੇ ਅੱਗ ਖਾਣ ਵਾਲਿਆਂ ਨੂੰ ਚਕੋਰ ਕਹਿੰਦੇ ਹਨ। ਸੂਰਜ ਦੀ ਪੂਜਾ ਕਰਨ ਵਾਲੇ ਲਈ ਕੰਵਲ-ਫੁੱਲ ਦਾ ਪ੍ਰਤੀਕ ਵਰਤਿਆ ਜਾਂਦਾ ਹੈ (ਕੰਵਲ ਦਾ ਫੁੱਲ ਸੂਰਜ ਚੜ੍ਹਨ 'ਤੇ ਖਿੜਦਾ ਹੈ) ਅਤੇ ਚੰਦਰਮਾ ਦੀ ਪੂਜਾ ਕਰਨ ਵਾਲੇ ਦੀ ਉਪਮਾ ਕੰਮੀ ਫੁੱਲ (ਭੰਬੂਲ) ਨਾਲ ਕੀਤੀ ਜਾਂਦੀ ਹੈ (ਭੰਬੂਲ ਚੰਦਰਮਾ ਦੇ ਚੜ੍ਹਨ 'ਤੇ ਖਿੜਦਾ ਹੈ)। ਜੇ ਪਰਮਾਤਮਾ ਦਾ ਨਾਮ ਨਾਰਾਇਣ (ਜਲ ਦੇ ਘਰ ਵਿਚ ਰਹਿਣ ਵਾਲਾ) ਹੈ ਤਾਂ ਫਿਰ ਕੱਛੂ (ਕੱਛ ਅਵਤਾਰ), ਮੱਛ ਅਤੇ ਤੇਂਦੂਏ (ਪਾਣੀ ਵਿਚ ਰਹਿਣ ਵਾਲਾ ਇੱਕ ਜੀਵ ਜੋ ਹਾਥੀ ਵਰਗੇ ਵੱਡੇ ਜਾਨਵਰਾਂ ਨੂੰ ਵੀ ਡੂੰਘੇ ਪਾਣੀਆਂ ਵਿਚ ਖਿੱਚ ਲੈਂਦਾ ਹੈ) ਆਦਿ ਨੂੰ ਨਾਰਾਇਣ ਕਹਿਣਾ ਚਾਹੀਦਾ ਹੈ। ਜੇ ਪਰਮਾਤਮਾ ਦਾ ਨਾਮ ਕੌਲ ਨਾਭ ਹੈ ਤਾਂ ਉਸ ਤਲਾ ਜਾਂ ਛੱਪੜ ਦਾ ਨਾਮ ਵੀ ਕੌਲ ਨਾਭ ਹੋਣਾ ਚਾਹੀਦਾ ਹੈ ਜਿੱਥੇ ਕੰਵਲ ਦੇ ਫੁੱਲ ਖਿੜਦੇ ਹਨ।

ਉਹ ਹੋਰ ਕਹਿੰਦੇ ਹਨ, ਜੇ ਪਰਮਾਤਮਾ ਦਾ

## ਗੁਰਮਤਿ ਚਿੰਤਨ

ਨਾਮ ਗੋਪੀਨਾਥ ਹੈ (ਗੋਪੀ ਦਾ ਮਾਲਕ) ਤਾਂ ਗੋਪੀ ਦਾ ਮਾਲਕ ਗਵਾਲਾ ਹੋਇਆ। ਜੇ ਉਸ ਦਾ ਨਾਮ ਗੋਪਾਲ (ਗਊਆਂ ਪਾਲਣ ਵਾਲਾ) ਹੈ ਫਿਰ ਤਾਂ ਸਾਰੇ ਗੁਆਲੇ ਧੇਨਚਾਰੀ ਭਾਵ ਗਊਆਂ ਚਰਾਉਣ-ਪਾਲਣ ਵਾਲੇ ਹਨ। ਜੇ ਉਸ ਦਾ ਨਾਮ ਰਿਖੀਕੇਸ਼ ਹੈ ਤਾਂ ਇਸ ਨਾਮ ਦੇ ਬਹੁਤ ਸਾਰੇ ਆਗੂ (ਮਹੰਤ) ਹਨ। ਜੇ ਉਸ ਦਾ ਨਾਮ ਮਾਧਵ (ਸਾਂਵਲੇ ਰੰਗ ਦਾ ਵਿਸ਼ਨੂੰ, ਕ੍ਰਿਸ਼ਨ) ਹੈ ਤਾਂ ਕਾਲੇ ਭੂੰਡ ਨੂੰ ਵੀ ਮਾਧਵ ਕਹਿਣਾ ਚਾਹੀਦਾ ਹੈ। ਜੇ ਉਸ ਦਾ ਨਾਮ ਕਨ੍ਹਈਆ ਹੈ ਤਾਂ ਮੱਕੜੀ ਵੀ ਕਨ੍ਹਈਆ ਹੈ। ਜੇ ਉਸ ਨੂੰ ਕੰਸ ਦਾ ਬਧ ਕਰਨ ਵਾਲਾ ਕਹਿੰਦੇ ਹਨ ਤਾਂ ਜਮਦੂਤ ਨੂੰ ਵੀ ਕੰਸ ਦਾ ਬਧ ਕਰਨ ਵਾਲਾ ਕਹਿਣਾ ਚਾਹੀਦਾ ਹੈ। ਮੂਰਖ ਲੋਕ ਉਸ ਦੇ ਪ੍ਰਚਲਿਤ ਨਾਮ ਲੈਂਦੇ ਹਨ ਪਰ ਉਸ ਦੀ ਅਸਲੀਅਤ ਨੂੰ ਨਹੀਂ ਸਮਝਦੇ। ਉਸ ਦੀ ਪੂਜਾ ਨਹੀਂ ਕਰਦੇ ਭਾਵ ਉਸ ਦਾ ਨਾਮ ਸਿਮਰਨ ਨਹੀਂ ਕਰਦੇ ਜੋ ਸਭ ਦਾ ਪ੍ਰਿਤਪਾਲਕ ਹੈ, ਜਿਸ ਦੇ ਰੱਖੇ ਹੋਏ ਇਸ ਸੰਸਾਰ ਤੇ ਰਹਿ ਰਹੇ ਹਨ:

ਮੂੜ੍ਹ ਰੂੜ੍ਹਿ ਪੀਟਤ
ਨ ਗੂੜ੍ਹਤਾ ਕੋ ਭੇਦ ਪਾਵੈਂ॥
ਪੂਜਤ ਨ ਤਾਹਿ
ਜਾ ਕੇ ਰਾਖੇ ਰਹੀਅਤੁ ਹੈਂ॥74॥

ਗੁਰੂ ਸਾਹਿਬ ਦਾ ਕਥਨ ਹੈ, ਉਹ ਯਾਨਿ ਪਰਮਾਤਮਾ ਸੰਸਾਰ ਦਾ ਪਾਲਣ ਕਰਤਾ ਅਤੇ ਹਰਤਾ, ਗਰੀਬਾਂ 'ਤੇ ਦਇਆ ਕਰਨ ਵਾਲਾ ਅਤੇ ਵੈਰੀਆਂ ਨੂੰ ਸਲੂਣ ਵਾਲਾ ਹੈ। ਉਹ ਜੋ ਹਮੇਸ਼ਾਂ ਦੂਸਰਿਆਂ ਨੂੰ ਪਾਲਣ ਵਾਲਾ ਹੈ ਜਮਾਂ ਦੀ ਫਾਹੀ ਤੋਂ ਸੁਤੰਤਰ ਹੈ। ਜਟਾਧਾਰੀ ਜੋਗੀ, ਜਤੀ, ਸਤੀ ਅਤੇ ਬ੍ਰਹਮਚਾਰੀ ਉਸ ਦੀ ਇੱਕ ਝਲਕ ਖਾਤਰ ਸਰੀਰ ਤੇ ਭੁੱਖ ਅਤੇ ਪਿਆਸ ਸਹਿੰਦੇ ਹਨ। ਉਸ ਨੂੰ ਅਨੁਭਵ ਕਰਨ ਲਈ ਨਿਉਲੀ ਕਰਮ, ਜਲ-ਕਿਰਿਆ, ਹੋਮ-ਯੱਗ, ਅਗਨੀ ਵਿਚ ਹਵਨ ਕਰਦੇ ਹਨ। ਮੂੰਧੇ ਮੂੰਹ, ਪੁੱਠੇ ਲਟਕ ਕੇ, ਇੱਕ ਪੈਰ 'ਤੇ ਖੜ੍ਹੇ ਹੋ ਕੇ ਤਪੱਸਿਆ ਕਰਦੇ ਹਨ। ਮਨੁੱਖ, ਦੇਵਤੇ, ਸ਼ੇਸ਼ਨਾਗ, ਦਾਨਵ ਆਦਿ ਕੋਈ ਵੀ ਉਸ ਦਾ ਭੇਦ ਨਹੀਂ ਪਾ ਸਕੇ। ਵੇਦ ਅਤੇ ਸਾਮੀ ਧਾਰਮਿਕ ਗ੍ਰੰਥ 'ਇਹ ਵੀ ਨਹੀਂ, ਇਹ ਵੀ ਨਹੀਂ' ਕਹਿ ਕੇ ਹੀ ਉਸ ਦਾ ਬਿਆਨ ਕਰਦੇ ਹਨ। ਜੇ ਪਰਮਾਤਮਾ ਨੂੰ ਸ਼ਰਧਾ ਨਾਲ ਨੱਚ ਕੇ ਪਾ ਸਕੀਦਾ ਹੋਵੇ ਫਿਰ ਤਾਂ ਮੋਰ ਬੱਦਲ ਦੀ ਗਰਜ ਨਾਲ ਨੱਚਣ ਲੱਗ ਪੈਂਦਾ ਹੈ। ਜੇ ਪਰਮਾਤਮਾ ਨੂੰ ਸ਼ਰਧਾ ਰਾਹੀਂ ਦੋਸਤੀ ਨਾਲ ਪਾਇਆ ਜਾ ਸਕਦਾ ਹੋਵੇ ਫਿਰ ਤਾਂ ਅਸਮਾਨੀ ਬਿਜਲੀ ਆਪਣੇ ਲਿਸ਼ਕਾਰੇ ਨਾਲ ਭਾਂਤ ਭਾਂਤ ਨਾਲ ਇਸ਼ਾਰੇ ਕਰਦੀ ਹੈ। ਜੇ ਪਰਮਾਤਮਾ ਨੂੰ ਠੰਢੇ ਅਤੇ ਸ਼ਾਂਤ ਰਹਿ ਕੇ ਪਾ ਸਕੀਦਾ ਹੋਵੇ ਫਿਰ ਚੰਦਰਮਾ ਤੋਂ ਵੱਧ ਠੰਢਾ ਕੋਈ ਨਹੀਂ। ਜੇ ਪਰਮਾਤਮਾ ਨੂੰ ਤਪ-ਤੇਜ ਰਾਹੀਂ ਪਾਇਆ ਜਾ ਸਕਦਾ ਹੋਵੇ ਫਿਰ ਸੂਰਜ ਤੋਂ ਵੱਧ ਕਿਸੇ ਦਾ ਤਪ-ਤੇਜ ਨਹੀਂ ਹੈ। ਜੇ ਪਰਮਾਤਮਾ ਨੂੰ ਉਦਾਰਤਾ ਰਾਹੀਂ ਪਾ ਸਕੀਦਾ ਹੋਵੇ ਫਿਰ ਮੀਂਹ ਦੇ ਦੇਵਤੇ ਇੰਦਰ, ਜੋ ਦੇਵਤਿਆਂ ਦਾ ਰਾਜਾ ਹੈ, ਤੋਂ ਵੱਧ ਕੋਈ ਦਿਆਲੂ ਨਹੀਂ ਜਿਹੜਾ ਧਰਤੀ ਨੂੰ ਨਿਹਾਲ ਕਰਦਾ ਹੈ ਅਤੇ ਸੰਸਾਰ ਦੇ ਭੰਡਾਰ ਭਰਦਾ ਹੈ।

ਹੋਰ ਕਿਹਾ ਹੈ, ਜੇ ਕਠੋਰ ਸਾਧਨਾ ਨਾਲ ਪਰਮਾਤਮਾ ਦਾ ਅਨੁਭਵ ਹੋ ਸਕਦਾ ਹੋਵੇ ਫਿਰ ਸ਼ਿਵਜੀ ਤੋਂ ਵੱਡਾ ਕੋਈ ਸਾਧਕ ਨਹੀਂ। ਜੇ ਵੇਦਾਂ ਦੇ ਉਚਾਰਣ ਨਾਲ ਪਰਮਾਤਮਾ ਦਾ ਅਨੁਭਵ ਸੰਭਵ ਹੋਵੇ ਫਿਰ ਬ੍ਰਹਮਾ ਤੋਂ ਵੱਡਾ ਕੋਈ ਵੇਦ-ਆਚਾਰੀਆ ਨਹੀਂ। ਜੇ ਤਪੱਸਿਆ ਕਰਕੇ ਉਸ ਦੀ ਪ੍ਰਾਪਤੀ ਸੰਭਵ ਹੈ ਫਿਰ ਸਨਤ ਕੁਮਾਰ (ਬ੍ਰਹਮਾ ਦਾ ਪੁੱਤਰ) ਵਰਗਾ ਕੋਈ ਤਪੱਸਵੀ ਨਹੀਂ। ਗਿਆਨ-ਵਿਹੂਣੇ ਵਿਅਕਤੀ, ਮੌਤ ਦੀ ਫਾਹੀ ਵਿਚ ਫਸੇ ਹੋਏ ਚਾਰੇ ਯੁਗਾਂ ਵਿਚ ਆਵਾ-ਗਵਣ ਦੇ ਚੱਕਰ ਵਿਚ ਆਉਂਦੇ-ਜਾਂਦੇ ਰਹਿੰਦੇ ਹਨ। ਇੱਕ ਸ਼ਿਵਜੀ ਹੋਇਆ ਅਤੇ ਚਲਾ ਗਿਆ ਅਤੇ ਫਿਰ ਆਇਆ ਚਲਾ ਗਿਆ। ਰਾਮ ਚੰਦਰ ਅਤੇ ਕ੍ਰਿਸ਼ਨ ਦੇ ਵੀ ਅਨੇਕਾਂ ਅਵਤਾਰ ਹੋਏ ਅਤੇ ਚਲੇ ਗਏ। ਕਿੰਨੇ ਹੀ ਬ੍ਰਹਮਾ ਅਤੇ ਵਿਸ਼ਨੂੰ ਵਰਗੇ ਦੇਵਤੇ ਹੋਏ ਅਤੇ ਚਲੇ ਗਏ। ਅਨੇਕਾਂ ਹੀ ਧਾਰਮਿਕ ਪੁਸਤਕ ਜਿਵੇਂ ਵੇਦ ਅਤੇ ਪੁਰਾਣ ਰਚੇ ਗਏ। ਅਨੇਕਾਂ ਸਿਮਰਤੀਆਂ ਦੇ ਰਚਣ ਵਾਲੇ ਹੋਏ ਹਨ ਅਤੇ ਚਲੇ ਗਏ ਹਨ। ਅਨੇਕਾਂ ਹੀ ਧਰਮ ਦੀ ਰੱਖਿਆ ਕਰਨ ਵਾਲੇ, ਸਰਦਾਰ ਅਤੇ ਸੈਨਾਪਤੀ ਹੋਏ ਹਨ। ਕਿੰਨੇ ਹੀ ਅਸ਼ਵਨੀ ਕੁਮਾਰ (ਸੂਰਜ ਦੇ ਜੌੜੇ ਪੁੱਤਰ ਜੋ ਦੇਵਤਿਆਂ ਦੇ ਵੈਦ ਮੰਨੇ ਜਾਂਦੇ ਹਨ), ਅੰਸਾ ਅਵਤਾਰ (ਦੇਵਤਿਆਂ ਦੀ ਕੁੱਝ ਕੁ ਅੰਸ ਲੈ ਕੇ ਪਰਗਟੇ ਅਵਤਾਰ) ਹੋਏ ਅਤੇ ਮੌਤ ਦੇ ਮੂੰਹ ਵਿਚ ਚਲੇ ਗਏ। ਕਿੰਨੇ ਹੀ ਮਜ਼ਬੀ ਪੀਰ ਅਤੇ ਨਬੀ (ਪੈਗੰਬਰ, ਰੱਬ ਦਾ ਸੁਨੇਹਾ ਪਹੁੰਚਾਉਣ ਵਾਲੇ) ਹੋਏ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਧਰਤੀ 'ਤੇ ਪੈਦਾ ਹੋਏ ਫਿਰ ਧਰਤੀ ਵਿਚ ਹੀ ਸਮਾ ਗਏ:

ਪੀਰ ਔ ਪਿਕਾਂਬਰ ਕੇਤੇ
ਗਨੇ ਨ ਪਰਤ ਏਤੇ॥
ਭੂਮਿ ਹੀ ਤੇ ਹੁਇ ਕੈ
ਫੇਰਿ ਭੂਮਿ ਹੀ ਮਿਲਏ ਹੈਂ॥77॥

ਵੱਡੇ ਵੱਡੇ ਜੋਗੀ, ਜਤ-ਸਤ ਰੱਖਣ ਵਾਲੇ ਬ੍ਰਹਮਚਾਰੀ, ਛੱਤਰਧਾਰੀ ਰਾਜੇ ਜਿਹੜੇ ਕਈ ਕਈ ਮੀਲ ਛੱਤਰ ਹੇਠਾਂ ਚਲਦੇ ਸੀ, ਵੱਡੇ ਵੱਡੇ ਰਾਜੇ ਦੇਸ਼-ਦੇਸਾਂਤਰਾਂ ਨੂੰ ਜਿੱਤਣ ਵਾਲੇ, ਮਾਨਧਾਤਾ ਵਰਗੇ ਸੂਰਜਬੰਸੀ ਰਾਜੇ ਧਰਤੀ ਦੇ ਮਾਲਕ ਅਤੇ ਦਿਲੀਪ ਵਰਗੇ ਛਤਰਧਾਰੀ, ਦਾਰਾ ਵਰਗੇ, ਫੌਜਾਂ ਦੇ ਮਾਲਕ, ਸੈਨਾਪਤੀ, ਕੌਰਵ ਦੇ ਪੁੱਤਰ ਦੁਰਜੋਧਨ ਵਰਗੇ ਅਭਿਮਾਨੀ ਅਤੇ ਹੰਕਾਰੀ ਆਏ, ਜ਼ਮੀਨ ਦੇ ਸੁੱਖ ਭੋਗਦੇ ਹੋਏ ਅੰਤ ਨੂੰ ਜ਼ਮੀਨ ਵਿਚ ਹੀ ਮਿਲ ਗਏ:

ਦਾਰਾ ਸੇ ਦਲੀਸਰ
ਦੁਰਜੋਧਨ ਸੇ ਮਾਨਧਾਰੀ॥
ਭੋਗਿ ਭੋਗਿ ਭੂਮਿ
ਅੰਤਿ ਭੂਮਿ ਮੈ ਮਿਲਤ ਹੈਂ॥78॥

ਜੇ ਪਰਮਾਤਮਾ ਨੂੰ ਮਹਿਜ਼ ਸੀਸ ਝੁਕਾ ਕੇ ਖੁਸ਼ ਕੀਤਾ ਜਾ ਸਕਦਾ ਹੋਵੇ ਤਾਂ ਫਿਰ ਧੋਖੇ ਨਾਲ ਭਰਿਆ ਹੋਇਆ ਤੋਪਚੀ ਤੋਪ ਨੂੰ ਬੀੜਨ ਲਈ ਕਈ ਵਾਰ ਆਪਣਾ ਸਿਰ ਉਚਾ-ਨੀਵਾਂ ਕਰਦਾ ਹੈ ਅਤੇ ਪੋਸਤੀ (ਅਮਲੀ) ਵੀ ਅਮਲ ਖਾ ਕੇ ਇਸੇ ਤਰ੍ਹਾਂ ਕਰਦਾ ਹੈ। ਮੱਲ ਆਪਣੇ ਅਭਿਆਸ ਲਈ ਡੰਡ ਕੱਢਦੇ ਹਨ ਪਰ ਇਹ ਕੋਈ ਆਪਣੇ ਅੰਦਰਲੇ ਮਨ ਨੂੰ ਇਕਸੁਰ ਕਰਕੇ ਪ੍ਰਣਾਮ ਕਰਨਾ ਨਹੀਂ ਹੈ। ਜੇ ਕੋਈ ਰੋਗੀ ਸਿਰ ਦੇ ਭਾਰ ਉਪਰ ਵੱਲ ਮੂੰਹ ਕਰਕੇ ਲੇਟਿਆ ਹੋਇਆ ਹੈ, ਇਸ ਦਾ ਮਤਲਬ ਇਹ ਨਹੀਂ ਕਿ ਉਸ ਨੇ ਵਾਹਿਗੁਰੂ ਅੱਗੇ ਇਕਾਗਰ-ਚਿੱਤ ਹੋ ਕੇ ਆਪਣਾ ਸਿਰ ਝੁਕਾਇਆ ਹੋਇਆ ਹੈ। ਸਵਾਲ ਕੀਤਾ ਹੈ, ਕਾਮਨਾਵਾਂ ਦੇ ਵੱਸ ਪਏ ਹੋਏ, ਠੱਗੀ ਮਾਰਨ ਵਿਚ ਮਾਹਿਰ, ਸ਼ਰਧਾ ਅਤੇ ਪ੍ਰੇਮ ਤੋਂ ਵਿਹੂਣੇ ਮਨੁਖ ਜਗਤ ਦੇ ਸੁਆਮੀ ਵਾਹਿਗੁਰੂ ਨੂੰ ਕਿਵੇਂ ਪਾ ਲੈਣਗੇ? ਜੇ ਵਾਰ ਵਾਰ ਸਿਰ ਪਟਕਣ ਨਾਲ ਪਰਮਾਤਮਾ ਮਿਲਦਾ ਹੋਵੇ ਤਾਂ ਫਿਰ ਜਿਸ ਦੇ ਕੰਨ ਵਿਚ ਕੰਨ-ਖੰਜੂਰਾ ਵੜ ਜਾਂਦਾ ਹੈ ਉਹ ਵੀ ਵਾਰ ਵਾਰ ਸਿਰ ਪਟਕਦਾ ਹੈ, ਫਿਰ ਤਾਂ ਉਸ ਨੂੰ ਪਰਮਾਤਮਾ ਪ੍ਰਾਪਤ ਹੋ ਜਾਣਾ ਚਾਹੀਦਾ ਹੈ। ਜੇ ਸਿਰ ਪਿੱਟਣ ਨਾਲ ਰੱਬ ਮਿਲਦਾ ਹੋਵੇ ਤਾਂ ਜਿਸ ਦਾ ਮਿੱਤਰ ਜਾਂ ਪੁੱਤਰ ਮਰ ਜਾਂਦਾ ਹੈ, ਉਹ ਵੀ ਸਿਰ ਪਿੱਟਦਾ ਹੈ। ਜੇ ਜੰਗਲਾਂ ਵਿਚ ਘੁੰਮਣ ਨਾਲ ਉਸ ਦਾ ਅਨੁਭਵ ਹੋ ਸਕਦਾ ਹੋਵੇ ਫਿਰ ਤਾਂ ਬੱਕਰਾ ਸਾਰਾ ਦਿਨ ਅੱਕ-ਪਲਾਹ ਚਰਦਾ ਹੈ ਅਤੇ ਜੰਗਲ ਵਿਚ ਘੁੰਮਦਾ ਫਿਰਦਾ ਹੈ। ਜੇ ਸੁਸਤੀ ਉਤਾਰਨ ਲਈ ਬ੍ਰਿਛ ਨਾਲ ਸੀਸ ਘਸਾ ਕੇ ਰੱਬ ਮਿਲਦਾ ਹੋਵੇ ਫਿਰ ਤਾਂ ਭੇਡ ਸਾਰਾ ਸਮਾ ਦਰਖਤ ਨਾਲ ਸਿਰ ਘਸਾਉਂਦੀ ਰਹਿੰਦੀ ਹੈ। ਜੇ ਮਿੱਟੀ ਖਾ ਕੇ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੋਵੇ ਫਿਰ ਤਾਂ ਜੋਕ ਨੂੰ ਜਾ ਕੇ ਪੁੱਛੋ, ਉਸ ਨੂੰ ਪਰਮਾਤਮਾ ਮਿਲ ਗਿਆ ਹੈ ਭਲਾ? ਇੱਛਾਵਾਂ ਦੇ ਗੁਲਾਮ, ਕਾਮ ਅਤੇ ਕ੍ਰੋਧ ਦੇ ਮਾਹਿਰ ਉਸ ਇੱਕ ਪਰਮਾਤਮਾ ਪ੍ਰਤੀ ਸ਼ਰਧਾ-ਭਾਵਨਾ ਤੋਂ ਵਿਹੂਣੇ ਪਰਲੋਕ ਵਿਚ ਪਰਮਾਤਮਾ ਨੂੰ ਕਿਵੇਂ ਪਾਉਣਗੇ:

ਕਾਮਨਾ ਅਧੀਨ
ਕਾਮ ਕ੍ਰੋਧ ਮੈ ਪਰਬੀਨ॥
ਏਕ ਭਾਵਨਾ ਬਿਹੀਨ
ਕੈਸੇ ਭੇਟੈ ਪਰਲੋਕ ਸੋਂ॥80॥

(ਚਲਦਾ)

## ਸਿਆਣਿਆਂ ਦਾ ਕਿਹਾ

(1) ਬਲਕਾਰੀ ਸ਼ੇਰਾਂ ਦੇ ਪੁੱਤਰ ਵੱਡੀਆਂ ਪੂਛਾਂ ਵਾਲੇ ਗਿੱਦੜ ਬਣ ਖਲੋਤੇ। ਤਾਰੀਖ ਦਾ ਹੀ ਨਹੀਂ, ਸਾਨੂੰ ਮਿਹਣਾ ਸਾਰੇ ਜਹਾਨ ਦਾ ਹੈ। ਗਿੱਦੜੋਂ ਸ਼ੇਰ ਬਣਾਉਣ ਵਾਲੀ ਗੁਰੂ ਸ਼ਕਤੀ ਤੋਂ ਬੇਮੁੱਖ ਹੋ ਕੇ ਸਿੱਖ ਖੁਆਰ ਹੀ ਹੋਏ ਹਨ।

(2) ਆਪਣੇ ਸੱਚ ਅਤੇ ਸਿਦਕ ਦੇ ਪੈਂਤੜੇ ਨੂੰ ਮੱਲੇ ਬਿਨਾਂ ਸਿੱਖ ਆਪਣੀ ਹੋਂਦ ਦੀ ਸਲਾਮਤੀ ਨੂੰ ਬਰਕਰਾਰ ਨਹੀਂ ਰੱਖ ਸਕਦੇ।

(3) ਪੰਜਾਬ ਦੀ ਹੀਣੀ ਹਾਲਤ, ਲੁਹਾਰ ਦੀ ਭੱਠੀ ਦੇ ਲੋਹੇ ਵਾਂਗ ਲਾਲ ਸੂਹੀ ਹੋਈ ਪਈ ਹੈ।

(4) ਕਾਂਗਰਸੀਆਂ, ਭਾਜਪਾ ਅਤੇ ਅਕਾਲੀਆਂ ਨੇ ਆਪੋ ਆਪਣੇ ਢੰਗ ਤਰੀਕਿਆਂ ਨਾਲ ਸਿੱਖ ਧਰਮ-ਸਿੱਖ ਸਮਾਜ-ਸਿੱਖ ਸਭਿਆਚਾਰ ਨੂੰ ਲੁੱਟ ਲਿਆ ਹੈ।

(5) ਜਦੋਂ ਪੁੱਤ ਹੀ ਕਪੁੱਤ ਹੋ ਜਾਣ ਤਾਂ ਦੁੱਖ ਮਾਪਿਆਂ ਨੂੰ ਹੀ ਪੁੱਛਿਆ ਜਾ ਸਕਦਾ ਹੈ।

(6) ਪੰਜਾਬ 'ਚ ਰੋਸ਼ਨੀ ਦੇ ਮਿਨਾਰਾਂ ਵਿਚੋਂ ਪਤਾ ਨਹੀਂ ਤੇਲ ਮੁੱਕ ਗਿਆ ਹੈ ਜਾਂ ਬੱਤੀ ਸੜ ਗਈ ਹੈ।

(7) ਅੱਜ ਸਾਨੂੰ ਲੋੜ ਹੈ ਜੱਸਾ ਸਿੰਘ ਆਹਲੂਵਾਲੀਆ ਵਰਗੇ ਜੋਧੇ ਸਰਦਾਰਾਂ ਦੀ, ਅਕਾਲੀ ਫੂਲਾ ਸਿੰਘ ਵਰਗੇ ਸਿਦਕਵਾਨ ਜਥੇਦਾਰਾਂ ਦੀ ਅਤੇ ਭਾਈ ਕਾਨ੍ਹ ਸਿੰਘ ਵਰਗੇ ਵਿਦਵਾਨਾਂ ਦੀ।

(8) ਬੁੱਧੀ, ਬਿਮਾਰੀ ਦੀ ਜੜ੍ਹ ਫੜਦੀ ਹੈ।

(9) ਹਮ ਜਲੇਂਗੇ ਤੋ ਜ਼ਮਾਨੇ ਮੇਂ ਰੌਸ਼ਨੀ ਹੋਗੀ।

(10) ਸਿਆਣੀਆਂ ਰਾਜਨੀਤਕ ਸੰਸਥਾਵਾਂ ਸਮੇਂ ਦੀਆਂ ਔਕੜਾਂ ਦਾ ਨਾਅਰਾ ਦੇ ਕੇ ਲੋਕਾਂ ਦੀ ਅੰਨੀ ਸ਼ਕਤੀ ਨੂੰ ਲੋਕ ਦੁਸ਼ਮਣਾਂ ਨਾਲ ਟਕਰਾ ਕੇ ਹਾਰਾਂ ਨੂੰ ਜਿੱਤਾਂ ਵਿਚ ਬਦਲਦੀਆਂ ਹਨ।

(11) ਜਿਹੜਾ ਹਲਕ ਜਾਵੇ ਉਸ ਨੂੰ ਸਮਝਾਇਆ ਜਾਂ ਰੋਕਿਆ ਨਹੀਂ ਜਾ ਸਕਦਾ, ਸਿਰਫ ਗੋਲੀ ਹੀ ਮਾਰੀ ਜਾ ਸਕਦੀ ਹੈ।

(12) ਇੱਕ ਇੱਕ ਜੁੜੀ ਤੀਲ ਸਾਰਾ ਕੌਮੀ ਗੰਦ ਹੂੰਝ ਘੱਤਦੀ ਹੈ।

(13) ਜੇ ਕੁਦਰਤੀ ਹੱਕਾਂ ਦੀ ਉਲੰਘਣਾ ਕਰਕੇ ਘਟਗਿਣਤੀਆਂ ਉਤੇ ਜ਼ੁਲਮ ਕੀਤੇ ਜਾਂਦੇ ਹਨ, ਤਦ ਆਪਣੇ ਬਚਾਅ ਲਈ ਘਟਗਿਣਤੀਆਂ ਕੁੱਝ ਵੀ ਕਰਨ ਦਾ ਰਾਖਵਾਂ ਹੱਕ ਰੱਖਦੀਆਂ ਹਨ।

(14) ਕਾਂਗਰਸ, ਭਾਜਪਾ, ਆਰ ਐਸ ਐਸ, ਭੁੱਖੇ ਬਘਿਆੜ ਹਨ ਅਤੇ ਘੱਟਗਿਣਤੀਆਂ ਉਨ੍ਹਾਂ ਦਾ ਸ਼ਿਕਾਰ ਹਨ। ਜਿਹੜੀ ਘੱਟਗਿਣਤੀ ਬਘਿਆੜ ਦੇ ਭੁੱਖੇ ਦੰਦਾਂ ਨੂੰ ਮਿੱਤਰ ਹਾਸਾ ਸਮਝਦੀ ਹੈ, ਅੱਜ ਦੀ ਮਾਫੀ ਕੱਲ ਦੀ ਮੌਤ।

(15) ਮਾਸਾਹਾਰੀ ਸ਼ੇਰ, ਬਘੇਰੇ ਕਦੇ ਘਾਹ ਨਹੀਂ ਖਾਂਦੇ।

(16) ਭੁੱਖ ਯਮਰਾਜ ਦੀ ਭੈਣ ਹੈ।

(1967) ਬਘਿਆੜ ਲੇਲੇ ਨਾਲ ਯਾਰੀ ਰੱਖੇਗਾ ਤਾਂ ਖਾਵੇਗਾ ਕੀ?

(17) ਕਮਾਉਣ ਵਾਲੇ ਉਸਾਰਦੇ ਉਭਾਰਦੇ ਹਨ, ਵਿਹਲੜ ਬਰਬਾਦ ਕਰਦੇ ਹਨ।

(18) ਯਾਰੀ ਬਘਿਆੜਾਂ ਨਾਲ ਅਤੇ ਹੋਕਾ ਲੋਕ ਸੇਵਾ ਦਾ।

(19) ਤੂੰ ਮੇਰਾ ਦਰਦੀ, ਮੈਂ ਤੇਰਾ ਦਰਦੀ, ਲੰਡੇ ਨੂੰ ਮੀਣਾ ਸੌ ਕੋਹ ਦਾ ਵਿੰਗ ਪਾ ਕੇ ਮਿਲਦੇ ਹਨ। ਮੈਂ ਤੇਰੇ ਖਜ਼ਾਨੇ ਦੀ ਘੁੰਟ ਦਾ ਬੇਈਮਾਨ ਹਾਂ ਤੇ ਤੂੰ ਮੇਰੇ ਈਮਾਨ ਦਾ ਲੁਟੇਰਾ ਹੈਂ।

(20) ਆਪਣੀਆਂ ਅੱਖਾਂ ਸਾਹਮਣੇ, ਜੇ ਦੁਸ਼ਮਣ ਨੇ ਆਪਣੀ ਕੌਮੀਅਤ ਹੀ ਮਾਰ ਲਈ ਤਾਂ ਆਪਾਂ ਜ਼ਿੰਦਗੀ 'ਚ ਕੀ ਕਮਾਇਆ? ਜ਼ਰਾ ਸੋਚੋ?

(21) ਪਰਤਾਏ ਆਗੂਆਂ ਨੂੰ ਅੱਗੇ ਲਾਉਣਾ ਤਾਰੀਖੀ ਭੁੱਲ ਹੋਵੇਗੀ।

(22) ਦਿਲ ਦੇ ਖੋਟੇ ਤੇ ਕੌਮ ਦੇ ਗੱਦਾਰ ਨਾ ਜੰਮਣ ਚੰਗਾ ਹੈ, ਇਨ੍ਹਾਂ ਦੀ ਮਾਂ ਹੀ ਮਰ ਜਾਵੇ ਤਾਂ ਜੋ ਭਰਾ ਨੂੰ ਮਾਰਨ ਵਾਲਾ ਭਰਾ ਗੱਦਾਰ ਨਾ ਬਣੇ।

(23) ਜਿਸ ਕੌਮ ਨੂੰ ਕੁੱਟ ਖਾ ਕੇ ਵੀ ਅਕਲ ਨਾ ਆਵੇ, ਉਹਦਾ ਕੀ ਇਲਾਜ ਕਰੀਏ?

(24) ਜੇ ਕੁੱਝ ਕਰਨ ਦੀ ਰੀਝ ਹੈ, ਹਿੰਮਤ ਹੈ ਤਾਂ ਕੰਗਾਲੀ ਦੀ ਦਲਦਲ ਵਿਚ ਗਰਕਦੀ ਕੌਮੀਅਤ ਨੂੰ ਅਣਖੀਲਾ ਹੰਭਲਾ ਮਾਰ ਕੇ ਸੁਰਖਰੂ ਕਰੋ।

(25) ਹੱਥੀਂ ਵਣਜ ਸੁਨੇਹੀ ਖੇਤੀ, ਕਦੇ ਨਾ ਹੁੰਦੇ ਬੱਤੀਆਂ ਦੇ ਤੇਤੀ।

(26) ਤਾਕਤ ਵਿਚ ਆਏ ਭਰਾ ਵੀ ਛੋਟੇ ਨੂੰ ਦੁਸ਼ਮਣ ਸਮਝਣ ਲੱਗ ਪੈਂਦੇ ਹਨ।

(27) ਜ਼ੋਰ ਨੂੰ ਵੀ ਅਕਲ ਨਾਲ ਵਰਤਣਾ ਪੈਂਦਾ ਹੈ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

ISBN # 978-0-9781624-9-8

# ਸਾਡੀ ਵੀ ਆਪਣੀ ਪਾਰਲੀਮੈਂਟ ਹੈਗੀ!!

ਭਖਦੇ ਮਸਲੇ

**ਮਣੈਲ ਸਿੰਘ ਸਰਾਂ**

ਕਹਿਣ ਨੂੰ ਤਾਂ ਅਸੀਂ ਬੜਾ ਹੁੱਬ-ਹੁੱਬ ਕੇ ਕਹਿੰਨੇ ਆਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਮਿਨੀ ਪਾਰਲੀਮੈਂਟ ਹੈਗੀ। ਚਿੱਤ ਰਾਜ਼ੀ ਰੱਖਣ ਲਈ ਇਹ ਭਰਮ ਮਾੜਾ ਨਹੀਂ ਕਿ ਦੁਨੀਆਂ 'ਚ ਕੋਈ ਸੋਚੂਗਾ ਹੀ ਕਿ ਜੇ ਪਾਰਲੀਮੈਂਟ ਆਪਣੀ ਹੈ ਤਾਂ ਜ਼ਰੂਰ ਆਪਣਾ ਆਜ਼ਾਦ ਮੁਲਕ ਵੀ ਹੋਣਾ; ਕਿਉਂਕਿ ਉਦਾਂ ਤਾਂ ਪਾਰਲੀਮੈਂਟ ਬਣਦੀ ਨਹੀਂ ਪਰ ਇਹ ਤਾਂ ਆਪਾਂ ਹੀ ਜਾਣਦੇ ਆਂ ਕਿ ਜੇ ਕਿਤੇ ਇਕ ਇੰਚ ਜ਼ਮੀਨ 'ਤੇ ਵੀ ਆਪਣਾ ਰਾਜ ਹੁੰਦਾ ਤਾਂ ਕਾਹਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਢਹਿੰਦਾ। ਇਹ ਪਾਰਲੀਮੈਂਟ ਵਾਲਾ ਲਫ਼ਜ਼ ਸਾਡੇ ਸਿੱਖ ਲੀਡਰਾਂ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਐਸਾ ਘੁਸੇੜ ਲਿਆ ਕਿ ਸਾਰੀਆਂ ਖੇਡਾਂ ਜੋ ਸਿਆਸੀ ਬੰਦੇ ਸਿਆਸਤ ਵਿਚ ਖੇਲ੍ਹਦੇ ਆ, ਉਹਤੋਂ ਵੱਧ ਗੁਰਦੁਆਰਾ ਪ੍ਰਬੰਧ ਵਿਚ ਬੜੇ ਖੁੱਲ੍ਹ ਕੇ ਅਤੇ ਬੇ-ਹਯਾ ਹੋ ਕੇ ਸਿੱਖ ਬਾਣੇ ਵਿਚ ਕਰਦੇ ਆ। ਮੈਂ ਸਿਰਫ਼ ਇਕ ਵਾਰ 1996 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ, ਥੋੜ੍ਹਾ ਨੇੜਿਓਂ ਦੇਖੀਆਂ ਸੀ ਤਾਂ ਸਾਰੇ ਭਰਮ ਭੁਲੇਖੇ ਨਿਕਲ ਗਏ ਸੀ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਪ੍ਰਬੰਧ ਦੀ ਭਾਵਨਾ ਤਾਂ ਪੂਰੀ ਤਰ੍ਹਾਂ ਗਾਇਬ ਸੀ। ਬੱਸ, ਇਕੋ ਚੌਧਰਪੁਣਾ ਹੀ ਦਿਖਾਈ ਦਿੱਤਾ ਸੀ। ਹੱਦ ਹੋ ਗਈ ਸੀ ਜਦੋਂ ਸ਼ਰਾਬ ਦੀਆਂ ਪੇਟੀਆਂ ਅਤੇ ਡੋਡੇ ਪਿੰਡ ਦੀਆਂ ਪੰਚਾਇਤਾਂ ਨੂੰ ਵੋਟਾਂ ਹੱਕ 'ਚ ਭੁਗਤਾਉਣ ਲਈ ਉਮੀਦਵਾਰਾਂ ਨੇ ਭੇਜੀਆਂ। ਨਾਲ ਦੀ ਨਾਲ ਪੈਸੇ ਵੀ। ਲੱਗਦਾ ਈ ਨਹੀਂ ਸੀ ਕਿ ਇਹ ਗੁਰਦੁਆਰਾ ਚੋਣਾਂ ਹਨ, ਸਗੋਂ ਪੂਰੀ ਤਰ੍ਹਾਂ ਪਾਰਲੀਮੈਂਟ ਚੋਣਾਂ ਹੀ ਲੱਗਦੀਆਂ ਸਨ ਕਿਉਂਕਿ ਚੋਣ ਪ੍ਰਚਾਰ ਵਿਚ ਵੀ ਚਿੱਕੜ ਦੂਜੇ ਉਤੇ ਸੁੱਟਣ 'ਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਗਈ। ਆਮ ਸਿੱਖ ਮੱਥੇ 'ਤੇ ਹੱਥ ਮਾਰ ਕੇ ਸੋਚਦਾ ਸੀ ਕਿ ਇਨ੍ਹਾਂ ਬੰਦਿਆਂ ਨੇ ਹੀ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣਾ ਹੈ?

ਚੋਣਾਂ ਪੱਖੋਂ ਤਾਂ ਸ਼੍ਰੋਮਣੀ ਕਮੇਟੀ ਸੌ ਫੀਸਦੀ ਪਾਰਲੀਮੈਂਟ ਹੀ ਲੱਗਦੀ ਆ ਪਰ ਕੰਮ-ਕਾਰ ਪੱਖੋਂ ਦੇਖੀਏ ਤਾਂ ਪਾਰਲੀਮੈਂਟ ਦਾ ਤਾਂ ਇਹਦੇ 'ਤੇ ਪਰਛਾਵਾਂ ਵੀ ਨਹੀਂ ਪਿਆ ਹੋਇਆ। ਆਪਾਂ ਟੀ.ਵੀ. 'ਤੇ ਪਾਰਲੀਮੈਂਟ ਦੀ ਕਾਰਵਾਈ ਹੁੰਦੀ ਦੇਖੀਦੀ ਆ ਕਿ ਕਿੱਦਾਂ ਬਿਗਾਨੇ ਪੁੱਤ (ਵਿਰੋਧੀ ਪਾਰਟੀਆਂ ਜਿੱਦਾਂ ਦੀਆਂ ਵੀ ਹੈਗੀਆਂ) ਹੁਕਮਰਾਨਾਂ ਦੇ ਨਾਸੀਂ ਧੂੰਆਂ ਕਢਵਾ ਦਿੰਦੇ ਹਨ, ਜਦੋਂ ਪੋਤੜੇ ਫੋਲ ਕੇ ਸਾਹਮਣੇ ਰੱਖਦੇ ਹਨ, ਭੱਜਿਆਂ ਰਾਹ ਨਹੀਂ ਲੱਭਦਾ ਫਿਰ ਬਚਣ ਦਾ। ਬਲੀ ਦੇਣੀ ਹੀ ਪੈਂਦੀ ਹੈ ਕਲਮਾਡੀ ਵਰਗਿਆਂ ਦੀ, ਭਾਵੇਂ ਮਜਬੂਰਨ ਹੀ ਸਹੀ। ਉਥੇ ਤਾਂ 'ਕੈਗ' (ਆਡਿਟ) ਅਤੇ ਸੁਪਰੀਮ ਕੋਰਟ ਦੀ ਰਿਪੋਰਟ ਵੀ ਵਾਹਣੀਂ ਪਾ ਦਿੰਦੀ ਹੈ ਮਨਮੋਹਨ ਸਿੰਘ ਹੁਰਾਂ ਨੂੰ।

ਹੁਣ ਆਪਣੀ ਮਿਨੀ ਪਾਰਲੀਮੈਂਟ ਵੱਲ ਵੀ ਜ਼ਰਾ ਨਿਗਾਹ ਮਾਰ ਲਈਏ। ਇਜਲਾਸ ਇਹਦੇ ਵੀ ਹੋਂਦੇ ਨੇ; ਮਸਲੇ ਇੱਥੇ ਵੀ ਵਿਚਾਰੇ ਜਾਂਦੇ ਆ ਪਰ ਬੋਲਣ 'ਤੇ ਪਾਬੰਦੀ ਲੱਗੀ ਹੁੰਦੀ ਆ, ਸੰਗਤਾਂ ਵੱਲੋਂ ਚੁਣੇ ਇਨ੍ਹਾਂ ਮੈਂਬਰਾਂ ਉਤੇ। ਇਨ੍ਹਾਂ ਮੈਂਬਰਾਂ ਨੂੰ ਸਾਰੀਆਂ ਨਸੀਹਤਾਂ ਕੀਤੀਆਂ ਹੁੰਦੀਆਂ ਕਿ ਬੀਬੇ ਬਣ ਕੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕਿੱਦਾਂ ਬੈਠੀਦਾ; ਕੁਣਕਾ ਜਿੰਨਾ ਮਰਜ਼ੀ ਛਕੀ ਜਾਓ, ਕੋਈ ਨੀ ਪੁੱਛਦਾ; ਬੱਸ ਇਕ ਜ਼ਮੀਰ 'ਤੇ ਜ਼ਰਾ ਕਾਬੂ ਰੱਖਿਓ, ਤੇ ਦੇਖੇ ਨੂੰ ਅਣਦੇਖਿਆ ਜਾਣ ਕੇ ਜਦੋਂ ਜੈਕਾਰਾ ਬੁਲਾਇਆ ਜਾਵੇ ਤਾਂ ਬੱਸ, ਸਾਰੇ ਜ਼ੋਰ ਨਾਲ ਸਤਿ ਸ੍ਰੀ ਅਕਾਲ ਹੀ ਕਹਿਣਾ; ਦੂਜੇ ਦੇ ਹਿੱਸੇ ਦੇ ਕੁਣਕੇ ਦੀ ਵੀ ਗੱਲ ਨਹੀਂ ਕਰਨੀ ਕਿ ਕਿੱਥੇ ਕਿੱਥੇ ਗਿਆ; ਨਹੀਂ ਤਾਂ ਝੀਡੇ ਵਾਂਗੂ ਖਿੱਚ ਕੇ ਪਾਰਲੀਮੈਂਟ ਹਾਊਸ 'ਚੋਂ ਬਾਹਰ ਬਿਠਾ ਦਿਆਂਗੇ ਕਿਉਂਕਿ ਉਹ ਵੀ ਤਾਂ ਇਹੋ ਕਹੀ ਜਾਂਦਾ ਹੈ ਕਿ ਕੁਣਕਾ ਸਾਡੇ ਹਰਿਆਣੇ ਦਾ, ਤੇ ਛਕੀ-ਛਕਾਈ ਜਾਂਦਾ ਮੱਕੜ! ਇਹ ਕਿੱਥੋਂ ਦਾ ਇਨਸਾਫ਼ ਆ ਬਈ!!

ਪਾਰਲੀਮੈਂਟ ਵਿਚ ਆਪਣੀ ਖਲਕਤ ਲਈ ਆਪ ਕਾਨੂੰਨ ਬਣਾਏ ਜਾਂਦੇ ਨੇ ਬਿਨਾ ਕਿਸੇ ਬਾਹਰੀ ਦਖਲ ਦੇ; ਬਿੱਲ ਪੇਸ਼ ਹੁੰਦੇ; ਹਰ ਮੁੱਦੇ 'ਤੇ ਬਹਿਸ ਹੁੰਦੀ ਹੈ, ਸੋਧਾਂ ਹੁੰਦੀਆਂ ਅਤੇ ਕਾਨੂੰਨ ਬਣਦਾ ਹੈ ਪਰ ਸਾਡੀ ਮਿਨੀ ਪਾਰਲੀਮੈਂਟ ਵਿਚ ਬਹਿਸ ਨਾਂ ਦੀ ਕੋਈ ਚੀਜ਼ ਹੈ ਈ ਨਹੀਂ। ਇੱਥੇ ਦੇ ਕਾਨੂੰਨ ਦੀ ਸਾਰੀ ਕਾਰਵਾਈ ਔਜ-ਕੱਲ੍ਹ ਪੂਨੇ ਦੇ ਆਰ.ਐਸ.ਐਸ. ਹੈਡ-ਕੁਆਰਟਰ ਵਿਚ ਕੀਤੀ ਜਾਂਦੀ ਹੈ ਅਤੇ ਰਹਿੰਦੀ ਕਸਰ ਚੌਕ ਮਹਿਤਾ ਵਿਚ ਪੂਰੀ ਕਰ ਲਈ ਜਾਂਦੀ ਹੈ। ਚਾਰ ਕੁ ਬਿਪਰਨ ਬਿਰਤੀ ਵਾਲੇ ਸਿੱਖ ਮੋਹਤਬਰਾਂ ਜਿਹੜੇ ਮੈਂਬਰ ਨਹੀਂ ਹੁੰਦੇ, ਪਰ ਤਾਕਤ ਸਾਰੀ ਉਨ੍ਹਾਂ ਕੋਲ ਹੁੰਦੀ ਹੈ, ਨਾਲ ਸਲਾਹ-ਮਸ਼ਵਰਾ ਕਰਕੇ ਲਿਫ਼ਾਫ਼ੇ 'ਚ ਬੰਦ ਕਰਕੇ ਕਿਸੇ ਖਾਸ ਪਿਆਦੇ ਰਾਹੀਂ ਸਿੱਖਾਂ ਦੀ ਮਿਨੀ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਦੇ 'ਮੋਹਰੇ' (ਪ੍ਰਧਾਨ) ਕੋਲ ਭੇਜ ਦਿੱਤਾ ਜਾਂਦਾ ਹੈ ਜੋ ਆਪਣੀਆਂ ਐਨਕਾਂ ਵਿਚੋਂ ਨੱਚਦੀਆਂ ਅੱਖਾਂ ਨਾਲ ਖਚਰਾ ਜਿਹਾ ਹਾਸਾ ਬੁੱਲ੍ਹਾਂ 'ਤੇ ਲਿਆ ਕੇ ਸਾਰੇ ਬੀਬੇ ਬੱਚਿਆਂ ਨੂੰ ਸੁਣਾ ਦਿੰਦਾ ਹੈ, ਤੇ ਨਾਲ ਹੀ ਜੈਕਾਰੇ ਛੱਡਣ ਵਾਲੇ ਜੈਕਾਰਾ ਗੁੰਜਾ ਦਿੰਦੇ ਹਨ, ਤੇ ਬੀਬੇ ਬੱਚੇ (ਮੈਂਬਰ) 'ਸਤਿ ਸ੍ਰੀ ਅਕਾਲ' ਬੋਲ ਦਿੰਦੇ ਹਨ, ਤੇ ਮਿਨੀ ਪਾਰਲੀਮੈਂਟ ਦੀ ਕਾਰਵਾਈ ਪੂਰੀ ਹੋ ਗਈ। ਜੇ ਕਦੇ ਕੋਈ ਮੈਂਬਰ ਜ਼ਮੀਰ ਦੀ ਆਵਾਜ਼ ਸੁਣ ਕੇ ਕਹਿ ਦੇਵੇ ਕਿ ਆਹ ਤਾਂ ਸਿੱਧੀ ਪੰਥ ਨੂੰ ਢਾਹ ਲਾਉਣ ਵਾਲੀ ਲਿਫ਼ਾਫ਼ੇ 'ਚੋਂ ਕਾਰਵਾਈ ਨਿਕਲੀ ਹੈ ਤਾਂ ਜਮੂਰਾ ਬਣਿਆ ਪ੍ਰਧਾਨ ਬੜਾ ਨਿਲੱਜ ਹੋ ਕੇ ਕਹਿ ਦਿੰਦੈ, ਉਪਰ ਵਾਲੇ ਵੱਡੇ ਪ੍ਰਧਾਨ ਦਾ ਇਹੋ ਹੁਕਮ ਹੈ!

ਸਿੱਖਾਂ ਦੀ ਮਿਨੀ ਪਾਰਲੀਮੈਂਟ ਅਖਵਾਉਂਦੀ



ਲਿਫ਼ਾਫ਼ੀ ਵਿਚੋਂ ਨਾਂ ਨਿਕਲਣ ਪਿਛੋਂ ਪ੍ਰਧਾਨ ਬਣੇ ਜਥੇਦਾਰ ਮੱਕੜ

ਇਸ ਸ਼੍ਰੋਮਣੀ ਕਮੇਟੀ ਦੇ ਕਿਸੇ ਇਜਲਾਸ ਵਿਚ ਕਿਸੇ ਘਪਲੇ-ਘੁਟਾਲੇ ਬਾਰੇ ਬਹਿਸ ਹੁੰਦੀ ਕਿਸੇ ਨੇ ਨਹੀਂ ਦੇਖੀ-ਸੁਣੀ। ਜੇ ਅਸੀਂ ਇਹ ਸੋਚੀਏ ਕਿ ਗੁਰਦੁਆਰਿਆਂ ਵਿਚ ਘਪਲੇ-ਘੁਟਾਲੇ ਕਿੱਥੋਂ ਆ ਗਏ ਤਾਂ ਬਹਿਸ-ਮੁਬਾਹਿਸਾ ਵੀ ਕਾਹਦਾ? ਅੰਦਰਖਾਤੇ ਕਿਹੜਾ ਘੁਟਾਲੇ ਨਹੀਂ ਹੋਇਆ ਇਸ ਕਮੇਟੀ ਵਿਚ? ਚੜ੍ਹਾਵੇ ਦੀ ਭਾਨ ਸ਼ੇਵ ਕਰਨ ਵਾਲੇ ਬਲੇਡ ਬਣਾਉਣ ਵਾਲੀ ਕੰਪਨੀ ਨੂੰ ਵੇਚਣ ਵਿਚ ਹੀ ਇਕ ਸਾਲ 'ਚ ਲੱਖਾਂ ਰੁਪਏ ਦੀ ਹੇਰਾ-ਫੇਰੀ ਹੋਈ, ਬਾਕੀ ਕੜਾਹ ਪ੍ਰਸ਼ਾਦਿ ਅਤੇ ਕਾਰ ਸੇਵਾ ਦੇ ਠੇਕਿਆਂ ਦੀ ਤਾਂ ਗੱਲ ਹੀ ਵੱਖਰੀ ਹੈ। ਇਹ ਜ਼ਿਕਰ ਤਾਂ ਕੀਤਾ ਹੈ ਕਿ ਸਿੱਖ ਸੰਗਤਾਂ ਨੂੰ ਥੋੜ੍ਹਾ ਚਾਨਣ ਹੋਵੇ ਕਿ ਭਾਨ ਵਰਗੀ ਨਿਗੂਣੀ ਜਿਹੀ ਚੀਜ਼ ਅਤੇ ਕੜਾਹ ਪ੍ਰਸ਼ਾਦਿ ਵਰਗੀ ਪਵਿੱਤਰ ਵਸਤੂ ਵੀ ਇੱਥੇ ਘੁਟਾਲਿਆਂ 'ਚ ਘਿਰੀ ਹੁੰਦੀ ਹੈ, ਹੋਰ ਵੱਡੀਆਂ ਦੇ ਤਾਂ ਕਹਿਣੇ ਹੀ ਕੀ?

ਸਿੱਖ ਸੰਗਤਾਂ ਨੂੰ ਇਸ ਬਾਰੇ ਜਾਣਕਾਰੀ ਉਨ੍ਹਾਂ ਦੇ ਚੁਣੇ ਮੈਂਬਰਾਂ ਨੇ ਦੇਣੀ ਹੁੰਦੀ ਹੈ ਪਰ ਉਹ ਆਪ ਅਣਜਾਣ ਜਾਂ ਜਾਣਬੁੱਝ ਕੇ ਅਣਜਾਣ ਬਣੇ ਹੁੰਦੇ ਹਨ ਜਾਂ ਬਣਾ ਦਿੱਤੇ ਜਾਂਦੇ ਹਨ। ਮੇਰਾ ਯਕੀਨ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਝੁਕਾਉਣ ਵਾਲੇ ਸਾਰੇ ਵੋਟਰ ਇਹ ਕੁਝ ਪਸੰਦ ਨਹੀਂ ਕਰਦੇ ਹੋਣੇ, ਤੇ ਉਹ ਜ਼ਰੂਰ ਇਸ ਗੰਧਲੇ ਸਿਸਟਮ ਤੋਂ ਛੁਟਕਾਰਾ ਚਾਹੁੰਦੇ ਹੋਣਗੇ; ਤਾਂ ਫਿਰ ਹੁਣ ਇਸ ਤੋਂ ਵਧੀਆ ਮੌਕਾ ਨਹੀਂ ਆਉਣਾ ਨਿਜਾਤ ਪਾਉਣ ਦਾ, ਕਿਉਂਕਿ ਮਿੰਨੀ ਸਿੱਖ ਪਾਰਲੀਮੈਂਟ ਦੀਆਂ ਚੋਣਾਂ ਜੁ ਹੋ ਰਹੀਆਂ ਹਨ।

ਜਗਤ ਵਿਚ ਸਭ ਤੋਂ ਵੱਧ ਗਿਣਤੀ ਇਸਾਈ ਧਰਮ ਮੰਨਣ ਵਾਲਿਆਂ ਦੀ ਹੈ। ਇਸਾਈ ਧਰਮ ਵਿਚ ਸਭ ਤੋਂ ਉਚਾ ਧਾਰਮਿਕ ਅਹੁਦਾ ਪੋਪ ਦਾ ਹੈ। ਪੋਪ ਬਣਨ ਲਈ ਉਸ ਇਨਸਾਨ ਨੂੰ ਬੜੇ ਕਰੜੇ ਇਮਤਿਹਾਨਾਂ ਵਿਚੋਂ ਗੁਜ਼ਰਨਾ ਪੈਂਦਾ ਏ, ਤੇ ਇਸ ਪਦਵੀ 'ਤੇ ਨਿਯੁਕਤੀ ਲਈ ਵੱਖ-ਵੱਖ ਮੁਲਕਾਂ ਦੀਆਂ ਪ੍ਰਵਾਨਿਤ ਇਸਾਈ ਸੰਸਥਾਵਾਂ ਦੀ ਸਹਿਮਤੀ ਜ਼ਰੂਰੀ ਹੈ। ਇਸ ਅਹੁਦੇ 'ਤੇ ਪਹੁੰਚ ਕੇ ਉਹ ਇਸਾਈਅਤ ਦੇ ਨਾਲ-ਨਾਲ ਸੰਸਾਰ ਭਾਈਚਾਰੇ ਦਾ ਵੀ ਮੁਦੱਈ ਬਣਦਾ ਹੈ, ਉਹ ਕਿਸੇ ਵੀ ਮੁਲਕ ਬਾਰੇ ਫਿੱਕਾ ਬੋਲਣ ਤੋਂ ਗੁਰੇਜ਼ ਹੀ ਕਰਦਾ ਹੈ।

ਸਿੱਖਾਂ ਦੀ ਆਦਤ ਹੈ ਕਿ ਆਪਣਾ ਮੁਕਾਬਲਾ ਚੋਟੀ ਦੀ ਕਿਸੇ ਸ਼ਖ਼ਸੀਅਤ ਜਾਂ ਵਿਅਕਤੀ ਨਾਲ ਕਰਦੇ ਹਨ ਤਾਂ ਕਿ ਰੋਅਬ-ਦਾਅਬ ਹੋਰ ਵਧੇ। ਕੁਝ ਵਰ੍ਹੇ ਪਹਿਲਾਂ ਲੰਮਾ ਸਮਾਂ ਚਲੇ ਆਉਂਦੇ ਸ਼੍ਰੋਮਣੀ ਕਮੇਟੀ ਦੇ ਇਕ ਪ੍ਰਧਾਨ ਨੂੰ ਜਦੋਂ ਸਿੱਖਾਂ ਦਾ ਪੋਪ ਕਹਿ ਕੇ ਵਡਿਆਇਆ ਗਿਆ ਤਾਂ ਉਸ ਨੂੰ ਭਰਮ ਹੋ ਗਿਆ ਕਿ ਉਸ ਤੋਂ ਵੱਡੀ ਕੋਈ ਸ਼ਖ਼ਸੀਅਤ ਹੁਣ ਹੈ ਨਹੀਂ, ਪਰ ਉਹਦੇ ਖੰਭ ਕੱਟਣ ਲੱਗਿਆਂ ਨੇ ਪੋਪ ਵਰਗੇ ਉਚ ਅਹੁਦੇ ਦਾ ਖਿਆਲ ਹੀ ਨਾ ਰੱਖਿਆ। ਉਸ ਤੋਂ ਬਾਅਦ ਫਿਰ ਜਿੰਨੇ ਵੀ ਸਿੱਖਾਂ ਦੇ ਪੋਪ ਬਣੇ, ਬੱਸ ਇਕੋ ਗੁਣ ਹੀ ਪਰਖਿਆ, ਉਹ ਸੀ ਵਫਾਦਾਰੀ ਦਾ, ਤੇ ਉਹਦਾ ਨਾਮ ਲਿਫ਼ਾਫ਼ੇ 'ਚ ਬੰਦ ਕਰਕੇ ਮਿਨੀ ਪਾਰਲੀਮੈਂਟ ਵਿਚ ਖੁੱਲ੍ਹਣ ਨੂੰ ਭੇਜਿਆ ਜਾਂਦਾ ਹੈ, ਤੇ ਉਹਦੇ ਗਲ ਵਿਚ ਪੋਪ ਦੀ ਨਿਯੁਕਤੀ ਦੇ ਸਿਰੋਪੇ ਪਾ ਦਿੱਤੇ ਜਾਂਦੇ ਨੇ। ਫਿਰ ਉਹ ਲਿਫ਼ਾਫ਼ੇ 'ਚ ਨਾਂ ਪਾਉਣ ਵਾਲਿਆਂ ਦੀ ਐਨੀ ਵਫਦਾਰੀ ਨਿਭਾਉਂਦਾ ਹੈ ਕਿ ਗੁਰੂ ਦੀ ਗੋਲਕ ਉਨ੍ਹਾਂ ਦਾ ਰਾਜ ਭਾਗ ਬਣਾਈ ਰੱਖਣ ਲਈ ਉਨ੍ਹਾਂ ਦੇ ਹਵਾਲੇ ਕਰ ਦਿੰਦਾ ਹੈ, ਤੇ ਲੋੜ ਪੈਣ 'ਤੇ ਬਾਬੇ ਨਾਨਕ ਦੇ ਨਿਰਾਲੇ ਪੰਥ ਦੀਆਂ ਧੱਜੀਆਂ ਉਡਾਉਣ 'ਚ ਵੀ ਪਿੱਛੇ ਨਹੀਂ ਰਹਿੰਦਾ। ਸਿੱਖਾਂ ਲਈ ਸਵਾਲ ਹੈ ਕਿ ਇਹੋ ਜਿਹਾ ਪ੍ਰਧਾਨ ਬਣਾਉਣਾ ਜਾਂ ਗੁਰਮਤਿ 'ਤੇ ਖੜ੍ਹਨ ਵਾਲਾ ਅਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਵਾਲਾ।

ਸਿੱਖ ਧਰਮ ਹੋਰ ਗੱਲਾਂ ਵਿਚ ਤਾਂ ਵਿਲੱਖਣ ਹੈ ਹੀ, ਗੁਰੂ ਸਾਹਿਬਾਨ ਨੇ ਇਕ ਹੋਰ ਨਿਵੇਕਲੀ ਖਾਸੀਅਤ ਇਹ ਪਾਈ ਕਿ ਸਿੱਖ ਪੰਥ ਸਮੂਹਿਕ ਰੂਪ ਵਿਚ ਆਰਥਿਕ ਤੌਰ 'ਤੇ ਵੀ ਆਤਮ ਨਿਰਭਰਤਾ ਬਣਾਈ ਰੱਖੇ। ਇਸੇ ਲਈ ਦਸਵੰਧ ਦਾ ਸਿਧਾਂਤ ਦਿੱਤਾ। ਗੁਰੂ ਸਾਹਿਬਾਨ ਦੇ ਵੇਲਿਆਂ ਵਿਚ ਹੀ ਲੋਕ ਭਲਾਈ ਦੇ ਕਈ ਕੰਮ ਸ਼ੁਰੂ ਹੋਏ ਜਿਵੇਂ ਦਵਾਖਾਨੇ, ਸਰਾਂਵਾਂ, ਪੀਣ ਵਾਲੇ ਪਾਣੀ ਲਈ ਖੂਹ, ਬਉਲੀਆਂ ਬਣਾਈਆਂ ਜੋ ਮੌਕੇ ਦੇ ਹਾਕਮ ਨਹੀਂ ਸੀ ਕਰ ਸਕੇ। ਇਸੇ ਕਰਕੇ ਪੇਂਡੂ ਤਬਕਾ ਸਿੱਖੀ ਵੱਲ ਜ਼ਿਆਦਾ ਪ੍ਰੇਰਿਤ ਹੋ ਗਿਆ। ਜਦੋਂ ਇਸ ਰਕਮ ਵਿਚ ਵਾਧਾ ਹੋਇਆ ਹੋਵੇਗਾ ਤਾਂ ਗੁਰੂ ਸਾਹਿਬ ਨੇ ਸਿਆਣਾ ਜਾਣ ਕੇ ਆਪ ਹੀ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਇਸ ਦਾ ਹਿਸਾਬ-ਕਿਤਾਬ ਰੱਖਣ ਲਈ ਜ਼ਿੰਮੇਵਾਰੀ ਦੇ ਦਿੱਤੀ ਤਾਂ ਸਮੇਂ ਨਾਲ ਪ੍ਰਿਥੀ ਚੰਦ ਵਿਚ ਮਾਇਆ ਮੋਹ ਭਾਰੂ ਹੁੰਦਾ ਗਿਆ ਅਤੇ ਧਾਰਮਿਕ ਬਿਰਤੀ ਮਨਫ਼ੀ ਹੋ ਗਈ। ਇੰਨਾ ਹੀ ਨਹੀਂ, ਗੁਰਮਤਿ ਨੂੰ ਵੀ ਪਿੱਠ ਦੇ ਕੇ ਗੁਰੂ ਨਾਲ ਸ਼ਰੀਕੇਬਾਜ਼ੀ ਵਿਚ ਪੈ ਕੇ ਦੁਸ਼ਮਣੀ ਪਾਲ ਲਈ। ਗੁਰੂਆਂ ਵੱਲੋਂ ਮੁਕੱਰਰ ਕੀਤੇ ਧਾਰਮਿਕ ਬੰਦਿਆਂ (ਮਸੰਦਾਂ) ਨੂੰ ਰਿਸ਼ਵਤ ਦੇ ਕੇ ਆਪਣੇ ਹੱਕ ਵਿਚ ਭੁਗਤਾਉਣ ਦੀਆਂ ਮੰਦੀਆਂ ਚਾਲਾਂ ਵੀ ਚੱਲੀਆਂ। ਮੌਕੇ ਦੇ ਹਾਕਮਾਂ ਨਾਲ ਗੰਢ-ਤੁੱਪ ਦਾ ਰਿਵਾਜ ਪਾ ਕੇ ਸਿੱਖੀ ਵਿਰੁਧ ਕਾਰਵਾਈਆਂ ਕੀਤੀਆਂ। ਦਰਅਸਲ ਪ੍ਰਿਥੀਏ ਤੋਂ ਹੀ ਗੁਰੂ ਕੀ ਗੋਲਕ ਉਤੇ ਕਬਜ਼ਾ ਕਰਨ ਦੀ ਕੁਰੀਤੀ ਵਾਲਾ ਤਬਕਾ ਸਿੱਖਾਂ ਵਿਚੋਂ ਹੀ ਪੈਦਾ ਹੋ ਗਿਆ ਸੀ ਜੋ ਅੱਜ ਤੱਕ ਸਿੱਖ ਕੌਮ ਦਾ ਪਿੱਛਾ ਨਹੀਂ ਛੱਡ ਰਿਹਾ।

ਜਦੋਂ ਮਹੰਤ ਨਰਾਇਣ ਦਾਸ ਦੀ ਗੱਲ ਤੁਰਦੀ ਹੈ ਤਾਂ ਸਾਡੇ ਸਾਹਮਣੇ ਉਹਦਾ ਪਾਲਿਆ ਬਦਮਾਸ਼ਾਂ, ਇਖਲਾਕ ਤੋਂ ਡਿੱਗੇ ਨਸ਼ਈ ਤੇ ਵਿਭਚਾਰੀ ਬੰਦਿਆਂ ਦੀ ਗੁਰਮਤਿ ਵਿਰੋਧੀ ਜੁੰਡਲੀ ਅਤੇ ਉਹ ਹਰ ਮਾੜਾ ਸਮਾਜਕ ਅਨਸਰ ਦਿਖਾਈ ਦਿੰਦਾ ਹੈ ਜਿਸ ਨੇ ਪਵਿੱਤਰ ਗੁਰਦੁਆਰਾ ਜਨਮ ਸਥਾਨ ਨਨਕਾਣਾ ਸਾਹਿਬ ਦੀ ਬੇਹੁਰਮਤੀ ਕੀਤੀ ਸੀ। ਉਸ ਜੁੰਡਲੀ ਤੋਂ ਮੁਕਤੀ ਲਈ ਗੁਰਸਿੱਖਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ, ਕਿਉਂਕਿ ਹੋਰ ਕੋਈ ਚਾਰਾ ਰਹਿ ਹੀ ਨਹੀਂ ਸੀ ਗਿਆ। ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਜਿਹੜੇ ਉਮੀਦਵਾਰ ਵੱਡੀ ਅਤੇ ਹੁਕਮਰਾਨ ਪਾਰਟੀ ਨੇ ਖੜ੍ਹੇ ਕੀਤੇ ਨੇ, ਉਨ੍ਹਾਂ ਬਾਰੇ ਚੰਡੀਗੜ੍ਹ ਤੋਂ ਛਪਦੀ ਇਕ ਅਖ਼ਬਾਰ ਨੇ ਖੁਲਾਸਾ ਕੀਤਾ ਹੈ ਕਿ ਕਿੰਨਿਆਂ ਉਤੇ ਨਸ਼ਾ ਕਰਨ ਦੇ ਦੋਸ਼ ਹਨ? ਕਿੰਨੇ ਅਪਰਾਧੀ ਅਤੇ ਬਦਮਾਸ਼ੀ ਬਿਰਤੀ ਵਾਲੇ ਹਨ? ਕਿੰਨਿਆਂ ਉਤੇ ਸਿੱਖੀ ਤੋਂ ਮੁਨਕਰ ਹੋਣ ਦੇ ਦੋਸ਼ ਹਨ? ਜੇ ਹੁਣ ਸਿੱਖਾਂ ਨੇ ਇਨ੍ਹਾਂ ਨੂੰ ਆਪ ਹੀ ਚੁਣ ਕੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਭੇਜਣਾ ਹੈ ਤਾਂ ਕਰੀਬ ਇਕ ਸਦੀ ਪਹਿਲਾਂ ਇਹੋ ਜਿਹੇ ਬੰਦੇ ਹੀ ਮਹੰਤ ਨਰਾਇਣ ਦਾਸ ਦੇ ਨਾਲ ਸਨ। ਫਿਰ ਕਾਹਨੂੰ ਭਾਈ ਲਛਮਣ ਸਿੰਘ ਵਰਗੇ ਜ਼ਿੰਦਾ ਸੜ ਗਏ, ਇਨ੍ਹਾਂ ਤੋਂ ਗੁਰਦੁਆਰਿਆਂ ਦਾ ਛੁਟਕਾਰਾ ਕਰਾਉਣ ਹਿੱਤ? ਜਿਹੜਾ ਵੀ ਸਿੱਖ ਵੋਟਰ ਸ਼੍ਰੋਮਣੀ ਕਮੇਟੀ ਚੋਣ ਵਿਚ ਵੋਟ ਪਾਵੇ, ਉਹ ਆਪਣੇ ਹਿਰਦੇ ਵਿਚ ਜ਼ਰੂਰ ਅਰਦਾਸ ਦੇ ਇਹ ਬੋਲ ਸੁਣੇ ਕਿ ਜਿਹੜੇ ਗੁਰਦੁਆਰਿਆਂ ਦੀ ਮੁਕਤੀ ਲਈ ਜ਼ਿੰਦਾ ਸਾੜੇ ਗਏ ਤੇ ਕੁਰਬਾਨੀਆਂ ਦਿੱਤੀਆਂ। ਫਿਰ ਕਿਸੇ ਦੀ ਵੋਟ ਵੀ ਮਹੰਤ ਨਰਾਇਣ ਦਾਸ ਦੀ ਸੋਚ ਨੂੰ ਨਹੀਂ ਪਵੇਗੀ। ਫਿਰ ਵੀ ਜਿਹੜਾ ਅਰਦਾਸ ਦੀ ਭਾਵਨਾ ਤੋਂ ਮੁਨਕਰ ਹੋ ਕੇ ਵੋਟ ਪਾਊਗਾ, ਉਹ "ਸਿੱਖ ਸ਼ਹਾਦਤਾਂ" ਦਾ ਭਗੌੜਾ ਹੀ ਹੋਵੇਗਾ।

ਜਿੱਥੇ ਵੋਟ ਸਿਆਸਤ ਭਾਰੂ ਹੋ ਜਾਵੇ, ਉਥੇ ਚੰਗੇ-ਬੁਰੇ ਦਾ ਫਰਕ ਵੀ ਗਾਇਬ ਹੋ ਜਾਂਦਾ ਹੈ ਕਿਉਂਕਿ ਜਿੱਤ ਗਿਣਤੀ ਦੀ ਜੋ ਹੋਣੀ ਹੋਈ। ਸ਼੍ਰੋਮਣੀ ਕਮੇਟੀ ਵੀ ਇਸ ਤੋਂ ਕਿਵੇਂ ਬਚੀ ਰਹਿ ਸਕਦੀ ਹੈ? ਕਹਿਣ ਨੂੰ ਇਹ ਸਿੱਖ ਮਿਨੀ ਪਾਰਲੀਮੈਂਟ ਹੈ, ਪਰ "ਸਿੱਖ ਦੀ ਪਰਿਭਾਸ਼ਾ", ਪਈ ਸਿੱਖ ਕੌਣ ਹੈ, ਦਾ ਇਹਨੂੰ ਪਤਾ ਨਹੀਂ। ਉਹ ਜਾਣਨ ਲਈ ਹਾਈ ਕੋਰਟ ਵਿਚ ਗੈਰ-ਸਿੱਖ ਜੱਜਾਂ ਕੋਲ ਜਾਣਾ ਪਿਆ। ਫਿਰ ਵਿੰਗੇ-ਟੇਢੇ ਤਰੀਕੇ ਵਰਤ ਕੇ ਗੈਰ-ਸਿੱਖਾਂ ਦੀਆਂ ਹੀ ਵੋਟਾਂ ਬਣਾ ਦਿੱਤੀਆਂ ਗਈਆਂ ਤਾਂ ਕਿ ਇਸ 'ਤੇ ਜੱਫਾ ਪੱਕਾ ਰਹੇ। ਫਿਰ ਇਨ੍ਹਾਂ ਗੈਰ-ਸਿੱਖ ਵੋਟਰਾਂ ਨੂੰ ਇਵਜ਼ਾਨੇ ਵਿਚ ਖੁਸ਼ ਵੀ ਗੁਰਮਤਿ ਸਿਧਾਂਤਾਂ ਦੀ ਬਲੀ ਦੇ ਕੇ ਕੀਤਾ ਜਾਂਦਾ ਹੈ।

ਜਿਹੜੇ ਸਿੱਖ ਲੀਡਰਾਂ ਨੇ 1925 ਦੇ ਗੁਰਦੁਆਰਾ ਐਕਟ ਮੁਤਾਬਿਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਕਮੇਟੀ ਦੀ ਚੋਣ ਸਿੱਖ ਵੋਟਾਂ ਨਾਲ ਕਰਨ ਦੀ ਵਕਾਲਤ ਕੀਤੀ ਸੀ, ਉਨ੍ਹਾਂ ਨੂੰ ਇਹ ਖੁਆਬ ਵੀ ਨਹੀਂ ਹੋਣਾ ਕਿ ਗੈਰ-ਸਿੱਖ ਵੀ ਵੋਟਾਂ ਪਾ ਸਕਣਗੇ। ਇੱਥੇ ਉਸ ਵਕਤ ਦੀ ਘਟਨਾ ਬਿਆਨ ਕੀਤੀ ਜਾ ਰਹੀ ਹੈ ਜਦੋਂ ਗੁਰਦੁਆਰਾ ਬਿੱਲ, ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਪਾਸ ਹੋ ਗਿਆ ਸੀ। ਇਸ ਬਿੱਲ ਦੀ ਹਿੰਦੂ ਕੌਂਸਲਰਾਂ ਨੇ ਮੁਖ਼ਾਲਫਤ ਕੀਤੀ ਸੀ। ਇਕ ਸਿੱਖ ਕੌਂਸਲਰ ਨੇ ਇਸ ਬਿੱਲ ਦੇ ਪਾਸ ਹੋਣ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਇਸ ਨੂੰ ਸਿੱਖਾਂ ਦੀ ਜਿੱਤ ਕਿਹਾ ਤਾਂ ਇਸ 'ਤੇ ਪੰਜਾਬ ਦੇ ਇਕ ਮੁਸਲਮਾਨ ਵਜ਼ੀਰ (ਵਜ਼ੀਰੇ-ਏ-ਤਾਲੀਮ), ਸ਼ਾਇਦ ਨਾਮ ਮੀਆਂ ਫ਼ਜ਼ਲੀ ਹੁਸੈਨ ਸੀ, ਨੇ ਜੋ ਟਿੱਪਣੀ ਕੀਤੀ ਜੋ ਅੱਜ ਸੌ ਫੀਸਦ ਸੱਚੀ ਲੱਗਦੀ ਹੈ। ਉਸ ਨੇ ਕਿਹਾ ਕਿ ਸਿੱਖ ਭਰਾਵੋ, ਮੁਬਾਰਕ ਹੈ ਤੁਹਾਨੂੰ ਗੁਰਦੁਆਰਾ ਐਕਟ ਪਰ ਜਿਸ ਨੂੰ ਤੁਸੀਂ ਜਿੱਤ ਕਹਿੰਦੇ ਹੋ, ਉਸੇ ਜਿੱਤ ਵਿਚ ਕਿਤੇ ਹਾਰ ਵੀ ਛੁਪੀ ਬੈਠੀ ਹੈ। ਹੁਣ ਅੱਗੇ ਤੋਂ ਕੋਈ ਵੀ ਗੈਰ-ਸਿੱਖ, ਸਿੱਖੀ ਭੇਸ ਵਿਚ ਤੁਹਾਡੇ ਗੁਰਦੁਆਰਿਆਂ 'ਤੇ ਵੋਟਾਂ ਨਾਲ ਜਿੱਤ ਕੇ ਕਾਬਜ਼ ਹੋ ਸਕਦਾ ਹੈ। ਉਦੋਂ ਕਾਨੂੰਨ ਵੀ ਉਨ੍ਹਾਂ ਦੇ ਪੱਖ ਵਿਚ ਹੋਵੇਗਾ ਤੇ ਇਹੋ ਜਿਹੇ ਮਾੜੇ ਪ੍ਰਬੰਧਕਾਂ ਕੋਲੋਂ ਤੁਸੀਂ ਗੁਰਦੁਆਰਿਆਂ ਨੂੰ ਕਿੱਦਾਂ ਬਚਾ ਸਕੋਗੇ? ਕਿੰਨੀ ਸੱਚਾਈ ਆ ਉਸ ਮੁਸਲਮਾਨ ਵਜ਼ੀਰ ਦੀ ਗੱਲ ਵਿਚ? ਹੁਣ ਜਿੰਨੀ ਘੁਸਪੈਠ ਗੈਰ-ਸਿੱਖ ਸਗੋਂ ਸਿੱਖ ਵਿਰੋਧੀ ਅਨਸਰਾਂ ਦੀ ਸੰਤ ਬਾਣਿਆ ਰਾਹੀਂ ਹੋਣ ਜਾ ਰਹੀ ਹੈ, ਇਸ ਤੋਂ ਬਚਾ ਸੱਚੀਂ ਬੜਾ ਔਖਾ ਹੈ।

ਇਕ ਗੱਲ ਵਿਦੇਸ਼ਾਂ ਵਿਚ ਵੱਸੇ ਸਿੱਖ ਭਾਈਚਾਰੇ ਬਾਰੇ ਵੀ ਸਾਂਝੀ ਕਰ ਹੀ ਲਈਏ। ਇਸ ਮਿਨੀ ਸਿੱਖ ਪਾਰਲੀਮੈਂਟ ਤੋਂ ਸੇਧ ਲੈ ਕੇ ਤਕਰੀਬਨ ਹਰ ਗੁਰਦੁਆਰੇ ਵਾਲਿਆਂ ਨੇ ਆਪਣੀ ਪਾਰਲੀਮੈਂਟ ਬਣਾ ਲਈ ਹੈ, ਤੇ ਹਰ ਹਾਲਤ ਵਿਚ ਇਸ ਪਾਰਲੀਮੈਂਟ ਤੋਂ ਕਬਜ਼ਾ ਨਹੀਂ ਛੱਡਣਾ ਚਾਹੁੰਦੇ। ਕਈਆਂ ਨੇ ਤਾਂ ਅੰਦਰਖਾਤੇ ਸੰਗਤਾਂ ਦੀ ਸੇਵਾ ਨਾਲ ਬਣਾਏ ਗੁਰਦੁਆਰੇ ਨੂੰ ਆਪਣੇ ਨਾਂ ਕਰਵਾ ਕੇ ਪ੍ਰਾਈਵੇਟ ਪ੍ਰਾਪਰਟੀ ਰਜਿਸਟਰ ਕਰਵਾਈ ਹੋਈ ਹੈ, ਤੇ ਫਿਰ ਆਪਣੀ ਮਨਮਰਜ਼ੀ ਦੇ ਮਨਮਤੀਏ ਸਾਧਾਂ-ਸੰਤਾਂ ਨੂੰ ਸੱਦ ਕੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕਰਦੇ ਹਨ। ਅਮਰੀਕਾ ਵਿਚ ਤਾਂ ਇਹ ਹਾਲ ਹੋ ਗਿਆ ਹੈ ਕਿ ਜਿੰਨਾ ਵੱਡਾ ਗੁਰਦੁਆਰਾ, ਉਤਨੇ ਵੱਧ ਕੋਰਟ ਕੇਸ। ਸੰਗਤਾਂ ਦੀ ਕਿਰਤ ਕਮਾਈ ਨੂੰ ਕਬਜ਼ਾ ਬਰਕਰਾਰ ਰੱਖਣ ਲਈ ਬੇਝਿਜਕ ਹੋ ਕੇ ਵਰਤਿਆ ਜਾਂਦਾ ਹੈ।

ਇੱਥੇ ਇਕ ਅਮਰੀਕਨ ਵਕੀਲ ਦੀ ਟਿੱਪਣੀ ਧਿਆਨ ਦੇਣ ਯੋਗ ਹੈ। ਆਪਸ ਵਿਚ ਗੱਲਾਂ ਕਰਦਿਆਂ ਜਦੋਂ ਇਕ ਵਕੀਲ ਨੇ ਦੂਜੇ ਵਕੀਲ ਨੂੰ ਪੁੱਛਿਆ ਕਿ ਤੇਰੇ ਸਭ ਤੋਂ ਵਧੀਆ ਗਾਹਕ ਕੌਣ ਹਨ, ਤਾਂ ਜਵਾਬ ਸੀ, 'ਸਿੱਖ।' ਉਹਨੇ ਇਹ ਵੀ ਕਿਹਾ ਕਿ ਇਹ 'ਬਲੱਡੀ ਫ਼ੌਜ਼ਜ਼' ਗੁਰਦੁਆਰਿਆਂ ਦੇ ਕੇਸਾਂ ਵਿਚ ਰੱਜ ਕੇ ਪੈਸਾ ਦਿੰਦੇ ਆ, ਤੇ ਆਪਣੇ ਹੀ ਧਰਮ ਵਿਰੁਧ ਝੂਠ ਬੋਲਣ ਲਈ ਮਜਬੂਰ ਕਰਦੇ ਹਨ। ਹੁਣ ਆਪੇ ਹੀ ਅੰਦਾਜ਼ਾ ਲਾ ਲਈਏ ਕਿ ਕੋਰਟਾਂ 'ਚ ਕੇਸ ਕਰਨ ਵਾਲੀਆਂ ਕਮੇਟੀਆਂ ਜਿੱਥੇ ਸੰਗਤ ਦਾ ਪੈਸਾ ਬਰਬਾਦ ਕਰਦੀਆਂ ਹਨ, ਉਥੇ ਸਮੁੱਚੀ ਸਿੱਖ ਕੌਮ ਨੂੰ ਕੁੱਤੇ ਵੀ ਕਹਾਉਂਦੀਆਂ ਹਨ। ਜਦੋਂ ਗੁਰਦੁਆਰਿਆਂ ਦੀ ਪ੍ਰਬੰਧਕ ਤਬਦੀਲੀ ਨੂੰ ਰਾਜ ਪਲਟੇ ਵਰਗੇ ਨਾਂ ਦਿੱਤੇ ਜਾਣ ਤਾਂ ਸਮਝੋ ਕਿ ਸੇਵਾ-ਸੰਭਾਲ ਗਾਇਬ ਹੋਣ ਲੱਗ ਪਈ ਹੈ ਅਤੇ ਸਿਆਸਤ ਭਾਰੂ। ਗੁਰਦੁਆਰਾ ਤਾਂ ਰੂਹਾਨੀਅਤ ਦਾ ਘਰ ਹੈ, ਨਾ ਕਿ ਆਮਦਨ-ਖਰਚ ਰੱਖਣ ਵਾਲਾ ਵਪਾਰਕ ਅਦਾਰਾ ਜਿੱਥੇ ਹਰ ਧਾਰਮਿਕ ਅਤੇ ਸਮਾਜਕ ਰਸਮ ਦੇ ਰੇਟ ਲਿਖ ਕੇ ਪ੍ਰਚਾਰੇ ਜਾਣ। ਜੇ ਸਿਰਫ਼ ਪ੍ਰਬੰਧ ਵਿਚ ਆਮਦਨ ਵਧਾਉਣ ਬਾਰੇ ਹੀ ਕਮੇਟੀਆਂ ਨੇ ਧਿਆਨ ਦੇਣਾ ਹੈ ਤਾਂ ਇਸ ਪੱਖੋਂ ਤਾਂ ਗੁਰੂ ਜੀ ਦੇ ਵਕਤ ਉਨ੍ਹਾਂ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਬੜਾ ਬਾ-ਕਮਾਲ ਪ੍ਰਬੰਧ ਕੀਤਾ ਹੋਇਆ ਸੀ। ਉਹ ਖੁਦ ਹਿਸਾਬ ਕਿਤਾਬ ਰੱਖਦਾ ਸੀ, ਪਰ 'ਗੁਰੂ ਦੀ ਰਹਿਮਤ' ਉਹਦੇ ਪ੍ਰਬੰਧ ਵਿਚੋਂ ਮਨਫ਼ੀ ਸੀ। ਇਸੇ ਕਰਕੇ ਗੁਰੂ ਸਾਹਿਬ ਨੇ ਉਹਨੂੰ ਮੂੰਹ ਨਹੀਂ ਸੀ ਲਾਇਆ, ਤੇ ਅੱਜ ਸਿੱਖ ਜਗਤ ਵਿਚ ਪ੍ਰਿਥੀ ਚੰਦ ਦਾ ਨਾਂ ਖਲਨਾਇਕ ਕਰਕੇ ਜਾਣਿਆ ਜਾਂਦਾ ਹੈ।

ਬਾਹਰਲੇ ਗੁਰਦੁਆਰਿਆਂ ਦੀਆਂ ਕਈ ਕਮੇਟੀਆਂ ਦੇ ਪ੍ਰਧਾਨ ਅਤੇ ਮੈਂਬਰ ਨਾ ਤਾਂ ਗੁਰਮਤਿ ਦੇ ਧਾਰਨੀ ਹਨ ਅਤੇ ਨਾ ਹੀ ਗੁਰਦੁਆਰੇ ਵਿਚ ਗੁਰਮਤਿ ਦੀ ਕੋਈ ਗੱਲ ਹੋਣ ਦਿੰਦੇ ਹਨ। ਇਹ ਤਾਂ ਉਲਟਾ ਗੁਰਸਿੱਖ ਵੀਰਾਂ-ਭੈਣਾਂ ਦਾ ਗੁਰਦੁਆਰਿਆਂ ਵਿਚ ਦਾਖਲਾ ਬੰਦ ਕਰਵਾ ਦਿੰਦੇ ਹਨ। ਗੁਰਦੁਆਰਾ ਪ੍ਰਬੰਧ 'ਤੇ ਕਾਬਜ਼ ਰਹਿਣ 'ਤੇ ਉਤਾਰੂ ਕੁਝ ਲੋਕ ਗੁਰਦੁਆਰਿਆਂ ਵਿਚ ਲੜਾਈ ਦਾ ਮਾਹੌਲ ਪੈਦਾ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ-ਦੂਜੇ ਨੂੰ ਮਾਈਕਾਂ, ਚਿਮਟਿਆਂ ਨਾਲ ਲਹੂ ਲੁਹਾਣ ਕਰ ਦਿੰਦੇ ਹਨ ਅਤੇ ਗਾਲ ਮੰਦਾ ਬੋਲਣ ਲੱਗਿਆਂ ਇਹ ਵੀ ਚੇਤਾ ਨਹੀਂ ਰੱਖਦੇ ਕਿ ਜਾਹਰਾ ਗੁਰੂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਨ। ਇਹੋ ਕੁਝ ਪਿਛੇ ਜਿਹੇ ਨਿਊ ਯਾਰਕ ਦੇ ਇਕ ਗੁਰਦੁਆਰੇ ਵਿਚ ਵਾਪਰਿਆ। ਉਦੋਂ ਗੁਆਂਢੀ ਅਮਰੀਕਨ ਨੇ ਇਸ ਘਟਨਾ 'ਤੇ ਜੋ

(ਬਾਕੀ ਸਫਾ 34 'ਤੇ)

# ਕਵੀਸ਼ਰ ਬਾਬੂ ਰਜਬ ਅਲੀ

**ਬਾਬੂ ਰਜਬ ਅਲੀ ਨਹਿਰੀ ਵਿਭਾਗ ਦੇ ਓਵਰਸੀਅਰ ਹੋਣ ਕਰਕੇ ਜਿੱਥੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਨੌਕਰੀ ਕਰਦੇ ਰਹੇ ਅਤੇ ਉਨ੍ਹਾਂ ਦਾ ਉਸ ਇਲਾਕੇ ਦੀ ਕਿਸਾਨੀ ਅਤੇ ਕਿਸਾਨੀ ਸਮੱਸਿਆਵਾਂ ਨਾਲ ਸਿੱਧਾ ਵਾਹ ਰਿਹਾ। ਉਨ੍ਹਾਂ ਦੀ ਕਵਿਤਾ ਵਿਚ ਪੰਜਾਬੀ ਬੋਲੀ, ਜਨਮ-ਭੋਇੰ ਅਤੇ ਮਾਦਰੀ ਵਤਨ ਪ੍ਰਤੀ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ।**

ਮੋਗੇ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸਾਹੋ ਕੇ ਵਿਖੇ 10 ਅਗਸਤ 1894 ਨੂੰ ਪਿਤਾ ਧਮਾਲੀ ਖਾਂ ਅਤੇ ਮਾਂ ਜਿਉਣੀ ਦੇ ਘਰ ਚਾਰ ਧੀਆਂ ਪਿੱਛੋਂ ਜਨਮੇ ਬਾਬੂ ਰਜਬ ਅਲੀ ਖਾਨ ਅਜਿਹੇ ਕਵੀਸ਼ਰ ਹੋਏ ਹਨ ਜਿਨ੍ਹਾਂ ਦੀ ਰਚਨਾ ਪਿਛਲੇ 8 ਦਹਾਕਿਆਂ ਤੋਂ ਪੰਜਾਬ ਦੇ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹੀ ਹੋਈ ਹੈ। ਉਨ੍ਹਾਂ ਦੇ ਸੈਂਕੜੇ ਚੇਲੇ ਵੱਖ-ਵੱਖ ਮੇਲਿਆਂ ਤੋਂ ਇਲਾਵਾ



ਯੂਨੀਵਰਸਿਟੀਆਂ ਦੇ ਲੋਕ-ਮੇਲਿਆਂ ਤੱਕ ਆਪਣੀ ਵਿਲੱਖਣਤਾ ਦਾ ਸਿੱਕਾ ਮਨਵਾ ਚੁੱਕੇ ਹਨ। ਉਹ ਅਜਿਹੇ ਪੰਜਾਬੀ ਕਵੀਸ਼ਰ ਹਨ ਜਿਨ੍ਹਾਂ ਦੀਆਂ ਰਚਨਾਵਾਂ ਪਿੰਡ

■ ਲਾਭ ਸਿੰਘ ਸੰਧੂ

ਸਾਹੋਕੇ ਤੋਂ ਸ਼ੁਰੂ ਹੋ ਕੇ ਸੰਸਾਰ ਪੱਧਰ ਦੇ ਪੰਜਾਬੀ ਦੇ ਸੂਝਵਾਨ ਸਰੋਤਿਆਂ ਦੇ ਘਰਾਂ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ।

ਬਾਬੂ ਜੀ ਦੀ ਵਿਲੱਖਣਤਾ ਜਿੱਥੇ ਉਨ੍ਹਾਂ ਦੇ ਰਚੇ ਵਿਲੱਖਣ ਛੰਦਾਂ ਕਰਕੇ ਹੈ, ਉਥੇ ਉਹ ਪੰਜਾਬੀ, ਹਿੰਦੀ, ਉਰਦੂ, ਫ਼ਾਰਸੀ, ਅੰਗਰੇਜ਼ੀ ਭਾਸ਼ਾਵਾਂ ਦੇ ਗੂੜ੍ਹ ਗਿਆਤਾ ਹੋਣ ਕਰਕੇ ਇਨ੍ਹਾਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਲੋਕ ਕਾਵਿਕ ਰੂਪ ਦੇ ਕੇ ਆਪਣੇ ਛੰਦਾਂ ਵਿਚ ਵਰਤਣ ਦੇ ਵੀ ਮਾਹਿਰ ਸਨ। ਮਲਵਈ ਉਪਭਾਸ਼ਾ ਦੀ ਮਿਠਾਸ ਵਿਚ ਉਹ ਅੰਗਰੇਜ਼ੀ ਸ਼ਬਦਾਵਲੀ ਦੀ ਐਸੀ ਚਾਸ਼ਣੀ ਪਾਉਂਦੇ ਸਨ ਕਿ ਅਨਪੜ੍ਹ ਸਰੋਤੇ ਵੀ ਉਨ੍ਹਾਂ ਸ਼ਬਦਾਂ ਦੇ ਭਾਵ-ਅਰਥ ਸਮਝਦੇ ਹੋਏ ਆਨੰਦ ਮਾਣਦੇ ਸਨ। ਬਾਬੂ ਜੀ ਨਹਿਰੀ ਵਿਭਾਗ ਦੇ ਓਵਰਸੀਅਰ ਹੋਣ ਕਰਕੇ ਜਿੱਥੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਨੌਕਰੀ ਕਰਦੇ ਰਹੇ ਅਤੇ ਉਨ੍ਹਾਂ ਦਾ ਉਸ ਇਲਾਕੇ ਦੀ ਕਿਸਾਨੀ ਅਤੇ ਕਿਸਾਨੀ ਸਮੱਸਿਆਵਾਂ ਨਾਲ ਸਿੱਧਾ ਵਾਹ ਰਿਹਾ। ਉਨ੍ਹਾਂ ਦੀ ਕਵਿਤਾ ਵਿਚ ਪੰਜਾਬੀ ਬੋਲੀ, ਜਨਮ-ਭੋਇੰ ਅਤੇ ਮਾਦਰੀ ਵਤਨ ਪ੍ਰਤੀ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਬਾਬੂ ਜੀ ਉਨ੍ਹਾਂ ਦੇਸ਼-ਭਗਤਾਂ ਦੀਆਂ ਯਾਦਾਂ ਅੱਗੇ ਹਮੇਸ਼ਾ ਨਤਮਸਤਕ ਰਹਿੰਦੇ ਸਨ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਆਪਣਾ ਤਨ ਮਨ ਧਨ ਅਰਪਿਤ ਕਰ ਦਿੱਤਾ।

ਬਾਬੂ ਰਜਬ ਅਲੀ ਅੰਗਰੇਜ਼ਾਂ ਦੀਆਂ ਚੰਗਿਆਈਆਂ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਤੇ ਅਨੁਸ਼ਾਸਨ ਦੇ ਕਾਇਲ ਤਾਂ ਸਨ ਪਰ ਨਾਲ ਹੀ ਉਹ ਪੰਜਾਬੀ ਯੋਧਿਆਂ, ਬਾਗੀਆਂ, ਬਹਾਦਰਾਂ ਅਤੇ ਦੇਸ਼-ਭਗਤਾਂ ਦੇ ਵੀ ਪੂਰੇ ਸ਼ਰਧਾਲੂ ਸਨ ਜੋ ਉਸ ਸਮੇਂ ਦੀ ਜ਼ਾਲਮ ਸਰਕਾਰ ਦੀ ਨੀਂਦ ਹਰਾਮ ਕਰਦੇ ਰਹਿੰਦੇ ਸਨ। ਬਾਬੂ ਜੀ ਵੱਖ-ਵੱਖ ਪਿੰਡਾਂ ਦੀਆਂ ਚੰਗਿਆਈਆਂ-ਬੁਰਿਆਈਆਂ ਅਤੇ ਉਥੋਂ ਦੇ ਲੋਕਾਂ ਦੇ ਖਾਸੇ ਨੂੰ ਬੜੀ ਸ਼ਿੱਦਤ ਨਾਲ ਨਿਰਖਦੇ-ਪਰਖਦੇ ਸਨ ਅਤੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਬਣਾਉਂਦੇ ਸਨ। ਬਾਬੂ ਜੀ ਨਾ ਸਿਰਫ ਆਪ ਹੀ ਵਧੀਆ ਛੰਦ ਰਚਦੇ ਸਨ ਸਗੋਂ ਆਪਣੇ ਸਮਕਾਲੀ ਕਵੀਸ਼ਰਾਂ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਵੀ ਬਾਖ਼ੂਬੀ ਕਰਦੇ ਸਨ। ਉਹ ਆਪਣੇ ਸਮਕਾਲੀ ਕਵੀਸ਼ਰਾਂ-ਮਾਘੀ ਸਿੰਘ ਗਿੱਲ, ਚੰਦ ਸਿੰਘ ਮਹਿਰਾਜ, ਸ਼ੇਰ ਸਿੰਘ ਸੰਦਲ, ਗੰਗਾ ਸਿੰਘ ਭੂੰਦੜ, ਰਾਮ ਸਿੰਘ ਜੰਗੀਰਾਣਾ, ਜਥੇਦਾਰ ਸੰਪੂਰਨ ਸਿੰਘ ਰਾਮਾ, ਚੰਬਾ ਰਾਮ ਭੋਖੜਾ, ਬੀਰਬਲ ਘਾਲੀ, ਪੰਡਤ ਕਿਸ਼ੋਰ ਚੰਦ ਆਦਿ ਦੀਆਂ ਖ਼ੂਬੀਆਂ ਦੇ ਬਹੁਤ ਕਾਇਲ ਸਨ।

ਧਮਾਲੀ ਖਾਂ ਖਾਂਦਾ-ਪੀਂਦਾ ਕਿਸਾਨ ਹੋਣ ਕਰਕੇ ਉਸ ਨੇ ਆਪਣੇ ਲਾਡਲੇ ਨੂੰ ਚੰਗੀ ਖੁਰਾਕ ਦੇ ਕੇ ਆਪਣੇ ਹਾਣੀਆਂ 'ਚੋਂ ਸਿਰਕੱਢ ਬਣਾਇਆ ਅਤੇ ਨਾਲ ਹੀ ਨਾਲ ਰਜਬ ਅਲੀ ਦੀ ਪੜ੍ਹਾਈ ਦਾ ਵੀ ਵਧੀਆ ਪ੍ਰਬੰਧ ਕੀਤਾ। ਪਿੰਡ ਵਿਚ ਸਕੂਲ ਨਾ ਹੋਣ ਕਰਕੇ ਬਾਬੂ ਜੀ ਨੂੰ ਸ਼ੁਰੂ ਤੋਂ ਹੀ ਪਹਿਲਾਂ ਨੇੜਲੇ ਪਿੰਡ ਬੰਬੀਹੇ ਫਿਰ ਸਰਕਾਰੀ ਹਾਈ ਸਕੂਲ ਮੋਗਾ ਅਤੇ ਬਰਜਿੰਦਰਾ ਹਾਈ ਸਕੂਲ ਫ਼ਰੀਦਕੋਟ ਤੋਂ ਦਸਵੀਂ ਪਾਸ ਕਰਨ ਤੋਂ ਬਾਅਦ ਓਵਰਸੀਅਰ ਦਾ ਡਿਪਲੋਮਾ ਰਸੂਲ ਤੋਂ ਪਾਸ ਕੀਤਾ ਅਤੇ ਨਹਿਰੀ ਮਹਿਕਮੇ ਵਿਚ ਆ ਕੇ ਓਵਰਸੀਅਰ ਲੱਗ ਗਏ। ਬਾਬੂ ਜੀ ਨੇ ਸਰੀਰਕ ਪੱਖੋਂ ਤਕੜੇ ਹੋਣ ਕਰਕੇ ਕਈ ਖੇਡਾਂ ਵਿਚ ਵੀ ਚੰਗੀਆਂ ਪ੍ਰਾਪਤੀਆਂ ਕੀਤੀਆਂ ਜਿਸ ਦਾ ਜ਼ਿਕਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਥਾਂ-ਥਾਂ ਮਿਲਦਾ ਹੈ। ਬਾਬੂ ਜੀ ਦੀ ਬਤੌਰ ਓਵਰਸੀਅਰ ਪਹਿਲੀ ਨਿਯੁਕਤੀ ਬੰਗਲਾ-ਗੁਹਾਟੀ, ਤਹਿਸੀਲ ਮਰਦਾਨ ਜ਼ਿਲਾ ਪਿਸ਼ਾਵਰ ਹੋਈ ਜਿੱਥੇ ਉਨ੍ਹਾਂ ਨੇ ਆਪਣੀ ਪਲੇਠੀ ਰਚਨਾ 'ਹੀਰ ਰਜਬ ਅਲੀ' ਦੀ ਸਿਰਜਣਾ ਕੀਤੀ। ਬੰਗਲਾ ਗੁਹਾਟੀ ਤੋਂ ਬਦਲ ਕੇ ਉਹ ਅਖਾੜਾ ਤਹਿਸੀਲ ਜਗਰਾਓਂ ਅਤੇ ਫਿਰ ਇਕ ਸਾਲ ਲਈ 'ਬਸਰੇ ਦੀ ਲਾਮ' ਉਤੇ ਬਗ਼ਦਾਦ ਨਿਯੁਕਤ ਕਰ ਦਿੱਤੇ ਗਏ। 1917 ਈ. ਤੋਂ ਮਹਾਂਵੱਧਰ, ਮੁਕਤਸਰ, ਢੈਪਈ, ਕੇਰਾ-ਕੋਠੀ, ਰਾਮਪੁਰਾ, ਬਿਸ਼ਨਪੁਰਾ, ਤਿਉਣਾ, ਮਾਹੂਆਣਾ ਅਤੇ ਛਿੱਪਾਂ ਵਾਲੀ ਦੀਆਂ ਨਹਿਰੀ ਕੋਠੀਆਂ ਵਿਚ ਨੌਕਰੀ ਕਰਦੇ ਰਹੇ। 1939 ਵਿਚ ਉਨ੍ਹਾਂ ਦੀ ਬਦਲੀ ਮਾਲਵੇ ਤੋਂ ਦੂਰ ਮੁਜ਼ੱਫ਼ਰਗੜ੍ਹ ਦੇ ਬੰਗਲੇ ਦੀ ਹੋ ਗਈ ਪਰ ਬਾਬੂ ਜੀ ਆਪਣੇ ਸੈਂਕੜੇ ਸ਼ਾਗਿਰਦਾਂ ਤੇ ਸਰੋਤਿਆਂ ਤੋਂ ਦੂਰ ਇਕੱਲਤਾ ਨੂੰ ਸਹਾਰ ਨਾ ਸਕੇ ਅਤੇ 1940 ਵਿਚ ਨੌਕਰੀ ਛੱਡ ਦਿੱਤੀ ਅਤੇ ਪੈਨਸ਼ਨਰ ਹੋ ਕੇ ਕਾਲਾ ਟਿੱਬਾ ਵਿਖੇ ਰਿਹਾਇਸ਼ ਕਰ ਲਈ।

ਦੇਸ਼ ਦੀ 1947 ਵਿਚ ਹੋਈ ਵੰਡ ਨੇ ਬਾਬੂ ਜੀ ਨੂੰ ਵੀ ਆਪਣਾ ਵਤਨ ਛੱਡਣ ਲਈ ਮਜਬੂਰ ਕਰ ਦਿੱਤਾ। ਆਪਣੇ ਪਿਆਰੇ ਵਤਨ, ਪਿਆਰੇ ਮਾਲਵੇ, ਜਨਮ-ਭੂਮੀ ਸਾਹੋਕੇ, ਯਾਰਾਂ ਤੇ ਸ਼ਾਗਿਰਦਾਂ ਨੂੰ ਛੱਡਣ ਦਾ ਜੋ ਦੁੱਖ ਬਾਬੂ ਜੀ ਨੂੰ ਹੋਇਆ, ਉਸ ਦਾ ਅਹਿਸਾਸ ਉਨ੍ਹਾਂ ਕੀਰਨਿਆਂ ਤੋਂ ਹੁੰਦਾ ਹੈ ਜੋ ਉਨ੍ਹਾਂ ਦੀਆਂ 1947 ਤੋਂ ਬਾਅਦ ਰਚੀਆਂ ਰਚਨਾਵਾਂ ਵਿਚੋਂ ਝਲਕਦੇ ਹਨ। ਬਾਬੂ ਜੀ ਦੀਆਂ ਰਚਨਾਵਾਂ ਦੋਹਰਾ, ਦੋਭਾਗ, ਮੁਕੰਦ, ਮਨੋਹਰ ਭਵਾਨੀ, ਡੂਢਾ, ਸੋਲਾਂ ਅੱਖਰਾ, ਦੋਤਾਰਾ, ਬਾਬੂ ਚਾਲ, ਬਹੱਤਰ ਕਲਾ, ਬੈਂਤ, ਡੂਢੀ- ਬੈਂਤ, ਝੋਕ ਕਬਿੱਤ, ਡੂਢਾ ਕਬਿੱਤ, ਤਰਜ, ਗੱਡੀ, ਔਤਾ, ਦਾਇਆ ਛੰਦ, ਤਰਜ ਅਮੋਲਕ ਆਦਿ ਛੰਦਾਂ ਵਿਚ ਹਨ। 'ਬਾਬੂ ਚਾਲ' ਅਤੇ 'ਬਹੱਤਰ ਕਲਾ' ਛੰਦ ਬਾਬੂ ਜੀ ਦੀ ਪਿੰਗਲ ਨੂੰ ਮੌਲਿਕ ਦੇਣ ਹਨ।



ਪਿੰਡ ਸਾਹੋਕੇ ਵਿਖੇ 1965 ਵਿਚ ਬਾਬੂ ਰਜਬ ਅਲੀ ਨੂੰ ਸਨਮਾਨਤ ਕਰਨ ਮੌਕੇ ਉਤਾਰੀ ਤਸਵੀਰ।

ਬਾਬੂ ਜੀ ਦੀਆਂ ਰਚਨਾਵਾਂ ਵਿਚ ਹੀਰ ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਸੋਹਣੀ, ਪੈਂਦ ਦਾ ਮਹੱਲਾ, ਰਮਾਇਣ, ਅਭਿਮੰਨਿਊ ਦਾ ਵਿਆਹ, ਊਖਾਂਵੰਤੀ-ਅਨਿਰੁੱਧ, ਬੈਰਾਟ-ਪਰਬ, ਗਿਆਰੀ ਵਾਲਾ ਪੀਰ, ਹਸਨ-ਹੁਸੈਨ, ਈਸਾ-ਮਸੀਹ ਦੀ ਕਹਾਣੀ, ਜੈਮਲ-ਫ਼ੱਤਾ, ਰਤਨਸੈਨ, ਦੁੱਲਾ ਭੱਟੀ, ਜਾਨੀ ਚੋਰ, ਨਲ-ਦਮਯੰਤੀ, ਸੰਮਣ-ਮੂਸਣ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਬਿਧੀ ਚੰਦ ਦੇ ਦੁਸ਼ਾਲੇ, ਬਿਧੀ ਚੰਦ ਦੇ ਘੋੜੇ, ਜੰਗ ਮਰਾਝ, ਦਸਮੇਸ਼ ਦੌਰਾ, ਜੰਗ ਚਮਕੌਰ, ਸਾਕਾ ਸਰਹੰਦ, ਬੇਦਾਵਾ, ਮਾਈਆਂ ਦਾ ਮਿਲਾਪ-ਵਿਛੋੜਾ, ਭੰਗਾਣੀ ਦਾ ਯੁੱਧ, ਸ਼ਹੀਦੀ ਬਾਬਾ ਦੀਪ ਸਿੰਘ, ਚੰਦੀ-ਭੀਮ ਸਿੰਘ, ਫੇਰੂ ਸ਼ਹਿਰ ਦੀ ਲੜਾਈ, ਜੰਗ ਯੂਰਪ, ਸ਼ਹੀਦ ਭਗਤ ਸਿੰਘ, ਚੀਨ ਦੀ ਲੜਾਈ, ਜਿਉਣਾ ਮੌੜ, ਹਰਫੂਲ ਸਿੰਘ, ਸੁੱਚਾ ਸਿੰਘ ਸੂਰਮਾ, ਗੁਰਨਾਮ ਰਾਊਕੇ, ਰਾਮ ਸਿੰਘ ਡੋਕੂ, ਰਾਮਣ ਘੁਮਿਆਰ, ਹਰਨਾਮ ਕੌਰ ਦੀ ਦਲੇਰੀ, ਡਾਕੂ ਸ਼ਾਮ ਸਿੰਘ, ਬਲਵੀਰ ਅਬੁਲ ਖੁਰਾਣੇ ਵਾਲਾ, ਭਾਈ ਸਾਬੂ ਭੁੰਬੇ ਵਾਲਾ, ਲੱਸੀ ਚਾਹ ਦਾ ਝਗੜਾ, ਲੰਡੇ-ਮੀਣੇ ਦਾ ਝਗੜਾ, ਮੁਕਤਸਰ ਦੀ ਜੰਗ ਅਤੇ ਹੋਰ ਬਹੁਤ ਸਾਰੇ ਫੁਟਕਲ ਛੰਦ ਮੁੱਖ ਹਨ। ਬਾਬੂ ਜੀ ਦੇ ਉਸਤਾਦ ਸ. ਮਾਨ ਸਿੰਘ ਕਾਹਨ ਸਿੰਘ ਵਾਲਾ ਸਨ ਉਨ੍ਹਾਂ ਦਿਨਾਂ ਵਿਚ ਬੜੇ ਹੀ ਮਸ਼ਹੂਰ ਕਵੀਸ਼ਰ ਸਨ। ਉਨ੍ਹਾਂ ਦੀ ਪ੍ਰਸਿੱਧੀ 1898 ਵਿਚ ਪੱਤਲ (ਜੰਞ) ਲਿਖਣ ਕਰਕੇ ਹੋਈ ਸੀ। ਉਨ੍ਹਾਂ ਦੁਆਰਾ ਰਚੀ ਗਈ ਬੋਧਿਕ ਗਰਾਮਰ ਵੀ ਕਾਫ਼ੀ ਪ੍ਰਸਿੱਧ ਸੀ। ਬਾਬੂ ਜੀ ਨੇ ਸ. ਮਾਨ ਸਿੰਘ ਹੁਰਾਂ ਨੂੰ ਚੱਕਾਂ ਵਾਲੀ ਨਹਿਰੀ ਕੋਠੀ ਵਿਖੇ ਗੁਰੂ ਧਾਰਿਆ ਸੀ। ਬਾਬੂ ਜੀ 1929 ਦੇ ਹਾਜੀ ਰਤਨ ਮੇਲੇ ਤੇ ਸ਼੍ਰੋਮਣੀ ਕਵੀਸ਼ਰ ਦੇ ਖ਼ਿਤਾਬ ਨਾਲ ਨਵਾਜੇ ਗਏ ਸਨ। ਇਸ ਸਮੇਂ ਬਾਬੂ ਜੀ ਨੇ ਪਿੰਗਲ ਦੇ ਛੰਦਾਂ ਤੋਂ ਬਾਹਰੀ ਰਚਨਾ ਬਾਬੂ ਚਾਲ ਛੰਦ ਵਿਚ ਰਚ ਕੇ ਸ਼੍ਰੋਮਣੀ ਕਵੀਸ਼ਰ ਦਾ ਖ਼ਿਤਾਬ ਜਿੱਤਿਆ ਸੀ।

ਬਾਬੂ ਜੀ ਦੇ ਜਿਨ੍ਹਾਂ ਸ਼ਾਗਿਰਦਾਂ ਦੇ ਨਾਮ ਬਹੁਤ ਮਸ਼ਹੂਰ ਹੋਏ ਅਤੇ ਜਿਨ੍ਹਾਂ ਦਾ ਜ਼ਿਕਰ ਬਾਬੂ ਜੀ ਨੇ ਆਪਣੇ ਰਚੇ ਮੁਕੰਦ ਛੰਦ ਵਿਚ ਪਾਕਿਸਤਾਨ ਤੋਂ ਭੇਜਿਆ ਹੈ, ਉਨ੍ਹਾਂ ਦੇ ਨਾਵਾਂ ਦੀ ਸੂਚੀ ਬਹੁਤ

## ਸਫ਼ਰ ਜ਼ਿੰਦਗੀ ਦਾ

ਲੰਮੀ ਹੈ: ਜਥੇਦਾਰ ਜਗਮੇਲ ਸਿੰਘ ਲੁਹਾਰਾ (ਬਾਜਕ), ਕਾਲਾ ਸਿੰਘ ਰੁਪਾਣਾ, ਜੋਤੀਦਾਰ ਜੋਤ ਅਤੇ ਭਗਤ ਰਾਮ ਬਠਿੰਡਾ, ਜਾਨਾ ਤੇ ਗਿੱਕੜ ਸ਼ਮੀਰੀਏ, ਸ੍ਰੀਰਾਮ ਬਿਸ਼ਨ ਸਿੰਘ, ਕੇਹਰ ਸਿੰਘ, ਤਿਉਣੇ ਵਾਲੇ ਕੀੜਾ ਸਿੰਘ ਤੇ ਜੀਤ ਸਿੰਘ, ਬੰਗੀ ਦੇ ਮੱਘਰ ਸਿੰਘ, ਪ੍ਰੀਤਮ ਸਿੰਘ, ਕਾਕਾ ਤੇ ਭਗਤ ਚੰਦ, ਹਰਦਾਸਿਆਂ ਦੇ ਪਰਾਣਾ ਤੇ ਬਚਿੱਤਰ ਸਿੰਘ, ਯੂਸਫ ਤੇ ਮੋਹਰ ਅਲੀ, ਬਘੇਲੇ ਵਾਲੇ ਦੇ ਚਾਨਣ ਤੋਂ ਕਰਤਾਰ ਸਿੰਘ, ਬੁੱਗਾ, ਜਗੀਰ ਸਿੰਘ, ਗਮਦੂਰ ਸਿੰਘ, ਹਜ਼ੂਰਾ ਸਿੰਘ ਆਲਮ ਵਾਲਾ, ਗੁਰਦਿਆਲ ਸਿੰਘ, ਬਚਨ ਸਿੰਘ, ਚੁੱਘੇ ਦੇ ਗੁਰਬਖ਼ਸ਼ ਸਿੰਘ ਤੇ ਅਜੀਤ ਸਿੰਘ, ਸ਼ੇਰ ਖਾਂ, ਸਰਾਜ ਤੇ ਪਠਾਣਾ, ਘੁੰਗਰੂ ਤੇ ਭਾਂਜਰ, ਮਸੀਤਾਂ ਦਾ ਮਿੱਤੂ, ਚੱਕ ਦੇਸੂ ਦਾ ਬਖ਼ਸ਼ੀ, ਖੁਸ਼ੀਆ, ਸਾਹਿਬ ਚੰਦ, ਇਸਮਾਈਲ ਤੇ ਚਰਾਗ, ਠਾਣਾ ਸਿੰਘ ਸਾਹੋਕੇ, ਦਲੀਪ ਸਿੰਘ, ਬਸੰਤ ਸਿੰਘ, ਮੁਖਤਿਆਰ ਸਿੰਘ ਤੇ ਰੁਲਦੂ ਸਿੰਘ ਸਾਹੋਕੇ, ਚੰਨਣ ਸਿੰਘ, ਨਰੋਤਮ ਦਾਸ ਮੱਲਕੇ, ਜੋਗਿੰਦਰ ਸਿੰਘ ਰਣ ਸਿੰਘ ਵਾਲਾ, ਨਾਜਰ ਸਿੰਘ ਗਿੱਦੜਬਾਹਾ, ਹਰਨਾਮ ਸਿੰਘ, ਫਤਹਿ ਖਾਂ - ਅਜ਼ੀਜ਼ ਖਾਂ ਬਠਿੰਡੇ ਵਾਲੇ, ਹੰਸਾ ਸਿੰਘ ਬਰਾੜ ਮਾਹਣੀਖੇੜਾ, ਰਤਨ ਸਿੰਘ ਮਲੂਕਾ,ਗਿਆਨੀ ਗੁਰਚਰਨ ਸਿੰਘ, ਬਸੰਤ ਸਿੰਘ ਪਟਵਾਰੀ ਜੰਡਵਾਲਾ, ਭਗਤ ਰਾਮ ਭਗਤ, ਕਰਮ ਚੰਦ ਰਾਮਾ ਮੰਡੀ, ਭਗਤ ਸਿੰਘ, ਤਖ਼ਤ ਮੱਲ, ਕਰਤਾਰ ਸਿੰਘ ਭਾਰੂ, ਲੱਖਾ ਸਿੰਘ ਮੌੜ, ਬੰਤ ਸਿੰਘ ਸਰਦੂਲਗੜ੍ਹ, ਗੁਰਬਚਨ ਸਿੰਘ ਲਾਲਬਾਈ, ਬੀਰਬਲ ਸਿੰਘ ਮਸੀਤਾਂ, ਕਾਲਾ ਸਿੰਘ ਰੁਪਾਣਾ, ਰਾਮਣ ਤੇ ਰਾਮ ਚੰਦ ਲੁਹਾਰੇ ਵਾਲੇ, ਮੱਘਰ ਸਿੰਘ-ਸੁਰਜੀਤ ਸਿੰਘ ਮਲੂਕਾ, ਪੂਰਨ ਸਿੰਘ ਰਿਊਂਦ, ਕਾਲੂ ਮੇਟ, ਮਹਿਲ ਸਿੰਘ ਰਣਸਿੰਘ ਵਾਲਾ, ਬਚਿੱਤਰ ਸਿੰਘ, ਅਮਰਜੀਤ ਸਿੰਘ, ਗੁਰਨੇਕ ਸਿੰਘ, ਗੁਰਦੇਵ ਸਿੰਘ ਸਾਹੋਕੇ, ਹਰਬੰਸ ਸਿੰਘ ਅਤੇ ਗੁਰਮੀਤ ਸਿੰਘ ਪੁੱਤਰ ਰੁਲਦੂ ਸਿੰਘ ਆਦਿ ਹਨ। ਬਾਬੂ ਜੀ ਦੀ ਰਚਨਾ ਨੂੰ ਇਕੱਠਾ ਕਰਕੇ ਸੰਭਾਲਣ ਅਤੇ ਫਿਰ ਉਸ ਨੂੰ ਕਿਤਾਬੀ ਰੂਪ ਦੇਣ ਲਈ ਜਥੇਦਾਰ ਜਗਮੇਲ ਸਿੰਘ ਬਾਜਕ ਨੇ ਅਣਥੱਕ ਮਿਹਨਤ ਕਰਦਿਆਂ ਆਪਣਾ ਸਾਰਾ ਜੀਵਨ ਬਾਬੂ ਜੀ ਦੀ ਕਵੀਸ਼ਰੀ ਦੇ ਲੇਖੇ ਲਾਇਆ ਹੈ।

ਬਾਬੂ ਜੀ ਦੇ ਅੰਤਲੇ ਸਮੇਂ ਉਨ੍ਹਾਂ ਦੀ ਸੇਵਾ ਸੰਭਾਲ ਕਰਨ ਵਾਲਾ ਉਨ੍ਹਾਂ ਦਾ ਚੇਲਾ ਅਲੀ ਨਵਾਜ ਪੁੱਤਰ ਚੰਨਣ ਖਾਂ ਏਧਰੋਂ ਪਿੰਡ ਰੂੰਮੀ, ਤਹਿਸੀਲ ਜਗਰਾਓਂ ਦਾ ਸੀ, ਜਿਸ ਨੇ ਪੰਜਾਬੀ ਕਵੀਸ਼ਰੀ ਦੇ ਇਸ ਸ਼ਾਹ-ਅਸਵਾਰ ਨੂੰ 6 ਜੂਨ, 1979 ਦੇ ਦਿਹਾੜੇ ਸਦਾ ਸਦਾ ਲਈ ਵਿਦਾਅ ਕੀਤਾ।

# ਸੁਨਹਿਰੀ ਸਿਧਾਂਤ ਗਹਿਣੇ ਰਖ ਕੇ ਰਖੀ ਨਵਾਬੀ ਦੀ ਝਾਕ

## ਤੁਹਾਡੀ ਰਾਏ

ਮੇਰੇ ਇੱਕ ਲੇਖ 'ਪੰਚ ਪ੍ਰਧਾਨੀ ਦਾ ਨਾਪਾਕ ਗੱਠਜੋੜ' ਦਾ ਜਸਪਾਲ ਸਿੰਘ ਮੰਝਪੁਰ ਵੱਲੋਂ ਇੱਕ ਸਮਕਾਲੀ ਅਖਬਾਰ ਵਿਚ ਜਵਾਬ ਆਇਆ ਹੈ। ਇਸ ਲੇਖ ਬਾਰੇ ਫੇਸਬੁਕ ਉਤੇ ਚੱਲੀ ਚਰਚਾ ਵਿਚ ਉਨ੍ਹਾਂ ਮੇਰੇ ਬਾਰੇ ਕਿਹਾ ਕਿ ਜੇ ਮੈਨੂੰ ਪਤਾ ਹੁੰਦਾ ਕਿ ਤੁਸੀਂ ਗੁਰੂ ਤੋਂ ਬੇਮੁੱਖ ਹੋ (ਭਾਵ ਕੇਸ ਨਹੀਂ ਰੱਖੇ) ਤਾਂ ਮੈਂ ਕਦੇ ਵੀ ਚਰਚਾ ਸ਼ੁਰੂ ਨਾ ਕਰਦਾ। ਮੇਰਾ ਜਵਾਬ ਸੀ, ਇਸ ਹਿਸਾਬ ਨਾਲ ਤਾਂ ਤੁਹਾਡੀ ਨਜ਼ਰ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਕੇ ਪੀ ਐਸ ਗਿੱਲ 'ਗੁਰਮੁੱਖ' ਹੀ ਹੋਏ! ਉਨ੍ਹਾਂ ਦੀ ਇਸ 'ਵੱਡਮੁੱਲੀ ਪਹੁੰਚ' ਸਦਕਾ ਇਹ ਵਿਚਾਰ ਚਰਚਾ ਉਥੇ ਹੀ ਬੰਦ ਕਰਨੀ ਪਈ ਪਰ ਪਤਾ ਨਹੀਂ ਫਿਰ ਵੀ ਉਨ੍ਹਾਂ ਨੇ ਆਪਣਾ ਪ੍ਰਤੀਕਰਮ ਉਸ ਅਖਬਾਰ ਵਿਚ ਹੀ ਛਪਵਾਉਣਾ ਕਿਉਂ ਜ਼ਰੂਰੀ ਸਮਝਿਆ ਜਿਸਦਾ ਸੰਪਾਦਕ ਬਾਹਰੀ ਰੂਪ ਵਿਚ ਮੇਰੇ ਵਰਗਾ ਹੀ ਹੈ (ਜਿਸਦਾ ਘੱਟੋ ਘੱਟ ਮੈਨੂੰ ਕੋਈ ਇਤਰਾਜ਼ ਨਹੀਂ)। ਸ਼ਾਇਦ ਮੰਝਪੁਰ ਦਾ ਇਹ ਇਤਰਾਜ਼ ਸਿਰਫ ਵਿਰੋਧੀ ਵਿਚਾਰਾਂ ਵਾਲਿਆਂ ਲਈ 'ਰਾਖਵਾਂ' ਹੈ।

ਖੈਰ, ਉਨ੍ਹਾਂ ਨੇ ਪੰਚ ਪ੍ਰਧਾਨੀ ਦੇ ਗੱਠਜੋੜ ਨੂੰ ਨਾਪਾਕ ਕਹਿਣ ਵਾਲਿਆਂ ਨੂੰ ਕੁਝ ਸਿੱਧੇ ਸਵਾਲ ਕੀਤੇ ਹਨ ਜਿਨ੍ਹਾਂ ਦਾ ਜਵਾਬ ਦੇਣਾ ਬਣਦਾ ਹੈ। ਮੈਂ ਇੱਕ ਗੱਲ ਜਰੂਰ ਸ਼ਪੱਸ਼ਟ ਕਰਨੀ ਚਾਹਾਂਗਾ ਕਿ ਪੰਥ ਦੀ ਚੜ੍ਹਦੀ ਕਲਾ ਜਾਂ ਅਜ਼ਾਦੀ ਲਈ ਜੂਝ ਰਹੀਆਂ ਸਭ ਜਥੇਬੰਦੀਆਂ ਦੀ ਮੈਂ ਦਿਲੋਂ ਕਦਰ ਕਰਦਾ ਹਾਂ। ਪੰਚ ਪ੍ਰਧਾਨੀ, ਮਾਨ ਦਲ ਜਾਂ ਹੋਰ ਪੰਥਕ ਜਥੇਬੰਦੀਆਂ ਦੀਆਂ ਕੁਰਬਾਨੀਆਂ ਜਾਂ ਘਾਲਣਾਵਾਂ ਦਾ ਮੈਨੂੰ ਪੂਰਾ ਅਹਿਸਾਸ ਹੈ ਅਤੇ ਇਨ੍ਹਾਂ ਅੱਗੇ ਸਿਰ ਝੁਕਦਾ ਹੈ। ਨਾ ਤਾਂ ਪੰਚ ਪ੍ਰਧਾਨੀ ਅਤੇ ਮਾਨ ਦਲ ਵਿਚਾਲੇ ਚਲ ਰਹੇ ਵਾਦ ਵਿਵਾਦ ਨਾਲ ਮੇਰਾ ਕੋਈ ਲੈਣਾ ਦੇਣਾ ਹੈ ਅਤੇ ਨਾ ਹੀ ਮੈਂ ਕਿਸੇ ਨਿੱਜੀ ਰੰਜਸ਼ ਜਾਂ ਗੁਰਪਬਾਜ਼ੀ ਕਰਕੇ ਲਿਖ ਰਿਹਾ ਹਾਂ। ਪੰਥਕ ਜਥੇਬੰਦੀਆਂ ਤੋਂ ਮੈਂ ਹਮੇਸ਼ਾਂ ਹੀ ਪੰਥ ਦੀ ਚੜ੍ਹਦੀ ਕਲਾ ਦੇ ਪ੍ਰੋਗਰਾਮਾਂ ਦੀ ਆਸ ਕਰਦਾ ਹਾਂ ਅਤੇ ਜਦੋਂ ਕੋਈ ਰਤਾ ਕੁ ਵੀ ਹੇਠਾਂ ਡਿੱਗਣ ਵਾਲੀ ਗੱਲ ਕਰਦਾ ਹੈ ਤਾਂ ਮਨ ਦੁਖੀ ਹੁੰਦਾ ਹੈ। ਮੇਰਾ ਇਹ ਲੇਖ, ਪੰਥ ਦੇ ਇੱਕ ਨਿਮਾਣੇ ਸੇਵਕ ਦੀ ਦਿਲੀ ਵੇਦਨਾ ਹੀ ਸਮਝਿਆ ਜਾਵੇ।

ਜਸਪਾਲ ਸਿੰਘ ਪੁਛਦੇ ਹਨ, "ਸਭ ਇਹ ਕਿਉਂ ਕਹਿੰਦੇ ਹਨ ਕਿ ਪੰਚ ਪ੍ਰਧਾਨੀ ਵਾਲੇ ਜਦੋਂ ਦੂਜਿਆਂ ਨਾਲ ਰਲ ਗਏ ਤਾਂ ਉਹ ਮਾੜੇ ਹੋ ਜਾਣਗੇ? ਕੀ ਇਹ ਯਕੀਨ ਹੈ ਕਿ ਪੰਚ ਪ੍ਰਧਾਨੀ ਉਤੇ ਹੀ ਦੂਜਿਆਂ ਦਾ ਅਸਰ ਹੋਣਾ ਹੈ, ਕੀ ਪੰਚ ਪ੍ਰਧਾਨੀ ਵਾਲਿਆਂ ਦਾ ਦੂਜਿਆਂ 'ਤੇ ਅਸਰ ਨਹੀਂ ਹੋ ਸਕਦਾ?" ਜੇ ਮੰਝਪੁਰ ਦੀ ਇਸ ਗੱਲ ਦਾ ਇਹ ਮਤਲਬ ਹੈ ਕਿ ਬਰਨਾਲਾ ਅਤੇ ਰਵੀਇੰਦਰ ਵਰਗੇ ਬੰਦੇ ਪੰਚ ਪ੍ਰਧਾਨੀ ਵਿਚਾਰਧਾਰਾ ਦਾ 'ਅਸਰ' ਕਬੂਲ ਕੇ ਖਾਲਿਸਤਾਨੀ ਬਣ ਜਾਣਗੇ ਤਾਂ ਇਸ ਨੂੰ ਸਿੱਖ ਸਿਆਸਤ ਦਾ ਅੱਜ ਤੱਕ ਦਾ ਸਭ ਤੋਂ ਵੱਡਾ ਲਤੀਫ਼ਾ ਕਿਹਾ ਜਾ ਸਕਦਾ ਹੈ। ਜੇ ਇਨ੍ਹਾਂ ਨੇ ਖਾਲਿਸਤਾਨੀ ਬਣਨਾ ਹੁੰਦਾ ਤਾਂ ਏਨੀਆਂ ਗੱਦਾਰੀਆਂ ਹੀ ਕਿਉਂ ਕਰਦੇ? ਬੀਬੀ ਬਰਨਾਲਾ ਤਾਂ ਕਹਿ ਰਹੀ ਹੈ ਕਿ ਸਾਡੇ ਗੱਠਜੋੜ ਵਿਚ ਖਾਲਿਸਤਾਨ ਦੀ ਵਿਚਾਰਧਾਰਾ ਤਿਆਗ ਕੇ ਹੀ ਸ਼ਾਮਲ ਹੋਇਆ ਜਾ ਸਕਦਾ ਹੈ। ਅਖੇ ਉਹ ਫਿਰੇ ਨੱਥ ਘੜਾਉਣ ਨੂੰ ਅਤੇ ਉਹ ਫਿਰੇ ਨੱਕ ਵਢਾਉਣ ਨੂੰ।

ਅੱਗੇ ਜਾ ਕੇ ਮੰਝਪੁਰ ਪੁੱਛਦੇ ਹਨ ਕਿ "ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵੇਲੇ ਮਾਨ ਪੰਥਕ ਮੋਰਚੇ ਵਿਚ ਸ਼ਾਮਲ ਸੀ ਪਰ ਕੀ ਉਦੋਂ ਇਹ ਸਭ ਠੀਕ ਸਨ। 1994 ਵਿਚ ਮਾਨ ਨੇ ਬਰਨਾਲੇ, ਕੈਪਟਨ, ਟੌਹੜੇ, ਤਲਵੰਡੀ, ਮਨਜੀਤ ਸਿੰਘ ਦੀ ਅਗਵਾਈ ਕੀਤੀ, ਕੀ ਇਹ ਉਦੋਂ ਠੀਕ ਸਨ?"

ਮੰਝਪੁਰ ਜੀ ਉਦੋਂ ਬੀਬੀ ਬਰਨਾਲੇ ਦੇ ਬਿਆਨ ਵਰਗੀ ਕੋਈ ਸਥਿਤੀ ਪੈਦਾ ਨਹੀਂ ਹੋਈ ਸੀ। ਬਾਕੀ ਤੁਸੀਂ ਆਪ ਹੀ ਤਾਂ ਮੰਨ ਰਹੇ ਹੋ ਕਿ 1994 ਵਿਚ ਮਾਨ ਨੇ ਇਨ੍ਹਾਂ ਦੀ 'ਅਗਵਾਈ' ਕੀਤੀ ਸੀ ਨਾ ਕਿ ਇਨ੍ਹਾਂ ਦੀਆਂ ਸ਼ਰਤਾਂ ਮੰਨ ਕੇ ਇਨ੍ਹਾਂ ਦੀ ਅਗਵਾਈ ਕਬੂਲੀ ਸੀ। ਅੰਮ੍ਰਿਤਸਰ ਐਲਾਨਨਾਮੇ 'ਤੇ ਇਨ੍ਹਾਂ ਦੇ ਦਸਤਖ਼ਤ ਹੋਣੇ ਇਸ ਦੀ ਗਵਾਹੀ ਭਰਦੇ ਹਨ। ਅਕਾਲ ਤਖ਼ਤ 'ਤੇ ਸਹੁੰਆਂ ਖਾ ਕੇ ਮੁਕਰਨ ਵਾਲੇ ਹੁਣ 'ਪੰਥਕ' ਬਣ ਕੇ ਕੌਮ ਦੀ ਅਗਵਾਈ ਕਰਨੀ ਚਾਹੁੰਦੇ ਹਨ। ਜੇ ਇਨ੍ਹਾਂ ਗੱਲਾਂ ਨੂੰ ਛੱਡ ਕੇ ਮਾਨ ਨੂੰ ਇਸ ਮੁੱਦੇ 'ਤੇ ਗਲਤ ਵੀ ਮੰਨ ਲਈਏ ਤਾਂ ਕੀ ਮਾਨ ਸਾਡਾ ਆਦਰਸ਼ ਹੈ ਜਾਂ ਸਾਡੇ ਸਿਧਾਂਤ? ਜਸਪਾਲ ਸਿੰਘ ਦੇ ਹੀ ਇੱਕ ਹੋਰ ਲੇਖ ਦੀਆਂ ਇਹ ਸਤਰਾਂ ਇਸ ਸਬੰਧ ਵਿਚ ਬਹੁਤ ਢੁੱਕਵੀਆਂ ਹਨ ਕਿ "ਉਹ ਸਾਡੇ ਅਧਿਆਪਕ ਨਹੀਂ ਹਨ ਕਿ ਅਸੀਂ ਉਨ੍ਹਾਂ ਤੋਂ ਸਿੱਖੀਏ।" ਅਸਲ ਵਿਚ ਇਨ੍ਹਾਂ ਦੇ ਲੇਖ ਦਾ ਸਿਰਲੇਖ 'ਹਮ ਨੀਚਨ ਕੀ ਰੀਸ ਨਾਹਿ' ਹੀ ਇਸ ਦਾ ਜਵਾਬ ਹੈ।

ਬੀਬੀ ਬਰਨਾਲਾ ਦੇ ਬਿਆਨ ਬਾਰੇ ਜਸਪਾਲ ਸਿੰਘ ਲਿਖਦੇ ਹਨ, "ਕੋਈ ਆਪਣੇ ਪਾਰਟੀ ਪੱਧਰ ਉਤੇ ਜੋ ਮਰਜ਼ੀ ਬਿਆਨ ਦੇਈ ਜਾਵੇ, ਹਰ ਇਕ ਦਾ ਜਵਾਬ ਦੇਣਾ ਸਾਡੇ ਲਈ ਜ਼ਰੂਰੀ ਨਹੀਂ ਹੈ।" ਉਹ ਪਤਾ ਨਹੀਂ ਕਿਉਂ ਭੁੱਲ ਰਹੇ ਹਨ ਕਿ ਬੀਬੀ ਬਰਨਾਲਾ ਦਾ ਬਿਆਨ ਆਪਣੀ ਪਾਰਟੀ ਬਾਰੇ ਨਹੀਂ ਸਗੋਂ ਪੰਥਕ ਮੋਰਚੇ ਦੀ 'ਸਿਧਾਂਤਕ ਏਕਤਾ' ਬਾਰੇ ਹੈ। ਜਿਹੜੇ ਸੱਜਣ ਇਹ ਕਹਿੰਦੇ ਹਨ ਕਿ ਇਹ ਸਮਝੌਤਾ ਸਿਰਫ਼ ਧਾਰਮਿਕ ਖੇਤਰ ਤੱਕ ਹੀ ਸੀਮਤ ਹੈ, ਕੀ ਉਹ ਇਹ ਦੱਸਣ ਦੀ ਖੇਚਲ ਕਰਨਗੇ ਕਿ ਸਿੱਖੀ ਵਿਚ ਧਰਮ ਅਤੇ ਸਿਆਸਤ ਵੱਖ ਵੱਖ ਹਨ ਜਾਂ ਇਕੱਠੇ? ਕੀ ਮੀਰੀ-ਪੀਰੀ ਦੇ ਸਿਧਾਂਤ ਦੀ ਇਹ ਵਿਆਖਿਆ ਹੈ ਕਿ ਜਦੋਂ ਮਰਜੀ ਧਾਰਮੀ ਅਤੇ ਜਦੋਂ ਮਰਜੀ ਸਿਆਸੀ ਬਣ ਜਾਉ? ਸਿੱਖੀ ਵਿਰੋਧੀ ਲਾਬੀ ਨੇ ਇਨ੍ਹਾਂ ਚੋਣਾਂ ਵਿਚ ਘੱਟੋ ਘੱਟ ਦੋ ਪ੍ਰਮੁੱਖ ਪੰਥਕ ਜਥੇਬੰਦੀਆਂ (ਪੰਚ ਪ੍ਰਧਾਨੀ ਤੇ ਦਮਦਮੀ ਟਕਸਾਲ-ਧੁੰਮਾ) ਤੋਂ ਸਿੱਖਾਂ ਦੀ ਮੀਰੀ ਪੀਰੀ ਦੇ ਵੱਖ ਵੱਖ ਹੋਣ 'ਤੇ ਮੋਹਰ ਲਵਾ ਲਈ ਹੈ। ਇਹ ਉਨ੍ਹਾਂ ਦਾ ਹਾਸਲ ਹੈ ਹੁਣ ਭਾਵੇਂ ਕੋਈ ਮੂਰਤੀ ਕੁਰਸੀ 'ਤੇ ਬੈਠ ਜਾਵੇ ਕੀ ਫ਼ਰਕ ਪੈਂਦਾ ਹੈ।

ਚੰਦ ਸ਼੍ਰੋਮਣੀ ਕਮੇਟੀ ਸੀਟਾਂ ਲਈ ਮੀਰੀ ਪੀਰੀ ਵਰਗੇ ਸੁਨਹਿਰੀ ਸਿਧਾਂਤ ਗਹਿਣੇ ਰੱਖ ਕੇ ਇਨ੍ਹਾਂ ਨੇ ਪਤਾ ਨਹੀਂ ਕਿਹੜੀ 'ਨਵਾਬੀ' ਲੈ ਲਈ ਹੈ? ਆਪਣੇ ਗੈਰ ਸਿਧਾਂਤਕ ਸਮਝੌਤੇ ਨੂੰ ਮੀਰ ਮੰਨੂੰ ਨਾਲ ਹੋਏ ਸਮਝੌਤੇ ਨਾਲ ਤੁਲਨਾ ਦੇਣ ਤੋਂ ਪਹਿਲਾਂ ਕੌਮ ਨੂੰ ਇਹ ਤਾਂ ਦੱਸਿਆ ਜਾਵੇ ਕਿ ਇਸ ਜੁੰਡਲੀ ਵਿਚੋਂ 'ਮੀਰ ਮੰਨੂੰ' ਕਿਹੜਾ ਹੈ ਅਤੇ ਤੁਸੀਂ ਕਿਹੜੀਆਂ ਸ਼ਰਤਾਂ ਮੰਨਵਾਈਆਂ ਹਨ। ਇਤਿਹਾਸ ਨੂੰ ਪੁੱਠਾ ਗੇੜਾ ਦੇਣ ਤੋਂ ਪਹਿਲਾਂ ਜੇ ਸ. ਮੰਝਪੁਰ ਮੀਰ ਮੰਨੂੰ ਜਾਂ ਨਵਾਬ ਕਪੂਰ ਸਿੰਘ ਦੇ ਵੇਲੇ ਦਾ ਖਾਲਸੇ ਦਾ ਇਤਿਹਾਸ ਪੜ੍ਹ ਲੈਂਦੇ ਕਿ ਕਿਵੇਂ ਸਿੰਘਾਂ ਨੇ ਸਰਕਾਰ ਦੀ ਨਾਸੀਂ ਧੂੰਆਂ ਲਿਆਂਦਾ ਸੀ ਅਤੇ ਕਿਵੇਂ ਉਨ੍ਹਾਂ ਸ਼ਰਤਾਂ ਮੰਨਵਾ ਕੇ ਸਮਝੌਤਾ ਕੀਤਾ ਸੀ ਤਾਂ ਉਹ ਇਹ ਹਵਾਲਾ ਨਾ ਦਿੰਦੇ। ਅੱਜ ਅਸੀਂ ਇਥੇ ਖੜ੍ਹੇ ਹਾਂ ਕਿ ਬੀਬੀ ਬਰਨਾਲਾ ਵਰਗੀ ਨਿਗੂਣੀ ਹਸਤੀ ਸਾਡੀ ਵਿਚਾਰਧਾਰਾ ਨੂੰ ਅੱਖਾਂ ਵਿਖਾ ਰਹੀ ਹੈ ਅਤੇ ਅਸੀਂ ਘੂਈ ਮਾਰ ਕੇ ਬੈਠੇ ਹਾਂ ਕਿ ਇਹ ਕਿਸੇ ਹੋਰ ਨੂੰ ਕਹਿ ਰਹੀ ਹੈ। ਸਾਡਾ ਇਸ ਨਾਲ ਕੋਈ ਲਾਗਾ-ਦੇਗਾ ਨਹੀਂ। ਅਜਿਹੇ ਹਾਲਾਤ ਵਿਚ ਕਿਹੋ ਜਿਹਾ ਸਮਝੌਤਾ ਹੋਇਆ ਹੋਵੇਗਾ, ਸਮਝਣਾ ਔਖਾ ਨਹੀਂ।

ਸ. ਮੰਝਪੁਰ ਲਿਖਦੇ ਹਨ, "ਸਿਰਦਾਰ ਕਪੂਰ ਸਿੰਘ ਜਦੋਂ ਅਕਾਲੀ ਦਲ ਦੀ ਟਿਕਟ ਤੋਂ ਚੋਣਾਂ ਲੜ੍ਹੇ ਸਨ ਤਾਂ ਉਦੋਂ ਅਕਾਲੀ ਦਲ ਦਾ ਗਠਜੋੜ ਜਨ ਸੰਘ (ਹੁਣ ਭਾਜਪਾ) ਨਾਲ ਸੀ ਤਾਂ ਸਿਰਦਾਰ ਸਾਬ੍ਹ ਨੇ ਕਿਹਾ ਸੀ ਕਿ ਇਹ ਕੇਵਲ ਵੋਟ ਰਾਜਨੀਤੀ ਤਹਿਤ ਗਠਜੋੜ ਹੈ, ਸੀਟਾਂ ਦੀ ਲੈਣ-ਦੇਣ, ਇਹ ਸਿਧਾਂਤਾਂ ਦਾ ਲੈਣ-ਦੇਣ ਨਹੀਂ, ਅਸੀਂ ਜਨ ਸੰਘ ਨੂੰ ਕੁਝ ਸੀਟਾਂ ਛੱਡ ਰਹੇ ਹਾਂ, ਆਪਣੇ ਸਿਧਾਂਤ ਨਹੀਂ। ਅਤੇ ਇਹੀ ਗੱਲ ਪੰਚ ਪ੍ਰਧਾਨੀ ਦੀ ਹੈ।" ਇਥੇ 'ਕੁਝ' ਅਤੇ 'ਛੱਡ' ਸ਼ਬਦ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਪੁੱਛਣਾ ਚਾਹਾਂਗੇ ਕਿ ਪੰਚ ਪ੍ਰਧਾਨੀ ਦੇ ਝੁੱਗੇ ਵਿਚ ਕਿੰਨੀਆਂ ਸੀਟਾਂ ਪਈਆਂ ਹਨ? ਅਤੇ ਸ਼ਪੱਸ਼ਟ ਕੀਤਾ ਜਾਵੇ ਕਿ ਕੋਈ ਸਿਧਾਂਤ ਤਾਂ ਨਹੀਂ ਛੱਡਿਆ ਗਿਆ? ਕੀ ਇਹ ਸਮਝ ਲਿਆ ਜਾਵੇ ਕਿ ਪੰਚ ਪ੍ਰਧਾਨੀ ਭਵਿੱਖ ਵਿਚ ਭਾਜਪਾ ਨਾਲ ਵੀ ਚੋਣ ਸਮਝੌਤਾ ਕਰ ਸਕਦੀ ਹੈ?

ਕੀ ਕਦੇ ਕਿਸੇ ਨੇ ਸੋਚਿਆ ਸੀ ਕਿ ਖਾੜਕੂ ਲਹਿਰ ਦੇ ਮੋਢੀ ਰਹੇ ਭਾਈ ਦਲਜੀਤ ਸਿੰਘ ਬਿੱਟੂ ਦੀ ਪਾਰਟੀ ਕਿਸੇ ਦਿਨ ਖਾੜਕੂਆਂ ਦਾ ਸ਼ਿਕਾਰ ਖੇਡਣ ਵਾਲੇ ਬਰਨਾਲੇ ਦੀ ਪਾਰਟੀ ਨਾਲ ਆਪਣੀ ਵਿਚਾਰਧਾਰਾ ਗਿਰਵੀ ਰੱਖਕੇ ਫੋਟੋ ਸੈਸ਼ਨ ਕਰੇਗੀ। ਕਿਹੋ ਜਿਹਾ 'ਗਰੇਸਫੁੱਲ ਦ੍ਰਿਸ਼' ਸਿਰਜਿਆ ਹੈ ਕੌਮ ਦੇ ਜਰਨੈਲਾਂ ਨੇ। ਅੱਜ ਅਸੀਂ ਸ਼ਾਇਦ ਇਸਨੂੰ ਮਹਿਸੂਸ ਕਰਨ ਦੀ ਸਮਰੱਥਾ ਵੀ ਨਹੀਂ ਰੱਖਦੇ ਪਰ ਇਤਿਹਾਸ ਇਸਨੂੰ ਹਮੇਸ਼ਾ ਯਾਦ ਰੱਖੇਗਾ।

*-ਜਸਵੰਤ ਸਿੰਘ ਸ਼ਾਦ, ਸਟਾਕਟਨ*

ਕਹਾਣੀ

# ਹਨੇਰੇ 'ਚ ਸੁਗੰਧ

***ਭਾਰਤ ਦੇ ਕੇਂਦਰੀ ਕਬਾਇਲੀ ਖੇਤਰਾਂ ਅੰਦਰ ਚੱਲ ਰਿਹਾ ਨਕਸਲੀ ਅੰਦੋਲਨ ਅੱਜ ਕੱਲ੍ਹ ਪੂਰੀ ਦੁਨੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੈਗਾਸਾਸੇ ਐਵਾਰਡ ਜੇਤੂ ਉਘੀ ਭਾਰਤੀ ਲੇਖਕ ਅਰੁੰਧਤੀ ਰਾਏ ਨੇ ਸਦੀਆਂ ਤੋਂ ਦੱਬੇ ਕੁਚਲੇ ਅਤੇ ਸਤਾਏ ਹੋਏ ਅਤਿ ਗਰੀਬ ਕਬਾਇਲੀ ਲੋਕਾਂ ਦੇ ਹੱਕ ਵਿਚ ਸ਼ਰ੍ਹੇਆਮ ਸਟੈਂਡ ਲੈ ਕੇ ਇਸ ਨੂੰ ਕੌਮੀ ਰਾਜਨੀਤਕ ਪ੍ਰਵਚਨ ਦੇ ਕੇਂਦਰ ਵਿਚ ਲੈ ਆਂਦਾ ਹੈ। ਇਸ ਵਿਵਾਦਪੂਰਨ ਅੰਦੋਲਨ ਦੀਆਂ ਜੜ੍ਹਾਂ ਤਲਾਸ਼ਣ ਦੀ ਕੋਸ਼ਿਸ਼ ਵਜੋਂ ਰੀਵਾ ਜ਼ਿਲ੍ਹੇ ਨਾਲ ਸਬੰਧਤ ਉਘੇ ਹਿੰਦੀ ਲੇਖਕ ਕੈਲਾਸ਼ ਚੰਦਰ ਨੇ 'ਜੰਗਲ ਵਿਚ ਸੁਗੰਧ' ਨਾਂ ਦੀ ਇਸ ਜ਼ੋਰਦਾਰ ਕਹਾਣੀ ਦੀ ਰਚਨਾ ਕੀਤੀ ਹੈ। ਪੰਜਾਬੀ ਰਸਾਲੇ 'ਕਹਾਣੀ ਪੰਜਾਬ' ਦੇ ਆਨਰੇਰੀ ਸੰਪਾਦਕ ਡਾ. ਕਰਾਂਤੀਪਾਲ ਦੇ ਸਹਿਯੋਗ ਨਾਲ ਅਸੀਂ ਇਹ ਕਹਾਣੀ ਸ੍ਰੀ ਮਹਿੰਦਰ ਸਿੰਘ ਬੇਦੀ (ਫੋਨ 94177-30600) ਕੋਲੋਂ ਤਰਜਮਾ ਕਰਵਾ ਕੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਚੇਚੇ ਤੌਰ 'ਤੇ ਪ੍ਰਕਾਸ਼ਿਤ ਕਰ ਰਹੇ ਹਾਂ। ਪਿੱਛੇ ਜਿਹੇ 'ਵਰਤਮਾਨ ਸਾਹਿਤਯ' ਨਾਂ ਦੇ ਅਦਾਰੇ ਵੱਲੋਂ ਕਰਵਾਏ ਗਏ 'ਕਮਲੇਸ਼ਵਰ ਕਹਾਣੀ ਮੁਕਾਬਲੇ' ਵਿਚ ਇਹ ਕਹਾਣੀ ਪਹਿਲਾ ਸਥਾਨ ਪ੍ਰਾਪਤ ਕਰ ਜਾਣ ਕਰਕੇ ਵੀ ਸਾਹਿਤਕ ਹਲਕਿਆਂ ਅੰਦਰ ਚਰਚਾ ਵਿਚ ਹੈ। -ਸੰਪਾਦਕ***

ਠਿਕਾਣੇ 'ਤੇ ਮੇਰੀ ਇਹ ਪਹਿਲੀ ਰਾਤ ਸੀ। ਉਸ ਰਾਤ ਸੁਕਯਾ ਨੇ ਮੁਰਗਾ ਬਣਾਇਆ। ਬੜਾ ਹੀ ਲਾਜਵਾਬ ਬਣਿਆ ਸੀ। 'ਉਹ ਮੀਟ ਤੇ ਮੱਛੀ ਵੀ ਏਨੇ ਈ ਮਜ਼ੇਦਾਰ ਬਣਾ ਲੈਂਦਾ ਏ ਜੀ', ਇਹ ਗੱਲ ਮੇਰੇ ਜੀਪ-ਡਰਾਈਵਰ ਕੰਥੇ ਨੇ ਦੱਸੀ ਸੀ। ਪਹਿਲੀ ਪੋਸਟਿੰਗ ਦੀ ਇਸ ਪਹਿਲੀ ਰਾਤ ਨੂੰ ਹੀ ਦਿਲ ਖੁਸ਼ ਹੋ ਗਿਆ ਸੀ। ਸਦਰ ਵਿਚ ਜੁਆਇਨਿੰਗ ਦੇਣ ਪਿੱਛੋਂ ਇੱਥੋਂ ਦੀ ਪੋਸਟਿੰਗ ਹੋਈ ਸੀ। ਜ਼ਿਲੇ ਦਾ ਸਭ ਤੋਂ ਖਤਰਨਾਕ ਇਲਾਕਾ ਮੰਨਿਆਂ ਜਾਂਦਾ ਸੀ ਇਹ। ਦਿਲ ਘਬਰਾ ਗਿਆ ਸੀ। ਪਹਿਲੀ ਪੋਸਟਿੰਗ ਵਿਚ ਹੀ ਉਮੀਦਾਂ-ਉਮੰਗਾਂ ਇਕੋ ਝਟਕੇ ਨਾਲ ਖੇਰੂੰ-ਖੇਰੂੰ ਹੋ ਗਈਆਂ ਸਨ।

ਐਸ.ਐਸ.ਪੀ. ਤਾਂਬੇ ਜਿਹੜਾ ਪ੍ਰਮੋਸ਼ਨ ਸਦਕਾ ਅਫ਼ਸਰ ਬਣਿਆ ਸੀ ਤੇ ਆਪਣੇ ਭਾਰੇ ਚਿਹਰੇ ਕਰਕੇ ਚੰਗਾ-ਖਾਸਾ ਰੋਅਬਦਾਰ ਅਫ਼ਸਰ ਦਿਖਾਈ ਦਿੰਦਾ ਸੀ, ਨੇ ਕਿਹਾ, "ਮਿਸਟਰ ਰੋਹਿਤ, ਆਪਣੀ ਟਰੇਨਿੰਗ ਚੇਤੇ ਕਰੋ। ਇਹ ਤੁਹਾਡਾ ਇਮਤਿਹਾਨ ਵੀ ਐ ਤੇ ਲਿਆਕਤ ਦੀ ਪਰਖ ਵੀ ਕਿ ਪਹਿਲੀ ਪੋਸਟਿੰਗ 'ਚ ਹੀ ਤੁਹਾਨੂੰ ਏਡੀ ਖਤਰਨਾਕ ਜਗ੍ਹਾ ਭੇਜਿਆ ਜਾ ਰਿਹਾ ਏ। ਇਹ ਪੂਰੀ ਤਰ੍ਹਾਂ ਨਕਸਲ ਪ੍ਰਭਾਵਿਤ ਇਲਾਕਾ ਏ ਤੇ

**ਕੈਲਾਸ਼ ਚੰਦਰ**
**ਅਨੁਵਾਦ:ਮਹਿੰਦਰ ਬੇਦੀ, ਜੈਤੋ**

ਸ਼ਾਇਦ ਸਭ ਤੋਂ ਖਤਰਨਾਕ ਮੁਹਿੰਮ ਵੀ। ਅਜਿਹੀ ਜਗ੍ਹਾ ਅਕਸਰ ਅਨੁਭਵੀ ਅਫ਼ਸਰਾਂ ਨੂੰ ਈ ਭੇਜਿਆ ਜਾਂਦਾ ਏ ਪਰ ਪਤਾ ਨਹੀਂ ਕੀ ਸੋਚ ਕੇ ਆਈ.ਜੀ. ਸਾ'ਬ ਨੇ ਤੁਹਾਨੂੰ ਉਥੇ ਭੇਜਣ ਦਾ ਫੈਸਲਾ ਕੀਤਾ ਏ। ਮੇਰੀਆਂ ਸ਼ੁਭ-ਇੱਛਾਵਾਂ ਤੁਹਾਡੇ ਨਾਲ ਨੇ।"

ਦਰਅਸਲ ਇਹ ਸ਼ੁਭ-ਇੱਛਾਵਾਂ ਨਹੀਂ ਸਨ, ਖ਼ਤਰੇ ਦਾ ਅਲਾਰਮ ਸੀ। ਟੇਢੀਆਂ-ਮੇਢੀਆਂ ਸੜਕਾਂ ਪਾਰ ਕਰਕੇ ਜਦੋਂ ਠਿਕਾਣੇ 'ਤੇ ਪਹੁੰਚਿਆ ਤਾਂ ਬੰਗਲਾ ਖਾਲੀ ਮਿਲਿਆ। ਕਈ ਮਹੀਨਿਆਂ ਤੋਂ ਕੋਈ ਇੱਥੇ ਨਹੀਂ ਸੀ ਆਇਆ, ਬਲਕਿ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਕੋਈ ਅਫ਼ਸਰ ਇੱਥੇ ਆਉਣਾ ਹੀ ਨਹੀਂ ਸੀ ਚਾਹੁੰਦਾ। ਇੱਥੋਂ ਦਾ ਕੰਮਕਾਜ ਦਰੋਗਾ ਹੀ ਦੇਖ ਰਿਹਾ ਸੀ। ਮੈਨੂੰ ਦੇਖ ਕੇ ਸ਼ਾਇਦ ਸਾਰੇ ਸਟਾਫ ਨੂੰ ਹੈਰਾਨੀ ਹੋਈ ਸੀ ਕਿ ਇਹ ਰੰਗਰੂਟ ਇੱਥੇ ਕਿੱਥੇ ਆਣ ਫਸਿਆ ਏ!

ਹੁਣ ਇੱਥੋਂ ਭੱਜ ਵੀ ਨਹੀਂ ਸੀ ਸਕਦਾ। ਸੋਚਿਆ, ਸ਼ਹੀਦ ਈ ਹੋਣਾ ਏ ਤਾਂ ਇੱਥੇ ਈ ਸਹੀ। ਅਜੇ ਮੋਢਿਆਂ 'ਤੇ ਕੋਈ ਵੱਡੀ ਜ਼ਿੰਮੇਵਾਰੀ ਨਹੀਂ। 'ਕੱਲਾ-ਕਹਿਰਾ ਤੇ ਕੁਆਰਾ ਸਾਂ। ਪਿੱਛੇ ਘਰ ਵਿਚ ਇਕੱਲੀ ਮਾਂ ਏ ਜਿਸ ਨੇ ਹੌਸਲੇ ਨਾਲ ਮੈਨੂੰ ਪੜ੍ਹਾਇਆ-ਲਿਖਾਇਆ ਸੀ। ਤੇ ਇਸੇ ਕਾਰਨ ਮੈਂ ਅੱਜ ਇਸ ਮੁਕਾਮ 'ਤੇ ਪਹੁੰਚਿਆ ਸਾਂ। ਜੋ ਕੁਝ ਵੀ ਹਾਸਿਲ ਹੋਇਆ ਸੀ, ਉਸ ਦੀ ਮਮਤਾ ਤੇ ਆਸ਼ੀਰਵਾਦ ਦਾ ਫਲ ਸੀ। ਬੱਸ, ਇਹੋ ਇਕ ਮੋਹ ਮੇਰੇ ਪੈਰਾਂ ਦੀ ਬੇੜੀ ਬਣਿਆ ਹੋਇਆ ਸੀ। ਮੇਰੇ ਪਿੱਛੋਂ ਮਾਂ ਕਿਸ ਹੌਸਲੇ 'ਤੇ ਜੀਵੇਗੀ...ਮੇਰੇ ਫਿਕਰ ਦਾ ਸਬੱਬ ਇਹੋ ਸੀ।

ਬੜੀ ਛੋਟੀ ਜਗ੍ਹਾ ਸੀ ਇਹ। ਚਾਰੇ ਪਾਸੇ ਜੰਗਲ ਹੀ ਜੰਗਲ। ਰਾਤ ਹੁੰਦਿਆਂ ਹੀ ਡੂੰਘੀ ਚੁੱਪ ਪਸਰ ਜਾਂਦੀ। ਛੋਟੀ ਜਗ੍ਹਾ ਹੋਣ ਕਰਕੇ ਸਾਰੇ ਲੋਕ ਇਕ ਦੂਜੇ ਨੂੰ ਜਾਣਦੇ ਸਨ। ਇਸ ਛੋਟੇ ਜਿਹੇ ਕਸਬੇ ਵਿਚ ਮਨ ਨੂੰ ਰਮਾਈ ਰੱਖਣ ਦਾ ਕੋਈ ਜੁਗਾੜ ਵੀ ਨਹੀਂ ਸੀ। ਇੱਥੇ ਆਉਣ ਪਿੱਛੋਂ ਦੋ-ਤਿੰਨ ਦਿਨ ਤਾਂ ਸਵਾਗਤ-ਸਤਿਕਾਰ ਲੈਣ ਵਿਚ ਹੀ ਲੰਘ ਗਏ ਸਨ। ਇਸ ਪਿੱਛੋਂ ਕਾਇਦੇ ਨਾਲ ਆਪਣੇ ਆਫ਼ਿਸ 'ਚ ਬੈਠ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਫੇਰ ਛੇਤੀ ਹੀ ਸਮਝ ਆ ਗਈ ਸੀ ਕਿ ਇਹ ਇਲਾਕਾ ਜਿਹੜੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਨ੍ਹਾਂ ਕਰਕੇ ਉਥੇ ਨਕਸਲਵਾਦ ਦਾ ਪੈਦਾ ਹੋ ਜਾਣਾ, ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਹਰ ਜਗ੍ਹਾ ਏਨੀ ਗੰਦੀ ਤੇ ਉਘੜ-ਦੁਗੜੀ ਸੀ ਕਿ ਪੁਲਿਸ ਲਈ ਕਿਤੇ ਵੀ ਮੋਰਚਾ ਬਣਾਉਣਾ ਬੜਾ ਔਖਾ ਸੀ; ਹਾਲਾਂਕਿ ਸਟਾਫ ਵਿਚ ਕਈ ਸਥਾਨਕ ਕਰਮਚਾਰੀ ਵੀ ਸਨ ਤੇ ਕੁਝ ਅਜਿਹੇ ਵੀ ਸਨ ਜਿਨ੍ਹਾਂ ਅਨੁਸਾਰ ਉਹ ਕੋਈ ਜ਼ੋਰ-ਸਿਫਾਰਸ਼ ਨਾ ਹੋਣ ਕਰਕੇ ਲੰਮੇ ਸਮੇਂ ਤੋਂ ਇੱਥੇ ਪਏ ਸੜ ਰਹੇ ਸਨ। ਅਜਿਹੇ ਕਰਮਚਾਰੀਆਂ ਨੂੰ ਕਿਸੇ ਵੀ ਵਾਰਦਾਤ ਦਾ ਪਤਾ ਹੁੰਦਾ ਸੀ, ਕਿਉਂਕਿ ਉਹ ਸਥਾਨਕ ਲੋਕਾਂ ਨਾਲ ਗੱਲਬਾਤ ਕਰਦੇ ਰਹਿੰਦੇ ਸਨ। ਪਰ ਨਕਸਲੀਆਂ ਦੀਆਂ ਅਗਲੀਆਂ ਯੋਜਨਾਵਾਂ ਬਾਰੇ ਕੋਈ ਕੁਝ ਨਹੀਂ ਸੀ ਦੱਸਦਾ। ਵਾਪਰ ਜਾਣ ਪਿੱਛੋਂ ਘਟਨਾ ਦੀ ਪੂਰੀ ਤਫ਼ਸੀਲ ਮਿਲ ਜਾਂਦੀ ਸੀ! ਮਸਲਨ, ਕਿਸੇ ਪਿੰਡ ਦੇ ਬਾਹਰਵਾਰ ਬਣੇ ਕਿਸ ਝੌਂਪੜੇ ਵਿਚ ਕਿੰਨੇ ਨਕਸਲੀਆਂ ਨੇ ਖਾਣਾ ਬਣਵਾ ਕੇ ਖਾਧਾ, ਤੇ ਉਸ ਪਿੱਛੋਂ ਕਿੱਥੇ ਉਨ੍ਹਾਂ ਦੀ ਬੈਠਕ ਹੋਈ ਤੇ ਇਸ ਬੈਠਕ ਵਿਚ ਪਿੰਡ ਦੇ ਕਿਸ ਸ਼ਾਹੂਕਾਰ, ਪ੍ਰਧਾਨ ਜਾਂ ਕਿਸੇ ਵੱਡੀ ਜੋਤ ਵਾਲੇ ਜ਼ਿਮੀਂਦਾਰ ਨੂੰ ਜਾਂ ਕਿਸੇ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਨੂੰ ਬੁਲਾਇਆ ਗਿਆ। ਉਸ ਨੂੰ ਕੀ-ਕੀ ਕਿਹਾ ਗਿਆ...ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਲੱਗ ਜਾਂਦਾ ਸੀ ਪਰ ਉਸ ਬੈਠਕ ਵਿਚ ਅਗਲੀ ਯੋਜਨਾ ਕੀ ਬਣੀ, ਇਸ ਬਾਰੇ ਪਤਾ ਹੋਣ ਦੇ ਬਾਵਜੂਦ ਨਕਸਲੀਆਂ ਦੇ ਡਰ ਕਾਰਨ ਕੋਈ ਕੁਝ ਨਹੀਂ ਸੀ ਦੱਸਦਾ ਹੁੰਦਾ; ਕਿਉਂਕਿ ਉਸ ਦੇ ਸਿੱਟੇ ਬੜੇ ਮਾੜੇ ਹੁੰਦੇ ਸਨ। ਨਕਸਲੀ ਅਜਿਹੇ ਮੁਖ਼ਬਰਾਂ ਨੂੰ ਜਿਉਂਦਾ ਨਹੀਂ ਸੀ ਛੱਡਦੇ ਤੇ ਬੜੀ ਭੈੜੀ ਮੌਤ ਮਾਰਦੇ ਹੁੰਦੇ ਸਨ। ਪੁਲਿਸ ਕਦੀ ਵੀ ਸਥਾਨਕ ਲੋਕਾਂ ਨੂੰ ਆਪਣੇ ਵਿਸ਼ਵਾਸ ਵਿਚ ਨਹੀਂ ਲੈ ਸਕੀ। ਸ਼ਾਇਦ ਇਹੋ ਕਾਰਨ ਸੀ ਕਿ ਪਿੰਡ ਵਸੀਆਂ ਨੂੰ ਜੇ ਕਿਤੇ ਸੁਰੱਖਿਆ ਮਿਲਦੀ ਸੀ ਤਾਂ ਨਕਸਲੀਆਂ ਦੇ ਪਿੜ ਵਿਚ।

ਨਕਸਲੀਆਂ ਦੀ ਵੱਖਰੀ ਪਛਾਣ ਕਰਨਾ ਬੜਾ ਮੁਸ਼ਕਿਲ ਸੀ। ਜਿਹੜੇ ਜੰਗਲ ਵਿਚ ਅਸਲੇ ਸਮੇਤ ਲੁਕੇ ਰਹਿੰਦੇ ਸਨ, ਉਨ੍ਹਾਂ ਨੂੰ ਛੱਡ ਕੇ ਵਧੇਰੇ ਨਕਸਲੀ ਤਾਂ ਪਿੰਡ ਦੇ ਸਮਾਜ ਵਿਚ ਘੁਲੇ-ਮਿਲੇ ਹੋਏ ਸਨ ਤੇ ਆਮ ਵਸਨੀਕਾਂ ਦੀ ਜ਼ਿੰਦਗੀ ਜਿਉਂ ਰਹੇ ਸਨ। ਇਨ੍ਹਾਂ ਸਾਰਿਆਂ ਦੀ ਮੇਲ-ਮੁਲਾਕਾਤ ਜੰਗਲ ਦੇ ਧੁਰ ਅੰਦਰ, ਰਾਤ ਦੇ ਸੰਘਣੇ ਹਨੇਰੇ ਵਿਚ ਹੁੰਦੀ, ਜਦੋਂ ਇਨ੍ਹਾਂ ਦੇ ਲੀਡਰਾਂ ਦਾ ਬੁਲਾਵਾ ਆਉਂਦਾ। ਉਨ੍ਹਾਂ ਦੇ ਪੈਰ ਉਨ੍ਹਾਂ ਜੰਗਲੀ ਰਸਤਿਆਂ ਦੀਆਂ ਚੜ੍ਹਾਈਆਂ-ਉਤਰਾਈਆਂ, ਬੂਝੇ-ਝਾੜੀਆਂ ਤੇ ਰੁੱਖਾਂ ਨੂੰ ਇੰਜ ਪਛਾਣਦੇ ਜਿਵੇਂ ਉਹ ਉਨ੍ਹਾਂ ਦੇ ਸੰਗੀ-ਸਾਥੀ ਹੋਣ। ਔਖੇ ਤੇ ਅਣਘੜ ਰਸਤਿਆਂ ਉਤੇ ਹਨੇਰੇ ਵਿਚ ਵੀ ਉਹ ਮੌਜ ਨਾਲ ਤੁਰੇ ਜਾਂਦੇ, ਜਿਵੇਂ ਉਨ੍ਹਾਂ ਦੇ ਪੈਰਾਂ ਵਿਚ ਅੱਖਾਂ ਲੱਗੀਆਂ ਹੋਈਆਂ ਹੋਣ। ਖੇਤ ਵਿਚ ਕੰਮ ਕਰਦਾ ਕਿਸਾਨ, ਪੰਡਾਂ ਬੰਨ੍ਹ ਰਿਹਾ ਮਜ਼ਦੂਰ, ਜਾਂ ਕਿਸੇ ਹੋਰ ਧੰਦੇ ਲੱਗਿਆ ਕੋਈ ਕਾਮਾ, ਛੋਟਾ-ਮੋਟਾ ਦੁਕਾਨਦਾਰ ਜਾਂ ਰੱਸੇ ਵੱਟਣ ਵਾਲਾ ਕੋਈ ਮੁੰਡਾ। ਕਿਹੜਾ ਰਾਤ ਦੇ ਹਨੇਰੇ ਵਿਚ ਇਹ ਨਕਸਲੀ ਖੇਡ ਖੇਡਦਾ ਸੀ, ਕੋਈ ਨਹੀਂ ਸੀ ਜਾਣ ਸਕਦਾ? ਉਹ ਕੱਪੜਿਆਂ ਦੀਆਂ ਪੋਟਲੀਆਂ ਤੇ ਲੱਕੜਾਂ ਦੇ ਗੱਠਿਆਂ ਵਿਚ ਅਸਲਾ ਬੰਨ੍ਹ ਕੇ ਕਿੱਥੋਂ ਕਿੱਥੇ ਪਹੁੰਚਾ ਆਉਂਦੇ ਸਨ, ਕਿਸੇ ਨੂੰ ਹਵਾ ਤਕ ਨਹੀਂ ਸੀ ਲੱਗਦੀ।

ਪੁਲਿਸ ਤੰਤਰ ਇਨ੍ਹਾਂ ਰਹੱਸਾਂ ਨੂੰ ਖੋਲ੍ਹਣ ਤੋਂ ਅਸਮਰਥ ਸੀ। ਇਸ ਦੇ ਕਾਰਨ ਵੀ ਸਨ। ਸਭ ਤੋਂ ਵੱਡਾ ਕਾਰਨ ਸੀ ਪੁਲਿਸ ਦਾ ਸਖ਼ਤ ਚਿਹਰਾ। ਪੁਲਿਸ ਨੇ ਕਦੀ ਆਮ ਲੋਕਾਂ ਨਾਲ ਦੋਸਤੀ ਵਾਲਾ ਰਿਸ਼ਤਾ ਕਾਇਮ ਕਰਨ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ। ਪੁਲਿਸ ਦੇ ਮੁਖ਼ਬਰ, ਗ਼ੈਰ-ਕਾਨੂੰਨੀ ਧੰਦਿਆਂ ਵਿਚ ਫਸੇ ਹੋਏ ਉਹ ਲੋਕ ਸਨ ਜਿਹੜੇ ਇਨ੍ਹਾਂ ਧੰਦਿਆਂ ਵਿਚ ਛੋਟ ਮਿਲਣ ਬਦਲੇ ਖ਼ਬਰਾਂ, ਸੂਹਾਂ ਜਾਂ ਸੂਚਨਾਵਾਂ ਪਹੁੰਚਾਉਂਦੇ ਸਨ। ਸੂਚਨਾਵਾਂ ਦੇਣ ਦੇ ਦਬਾਅ ਸਦਕਾ ਉਹ ਅਕਸਰ ਅਜਿਹੀਆਂ ਗਲਤ ਖ਼ਬਰਾਂ ਵੀ ਪੁਲਿਸ ਨੂੰ ਦੇ ਆਉਂਦੇ ਸਨ ਜਿਨ੍ਹਾਂ ਨਾਲ ਪੁਲਿਸ ਦੀ ਬਦਨਾਮੀ ਹੁੰਦੀ ਸੀ; ਮਸਲਨ, ਪੁਲਿਸ ਨੂੰ ਇਕ ਦਿਨ ਸੂਚਨਾ ਮਿਲੀ ਕਿ ਪਾਂਡਿਆਂ ਦੇ ਹਾਟ ਬਾਜ਼ਾਰ ਵਿਚ ਦੋ ਨਕਸਲੀ ਵੀਰਨ ਤੇ ਸ਼ਿੰਬੂ ਆਏ ਹੋਏ ਨੇ। ਪੁਲਿਸ ਪਾਰਟੀ ਫੌਰਨ ਹਾਟ ਬਾਜ਼ਾਰ ਵੱਲ ਰਵਾਨਾ ਕਰ ਦਿੱਤੀ ਗਈ ਪਰ ਪੂਰੇ ਬਾਜ਼ਾਰ ਨੂੰ ਰੋਲ-ਫਰੋਲ ਦੇਣ ਅਤੇ ਪਿੰਡ ਦੇ ਹਰ ਦਰਵਾਜ਼ੇ ਨੂੰ ਠੇਡੇ ਮਾਰਨ ਦੇ ਬਾਵਜੂਦ ਉਨ੍ਹਾਂ ਦੋਵਾਂ ਨਕਸਲੀਆਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ। ਪਿੱਛੋਂ ਖੁਲਾਸਾ ਇਹ ਹੋਇਆ ਕਿ ਸੂਚਨਾ ਗਲਤ ਸੀ। ਨਿਰਾਸ਼ਾ ਅਤੇ ਖਿਝ ਕਰਕੇ ਪੁਲਿਸ ਬਾਜ਼ਾਰ ਵਿਚ ਘੁੰਮ ਰਹੇ ਸ਼ਰਾਬੀ ਮੁੰਡੇ ਮੋਹੰਤੂ ਨੂੰ ਫੜ ਕੇ ਲੈ ਗਈ ਤੇ ਉਸ ਨੂੰ ਏਨਾ ਕੁਟਾਪਾ ਚਾੜ੍ਹਿਆ ਕਿ ਉਹ ਬੇਹੋਸ਼ ਹੋ ਗਿਆ, ਜਦਕਿ ਸ਼ਰਾਬ ਪੀ ਕੇ ਘੁੰਮਣਾ ਨਾ ਤਾਂ ਕੋਈ ਨਵੀਂ ਗੱਲ ਸੀ ਤੇ ਨਾ ਉਹ ਕੋਈ ਅਪਰਾਧ ਹੀ ਕਰਦਾ ਫੜਿਆ ਗਿਆ ਸੀ। ਇੱਥੇ ਸਰਕਾਰ ਨੇ ਤਾਂ ਖ਼ੁਦ ਆਦਿਵਾਸੀਆਂ ਨੂੰ ਦਾਰੂ ਕੱਢਣ ਦੀ ਛੋਟ ਦਿੱਤੀ ਹੋਈ ਸੀ ਕਿਉਂਕਿ ਆਦਿਵਾਸੀਆਂ ਦੇ ਰੀਤੀ-ਰਿਵਾਜ ਅਤੇ ਆਮ ਛੋਟੇ ਵੱਡੇ ਪ੍ਰੋਗਰਾਮ ਬਿਨਾਂ ਦਾਰੂ ਦੇ ਰੰਗ ਵਿਚ ਹੀ ਨਹੀਂ ਸੀ ਆਉਂਦੇ ਹੁੰਦੇ।

ਨੌਕਰੀ 'ਤੇ ਆਇਆਂ ਪੂਰਾ ਮਹੀਨਾ ਹੋ ਚੱਲਿਆ ਸੀ ਤੇ ਇਹ ਦਿਨ ਇਹੋ ਸਭ ਕੁਝ ਸਮਝਣ ਅਤੇ ਜਾਣਨ ਵਿਚ ਬੀਤ ਗਏ ਸਨ। ਇੱਥੇ ਰਹਿ ਕੇ ਇਹ ਵੀ ਜਾਣ ਲਿਆ ਸੀ ਕਿ ਹੁਣ ਇੱਥੋਂ ਛੇਤੀ ਨਿਜਾਤ ਨਹੀਂ ਮਿਲਣ ਵਾਲੀ। ਪੁਲਿਸ ਦੀ ਨੌਕਰੀ ਵਿਚ ਸਕੂਨ ਸ਼ਬਦ ਲਈ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਸ ਤੋਂ ਵੀ ਮਾੜੇ ਹਾਲਾਤ ਆ ਸਕਦੇ ਸਨ। ਈਸ਼ਵਰ ਨੂੰ ਸ਼ਾਇਦ ਇਹੀ ਮਨਜ਼ੂਰ ਹੋਵੇ, ਤੇ ਇਸੇ ਬਹਾਨੇ ਮੇਰੀ ਪ੍ਰੀਖਿਆ ਲੈ ਰਿਹਾ ਹੋਵੇ, ਇਹ ਸੋਚ ਕੇ ਮੈਂ ਆਪਣੇ ਆਪ ਨੂੰ ਉਨ੍ਹਾਂ ਅਨੁਸਾਰ ਢਾਲਣ ਲੱਗ ਗਿਆ। ਮੈਨੂੰ ਆਪਣੀ ਟਰੇਨਿੰਗ ਦੌਰਾਨ ਇਹ ਸਿਖਾਇਆ ਗਿਆ ਸੀ ਕਿ ਪੁਲਿਸ ਦਾ ਕੰਮ ਜਨਤਾ ਵਿਚ ਅਮਨ-ਚੈਨ ਬਹਾਲ ਕਰਨਾ ਹੁੰਦਾ ਹੈ ਤੇ ਇਸ ਦੇ ਲਈ ਪੁਲਿਸ ਮਹਿਕਮੇ ਨੂੰ ਆਪਣੀ ਨੀਂਦ ਹਰਾਮ ਕਰਨੀ ਪੈਂਦੀ ਹੈ।

ਪੋਸਟਿੰਗ ਤੋਂ ਲਗਭਗ ਦੋ ਮਹੀਨੇ ਬਾਅਦ ਪੁਲਿਸ ਕਪਤਾਨ ਨੇ ਸਦਰ ਵਿਚ ਪੁਲਿਸ ਅਫਸਰਾਂ ਦੀ ਮੀਟਿੰਗ ਬੁਲਾਈ। ਜਦੋਂ ਠਿਕਾਣੇ ਤੋਂ ਜੀਪ ਉਤੇ ਸਦਰ ਲਈ ਨਿਕਲਣ ਲੱਗਾ ਤਾਂ ਹਮੇਸ਼ਾ ਵਾਂਗ ਐਲ.ਐਮ.ਜੀ. ਵਾਲਾ ਸੁਰੱਖਿਆ ਕਰਮੀ ਵੀ ਜੀਪ ਵਿਚ ਸਵਾਰ ਹੋ ਗਿਆ। ਮੈਂ ਉਸ ਨੂੰ ਜੀਪ ਵਿਚੋਂ ਉਤਾਰ ਦਿੱਤਾ ਤਾਂ ਮੇਰੇ ਸਟਾਫ ਨੂੰ ਬੜੀ ਹੈਰਾਨੀ ਹੋਈ। ਮੈਂ ਕਿਹਾ, "ਮੈਨੂੰ ਕੋਈ ਖ਼ਤਰਾ ਨਹੀਂ। ਜੇ ਕੋਈ ਖਤਰਾ ਆਉਂਦਾ ਵੀ ਹੈ ਤਾਂ ਮੈਂ ਖ਼ੁਦ ਨਜਿੱਠਣ ਦੇ ਸਮਰਥ ਹਾਂ। ਸਰਕਾਰ ਨੇ ਇਸ ਲਈ ਮੈਨੂੰ ਗੰਨ ਦਿੱਤੀ ਹੋਈ ਏ।"

ਸਟਾਫ ਨੇ ਜ਼ਰੂਰ ਮੈਨੂੰ ਸਿਰ ਫਿਰਿਆ ਸਮਝਿਆ ਹੋਵੇਗਾ, ਪਰ ਮੈਂ ਆਪਣੇ ਜੀਪ ਚਾਲਕ ਕੰਥੇ ਦੀਆਂ ਅੱਖਾਂ ਵਿਚ ਪ੍ਰਸ਼ੰਸਾ ਦੇ ਭਾਵ ਤੈਰਦੇ ਹੋਏ ਦੇਖੇ। ਉਂਜ, ਮੇਰੇ ਕਿਸੇ ਵੀ ਮਾਤਹਿਤ ਕਰਮਚਾਰੀ ਦੀਆਂ ਨਜ਼ਰਾਂ ਵਿਚ ਮੇਰਾ ਇਹ ਕਦਮ ਬੜਾ ਬਚਗਾਨਾ ਕਿਸਮ ਦਾ ਸੀ ਕਿਉਂਕਿ ਨਕਸਲੀਆਂ ਦੇ ਹੌਸਲੇ ਕਾਰਨ ਪੁਲਿਸ ਨੂੰ ਇੱਥੇ ਹਰ ਕਦਮ 'ਤੇ ਖ਼ਤਰਾ ਸੀ। ਬਿਨਾਂ ਪੂਰੀ ਸੁਰੱਖਿਆ ਦੇ ਕੋਈ ਵੱਡਾ ਅਧਿਕਾਰੀ ਪੁਲਾਂਘ ਵੀ ਨਹੀਂ ਸੀ ਪੁੱਟਦਾ।

ਮੈਂ ਇੱਥੇ ਆਉਣ ਤੋਂ ਕੁਝ ਦਿਨ ਬਾਅਦ ਹੀ ਆਪਣੀ ਕਾਰਜ-ਸ਼ੈਲੀ ਵਿਚ ਤਬਦੀਲੀ ਸ਼ੁਰੂ ਕਰ ਦਿੱਤੀ ਸੀ। ਮੈਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਮੈਂ ਆਮ ਪੁਲਿਸ ਵਾਲਿਆਂ ਨਾਲੋਂ ਭਿੰਨ ਹਾਂ ਅਤੇ ਰਹਾਂਗਾ। ਆਪਣੇ ਇਲਾਕੇ ਦੇ ਤਿੰਨ ਥਾਣਿਆਂ ਦਾ ਵਿਸ਼ੇਸ਼ ਦੌਰਾ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਸੀ ਤੇ ਅਹਿਮ ਮੁੱਦਿਆਂ ਨੂੰ ਆਪਣੀ ਡਾਇਰੀ ਵਿਚ ਲਿਖਦਾ ਵੀ ਰਿਹਾ ਸਾਂ। ਇਲਾਕੇ ਅਧੀਨ ਆਉਂਦੇ ਪਿੰਡਾਂ ਦੇ ਪ੍ਰਧਾਨ ਤੇ ਸਰਕਾਰੀ ਕਰਮਚਾਰੀ ਨੂੰ, ਭਾਵੇਂ ਉਹ ਕਿਸੇ ਵੀ ਪੱਧਰ ਦਾ ਸੀ, ਮਿਲ ਚੁੱਕਿਆ ਸਾਂ। ਵੱਖ-ਵੱਖ ਸਮੱਸਿਆਵਾਂ ਤੇ ਮੁੱਦਿਆਂ ਉਤੇ ਉਨ੍ਹਾਂ ਦੇ ਵਿਚਾਰਾਂ ਦੀ ਜਾਣਕਾਰੀ ਮੈਨੂੰ ਮਿਲ ਗਈ ਸੀ। ਇਹ ਸਭ ਜਾਣਨਾ ਮੈਨੂੰ ਜ਼ਰੂਰੀ ਲੱਗਿਆ ਸੀ, ਕਿਉਂਕਿ ਮੈਂ ਇਸ ਇਲਾਕੇ ਵਿਚ ਹੱਥ 'ਤੇ ਹੱਥ ਧਰ ਕੇ ਬੈਠਣ ਲਈ ਨਹੀਂ ਸੀ ਆਇਆ।

ਮੀਟਿੰਗ ਨੂੰ ਲੈ ਕੇ ਮੇਰੇ ਮਨ ਵਿਚ ਕੋਈ ਤਣਾਅ ਨਹੀਂ ਸੀ। ਇਕ ਤਾਂ ਮੈਨੂੰ ਆਇਆਂ ਅਜੇ ਬਹੁਤੇ ਦਿਨ ਨਹੀਂ ਸੀ ਹੋਏ, ਤੇ ਏਨੇ ਘੱਟ ਸਮੇਂ ਵਿਚ ਕਿਸੇ ਤੋਂ ਵੀ ਕੋਈ ਕਾਰਗੁਜ਼ਾਰੀ ਕਰ ਦਿਖਾਉਣ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ। ਦੂਜਾ, ਇਲਾਕੇ ਬਾਰੇ ਮੈਂ ਪੱਕੇ, ਪੂਰੇ ਤੌਰ 'ਤੇ ਜਾਣ ਚੁੱਕਿਆ ਸਾਂ। ਮੀਟਿੰਗ ਵਿਚ ਮੈਂ ਆਪਣੀ ਇਕ ਮਹੀਨੇ ਦੀ ਰਿਪੋਰਟ ਪੇਸ਼ ਕੀਤੀ। ਮੇਰੀ ਰਿਪੋਰਟ ਪੜ੍ਹਨ ਪਿੱਛੋਂ ਪੁਲਿਸ ਕਪਤਾਨ ਦੀਆਂ ਅੱਖਾਂ ਵਿਚ ਮੇਰੇ ਪ੍ਰਤੀ ਪ੍ਰਸ਼ੰਸਾ ਦਾ ਭਾਵ ਆ ਗਿਆ ਸੀ। ਸ਼ਾਇਦ ਮੇਰੀ ਘੱਟ ਉਮਰ ਤੇ ਮਿਹਨਤ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਸੀ!

ਉਨ੍ਹਾਂ ਸਾਰਿਆਂ ਦੇ ਸਾਹਮਣੇ ਕਿਹਾ ਸੀ, "ਮਿਸਟਰ ਰੋਹਿਤ, ਵੈਲ ਡਨ! ਯੂ ਆਰ ਗੋਇੰਗ ਟੂ ਬੀ ਐਕਸਕਲੂਸਿਵ। ਏ ਰਟਾਉਟ ਯੰਗ ਮੈਨ ਵਿਦ ਬ੍ਰੇਨ। ਗੋ ਅਹੈਡ।" ਫੇਰ ਕੁਝ ਚਿਰ ਰੁਕ ਕੇ ਬੋਲੇ ਸਨ, "ਤੁਹਾਨੂੰ ਇਹ ਤਾਂ ਪਤਾ ਲੱਗ ਈ ਗਿਆ ਹੋਵੇਗਾ ਕਿ ਤੁਹਾਡੇ ਇਲਾਕੇ ਦੇ ਨਕਸਲੀਆਂ ਦੀ ਮੁਖੀ ਮੁਟਿਆਰ ਏ, ਜਿਸ ਦਾ ਨਾਂ ਏ ਸਾਂਵਲੀ। ਆਸ ਪਾਸ ਦੇ ਤਿੰਨ-ਚਾਰ ਜ਼ਿਲਿਆਂ ਦੇ ਨਕਸਲੀਆਂ ਦੀ ਹੈਡ ਉਹੀ ਏ। ਤੁਹਾਡੇ ਇਲਾਕੇ ਵਿਚ ਮੈਂ ਇਸ ਲਈ ਕਿਹਾ ਕਿਉਂਕਿ ਉਸ ਦਾ ਘਰ ਉਸੇ ਇਲਾਕੇ 'ਚ ਪੈਂਦਾ ਏ ਤੇ ਇਸੇ ਕਰਕੇ ਉਸ ਦੀ ਸਰਗਰਮੀ ਸਭ ਤੋਂ ਵੱਧ ਤੁਹਾਡੇ ਇਸੇ ਇਲਾਕੇ ਵਿਚ ਈ ਰਹਿੰਦੀ ਏ।"

ਫੇਰ ਸ਼ਰਾਰਤੀ ਜਿਹੀ ਮੁਸਕਾਨ ਉਨ੍ਹਾਂ ਦੇ ਚਿਹਰੇ ਉਤੇ ਦਿਖਾਈ ਦਿੱਤੀ, "ਪੁਲਿਸ ਰਿਕਾਰਡ 'ਚ ਉਸ ਦੀ ਉਮਰ ਵੀਹ ਸਾਲ ਲਿਖੀ ਹੋਈ ਐ। ਮਹੂਏ ਜਿੰਨੀ ਤਾਜ਼ਾ ਅਤੇ ਨਸ਼ੀਲੀ ਏ ਉਹ ਮੁਟਿਆਰ। ਜਿਸ ਵੀ ਉਸ ਨੂੰ ਦੇਖਿਆ ਏ, ਉਹ ਉਸ ਦੇ ਰੂਪ ਦਾ ਸੇਕ ਜਾਣਦੇ ਨੇ...ਤੇ ਉਸ ਨੂੰ ਦੇਖ ਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਏਡੀ ਖ਼ਤਰਨਾਕ ਹੋ ਸਕਦੀ ਏ। ਪੁਲਿਸ ਦਾ ਪਿਛਲੇ ਪਤੰਤਰ ਸਾਲਾਂ ਦਾ ਰਿਕਾਰਡ ਦੱਸਦਾ ਏ ਕਿ ਏਨੀ ਦਲੇਰ ਤੇ ਖ਼ਤਰਨਾਕ ਔਰਤ ਇਹ ਪਹਿਲੀ ਹੈ। ਉਹ ਦਿਨ ਦਿਹਾੜੇ ਥਾਣਿਆਂ ਵਿਚ ਵੜ ਕੇ ਸਿਪਾਹੀਆਂ ਨੂੰ ਕੁੱਟ ਆਉਂਦੀ ਏ, ਅਸਲਾ ਖੋਹ ਕੇ ਲੈ ਜਾਂਦੀ ਏ, ਬਸਤੀ 'ਚੋਂ ਕਿਸੇ ਨੂੰ ਵੀ ਚੁੱਕਵਾ ਕੇ ਲੈ ਜਾਂਦੀ ਏ। ਅਕਸਰ ਨੱਕ, ਕੰਨ ਕੱਟ ਕੇ ਲੋਕਾਂ ਨੂੰ ਸਜ਼ਾਵਾਂ ਦਿੰਦੀ ਏ, ਨੰਗਾ ਘੁਮਾਅ ਕੇ ਜ਼ਲੀਲ ਕਰਦੀ ਏ ਤੇ ਫੇਰ ਵੀ ਨਾ ਸੁਧਰਨ ਤਾਂ ਗੋਲੀ ਮਾਰ ਦਿੰਦੀ ਏ। ਸਾਂਵਲੀ ਪਲ ਲਈ ਵੀ ਅੱਗਾ ਪਿੱਛਾ ਨਹੀਂ ਵਿਚਾਰਦੀ। ਤੁਰੰਤ ਐਕਸ਼ਨ ਕਰਦੀ ਏ। ਉਸ ਦੇ ਖਾਤੇ ਵਿਚ ਹੁਣ ਤੀਕ ਗਿਆਰਾਂ ਮਰਡਰ ਨੇ ਤੇ...ਤੇ..." ਉਹ ਚੁੱਪ ਹੋ ਗਏ।

ਮੀਟਿੰਗ ਹਾਲ ਵਿਚ ਸੰਨਾਟਾ ਜਿਹਾ ਪਸਰ ਗਿਆ। ਸਿਰਫ ਤਾਂਬੇ 'ਹਾਂ ਸਰ! ਹਾਂ ਸਰ!' ਕਰ ਰਹੇ ਸਨ। ਪੁਲਿਸ ਕਪਤਾਨ ਫੇਰ ਬੋਲੇ, "ਤੇ ਉਸ ਦਾ ਕੀਤਾ ਹੁਣ ਤੱਕ ਦਾ ਸਭ ਤੋਂ ਖ਼ਤਰਨਾਕ ਕੰਮ ਇਹ ਹੈ ਕਿ ਮਹਾਮਹਿਮ ਰਾਜਪਾਲ ਦੇ ਸਮਾਗਮ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ ਉਹ ਦਰੋਗੇ ਦਾ ਮਰਡਰ ਕਰ ਚੁੱਕੀ ਏ। ਹਾਂ। ਉਦੋਂ ਉਹ ਨਕਸਲੀ ਨਹੀਂ ਬਣੀ ਸੀ।"

"ਹਾਂ ਸਰ! ਮੈਂ ਉਸ ਬਾਰੇ ਸਭ ਕੁਝ ਜਾਣਨ ਦੀ ਕੋਸ਼ਿਸ਼ ਕੀਤੀ ਏ ਤੇ ਕਰ ਰਿਹਾਂ।"

"ਪਰ ਕੋਈ ਲੋਕਲ ਆਦਮੀ ਉਸ ਬਾਰੇ ਕੁਝ ਨਹੀਂ ਦੱਸੇਗਾ। ਇਹ ਮੁਟਿਆਰ ਉਨ੍ਹਾਂ ਲਈ ਕਿਸੇ ਨਾਇਕਾ ਨਾਲੋਂ ਘੱਟ ਨਹੀਂ। ਦਰੋਗੇ ਦੀ ਹੱਤਿਆ ਨੂੰ ਉਹ ਉਸ ਦੀ ਬਹਾਦਰੀ ਮੰਨਦੇ ਨੇ। ਉਹਦੇ ਲਈ ਹਮਦਰਦੀ ਦੀ ਲਹਿਰ ਦੇਖੋਗੇ ਤੁਸੀਂ, ਰੋਹਿਤ। ਉਸ ਨਾਲ ਪਾਰ ਪਾਉਣਾ ਬੜਾ ਕਠਿਨ ਕੰਮ ਏ ਤੇ ਉਹ ਮਹਿਕਮੇ ਲਈ ਵੰਗਾਰ ਬਣੀ ਹੋਈ ਏ। ਉਸ ਦੇ ਸਫਾਏ ਲਈ ਜਿਹੜੀ ਵੀ ਸਕੀਮ ਬਣਾਉਣਾ, ਬੜਾ ਸੋਚ-ਸਮਝ ਕੇ ਬਣਾਉਣਾ। ਕਿਸੇ 'ਤੇ ਵਿਸ਼ਵਾਸ ਨਹੀਂ ਕਰਨਾ ਤੇ ਜੋ ਕੁਝ ਕਰਨਾ, ਆਪਣੇ ਬੂਤੇ 'ਤੇ ਕਰਨਾ। ਕੌਣ ਨਕਸਲੀਆਂ ਲਈ ਕੰਮ ਕਰ ਰਿਹਾ ਏ, ਇਹ ਪਤਾ ਲਾਉਣਾ ਤੁਹਾਡੇ ਲਈ ਬੜਾ ਕਠਿਨ ਕੰਮ ਹੋਵੇਗਾ।"



ਮੀਟਿੰਗ ਬਰਖਾਸਤ ਹੋ ਗਈ। ਜੀਪ 'ਚ ਵਾਪਸ ਆਉਂਦਿਆਂ ਮੇਰੇ ਦਿਮਾਗ਼ ਵਿਚ ਸਾਂਵਲੀ ਦਾ ਹਿੰਸਕ ਚਿਹਰਾ ਵਾਰ ਵਾਰ ਉਭਰ ਰਿਹਾ ਸੀ। ਸਭ ਤੋਂ ਵੱਧ ਹੈਰਾਨ ਕਰ ਦੇਣ ਵਾਲੀ ਗੱਲ ਉਸ ਦੀ ਘੱਟ ਉਮਰ ਸੀ। ਆਦਿਵਾਸੀ ਸਮਾਜ ਦੇ ਸਭਿਆਚਾਰਕ ਵਰਤਾਰੇ ਦੇ ਹਿਸਾਬ ਨਾਲ ਇਹ ਉਮਰ ਵਿਆਹੁਤਾ ਜੀਵਨ ਵਿਚ ਦਾਖ਼ਲ ਹੋਣ ਦੀ ਹੁੰਦੀ ਹੈ। ਇਹ ਉਮਰ ਜਿਹੜੀ ਸੁਪਨੇ ਦੇਖਣ ਦੀ ਹੁੰਦੀ ਹੈ, ਉਨ੍ਹਾਂ ਸੁਪਨਿਆਂ ਤੇ ਉਮੰਗਾਂ ਨੂੰ ਛੱਡ ਕੇ ਉਸ ਨੇ ਜੰਗਲ ਦਾ ਰਾਹ ਫੜ ਲਿਆ। ਜ਼ਰੂਰ ਕੋਈ ਬੜਾ ਵੱਡਾ ਅਨਿਆਂ ਹੋਇਆ ਹੋਵੇਗਾ ਉਸ ਨਾਲ, ਪਰ ਕੈਸਾ ਅਨਿਆਂ ਹੋਇਆ ਹੋਵੇਗਾ, ਕੈਸੀ ਬਦਸਲੂਕੀ ਕੀਤੀ ਗਈ ਹੋਵੇਗੀ ਸਾਂਵਲੀ ਨਾਲ? ਐਵੇਂ ਕੋਈ ਖੁਸ਼ੀ ਨਾਲ ਏਡੇ ਔਖੇ ਰਾਹ ਨਹੀਂ ਪੈਂਦਾ ਜਿਸ ਦਾ ਅੰਤ ਨਿਸ਼ਚਿਤ ਮੌਤ ਹੀ ਹੁੰਦਾ ਹੈ।

ਮੈਨੂੰ ਪਤਾ ਸੀ ਇੱਥੋਂ ਦੇ ਆਦਿਵਾਸੀਆਂ ਦਾ ਸਮਾਜਿਕ ਤਾਣਾ-ਬਾਣਾ ਬੜਾ ਸਰਲ ਤੇ ਸਿੱਧ-ਪੱਧਰਾ ਹੁੰਦਾ ਹੈ। ਅਕਸਰ ਇਨ੍ਹਾਂ ਵਿਚਕਾਰ ਜ਼ਮੀਨ ਤੇ ਜੋਰੂ ਨੂੰ ਲੈ ਕੇ ਹੀ ਸੰਘਰਸ਼ ਹੁੰਦੇ ਨੇ ਤੇ ਉਹ ਵੀ ਵਿਅਕਤੀਗਤ। ਇਨ੍ਹਾਂ ਸੰਘਰਸ਼ਾਂ ਦਾ ਰੂਪ ਏਨਾ ਵਿਆਪਕ ਨਹੀਂ ਹੋ ਸਕਦਾ। ਪੰਚਾਇਤ ਤੇ ਪੁਲਿਸ ਦੇ ਦਖ਼ਲ ਨਾਲ ਇਹ ਸੰਘਰਸ਼ ਅਕਸਰ ਟਲ ਜਾਂਦੇ ਨੇ।

ਕਿਹੋ ਜਿਹੀ ਹੋਵੇਗੀ ਸਾਂਵਲੀ? ਮਨ ਵਿਚ ਕਲਪਨਾ ਨੇ ਜਨਮ ਲੈ ਲਿਆ ਸੀ ਪਰ ਉਸ ਕਲਪਨਾ ਵਿਚ ਉਸ ਦਾ ਚਿਹਰਾ ਪਤਾ ਨਹੀਂ ਕਿਉਂ ਭੋਲਾ ਅਤੇ ਸ਼ਾਂਤ ਦਿਸਦਾ ਸੀ। ਆਮ ਆਦਿਵਾਸੀ ਔਰਤਾਂ ਵਰਗਾ ਅਣਭੋਲ ਤੇ ਸੁਘੜ। ਯਕਸ਼ਣੀ ਵਰਗਾ ਜਾਂ ਖੁਜਰਾਹੋ ਦੇ ਮੰਦਰਾਂ ਦੀਆਂ ਭਿੱਤੀਆਂ 'ਤੇ ਉਕਰੀਆਂ ਹੋਈਆਂ ਨਾਰੀ ਮੂਰਤੀਆਂ ਵਾਂਗ ਤੰਦਰੁਸਤ, ਸੁਡੌਲ ਕਾਇਆਧਾਰੀ। ਵੀਹ ਸਾਲ ਦੀ ਉਮਰ ਤਾਂ ਰੂਪ ਦੇ ਤਾਪ ਦੀ ਉਮਰ ਹੁੰਦੀ ਹੈ, ਵਧਣ-ਫੁੱਲਣ ਤੇ ਪੱਕਣ ਦੀ ਉਮਰ ਹੈ ਇਹ। ਮੇਰੀਆਂ ਸੋਚਾਂ ਵਿਚ ਉਭਰਦੀ ਸਾਂਵਲੀ ਦੇ ਚਿਹਰੇ ਉਤੇ ਕੋਈ ਹਿੰਸਕ ਪਰਤ ਦਿਖਾਈ ਹੀ ਨਹੀਂ ਸੀ ਦੇ ਰਹੀ।

ਸੋਚਿਆ ਕਿ ਆਪਣੇ ਸਟਾਫ ਤੋਂ ਸਾਂਵਲੀ ਬਾਰੇ ਪਤਾ ਕਰਾਂ ਪਰ ਕਿਸੇ ਨੇ ਸਾਂਵਲੀ ਨੂੰ ਦੇਖਿਆ ਨਹੀਂ ਸੀ। ਉਸ ਦਾ ਭੈਅ ਹੀ ਅਜਿਹਾ ਹੈ ਕਿ ਜਿਸ ਨੇ ਵੀ ਉਸ ਬਾਰੇ ਕਲਪਨਾ ਕੀਤੀ, ਖੂੰਖ਼ਾਰ ਔਰਤ ਦਾ ਚਿਹਰਾ ਹੀ ਜ਼ਿਹਨ ਵਿਚ ਉਭਰਿਆ ਅਤੇ ਚਿਪਕ ਕੇ ਰਹਿ ਗਿਆ। ਉਹ ਨਾਲ ਅਜਿਹਾ ਕੀ ਵਾਪਰਿਆ ਜਿਸ ਕਰਕੇ ਉਹ ਨਕਸਲੀ ਬਣ ਗਈ। ਇਹ ਸਭ ਕੁਝ ਪੂਰੀ ਤਰ੍ਹਾਂ ਜਾਣਦੇ ਹੋਏ ਵੀ ਕੋਈ ਇਹ ਦੱਸਣਾ ਨਹੀਂ ਸੀ ਚਾਹੁੰਦਾ। ਔਰਤ ਦਾ ਨਕਸਲੀ ਬਣਨਾ ਭਾਵੇਂ ਹੈਰਾਨੀ ਵਾਲੀ ਗੱਲ ਨਾ ਹੋਵੇ ਪਰ ਇਸ ਨਾਲ ਅਨਿਆਂ ਦੀ ਹੱਦ ਦਾ ਰੂਪ ਤਾਂ ਸਾਕਾਰ ਹੋ ਹੀ ਜਾਂਦਾ ਹੈ। ਪਤਾ ਨਹੀਂ ਕਿਉਂ ਮੈਂ ਯਾਨਿ ਰੋਹਿਤ ਕੁਲਸ਼ਰੇਸ਼ਠ ਸਾਂਵਲੀ ਬਾਰੇ ਸਭ ਕੁਝ ਜਾਣਨ ਲਈ ਬੇਤਾਬ ਹੋ ਗਿਆ ਸਾਂ। ਫੇਰ ਇਹ ਸਾਡਾ ਪੁਲਿਸ ਵਾਲਿਆਂ ਦਾ ਅਸੂਲ ਵੀ ਹੈ ਕਿ ਜਿਸ ਨੂੰ ਅਸੀਂ ਟਾਰਗੇਟ ਬਣਾ ਲੈਂਦੇ ਹਾਂ, ਉਸ ਬਾਰੇ ਸਭ ਕੁਝ ਜਾਣਨ ਦਾ ਯਤਨ ਕਰਦੇ ਹਾਂ। ਹੁਣ ਪੁਲਿਸ ਦੇ ਟਾਰਗੇਟ ਉਤੇ ਸਾਂਵਲੀ ਸੀ!

ਇਕ ਸ਼ਾਮ ਜਦੋਂ ਆਫ਼ਿਸ 'ਚੋਂ ਵਾਪਸ ਆ ਕੇ ਚਾਹ ਪੀ ਰਿਹਾ ਸਾਂ ਤਾਂ ਵਾਇਰਲੈਸ ਸੈਟ ਉਤੇ ਖ਼ਬਰ ਮਿਲੀ ਕਿ ਕਾਛਿਨ ਨਦੀ 'ਤੇ ਬਣ ਰਿਹਾ ਪੁਲ ਰੋਕਣ ਵਾਸਤੇ ਸਾਂਵਲੀ ਠੇਕੇਦਾਰ ਨੂੰ ਅਗਵਾ ਕਰਕੇ ਲੈ ਗਈ ਹੈ। ਰਾਤ ਭਰ ਫੜੀ ਰੱਖਣ ਪਿੱਛੋਂ ਭਾਵੇਂ ਉਹਨੂੰ ਛੱਡ ਦਿੱਤਾ ਗਿਆ ਸੀ ਪਰ ਉਹ ਏਨਾ ਘਬਰਾਇਆ ਹੋਇਆ ਸੀ ਕਿ ਅੱਗਿਓਂ ਪੁਲ ਦਾ ਕੰਮ ਕਰਨ ਲਈ ਤਿਆਰ ਨਹੀਂ ਸੀ। ਪੀ.ਡਬਲਯੂ.ਡੀ. ਦੇ ਸਾਰੇ ਇੰਜੀਨੀਅਰ, ਅਫ਼ਸਰ ਵਗ਼ੈਰਾ ਤਾਂ ਪਹਿਲਾਂ ਹੀ ਡਰਦੇ ਮਾਰੇ ਸਾਈਟ 'ਤੇ ਨਹੀਂ ਸੀ ਜਾਂਦੇ ਹੁੰਦੇ।

ਮੇਰੇ ਲਈ ਆਈ.ਜੀ. ਦਾ ਆਦੇਸ਼ ਸੀ ਕਿ ਭਾਵੇਂ ਕਿਵੇਂ ਵੀ ਹੋਵੇ, ਪੁਲ ਬਣਾਉਣਾ ਸੰਭਵ ਬਣਾਵਾਂ। ਇਹ ਨਦੀ ਬਰਸਾਤ ਵਿਚ ਬੜੀ ਮਾਰ ਕਰਦੀ ਸੀ। ਪੁਲ ਬਣਨ ਨਾਲ ਦੋ ਵੱਡੇ ਪਿੰਡ ਆਪਸ ਵਿਚ ਜੁੜ ਜਾਂਦੇ ਅਤੇ ਅੱਗੇ ਇਹ ਸੜਕ ਹਾਈਵੇਅ ਨਾਲ ਜੁੜ ਕੇ ਦੂਰੀਆਂ ਕਾਫੀ ਘਟਾ ਦਿੰਦੀ। ਨਦੀ ਦੇ ਪਾਰ ਵਾਲੇ ਪਿੰਡ ਵਿਚ ਬੜਾ ਵੱਡਾ ਹਾਟ ਬਾਜ਼ਾਰ ਲੱਗਦਾ ਸੀ ਜਿਸ ਵਿਚ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਮਿਲ ਜਾਂਦੀਆਂ ਸਨ।

ਮੇਰੇ ਲਈ ਇਹ ਕੰਮ ਬੜਾ ਮੁਸ਼ਕਿਲ ਸੀ। ਨਕਸਲੀਆਂ ਨਾਲ ਕੋਈ ਸੰਪਰਕ ਸੰਭਵ ਨਹੀਂ ਸੀ। ਠੇਕੇਦਾਰ ਨੂੰ ਜਾਨ ਦਾ ਭੈਅ ਸਤਾਉਣ ਲੱਗ ਪਿਆ ਸੀ।

ਪੁਲ ਦਾ ਨਿਰਮਾਣ ਰੋਕਣਾ ਗ਼ੈਰ-ਕਾਨੂੰਨੀ ਸੀ, ਤੇ ਇਕ ਤਰ੍ਹਾਂ ਵਿਕਾਸ ਨੂੰ ਅੜਿੱਕਾ ਲਾਉਣ ਵਾਲੀ ਕੋਝੀ ਕਾਰਵਾਈ ਸੀ। ਹਲਕੇ ਦੇ ਵਿਧਾਇਕ ਜਿਹੜੇ ਹੁਣ ਮੰਤਰੀ ਵੀ ਸਨ, ਚੋਣਾਂ ਸਮੇਂ ਪੁਲ ਦੇ ਨਿਰਮਾਣ ਦਾ ਐਲਾਨ ਕਰ ਚੁੱਕੇ ਸਨ। ਅੱਗੇ ਵੀ ਉਨ੍ਹਾਂ ਚੋਣ ਜਿੱਤਣੀ ਸੀ ਪਰ ਜਦੋਂ ਮੈਂ ਇਸ ਮਸਲੇ ਦੀ ਤਹਿ ਫਰੋਲੀ ਤਾਂ ਪੁਲ ਨਿਰਮਾਣ ਦੇ ਸਰੋਕਾਰ ਕਾਫੀ ਸੰਗੀਨ ਦਿਖਾਈ ਦਿੱਤੇ। ਪੁਲ ਬਣਨ ਪਿੱਛੋਂ ਦੂਜੇ ਇਲਾਕੇ ਦੇ ਸ਼ਾਹੂਕਾਰ, ਵਪਾਰੀ ਉਥੇ ਆ ਕੇ ਆਪਣੇ ਪੈਰ ਜਮਾਉਣ ਲੱਗ ਪੈਂਦੇ। ਸੂਦਖੋਰੀ, ਘੱਟ ਤੋਲ ਤੇ ਮਹਿੰਗਾ ਵੇਚ ਕੇ ਮੁਨਾਫ਼ਾ ਕਮਾਉਣਾ ਸ਼ੁਰੂ ਹੋ ਜਾਂਦਾ। ਦੁਰਲੱਭ ਜੜ੍ਹੀ ਬੂਟੀਆਂ, ਅਚਾਰ, ਔਲੇ, ਗਲੋਅ, ਜੰਗਲੀ ਹਲਦੀ, ਚਰਾਇਤਾ ਆਦਿ ਸਿਰਫ ਕਿੱਲੋ ਆਟੇ-ਲੂਣ ਵੱਟੇ ਹੜੱਪਣ ਦੀ ਖੇਡ ਸ਼ੁਰੂ ਹੋ ਜਾਂਦੀ। ਉਹ ਸਾਰਾ ਸਾਰਾ ਦਿਨ ਸਥਾਨਕ ਲੋਕਾਂ ਤੋਂ ਮਿਹਨਤ ਕਰਵਾਉਂਦੇ ਤੇ ਸ਼ਾਮ ਨੂੰ ਥੋੜ੍ਹੇ ਜਿਹੇ ਚੌਲ ਦੇ ਕੇ ਛੁੱਟੀ ਕਰ ਦਿੰਦੇ। ਸਥਾਨਕ ਵਪਾਰੀਆਂ ਦਾ ਲੱਕ ਟੁੱਟ ਜਾਂਦਾ। ਗ਼ਰੀਬ ਤੇ ਲੋੜਵੰਦ ਆਦਿਵਾਸੀਆਂ ਦੀਆਂ ਨੂੰਹਾਂ-ਧੀਆਂ ਨਾਲ ਜ਼ਬਰਦਸਤੀ ਦੀ ਖੇਡ ਅਰੰਭ ਹੋ ਜਾਂਦੀ।

ਸਰਕਾਰੀ ਨਜ਼ਰ ਨਾਲ ਇਹ ਸਭ ਕੁੱਝ ਨਹੀਂ ਦਿਸਦਾ। ਸਰਕਾਰ ਦੇ ਸਾਹਮਣੇ ਸਿਰਫ ਵਿਕਾਸ ਦਾ ਮੁੱਦਾ ਹੁੰਦਾ ਹੈ। ਕੁਝ ਕਮਿਸ਼ਨ ਫਿੱਟ ਹੋ ਜਾਏ ਬੱਸ...ਕੋਈ ਇਹ ਨਹੀਂ ਜਾਣਨਾ ਚਾਹੁੰਦਾ ਕਿ ਸੜਕ ਸ਼ੋਸ਼ਣ ਦੇ ਕਿੰਨੇ ਢੰਗ-ਤਰੀਕਿਆਂ ਦਾ ਰੋਡ-ਰੋਲਰ ਲੈ ਕੇ ਆਉਂਦੀ ਹੈ। ਕਿੰਨੀਆਂ ਮੁਸੀਬਤਾਂ ਉਸ ਵਿਕਾਸ ਦੇ ਨਾਲ ਅਚਾਨਕ ਆ ਜਾਂਦੀਆਂ ਨੇ। ਕਿਸੇ ਦੇ ਮਨ ਵਿਚ ਇਹ ਪ੍ਰਸ਼ਨ ਨਹੀਂ ਉਠਦਾ ਕਿ ਅਜਿਹੇ ਵਿਕਾਸ ਨਾਲ ਆਦਿਵਾਸੀਆਂ ਦੀ ਨਿੱਜਤਾ ਟੁੱਟਦੀ ਹੈ। ਉਨ੍ਹਾਂ ਦੀ ਅਣਘੜਤਾ ਹੀ ਉਨ੍ਹਾਂ ਦਾ ਸੱਚਾ ਸੁਖ ਹੈ।

ਜ਼ਾਹਿਰ ਹੈ ਕਿ ਏਨਾ ਜਾਣਨ-ਸਮਝਣ ਪਿੱਛੋਂ ਮੈਂ ਇਸ ਮੁਹਿੰਮ ਵਿਚ ਅਸਫਲ ਹੋ ਗਿਆ ਸਾਂ। ਪੁਲ ਅਧੂਰਾ ਪਿਆ ਸੀ ਅਤੇ ਮੈਨੂੰ ਲਾਹਣਤਾਂ ਮਿਲ ਰਹੀਆਂ ਸਨ। ਜ਼ਰੂਰ ਪੁਲਿਸ ਕਪਤਾਨ ਸਮਝਦਾਰ ਅਤੇ ਉਦਾਰ ਅਫ਼ਸਰ ਸਨ। ਉਨ੍ਹਾਂ ਇਸ ਬਾਰੇ ਮੈਨੂੰ ਕੁਝ ਨਹੀਂ ਕਿਹਾ।




ਨਾਵਲ 'ਬਲੂ ਰੋਜ਼' ਇਨ੍ਹਾਂ ਰੁਝੇਵਿਆਂ ਕਰਕੇ ਅਧੂਰਾ ਪਿਆ ਸੀ, ਉਸ ਰਾਤ ਉਹ ਚੁੱਕ ਲਿਆ ਪਰ ਮਾਯੂਸੀ ਕਰਕੇ ਪੜ੍ਹਨ ਵਿਚ ਮਨ ਨਹੀਂ ਲੱਗਿਆ। ਜਦੋਂ ਮਨ ਭਟਕ ਰਿਹਾ ਹੋਏ, ਉਸ ਨੂੰ ਸਾਧਣਾ ਬੜਾ ਔਖਾ ਹੋ ਜਾਂਦਾ ਏ। ਆਖ਼ਰਕਾਰ ਖਾਣਾ ਖਾਣ ਬੈਠ ਗਿਆ। ਸੁਕਯਾ ਨੇ ਮੁਰਗਾ ਬੜਾ ਵਧੀਆ ਬਣਾਇਆ ਸੀ ਅਤੇ ਤਰੀ ਤਾਂ ਬੜੀ ਹੀ ਸਵਾਦੀ ਸੀ। ਮੈਂ ਜਵਾਰ ਦੀ ਰੋਟੀ ਦੀ ਬੁਰਕੀ ਤਰੀ ਵਿਚ ਭਿਓਂ ਕੇ ਮੂੰਹ ਵਿਚ ਪਾਉਣ ਹੀ ਲੱਗਿਆ ਸਾਂ ਕਿ ਸੁਕਯਾ ਬੋਲਿਆ, "ਸਰ ਜੀ, ਇਕ ਗੱਲ ਕਹਿਣੀ ਏਂ...।" ਸੁਕਯਾ ਐਨ ਮੇਰੇ ਸਾਹਮਣੇ ਪੈਰਾਂ ਭਾਰ ਉਕੜੂ ਬੈਠ ਗਿਆ। ਉਹ ਸਾਂਵਲੀ ਬਾਰੇ ਦੱਸਣਾ ਚਾਹੁੰਦਾ ਸੀ। ਮੈਂ ਉਸ ਨੂੰ ਆਗਿਆ ਦੇ ਦਿੱਤੀ। ਉਸ ਨੇ ਜੋ ਦੱਸਿਆ, ਉਹ ਇੰਜ ਸੀ:

ਸਾਂਵਲੀ ਪਹਿਲਾਂ ਨਕਸਲੀ ਨਹੀਂ ਸੀ। ਦਰੋਗੇ ਨੂੰ ਮਾਰ ਕੇ ਉਹ ਫ਼ਰਾਰ ਹੋ ਗਈ। ਇਸ ਪਿੱਛੋਂ ਉਸ ਨੇ ਜਥੇਬੰਦੀ ਬਣਾ ਲਈ। ਉਸ ਤੋਂ ਪਹਿਲਾਂ ਨਾਦਯਾ ਜਥੇਬੰਦੀ ਦਾ ਹੈਡ ਹੁੰਦਾ ਸੀ। ਸਾਂਵਲੀ ਨੇ ਉਹਨੂੰ ਖਦੇੜ ਦਿੱਤਾ। ਉਹ ਇਕੱਲਾ ਜੰਗਲ ਵੱਲ ਭੱਜ ਗਿਆ। ਫੇਰ ਉਹਦਾ ਕੁਝ ਪਤਾ ਨਹੀਂ ਲੱਗਾ। ਉਦੋਂ ਦੀ ਸਾਂਵਲੀ ਹੀ ਜਥੇਬੰਦੀ ਚਲਾ ਰਹੀ ਹੈ। ਸਾਂਵਲੀ ਦਾ ਕੋਈ ਕਸੂਰ ਨਹੀਂ ਸੀ। ਉਸ ਨਾਲ ਪੁਲਿਸ ਨੇ ਬੜਾ ਧੱਕਾ ਕੀਤਾ ਸੀ। ਇੱਥੋਂ ਦੇ ਥਾਣੇ ਵਿਚ ਹੀ ਦਰੋਗਾ ਹੁੰਦਾ ਸੀ ਤਿਵਾੜੀ। ਸਾਰੇ ਉਹਨੂੰ ਸਾਹਬ ਕਹਿੰਦੇ ਸਨ। ਉਹਨੂੰ ਚੰਗਾ ਲੱਗਦਾ ਸੀ ਸਾਹਬ ਅਖਵਾਉਣਾ। ਬੰਦਗੀ ਕਰਨ ਵਾਲੇ ਉਤੇ ਬੜਾ ਖੁਸ਼ ਰਹਿੰਦਾ ਸੀ ਉਹ। ਲੋਕ ਉਸ ਨੂੰ ਸਾਹਬ ਬੰਦਗੀ ਕਹਿੰਦੇ ਸਨ ਤਾਂ ਉਹ ਦਰੋਗਾ ਖਿੜ-ਪੁੜ ਜਾਂਦਾ ਸੀ। ਉਸ ਵਰਗਾ ਲੰਮਾ-ਝੰਮਾ ਤੇ ਗੋਰੇ ਰੰਗ ਦਾ ਆਦਮੀ ਪੂਰੇ ਜ਼ਿਲੇ ਵਿਚ ਨਹੀਂ ਸੀ ਪਰ ਸੁਭਾਅ ਦਾ ਬੜਾ ਦੁਸ਼ਟ ਸੀ। ਤਫਤੀਸ਼ ਵਿਚ ਫੜੇ ਆਦਮੀ ਦਾ ਮਾਰ-ਮਾਰ ਕੇ ਕਚੂਮਰ ਕੱਢ ਦਿੰਦਾ ਸੀ। ਉਹਨੇ ਦਹਿਸ਼ਤ ਫੈਲਾਈ ਹੋਈ ਸੀ।

ਸਾਂਵਲੀ ਪਿੰਡ-ਦੇਸ ਦੇ ਰਿਸ਼ਤੇ ਕਰਕੇ ਸੁਕਯਾ ਦੀ ਭਤੀਜੀ ਲੱਗਦੀ ਸੀ। ਬੜੀ ਸਿੱਧੀ ਸਾਦੀ ਕੁੜੀ ਸੀ। ਇਸ ਪਾਸੇ ਕੋਈ ਪੜ੍ਹਿਆ-ਲਿਖਿਆ ਨਹੀਂ ਹੈ। ਮੌੜਾ-ਮੌੜੀ (ਮੁੰਡਾ-ਕੁੜੀ) ਜ਼ਰਾ ਵੱਡੇ ਹੋਏ ਕਿ ਮਜ਼ੂਰੀ ਦੀ ਭਾਲ ਵਿਚ ਨਿਕਲ ਪਏ ਤਾਂ ਕਿ ਚਾਰ ਪੈਸੇ ਘਰ ਆ ਸਕਣ। ਉਦੋਂ ਸਾਂਵਲੀ ਦੀ ਉਮਰ 14-15 ਸਾਲ ਦੀ ਹੋਵੇਗੀ। ਪਿੰਡ ਦਾ ਜਾਇਸਵਾਲ ਮੁੰਡਾ ਜਸਰਾਮ ਕਸਬੇ ਵਿਚ ਰੋਜ਼ ਮਜ਼ੂਰੀ ਕਰਨ ਜਾਂਦਾ ਸੀ। ਸਾਂਵਲੀ ਨੇ ਉਹਨੂੰ ਮਜ਼ੂਰੀ ਦਿਵਾਉਣ ਲਈ ਕਿਹਾ। ਜਸਰਾਮ ਸਾਂਵਲੀ ਨੂੰ ਆਪਣੇ ਨਾਲ ਪਿੰਡੋਂ ਮਜ਼ੂਰੀ ਕਰਨ ਲੈ ਗਿਆ। ਜਿਸ ਗੱਲਾ ਵਪਾਰੀ ਕੋਲ ਉਹ ਆਪ ਮਜ਼ੂਰੀ ਕਰਦਾ ਸੀ, ਉਥੇ ਉਸ ਨੇ ਸਾਂਵਲੀ ਨੂੰ ਵੀ ਮਜ਼ੂਰੀ ਦਿਵਾ ਦਿੱਤੀ।

ਹੁਣ ਉਹ ਦੋਵੇਂ ਦਿਹਾੜੀ ਕਰਨ ਲਈ ਇਕੱਠੇ ਕਸਬੇ ਜਾਣ-ਆਉਣ ਲੱਗ ਪਏ। ਕਈ ਮਹੀਨੇ ਬੀਤ ਗਏ। ਸਾਂਵਲੀ ਦੀ ਮਹਤਾਰੀ (ਮਾਂ) ਤਿੰਨ ਸਾਲ ਪਹਿਲਾਂ ਮਰ ਗਈ ਸੀ। ਸਾਂਵਲੀ ਦੇ ਪਿਓ ਨੇ ਕੋਈ ਦੂਜੀ ਔਰਤ ਘਰ ਬਿਠਾ ਲਈ ਸੀ। ਮਤਰੇਈ ਮਾਂ ਸਾਂਵਲੀ ਨਾਲ ਚੰਗਾ ਵਿਹਾਰ ਨਹੀਂ ਸੀ ਕਰਦੀ। ਗੱਲ-ਗੱਲ 'ਤੇ ਕੁੱਟਣਾ-ਮਾਰਨਾ ਸ਼ੁਰੂ ਕਰ ਦਿੰਦੀ ਤੇ ਗਾਲਾਂ-ਫਿਟਕਾਰਾਂ ਦਿੰਦੀ। ਘਰ ਦਾ ਪੂਰਾ ਕੰਮ ਉਸੇ ਤੋਂ ਕਰਵਾਉਂਦੀ। ਸਾਂਵਲੀ ਮਜ਼ੂਰੀ ਕਰਨ ਲੱਗੀ ਤਾਂ ਉਹਨੂੰ ਇਸ ਸਭ ਕਾਸੇ ਤੋਂ ਰਾਹਤ ਜਿਹੀ ਮਿਲੀ। ਸਾਂਵਲੀ ਦੇ ਪਿਓ ਦੇ ਨਾਂ ਥੋੜ੍ਹੀ ਜ਼ਮੀਨ ਸੀ। ਸਾਲ ਭਰ ਲਈ ਉਸ ਵਿਚ ਦਾਣਾ ਫੱਕਾ ਹੋ ਜਾਂਦਾ ਸੀ।

ਸਾਂਵਲੀ ਦੇ ਮਜ਼ੂਰੀ ਕਰਨ ਕਰਕੇ ਮਤਰੇਈ ਮਾਂ ਦੇ ਸੁਭਾਅ ਵਿਚ ਵੀ ਕੁਝ ਨਰਮੀ ਆਈ। ਬੱਸ ਸਿਰਫ ਜਸਰਾਮ ਉਸ ਦੀਆਂ ਅੱਖਾਂ ਵਿਚ ਕਣ ਬਣ ਕੇ ਰੜਕਦਾ ਰਹਿੰਦਾ। ਉਸ ਨੂੰ ਡਰ ਲੱਗਿਆ ਰਹਿੰਦਾ ਸੀ ਕਿ ਕਿਤੇ ਉਹ ਸਾਂਵਲੀ ਨੂੰ ਭਜਾ ਕੇ ਈ ਨਾ ਲੈ ਜਾਵੇ। ਫੇਰ ਉਹ ਮਜ਼ੂਰੀ ਦੇ ਰੁਪਏ ਤੋਂ ਵੀ ਜਾਵੇਗੀ ਤੇ ਸਾਂਵਲੀ ਦੇ ਵਿਆਹ 'ਤੇ ਮਿਲਣ ਵਾਲੇ ਕੰਨਿਆਂ-ਮੁੱਲ ਤੋਂ ਵੀ ਵਾਂਝੀ ਰਹਿ ਜਾਏਗੀ। ਇਹੋ ਡਰ ਉਸ ਨੂੰ ਹਰ ਵੇਲੇ ਚੰਬੜੇ ਰਹਿੰਦੇ ਸਨ।

ਦਿਹਾੜੀ ਪਿੱਛੋਂ ਇਕ ਦਿਨ ਸਾਂਵਲੀ ਜਦੋਂ ਵਾਪਸ ਆਉਣ ਲੱਗੀ ਤਾਂ ਕਸਬੇ ਵਿਚ ਉਹਦੀ ਮੁਲਾਕਾਤ ਆਪਣੀ ਵੱਡੀ ਭੈਣ ਅਤੇ ਭਣੋਈਏ ਨਾਲ ਹੋ ਗਈ। ਉਹਦਾ ਭਣੋਈਆ ਨਾਲ ਵਾਲੇ ਪਿੰਡ ਵਿਚ ਅਧਿਆਪਕ ਲੱਗਾ ਹੋਇਆ ਸੀ। ਭੈਣ ਜ਼ੋਰ ਪਾ ਕੇ ਸਾਂਵਲੀ ਨੂੰ ਆਪਣੇ ਨਾਲ ਲੈ ਗਈ। ਸਾਂਵਲੀ ਦੇ ਘਰ ਕਿਸੇ ਨੂੰ ਇਸ ਗੱਲ ਦੀ ਖ਼ਬਰ ਨਹੀਂ ਸੀ। ਸਾਂਵਲੀ ਉਥੇ ਦੋ ਦਿਨ ਰੁਕ ਗਈ। ਜਦੋਂ ਤੀਜੇ ਦਿਨ ਵੀ ਸਾਂਵਲੀ ਵਾਪਸ ਨਾ ਆਈ ਤਾਂ ਮਾਂ ਦਾ ਮੱਥਾ ਠਣਕਿਆ। ਉਹਨੂੰ ਲੱਗਿਆ ਕਿ ਜਸਰਾਮ ਸਾਂਵਲੀ ਨੂੰ ਭਜਾ ਕੇ ਲੈ ਗਿਆ ਹੈ। ਜਸਰਾਮ ਵੀ ਉਨ੍ਹੀਂ ਦਿਨੀ ਦੋ-ਤਿੰਨ ਦਿਨ ਦਾ ਪਿੰਡ ਨਹੀਂ ਸੀ ਆਇਆ। ਮਾਂ ਨੇ ਸਾਂਵਲੀ ਦੇ ਪਿਓ ਨੂੰ ਵੀ ਨਹੀਂ ਪੁੱਛਿਆ, ਤੇ ਜਾ ਕੇ ਥਾਣੇ ਵਿਚ ਜਸਰਾਮ ਖ਼ਿਲਾਫ਼ ਸਾਂਵਲੀ ਨੂੰ ਭਜਾ ਲੈ ਜਾਣ ਦੀ ਰਿਪੋਰਟ ਲਿਖਵਾ ਦਿੱਤੀ।

ਆਦਿਵਾਸੀ ਇਲਾਕੇ ਵਿਚ ਸਰਕਾਰ ਵੈਸੇ ਵੀ ਆਦਿਵਾਸੀਆਂ ਵੱਲੋਂ ਬੜੀ ਸੁਚੇਤ ਰਹਿੰਦੀ ਹੈ। ਇਹ ਮਾਮਲਾ ਕਿਸੇ ਗ਼ੈਰ-ਆਦਿਵਾਸੀ ਦਾ ਆਦਿਵਾਸੀ ਕੁੜੀ ਨੂੰ ਭਜਾ ਕੇ ਲੈ ਜਾਣ ਦਾ ਸੀ। ਪੁਲਿਸ ਕੁਝ ਵਧੇਰੇ ਹੀ ਸੁਚੇਤ ਹੋ ਗਈ। ਤਿਵਾੜੀ ਦਰੋਗਾ ਕੁਝ ਵਧੇਰੇ ਹੀ ਹਰਕਤ ਵਿਚ ਆ ਗਿਆ। ਉਹਨੇ ਝੱਟ ਰਿਪੋਰਟ ਲਿਖ ਲਈ। ਰਿਪੋਰਟ ਲਿਖਣ ਦੇ ਤੀਜੇ ਦਿਨ ਜਸਰਾਮ ਪਿੰਡ ਵਾਪਸ ਆ ਗਿਆ। ਉਹ ਆਪਣੀ ਰਿਸ਼ਤੇਦਾਰੀ ਵਿਚ ਗਿਆ ਹੋਇਆ ਸੀ। ਆਉਂਦੇ ਨੂੰ ਹੀ ਪੁਲਿਸ ਨੇ ਫੜ ਲਿਆ। ਉਸ ਨੂੰ ਥਾਣੇ ਵਿਚ ਏਨਾ ਕੁੱਟਿਆ-ਮਾਰਿਆ ਗਿਆ ਕਿ ਉਹ ਬੇਹੋਸ਼ ਹੋ ਗਿਆ। ਜਸਰਾਮ ਦੇ ਪਿਤਾ ਨੇ ਆਪਣੇ ਰਿਸ਼ਤੇਦਾਰਾਂ ਤੋਂ ਤਸਦੀਕ ਕਰਵਾ ਦਿੱਤੀ। ਕੁੱਟਮਾਰ ਪਿੱਛੋਂ ਵੀ ਜਸਰਾਮ ਨੇ ਸਾਂਵਲੀ ਨੂੰ ਭਜਾ ਕੇ ਲੈ ਜਾਣ ਵਾਲੀ ਗੱਲ ਕਬੂਲ ਨਹੀਂ ਸੀ ਕੀਤੀ। ਇਸ ਦੇ ਬਾਵਜੂਦ ਤਿਵਾੜੀ ਦਰੋਗਾ ਜਸਰਾਮ ਨੂੰ ਛੱਡਣ ਲਈ ਤਿਆਰ ਨਹੀਂ ਸੀ।

ਸਾਂਵਲੀ ਅਜੇ ਤਕ ਆਪਣੇ ਘਰ ਵਾਪਸ ਨਹੀਂ ਸੀ ਆਈ। ਪੁਲਿਸ ਇਕ ਦਿਨ ਸਾਂਵਲੀ ਨੂੰ ਉਸ ਦੀ ਭੈਣ ਦੇ ਘਰੋਂ ਬਰਾਮਦ ਕਰਕੇ ਲੈ ਆਈ ਤੇ ਲਾਕਅੱਪ ਵਿਚ ਡੱਕ ਦਿੱਤਾ। ਸਾਂਵਲੀ ਨੇ ਇਨਕਾਰ ਕੀਤਾ ਕਿ ਜਸਰਾਮ ਉਸ ਨੂੰ ਭਜਾ ਕੇ ਲੈ ਗਿਆ ਸੀ। ਸਾਂਵਲੀ ਦੇ ਭਣੋਈਏ ਨੇ ਆ ਕੇ ਤਸਦੀਕ ਕਰ ਦਿੱਤੀ ਕਿ ਏਨੇ ਦਿਨ ਸਾਂਵਲੀ ਉਨ੍ਹਾਂ ਦੇ ਘਰ ਰਹੀ ਹੈ। ਇਸ ਦੇ ਬਾਵਜੂਦ ਤਿਵਾੜੀ ਦਰੋਗੇ ਨੇ ਸਾਂਵਲੀ ਦੇ ਭਣੋਈਏ ਨੂੰ ਵੀ ਧਮਕਾਇਆ ਤੇ ਉਸ ਨੇ ਸਾਂਵਲੀ 'ਤੇ ਦਬਾਅ ਪਾਇਆ ਕਿ ਉਹ ਜਸਰਾਜ ਦਾ ਨਾਂ ਲੈ ਦਏ, ਪਰ ਸਾਂਵਲੀ ਕਿਸੇ ਤਰ੍ਹਾਂ ਵੀ ਇਹ ਝੂਠ ਬੋਲਣ ਲਈ ਤਿਆਰ ਨਹੀਂ ਸੀ ਹੋਈ।

ਕੇਸ ਬੰਦ ਕਰ ਦੇਣ ਵਿਚ ਦਰੋਗੇ ਤਿਵਾੜੀ ਨੂੰ ਆਪਣੀ ਹੇਠੀ ਮਹਿਸੂਸ ਹੋ ਰਹੀ ਸੀ। ਉਸ ਨੂੰ ਇਹ ਤਾਂ ਪਤਾ ਲੱਗ ਗਿਆ ਸੀ ਕਿ ਸਾਂਵਲੀ ਦੀ ਮਾਂ ਨੇ ਨਾਸਮਝੀ ਵਿਚ ਰਿਪੋਰਟ ਲਿਖਵਾ ਦਿੱਤੀ ਹੈ। ਕੋਈ ਕੇਸ ਬਣਦਾ ਹੀ ਨਹੀਂ ਹੈ ਪਰ ਦਰੋਗਾ ਸਾਹਬ ਬੰਦਗੀ ਨੂੰ ਇਸ ਵਿਚ ਆਪਣੀ ਹੇਠੀ ਲੱਗੀ ਕਿ ਉਹ ਇਸ ਕੇਸ ਤੋਂ ਬਿਨਾ ਵਜ੍ਹਾ ਹੱਥ ਖਿੱਚ ਲਏ। ਮਾਮਲਾ ਆਦਿਵਾਸੀ ਕੁੜੀ ਦਾ ਸੀ। ਉਹ ਝੂਠੇ ਕੇਸ ਨੂੰ ਸੱਚਾ ਬਣਾਉਣ ਵਿਚ ਜੁਟ ਗਿਆ।

ਫਰਜ਼ੀ ਕੇਸ ਦਾ ਨਕਸ਼ਾ ਇੰਜ ਸੀ: ਜਸਰਾਮ ਸਾਂਵਲੀ ਨੂੰ ਭਜਾ ਕੇ ਲੈ ਗਿਆ। ਉਸ ਨੂੰ ਆਪਣੇ ਨਾਲ ਚਾਰ ਦਿਨ ਰੱਖਿਆ ਤੇ ਉਸ ਨੇ ਉਸ ਨਾਲ ਸਰੀਰਕ ਸਬੰਧ ਬਣਾਏ, ਇਸ ਲਈ ਜਸਰਾਮ ਤੇ ਸਾਂਵਲੀ ਦੀ ਬਰਾਮਦੀ ਉਸ ਨੇ ਦੂਜੇ ਸ਼ਹਿਰ ਵਿਚੋਂ ਦਿਖਾਈ। ਗੱਲ ਰਹਿ ਗਈ ਸੀ ਸਾਂਵਲੀ ਨਾਲ ਜਸਰਾਜ ਦੇ ਸਰੀਰਕ ਸਬੰਧ ਬਣਾਉਣ ਵਾਲੀ ਤੇ ਇਸ ਗੱਲ ਦੀ ਮੈਡੀਕਲ ਰਿਪੋਰਟ ਨਾਲ ਹੀ ਪੁਸ਼ਟੀ ਹੋ ਸਕਦੀ ਸੀ। ਇਸ ਲਈ ਸਾਹਬ ਬੰਦਗੀ ਤੇ ਦੋ ਸਿਪਾਹੀਆਂ ਨੇ ਲਗਾਤਾਰ ਅੱਠ ਦਿਨਾਂ ਤਕ ਨਾਬਾਲਗ ਸਾਂਵਲੀ ਨਾਲ ਬਲਾਤਕਾਰ ਕੀਤਾ। ਏਨਾ ਜ਼ੁਲਮ ਸਹਿਣ ਪਿੱਛੋਂ ਵੀ ਸਾਂਵਲੀ ਜਸਰਾਜ ਦੇ ਖ਼ਿਲਾਫ਼ ਕੁਝ ਵੀ ਕਹਿਣ ਲਈ ਰਾਜ਼ੀ ਨਹੀਂ ਸੀ ਹੋਈ।

ਸਾਂਵਲੀ ਨੂੰ ਹੋਰ ਵੀ ਕਈ ਲਾਲਚ ਦਿੱਤੇ ਗਏ। ਉਸ ਨੂੰ ਚੰਗਾ ਖਾਣ ਨੂੰ ਦਿੱਤਾ ਜਾਂਦਾ। ਇਕ ਜਾਂ ਦੋ ਪੁਲਿਸ ਵਾਲੇ ਸਾਂਵਲੀ ਨੂੰ ਬਾਜ਼ਾਰ ਲੈ ਜਾਂਦੇ ਤੇ ਉਸ ਦਾ ਮਨ ਜਿੱਤਣ ਖਾਤਰ ਤੋਹਫ਼ੇ ਦੇਂਦੇ। ਕਰੀਮ-ਪਾਊਡਰ, ਬਿੰਦੀਆਂ, ਚੂੜੀਆਂ, ਬਲਾਊਜ਼, ਕੱਜਲ, ਕੰਘੀ, ਰਿਬਨ, ਪਰਾਂਦੀਆਂ, ਰੰਗ-ਬਿਰੰਗੇ ਰੁਮਾਲ, ਖ਼ੁਸ਼ਬੂਦਾਰ ਤੇਲ-ਫਲੇਲ, ਬਟੂਆ, ਗਿਲਟ ਦੀਆਂ ਝਾਂਜਰਾਂ ਤੇ ਨਾਲੇ ਵਗ਼ੈਰਾ। ਅਦਭੁਤ ਪ੍ਰੇਮ ਪ੍ਰਦਰਸ਼ਨ ਕਰਦੇ। ਸਾਂਵਲੀ ਫੇਰ ਵੀ ਝੂਠ ਬੋਲਣ ਲਈ ਤਿਆਰ ਨਾ ਹੁੰਦੀ। ਸਾਹਬ ਬੰਦਗੀ ਦਾ ਗੁੱਸਾ ਵਧਦਾ ਜਾ ਰਿਹਾ ਸੀ।

ਆਈ.ਜੀ. ਸਾਹਬ ਦੇ ਦੌਰੇ ਅਤੇ ਇੰਸਪੈਕਸ਼ਨ ਨੇ ਦਰੋਗੇ ਦੀ ਇਹ ਮੁਹਿੰਮ ਗੜਬੜ ਕਰ ਦਿੱਤੀ। ਉਸ ਦਿਨ ਦੀ ਅਫ਼ਰਾ-ਤਫ਼ਰੀ ਵਿਚ ਸਾਂਵਲੀ ਲਾਕਅੱਪ ਵਿਚੋਂ ਭੱਜ ਗਈ। ਹਨੇਰਾ ਘਿਰ ਆਉਣ ਤਕ ਸਾਂਵਲੀ ਥਾਣੇ ਦੇ ਨਾਲ ਬਣੇ ਕੁਆਰਟਰਾਂ ਦੇ ਪਿੱਛੇ ਲੁਕੀ ਰਹੀ ਤੇ ਫੇਰ ਜੰਗਲ ਵਿਚ ਵੜ ਗਈ। ਪੂਰੇ ਤਿੰਨ ਦਿਨ ਉਹ ਇਕੱਲੀ ਮਾਸੂਮ ਕੁੜੀ ਜੰਗਲ ਵਿਚ ਪੁਲਿਸ ਦੇ ਡਰ ਕਰਕੇ ਭੁੱਖੀ ਪਿਆਸੀ ਲੁਕਦੀ ਰਹੀ।

ਜੰਗਲ 'ਚੋਂ ਨਿਕਲ ਕੇ ਉਹ ਜੰਗਲ ਨਾਲ ਲੱਗਦੀ ਇਕ ਬਸਤੀ ਵਿਚ ਕਿਸੇ ਘਰ ਦੇ ਖੁੱਲ੍ਹੇ ਦਰਵਾਜ਼ੇ ਅੰਦਰ ਦਾਖ਼ਲ ਹੋ ਗਈ। ਇਹ ਘਰ ਅਧਿਆਪਕ ਉਦੈ ਰਾਜ ਦਾ ਸੀ। ਉਹ ਮਾਸਟਰ ਕਿਤੋਂ ਬਾਹਰੋਂ ਆਇਆ ਸੀ, ਤੇ ਉਸ ਬਾਰੇ ਸ਼ੱਕ ਕੀਤਾ ਜਾਂਦਾ ਸੀ ਕਿ ਉਹ ਕਦੀ ਨਕਸਲੀ ਜਥੇਬੰਦੀ ਨਾਲ ਜੁੜਿਆ ਹੁੰਦਾ ਸੀ ਪਰ ਪੁਲਿਸ ਕੋਲ ਉਸ ਦੇ ਖ਼ਿਲਾਫ਼ ਕੋਈ ਸਬੂਤ ਨਹੀਂ ਸੀ। ਇਸ ਲਈ ਪੁਲਿਸ ਉਸ ਦਾ ਕੁਝ ਨਹੀਂ ਸੀ ਵਿਗਾੜ ਸਕੀ। ਹੁਣ ਉਹ ਇਕ ਸਮਾਜ ਸੇਵੀ ਜਥੇਬੰਦੀ ਦੇ ਸਕੂਲ ਵਿਚ ਅਧਿਆਪਕ ਲੱਗਾ ਹੋਇਆ ਸੀ।

ਸਾਂਵਲੀ ਨਾਲ ਹੋਏ ਧੱਕੇ ਦੀ ਪੂਰੀ ਕਹਾਣੀ ਸੁਣ ਕੇ ਉਦੈ ਰਾਜ ਨੇ ਸਾਂਵਲੀ ਨੂੰ ਨੌਜਵਾਨ ਤੇ ਉਤਸ਼ਾਹੀ ਵਕੀਲ ਵਿਜੈ ਸੋਨੀ ਨਾਲ ਮਿਲਵਾਇਆ। ਸਾਂਵਲੀ ਨੂੰ ਕਾਨੂੰਨੀ ਸੁਰੱਖਿਆ ਮਿਲ ਗਈ। ਏਧਰ ਸਾਂਵਲੀ ਦੇ ਲਾਕਅੱਪ ਵਿਚੋਂ ਭੱਜ ਜਾਣ ਪਿੱਛੋਂ ਸਾਹਬ ਬੰਦਗੀ ਦਾ ਸਾਰਾ ਗੁੱਸਾ ਸਾਂਵਲੀ ਦੇ ਭਣੋਈਏ 'ਤੇ ਉਤਰਿਆ। ਉਹ ਉਸ ਨੂੰ ਫੜ ਕੇ ਲੈ ਆਇਆ ਤੇ ਥਾਣੇ ਵਿਚ ਉਸ ਦੀ ਅਜਿਹੀ ਕੁਟਾਈ ਕੀਤੀ ਕਿ ਅੱਜ ਵੀ ਉਹ ਲੰਗੜਾ ਕੇ ਤੁਰਦਾ ਹੈ। ਅਦਾਲਤ ਵਿਚ ਅਰਜ਼ੀ ਲਾ ਕੇ ਸਾਹਬ ਬੰਦਗੀ ਸਾਂਵਲੀ ਦਾ ਮੈਡੀਕਲ ਚੈਕਅੱਪ ਕਰਵਾਉਣ ਵਿਚ ਜ਼ਰੂਰ ਸਫਲ ਹੋ ਗਿਆ ਸੀ ਪਰ ਇਕੱਲੀ ਰਿਪੋਰਟ ਕੀ ਕਰ ਸਕਦੀ ਸੀ, ਜਦੋਂ ਕੋਈ ਗਵਾਹ ਹੀ ਨਹੀਂ ਸੀ।

ਸਾਹਬ ਬੰਦਗੀ ਨੂੰ ਮੁਕੱਦਮੇ ਦਾ ਹਸ਼ਰ ਪਤਾ ਸੀ ਕਿ ਇਸ ਕੇਸ ਵਿਚ ਜਸਰਾਜ ਦੇ ਖ਼ਿਲਾਫ਼ ਕੁਝ ਵੀ ਨਹੀਂ ਸੀ ਹੋ ਸਕਦਾ। ਉਹ ਸਾਫ ਬਰੀ ਹੋ ਜਾਏਗਾ। ਉਸ ਨੂੰ ਡਰ ਸੀ ਕਿ ਕਿਤੇ ਉਸ ਦੀ ਸ਼ਿਕਾਇਤ ਨਾ ਹੋ ਜਾਏ। ਉਹ ਫਸ ਵੀ ਸਕਦਾ ਹੈ। ਆਪਣੀ ਬੱਚਤ ਕਰਨ ਖਾਤਰ ਸਾਂਵਲੀ ਦੇ ਲਾਕਅੱਪ ਵਿਚੋਂ ਭੱਜ ਜਾਣ ਦੀ ਤਫ਼ਸੀਲ ਉਸ ਦੇ ਰੋਜ਼ਨਾਮਚੇ ਵਿਚ ਇੰਜ ਲਿਖੀ ਕਿ ਜਸਰਾਜ ਦੇ ਘਰੋਂ ਹਥਿਆਰਬੰਦ ਲੋਕ ਆਏ ਤੇ ਥਾਣੇ 'ਚੋਂ ਸਾਂਵਲੀ ਨੂੰ ਅਗਵਾ ਕਰਕੇ ਲੈ ਗਏ। ਉਸ ਨੇ ਵਿਭਾਗ ਨੂੰ ਸਾਂਵਲੀ ਦੀ ਹਿੰਮਤ ਤੇ ਦਲੇਰੀ ਬਾਬਤ ਕਈ ਰਿਪੋਰਟਾਂ ਘੱਲੀਆਂ ਕਿ ਕਿਸ ਤਰ੍ਹਾਂ 14 ਸਾਲ ਦੀ ਲੜਕੀ ਅਗਵਾ ਕਰਨ ਵਾਲਿਆਂ ਦੇ ਅੱਖੀਂ ਘੱਟਾ ਪਾ ਕੇ ਉਨ੍ਹਾਂ ਦੇ ਚੁੰਗਲ ਵਿਚੋਂ ਛੁੱਟ ਗਈ ਤੇ ਬਿਨਾਂ ਡਰੇ ਜੰਗਲ ਤੇ ਪਹਾੜਾਂ ਵਿਚ ਇਕੱਲੀ ਭੱਜੀ ਫਿਰਦੀ ਰਹੀ। ਸਾਹਬ ਬੰਦਗੀ ਨੇ ਜਾਨ 'ਤੇ ਖੇਡ ਕੇ ਉਸ ਆਦਿਵਾਸੀ ਕੁੜੀ ਸਾਂਵਲੀ ਨੂੰ ਬਚਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਦੋ ਝੂਠਾਂ ਕਰਕੇ ਵਿਭਾਗ ਦੀ ਸਿਫ਼ਾਰਸ਼ 'ਤੇ ਸਰਕਾਰ ਨੇ ਸਾਂਵਲੀ ਨੂੰ ਉਸ ਦੇ ਹੌਸਲੇ ਕਰਕੇ ਇਨਾਮ, ਤੇ ਇਕ ਆਦਿਵਾਸੀ ਕੁੜੀ ਨੂੰ ਬਚਾਉਣ ਬਦਲੇ ਪੁਲਿਸ ਦਾ ਬਹਾਦਰੀ ਤਮਗਾ ਸਾਹਬ ਬੰਦਗੀ ਨੂੰ ਦੇਣ ਦਾ ਐਲਾਨ ਕਰ ਦਿੱਤਾ।

ਸਾਂਵਲੀ ਦਰੋਗੇ ਦਾ ਨਾਂ ਸੁਣ ਕੇ ਹੀ ਭੜਕ ਜਾਂਦੀ ਸੀ। ਉਸ ਦਾ ਵੱਸ ਚੱਲਦਾ ਤਾਂ ਉਹ ਦਰੋਗੇ ਨੂੰ ਗੋਲੀ ਮਾਰ ਦਿੰਦੀ। ਗ਼ਜ਼ਬ ਦੀ ਦਲੇਰੀ ਆ ਗਈ ਸੀ ਉਸ ਕੁੜੀ ਵਿਚ। ਜ਼ੁਲਮਾਂ ਨੇ ਉਸ ਨੂੰ ਦਲੇਰ ਬਣਾ ਦਿੱਤਾ ਸੀ।

ਅਗਲੇ ਆਜ਼ਾਦੀ ਦਿਹਾੜੇ ਉਪਰ ਸਾਂਵਲੀ ਨੂੰ ਨਾਲ ਲੈ ਕੇ ਰਾਜਧਾਨੀ ਆਉਣ ਦਾ ਹੁਕਮ ਦਰੋਗਾ ਸਾਹਬ ਬੰਦਗੀ ਨੂੰ ਮਿਲਿਆ ਸੀ। ਉਥੇ ਹੀ ਰਾਜਪਾਲ ਤੋਂ ਪੁਰਸਕਾਰ ਲੈਣ ਵੇਲੇ ਨਾਲ ਖਲੋਤੇ ਦਰੋਗੇ ਦੇ ਹੋਲਸਟਰ 'ਚੋਂ ਰਿਵਾਲਵਰ ਖਿੱਚ ਕੇ ਸਾਂਵਲੀ ਨੇ ਦਰੋਗੇ 'ਤੇ ਗੋਲੀ ਚਲਾ ਦਿੱਤੀ ਸੀ। ਦਰੋਗੇ ਨੇ ਥਾਏਂ ਦਮ ਤੋੜ ਦਿੱਤਾ। ਉਸ ਦੇ ਇਸ ਦੁਰਸਾਹਸ ਨਾਲ ਸਨਸਨੀ ਫੈਲ ਗਈ। ਇਸ ਪਿੱਛੋਂ ਸਾਂਵਲੀ ਅਜਿਹੀ ਫ਼ਰਾਰ ਹੋਈ ਕਿ ਨਕਸਲੀ ਆਗੂ ਬਣ ਕੇ ਹੀ ਸਾਹਮਣੇ ਆਈ। ਪੁਲਿਸ ਉਸ ਦੇ ਨਾਂ ਤੋਂ ਹੀ ਘਬਰਾਉਂਦੀ ਹੈ।

ਇਹ ਸੀ ਸਾਂਵਲੀ ਦੀ ਮੁਕੰਮਲ ਦਾਸਤਾਨ। ਮੈਨੂੰ ਚੇਤੇ ਆ ਰਿਹਾ ਏ ਕਿ ਜਦੋਂ ਮੈਂ ਰਾਜ ਪ੍ਰੀਖਿਆ ਲਈ ਫ਼ਾਰਮ ਭਰਿਆ ਸੀ, ਉਦੋਂ ਇਹ ਖ਼ਬਰ ਮੈਂ ਕਿਸੇ ਅਖ਼ਬਾਰ ਵਿਚ ਪੜ੍ਹੀ ਸੀ। ਉਸ ਸਮੇਂ ਇਹ ਨਹੀਂ ਪਤਾ ਸੀ ਕਿ ਮੈਂ ਪੁਲਿਸ ਦਾ ਡੀ.ਐਸ.ਪੀ. ਬਣ ਕੇ ਪਹਿਲੀ ਪੋਸਟਿੰਗ 'ਤੇ ਹੀ ਉਸ ਦੇ ਇਲਾਕੇ ਵਿਚ ਤਾਇਨਾਤ ਹੋ ਜਾਵਾਂਗਾ। ਉਸ ਰਾਤ ਮੈਂ ਠੀਕ ਤਰ੍ਹਾਂ ਸੌਂ ਨਹੀਂ ਸੀ ਸਕਿਆ। ਵਾਰੀ-ਵਾਰੀ ਸਾਂਵਲੀ ਮੇਰੇ ਜ਼ਿਹਨ ਵਿਚ ਉਭਰ ਆਉਂਦੀ ਰਹੀ। ਕਿੱਥੋਂ ਏਨਾ ਹੌਸਲਾ ਤੇ ਦਲੇਰੀ ਉਸ ਦੇ ਅੰਦਰ ਆ ਗਈ ਸੀ। ਸਾਂਵਲੀ ਦੀ ਅਦਭੁਤ ਸਾਹਸ-ਗਾਥਾ ਨੇ ਮੇਰੇ ਮਨ ਵਿਚ ਉਸ ਦਾ ਕੱਦ ਬੜਾ ਉਚਾ ਕਰ ਦਿੱਤਾ ਸੀ।

ਉਦੈ ਰਾਜ ਬਾਰੇ ਪਤਾ ਲੱਗਿਆ ਕਿ ਪੁਲਿਸ ਨੇ ਦਰੋਗੇ ਦੀ ਹੱਤਿਆ ਦਾ ਬਦਲਾ ਉਸ ਨੂੰ ਮਾਰ ਕੇ ਲਿਆ। ਉਸ ਨੂੰ ਫ਼ਰਜ਼ੀ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਦਰਅਸਲ, ਪੁਲਿਸ ਨੇ ਲਾਕਅੱਪ ਵਿਚ ਕੁੱਟ-ਕੁੱਟ ਕੇ ਉਦੈ ਰਾਜ ਨੂੰ ਪਹਿਲਾਂ ਹੀ ਮੁਕਾ ਦਿੱਤਾ ਸੀ। ਪਿੱਛੋਂ ਉਸ ਦੀ ਲਾਸ਼ 'ਤੇ ਗੋਲੀਆਂ ਚਲਾ ਕੇ ਮੁਕਾਬਲਾ ਦਿਖਾ ਦਿੱਤਾ ਸੀ। ਇਸ ਉਤੇ ਖਾਸੀ ਪੇਪਰਬਾਜ਼ੀ ਹੋਈ, ਜਾਂਚ ਬੈਠੀ ਤੇ ਖਾਨਾਪੂਰੀ ਕਰ ਦਿੱਤੀ ਗਈ। ਉਦੈ ਰਾਜ ਦਾ ਕੋਈ ਸਕਾ-ਸੰਬੰਧੀ ਨਹੀਂ ਸੀ ਜਿਹੜਾ ਪੈਰਵੀ ਕਰਦਾ, ਤੇ ਸੱਚ ਸਾਹਵੇਂ ਆ ਸਕਦਾ।

ਇੱਥੇ ਆਉਣ ਤੋਂ ਹਫ਼ਤੇ ਬਾਅਦ ਹੀ ਮੈਂ ਸਾਂਵਲੀ ਦੀ ਪੂਰੀ ਫ਼ਾਇਲ ਪੜ੍ਹ ਲਈ ਸੀ। ਉਸ ਨੂੰ ਬੜੀ ਖ਼ਤਰਨਾਕ ਤੇ ਜ਼ਾਲਮ ਦੱਸਿਆ ਗਿਆ ਸੀ। ਪਤਾ ਨਹੀਂ ਕਿਉਂ ਮੇਰਾ ਮਨ ਇਹ ਸਭ ਮੰਨ ਨਹੀਂ ਸੀ ਰਿਹਾ। ਇਹ ਤਾਂ ਉਸ ਦਾ ਬਦਲਾ ਸੀ ਜਿਹੜਾ ਕਾਨੂੰਨ ਦੀ ਨਜ਼ਰ ਵਿਚ ਗੁਨਾਹ ਸੀ। ਉਸ ਨਾਲ ਹੋਏ ਅਨਿਆਂ ਬਦਲੇ ਕਾਨੂੰਨ ਉਸ ਨੂੰ ਕੋਈ ਰਾਹਤ ਨਹੀਂ ਦੇ ਸੀ ਸਕਿਆ। ਇਸ ਲਈ ਸੁਭਾਵਿਕ ਸੀ ਕਿ ਉਹ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਬਦਲਾ ਲੈਂਦੀ ਤੇ ਉਸ ਨੇ ਇਵੇਂ ਕਰ ਦਿਖਾਇਆ। ਮੇਰੇ ਉਤੇ ਅਜੇ ਵਿਭਾਗ ਦੀ ਮਾਨਸਿਕਤਾ ਹਾਵੀ ਨਹੀਂ ਸੀ ਹੋਈ। ਇਸ ਲਈ ਮੈਂ ਫਾਈਲ ਵਿਚ ਲਿਖੇ ਤੱਥਾਂ ਤੋਂ ਜ਼ਰਾ ਹਟ ਕੇ ਸੋਚ ਰਿਹਾ ਸਾਂ। ਮੈਂ ਨਹੀਂ ਜਾਣਦਾ ਸੀ ਕਿ ਮੇਰੀ ਇਹ ਵੱਖਰੀ ਕਿਸਮ ਦੀ ਸੋਚ ਕਦ ਤੱਕ ਕਾਇਮ ਰਹਿ ਸਕੇਗੀ। ਪੁਲਿਸ ਜਿਸ ਝੂਠੇ ਸੱਚ ਨੂੰ ਅੱਖਾਂ ਵਿਚ ਉਤਾਰਨ ਲਈ ਤੱਤਪਰ ਸੀ, ਮੈਂ ਉਸ ਗੰਧਲੇ ਸੱਚ ਨੂੰ ਨਿਤਾਰਨ ਵਿਚ ਲੱਗ ਗਿਆ ਸਾਂ।

*(ਬਾਕੀ ਅਗਲੇ ਸਫੇ 'ਤੇ)*

# ਯਾਰ ਮਾਰ ਦਾ ਜ਼ਹਿਰ ਜਿਨ੍ਹਾਂ ਨੂੰ ਪੀਣਾ ਪੈ ਜਾਂਦਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਕਈ ਵਾਰ ਮਨੁੱਖ ਦੀ ਅਕਲ ਦਾ ਕੱਦ ਸਾਰੀ ਉਮਰ ਹੀ ਨਹੀਂ ਵਧਦਾ। ਉਹ ਬੌਣੀ ਅਕਲ ਨਾਲ ਗੱਲਾਂ ਦੇ ਜਹਾਜ਼ ਹਵਾ ਵਿਚ ਉਡਾਉਣੋ ਨਹੀਂ ਹਟਦਾ। ਚੰਗੇ ਕੱਪੜੇ ਤੇ ਚੰਗੇ ਦਰਜ਼ੀ ਦੀ ਪਛਾਣ ਬੇਸ਼ੱਕ ਵਧੀਆ ਕਰ ਲੈਣ ਪਰ ਬੇਸ਼ਰਮੀ ਦੀ ਦਾਲ ਕੱਪੜਿਆਂ 'ਤੇ ਡੋਲ੍ਹਣ ਤੋਂ ਗੁਰੇਜ਼ ਨਹੀਂ ਕਰਦੇ। "ਤੂੰ ਮੇਰਾ ਬਾਈ, ਮੈਂ ਤੇਰਾ ਬਾਈ" ਤਾਂ ਮੋਢੇ 'ਤੇ ਹੱਥ ਰੱਖ ਕੇ ਲਤਾ ਮੰਗੇਸ਼ਕਰ ਵਾਂਗ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਗਾਈ ਜਾਣਗੇ ਪਰ ਪਿੱਠ ਪਿੱਛੇ ਧੋਖੇ ਦਾ ਵਾਰ ਕਰਨ ਲੱਗਿਆ ਤਿੰਨ ਨਹੀਂ ਗਿਣਦੇ। ਥਾਣਿਆਂ ਦੀਆਂ ਰਿਪੋਰਟਾਂ ਅਤੇ ਨਵੇਂ ਕੱਢੇ ਅੰਕੜਿਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅੱਜ ਕੱਲ੍ਹ ਬੰਦਾ ਦੁਸ਼ਮਣਾਂ ਤੋਂ ਨਹੀਂ, ਯਾਰਾਂ ਤੋਂ ਧੋਖੇ ਦਾ ਸ਼ਿਕਾਰ ਜ਼ਿਆਦਾ ਹੋ ਰਿਹਾ ਹੈ। ਮੱਛੀ ਨੂੰ ਫੜਨ ਲਈ ਗੰਡੋਏ ਦੀ ਬਲੀ ਦਿੱਤੀ ਜਾਂਦੀ ਹੈ। ਬੰਦੇ ਦਾ ਸ਼ਿਕਾਰ ਕਰਨ ਲਈ ਯਾਰੀ ਪਾਈ ਜਾਂਦੀ ਹੈ। ਫਿਰ ਇਹ ਸ਼ਬਦ ਬੋਲੇ ਜਾਂਦੇ ਹਨ, "ਯਾਰੀ ਜੱਟ ਦੀ ਤੂਤ ਦਾ ਮੋਛਾ, ਕਦੇ ਨਾ ਵਿਚਾਲਿਓਂ ਟੁੱਟਦੀ।"

ਦੇਬੀ ਦਸਵੀਂ ਦੇ ਸਾਲਾਨਾ ਪੇਪਰ ਦੇ ਰਿਹਾ ਸੀ ਜਦੋਂ ਉਸ ਦੇ ਪਿਤਾ ਸੋਹਣ ਸਿੰਘ ਨੇ ਅਮਰੀਕਾ ਤੋਂ ਉਨ੍ਹਾਂ ਦੇ ਪੇਪਰਾਂ ਦੀ ਪਟੀਸ਼ਨ ਪ੍ਰਵਾਨ ਹੋਣ ਤੇ ਦਿੱਲੀ ਤੋਂ ਕਿਸ ਤਰ੍ਹਾਂ ਵੀਜ਼ਾ ਲੈਣ ਜਾਣਾ ਹੈ, ਬਾਰੇ ਸਭ ਕੁਝ ਦੱਸਿਆ ਸੀ। ਅਮਰੀਕਾ ਦੇ ਵੀਜ਼ੇ ਦੀ ਸੁਣ ਕੇ ਦੇਬੀ ਉਡਦਾ ਹੀ ਆਪਣੇ ਗੂੜ੍ਹੇ ਮਿੱਤਰ ਕਰਨ ਨੂੰ ਇਹ ਖ਼ਬਰ ਸੁਣਾਉਣ ਚਲਿਆ ਗਿਆ। ਦੇਬੀ ਦੇ ਅਮਰੀਕਾ ਜਾਣ ਬਾਰੇ ਸੁਣ ਕੇ ਕਰਨ ਚੁੱਪ ਜਿਹਾ ਹੋ ਗਿਆ। ਸ਼ਾਇਦ ਉਸ ਨੂੰ ਆਪਣੇ ਯਾਰ ਦਾ ਵਿਛੋੜਾ ਅੱਖਾਂ ਸਾਹਮਣੇ ਜਾਪਿਆ ਹੋਵੇ। ਕਰਨ ਨੇ ਅੱਖਾਂ ਵਿਚੋਂ ਹੰਝੂ ਸਿੱਟਦਿਆਂ ਲੰਮਾ ਹਾਉਕਾ ਲਿਆ।

"ਕਰਨ! ਯਾਰ ਤੂੰ ਮਨ ਹੌਲਾ ਨਾ ਕਰ। ਮੈਂ ਅਮਰੀਕਾ ਜਾ ਕੇ ਤੈਨੂੰ ਛੇਤੀ ਆਪਣੇ ਕੋਲ ਬੁਲਾ ਲਵਾਂਗਾ।" ਦੇਬੀ ਨੇ ਆਪਣੀ ਉਮਰ ਤੋਂ ਵੱਧ ਸਿਆਣਪ ਨਾਲ ਕਰਨ ਦਾ ਸਿਰ ਪਲੋਸਦਿਆਂ ਕਿਹਾ।

"ਨਹੀਂ, ਦੇਬੀ ਵੀਰ! ਪਹਿਲਾਂ ਸਾਰੇ ਇਸ ਤਰ੍ਹਾਂ ਹੀ ਕਹਿੰਦੇ ਹੁੰਦੇ ਆ ਪਰ ਸੱਤ ਸਮੁੰਦਰ ਪਾਰ ਜਾ ਕੇ ਭੁੱਲ ਜਾਂਦੇ ਨੇ।" ਕਰਨ ਨੇ ਦੇਬੀ ਦੇ ਅੰਦਰ ਦੀ ਤਹਿ ਫਰੋਲੀ।

"ਕਰਨ! ਯਾਰ ਇਹ ਸਾਡੀ ਪੱਕੀ ਯਾਰੀ ਹੈ, ਕੋਈ ਛੋਲਿਆਂ ਦਾ ਵੱਢ ਨਹੀਂ। ਮੈਂ ਤੇਰੀ ਖਾਤਰ ਜਾਨ ਦੇ ਸਕਦਾਂ। ਤੂੰ ਅਮਰੀਕਾ ਸੱਦਣ ਦੀ ਕੀ ਗੱਲ ਕਰਦਾ ਏਂ।" ਦੇਬੀ ਨੇ ਕਰਨ ਦੀ ਤਸੱਲੀ ਕਰਵਾਉਂਦਿਆਂ ਆਪਣੀਆਂ ਬਾਹਾਂ ਵਿਚ ਘੁੱਟ ਲਿਆ।

"ਦੇਬੀ ਵੀਰ, ਤੈਨੂੰ ਸਾਡੇ ਘਰ ਦੀ ਹਾਲਤ ਪਤਾ ਹੀ ਹੈ। ਜੇ ਮੈਂ ਤੇਰੇ ਕੋਲ ਪਹੁੰਚ ਜਾਵਾਂ ਤਾਂ ਸ਼ਾਇਦ ਮਾਪਿਆਂ ਦੇ ਸਜਾਏ ਸੁਫਨੇ ਪੂਰੇ ਕਰ ਸਕਾਂ।" ਕਰਨ ਨੇ ਵਾਅਦੇ ਦੀ ਗੰਢ ਹੋਰ ਕੱਸਦਿਆਂ ਕਿਹਾ।

"ਚੰਗਾ ਯਾਰ, ਤੂੰ ਕਾਲਜ ਪੜ੍ਹਨ ਲੱਗ ਜਾਈਂ। ਮੈਂ ਤੈਨੂੰ ਪੜ੍ਹਾਈ ਵਾਸਤੇ ਪੈਸੇ ਭੇਜ ਦਿਆਂ ਕਰੂੰ।" ਦੇਬੀ ਨੇ ਕਰਨ ਦੀ ਪੜ੍ਹਾਈ ਦਾ ਜ਼ਿੰਮਾ ਆਪਣੇ ਸਿਰ ਧਰਦਿਆਂ, ਕਰਨ ਦੇ ਸਿਰ ਦਾ ਬੋਝ ਹੌਲਾ ਕਰਦਿਆਂ ਕਿਹਾ।

ਦਸਵੀਂ ਦੇ ਨਤੀਜੇ ਤੋਂ ਬਾਅਦ ਦੇਬੀ ਆਪਣੀ ਮਾਂ ਅਤੇ ਛੋਟੀ ਭੈਣ ਸਮੇਤ ਅਮਰੀਕਾ ਆ ਗਿਆ, ਤੇ ਕਰਨ ਨੇ ਕਾਲਜ ਵਿਚ ਦਾਖਲਾ ਲੈ ਲਿਆ।

ਸੋਹਣ ਸਿੰਘ ਕੋਲ ਆਪਣਾ ਘਰ ਸੀ ਅਤੇ ਆਪਣਾ ਹੀ ਲਿਕਰ ਸਟੋਰ ਪਰ ਦੇਬੀ ਦੀ ਉਮਰ ਛੋਟੀ ਹੋਣ ਕਰਕੇ ਉਸ ਨੂੰ ਪੜ੍ਹਾਈ ਦੇ ਨਾਲ, ਪੀਜ਼ਾ ਹੱਟ 'ਤੇ ਪਾਰਟ ਟਾਈਮ ਕੰਮ ਉਤੇ ਲਵਾ ਦਿੱਤਾ। ਸੂਈਆਂ ਦੀ ਨਿਰਵਘਨ ਗਤੀ ਨੇ ਘੰਟਿਆਂ ਨੂੰ ਸਾਲਾਂ ਵਿਚ ਬਦਲ ਕੇ ਰੱਖ ਦਿੱਤਾ। ਦੇਬੀ ਅਮਰੀਕਾ ਦਾ ਸਿਟੀਜ਼ਨ ਹੋ ਗਿਆ। ਦੇਬੀ ਨੇ ਆਪਣੇ ਪਿਤਾ ਤੋਂ ਚੋਰੀ ਪੈਸੇ ਭੇਜ ਕੇ ਕਰਨ ਦੀ ਬੀ.ਏ. ਕਰਵਾ ਦਿੱਤੀ। ਹੁਣ ਪਿਤਾ ਉਤੇ ਕਰਨ ਨੂੰ ਅਮਰੀਕਾ ਸੱਦਣ ਲਈ ਦੇਬੀ ਨੇ ਜ਼ੋਰ ਲਾਉਣਾ ਸ਼ੁਰੂ ਕੀਤਾ। ਇਕੱਲੇ ਪੁੱਤ ਦੀ ਜ਼ਿੱਦ ਅੱਗੇ ਸੋਹਣ ਸਿੰਘ ਨੂੰ ਝੁਕਣਾ ਪਿਆ। ਫਿਰ ਏਜੰਟਾਂ ਰਾਹੀਂ ਕਰਨ ਨੂੰ ਅਮਰੀਕਾ ਸੱਦ ਲਿਆ। ਕਰਨ ਨੂੰ ਪਤਾ ਵੀ ਨਾ ਚੱਲਿਆ ਕਿ ਉਹ ਕਦੋਂ ਅਮਰੀਕਾ ਪਹੁੰਚ ਗਿਆ।

ਦੇਬੀ ਫਿਰ ਅਸਮਾਨ 'ਚ ਉਡਿਆ ਫਿਰੇ ਕਿ ਮੈਂ ਆਖੇ ਬੋਲ ਪੁਗਾ ਦਿੱਤੇ ਨੇ। ਆਪਣੇ ਗੂੜ੍ਹੇ ਯਾਰ ਨੂੰ ਮਿਲ ਕੇ ਫੁੱਲਿਆ ਨਾ ਸਮਾਏ। ਪੰਜ ਦਸ ਦਿਨ ਘੁੰਮਾਉਣ-ਫਿਰਾਉਣ ਤੋਂ ਬਾਅਦ ਕਰਨ ਦਾ ਰਿਫਿਊਜੀ ਕੇਸ ਕਰ ਦਿੱਤਾ ਅਤੇ ਉਹ ਨਾਲ ਹੀ ਸਟੋਰ ਦਾ ਕੰਮ ਸਿੱਖਣ ਲੱਗ ਪਿਆ। ਸੋਹਣ ਸਿੰਘ ਨੇ ਕਰਨ ਨੂੰ ਕੰਮ ਆਪਣੇ ਸਟੋਰ 'ਤੇ ਹੀ ਦੇ ਦਿੱਤਾ ਜਿੱਥੇ ਦੋਵੇਂ ਮਿੱਤਰ ਦਿਨ ਤੀਆਂ ਵਾਂਗ ਲੰਘਾਉਣ ਲੱਗੇ।

ਫਿਰ ਇਕ ਦਿਨ ਸੋਹਣ ਸਿੰਘ ਨੇ ਸਾਰਿਆਂ ਦੇ ਸਾਹਮਣੇ ਕਰਨ ਨੂੰ ਕਿਹਾ, "ਦੇਖੋ ਕਰਨ ਬੇਟਾ, ਅਸੀਂ ਹਮੇਸ਼ਾ ਤੁਹਾਨੂੰ ਦੇਬੀ ਦੇ ਬਰਾਬਰ ਸਮਝਿਆ ਹੈ। ਹੁਣ ਅਸੀਂ ਚਾਹੁੰਦੇ ਹਾਂ ਕਿ ਇੰਡੀਆ ਜਾ ਕੇ ਦੇਬੀ ਦਾ ਵਿਆਹ ਕਰ ਆਈਏ, ਇਹਦੀ ਮਾਤਾ ਦੀ ਸਿਹਤ ਠੀਕ ਨਹੀਂ ਰਹਿੰਦੀ। ਤੁਸੀਂ ਗਰੀਨ ਕਾਰਡ ਨਾ ਹੋਣ ਕਰਕੇ ਇੰਡੀਆ ਨਹੀਂ ਜਾ ਸਕਦੇ। ਸੋ, ਤੁਸੀਂ ਪਿੱਛਿਓਂ ਘਰ ਅਤੇ ਸਟੋਰ ਦਾ ਖਿਆਲ ਰੱਖਿਓ।"

"ਅੰਕਲ ਜੀ, ਜਿਸ ਤਰ੍ਹਾਂ ਤੁਹਾਨੂੰ ਠੀਕ ਲੱਗਦਾ ਹੈ, ਕਰ ਲਵੋ। ਮੇਰੀ ਤਾਂ ਹਾਂ ਹੀ ਸਮਝੋ। ਮੈਂ ਦੇਬੀ ਦਾ ਵਿਆਹ ਆਪਣੇ ਅੱਖੀਂ ਦੇਖਣ ਚਾਹੁੰਦਾ ਸੀ ਪਰ ਪੇਪਰਾਂ ਦੀ ਮਜਬੂਰੀ ਮਾਰ ਗਈ। ਉਂਜ, ਮੈਂ ਦੇਬੀ ਦੇ ਰਿਸ਼ਤੇ ਲਈ ਕੁੜੀ ਦੀ ਦੱਸ ਜ਼ਰੂਰ ਪਾਉਣਾ ਚਾਹੁੰਦਾ ਹਾਂ, ਜੇ ਤੁਸੀਂ ਬੁਰਾ ਨਾ ਮਨਾਓ ਤਾਂ।" ਕਰਨ ਆਪਣੀ ਚਾਲ ਵਿਚ ਪਰਪੱਕ ਹੋਣ ਲਈ ਕਾਹਲਾ ਪੈ ਰਿਹਾ ਸੀ।

"ਜ਼ਰੂਰ ਬੇਟਾ ਜੀ, ਤੁਸੀਂ ਕੁੜੀ ਤੇ ਉਹਦੇ ਮਾਪਿਆਂ ਬਾਰੇ ਦੱਸ ਦੇਵੋ। ਅਸੀਂ ਪੰਜਾਬ ਜਾ ਕੇ ਗੱਲ ਕਰ ਲਵਾਂਗੇ।" ਸੋਹਣ ਸਿੰਘ ਵੀ ਕਰਨ 'ਤੇ ਭਰੋਸਾ ਕਰਦਿਆਂ ਬੋਲਿਆ।

ਸ਼ਾਮ ਨੂੰ ਦੇਬੀ ਨੇ ਪੁੱਛਿਆ ਕਿ ਉਹ ਕੁੜੀ ਕੌਣ ਹੈ?

"ਦੇਬੀ ਵੀਰ! ਉਹ ਕੁੜੀ ਬੀ.ਏ. ਤੱਕ ਮੇਰੇ ਨਾਲ ਪੜ੍ਹੀ ਹੈ। ਵਧੀਆ ਘਰ ਦੀ ਸਾਊ ਕੁੜੀ ਹੈ। ਤੇਰੇ ਲਈ ਉਸ ਦਾ ਰਿਸ਼ਤਾ ਠੀਕ ਰਹੇਗਾ।" ਕਰਨ ਆਪਣੀ ਚਾਲ ਦਾ ਪਹਿਲਾ ਮੋਹਰਾ ਚਲਾ ਗਿਆ।

"ਚੰਗਾ ਯਾਰਾ! ਜੇ ਤੈਨੂੰ ਉਹ ਕੁੜੀ ਪਸੰਦ ਹੈ ਤਾਂ ਮੇਰੀ ਹਾਂ ਹੀ ਸਮਝ, ਤੇ ਮੈਂ ਉਸੇ ਨਾਲ ਵਿਆਹ ਕਰਵਾਵਾਂਗਾ। ਤੇਰੀ ਗੱਲ ਆਪਾਂ ਕਦੇ ਮੋੜੀ ਹੈ?" ਦੇਬੀ ਨੂੰ ਕੀ ਪਤਾ ਸੀ ਕਿ ਘਰ ਵੱਸਣ ਤੋਂ ਪਹਿਲਾਂ ਹੀ ਉਜੜ ਜਾਵੇਗਾ।

ਫਿਰ ਕਰਨ ਤੋਂ ਇਲਾਵਾ ਸਾਰਾ ਪਰਿਵਾਰ ਇੰਡੀਆ ਰਵਾਨਾ ਹੋ ਗਿਆ। ਕਰਨ ਦੇ ਦੱਸੇ ਹੋਏ ਘਰ ਅੱਗੇ ਹੀ ਸ਼ਹਿਨਾਈਆਂ ਵੱਜੀਆਂ। ਕੁੜੀ ਵਾਲਿਆਂ ਦਾ ਇਕ ਰੁਪਈਆ ਨਹੀਂ ਲੱਗਣ ਦਿੱਤਾ। ਸਾਰਾ ਖਰਚਾ ਸੋਹਣ ਸਿੰਘ ਦੇ ਪੱਲਿਓਂ ਕਰਵਾ ਦਿੱਤਾ।

ਕਰਨ ਇਕ ਹੋਰ ਚਾਲ ਚੱਲ ਗਿਆ। ਅਖ਼ਬਾਰਾਂ ਵਿਚ ਖ਼ਬਰ ਲੁਆ ਦਿੱਤੀ ਕਿ ਐਨ.ਆਰ.ਆਈ. ਪਰਿਵਾਰ ਨੇ ਬਿਨਾ ਦਹੇਜ ਲਿਆਂ ਕੁੜੀ ਦਾ ਰਿਸ਼ਤਾ ਹੀ ਨਹੀਂ ਕਬੂਲਿਆ, ਸਗੋਂ ਵਿਆਹ ਦਾ ਖਰਚਾ ਵੀ ਆਪਣੇ ਪੱਲਿਓਂ ਕੀਤਾ। ਸਾਨੂੰ ਅਜਿਹੇ ਐਨ.ਆਰ.ਆਈ. ਪਰਿਵਾਰਾਂ ਦੀ ਲੋੜ ਹੈ ਜਿਸ ਨਾਲ ਗਰੀਬ ਘਰਾਂ ਦੀਆਂ ਪੜ੍ਹੀਆਂ ਕੁੜੀਆਂ ਨੂੰ ਵੀ ਬਾਹਰ ਜਾਣ ਦਾ ਮੌਕਾ ਮਿਲ ਸਕੇ। ਇਸ ਖ਼ਬਰ ਨੇ ਸੋਹਣ ਸਿੰਘ ਨੂੰ ਹੀਰੋ ਬਣਾ ਦਿੱਤਾ। ਇਲਾਕੇ ਵਿਚ ਸੋਹਣ ਸਿੰਘ ਦੇ ਪਰਿਵਾਰ ਦੀਆਂ ਤਾਰੀਫਾਂ ਹੋਣ ਲੱਗੀਆਂ ਅਤੇ ਕਰਨ ਦਾ ਛੱਡਿਆ ਤੀਰ ਟਿਕਾਣੇ ਲੱਗ ਗਿਆ।

ਇੱਥੇ ਕਰਨ ਨੇ ਮਹੀਨੇ ਵਿਚ ਸਟੋਰ ਖਾਲੀ ਕਰਨ 'ਤੇ ਲੈ ਆਂਦਾ। ਵੱਟਿਆ ਪੈਸਾ ਆਪ ਦੱਬ ਗਿਆ। ਕੰਪਨੀਆਂ ਦਾ ਕਰਜ਼ਾ ਸਿਰ ਚੜ੍ਹਾ ਲਿਆ। ਪੈਸਾ ਇੰਡੀਆ ਭੇਜ ਕੇ ਜ਼ਮੀਨ ਖਰੀਦ ਲਈ। ਜਦੋਂ ਸੋਹਣ ਸਿੰਘ ਨੇ ਆ ਕੇ ਦੇਖਿਆ ਤਾਂ ਉਹ ਹੱਕਾ-ਬੱਕਾ ਰਹਿ ਗਿਆ। ਕਰਨ ਨੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਬੀ ਤੋਂ ਦਿਵਾਏ। ਸੋਹਣ ਸਿੰਘ ਠੰਢਾ ਜਿਹਾ ਹੋ ਗਿਆ ਪਰ ਉਸ ਦੇ ਦਿਲ ਵਿਚ ਸ਼ੱਕ ਹੋ ਗਿਆ ਕਿ ਕਰਨ ਸਾਡੇ ਨਾਲ ਕੋਈ ਚਾਲ ਖੇਡ ਰਿਹਾ ਹੈ ਪਰ ਕਰਨ ਨੇ ਦੇਬੀ ਦੀਆਂ ਅੱਖਾਂ 'ਤੇ ਵਿਸ਼ਵਾਸ ਦੀ ਪੱਟੀ ਘੁੱਟ ਕੇ ਬੰਨ੍ਹੀ ਹੋਈ ਸੀ।

ਛੇ ਮਹੀਨਿਆਂ ਬਾਅਦ ਦੇਬੀ ਦੇ ਘਰਵਾਲੀ ਜੱਸੀ ਅਮਰੀਕਾ ਪਹੁੰਚ ਗਈ। ਉਹ ਕਰਨ ਦੇ ਗਲ ਲੱਗ ਕੇ ਚੁੰਬੜ ਗਈ। ਸਾਰਾ ਪਰਿਵਾਰ ਹੈਰਾਨ ਹੋ ਗਿਆ। ਜੱਸੀ ਹੁਣ ਦੇਬੀ ਦੀ ਨਹੀਂ, ਕਰਨ ਦੀ ਘਰਵਾਲੀ ਹੋ ਗਈ ਸੀ। ਕਾਲਜ ਦੇ ਸਮੇਂ ਕਰਨ ਅਤੇ ਜੱਸੀ ਨੇ ਇਕੱਠਿਆਂ ਜਿਉਣ-ਮਰਨ ਦੀ ਕਸਮ ਖਾਧੀ ਸੀ। ਕਰਨ ਨੇ ਦੇਬੀ ਨੂੰ ਕੁਝ ਵੀ ਪਤਾ ਨਾ ਲੱਗਣ ਦਿੱਤਾ ਪਰ ਸੋਹਣ ਸਿੰਘ ਸਭ ਕੁਝ ਅੱਖੀਂ ਦੇਖਦਾ ਹੋਇਆ ਵੀ ਚੁੱਪ ਸੀ। ਹੌਲੀ-ਹੌਲੀ ਸੋਹਣ ਸਿੰਘ ਦੇ ਹੱਥੋਂ ਲਿਕਰ ਸਟੋਰ ਕੱਕੇ ਰੇਤੇ ਵਾਂਗ ਨਿਕਲ ਗਿਆ। ਬੇਗਾਨੇ ਥਾਂ ਜਾ ਕੇ ਕੰਮ ਕਰਨਾ ਪੈ ਗਿਆ। ਨੂੰਹ ਦੇ ਹੱਥੋਂ ਅਜੇ ਪੱਕੀਆਂ ਖਾਧੀਆਂ ਨਹੀਂ ਸੀ, ਜਦੋਂ ਦੇਬੀ ਦੀ ਮਾਂ ਸੁਰਗਵਾਸ ਹੋ ਗਈ। ਕਰਨ ਨੇ ਦੇਬੀ ਨੂੰ ਟਰੱਕ 'ਤੇ ਚੜ੍ਹਾ ਦਿੱਤਾ ਅਤੇ ਆਪ ਟੈਕਸੀ ਚਲਾਉਣ ਲੱਗ ਪਿਆ।

ਇਕ ਸਾਲ ਬਾਅਦ ਜੱਸੀ ਨੇ ਮੁੰਡੇ ਨੂੰ ਜਨਮ ਦਿੱਤਾ। ਦੇਬੀ ਨੂੰ ਬਾਪ ਬਣਨ ਦਾ ਵੱਖਰਾ ਸਰੂਰ ਹੋ ਰਿਹਾ ਸੀ ਪਰ ਸੋਹਣ ਸਿੰਘ ਨੂੰ ਪਤਾ ਸੀ ਕਿ ਇਸ ਮੁੰਡੇ ਦਾ ਬਾਪ ਕੌਣ ਹੈ। ਕਰਨ ਅਤੇ ਜੱਸੀ ਦੋਵੇਂ ਪੂਰੇ ਖੁਸ਼ ਸਨ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਪਿਆਰ ਦੀ ਨਿਸ਼ਾਨੀ ਬਖ਼ਸ਼ ਦਿੱਤੀ ਹੈ।

ਕਰਨ ਦਾ ਰਿਫਿਊਜੀ ਕੇਸ ਕਿਸੇ ਟਿਕਾਣੇ ਨਾ ਲੱਗਾ। ਜੱਸੀ ਸਿਟੀਜ਼ਨ ਹੋ ਗਈ ਸੀ। ਫਿਰ ਕਰਨ ਨੇ ਦੇਬੀ ਨੂੰ ਮਨਾ ਲਿਆ ਕਿ ਤੂੰ ਜੱਸੀ ਨੂੰ ਤਲਾਕ ਦੇ ਦੇ, ਤੇ ਮੈਂ ਜੱਸੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਜਾਂਦਾ ਹਾਂ। ਸੋਹਣ ਸਿੰਘ ਨੇ ਬਹੁਤ ਜ਼ੋਰ ਲਾਇਆ ਕਿ 'ਪੁੱਤ ਆਪਣੇ ਹੱਥ ਨਾ ਵਢਾ' ਪਰ ਦੇਬੀ ਨੇ ਯਾਰੀ ਖਾਤਰ ਜ਼ਾਹਿਰ ਵਰਗਾ ਸਬਰ ਦਾ ਘੁੱਟ ਪੀ ਲਿਆ।

ਹੁਣ ਕਰਨ ਅਤੇ ਜੱਸੀ ਪਤੀ-ਪਤਨੀ ਹੋ ਗਏ। ਕਿਸੇ ਦੀ ਕੋਈ ਰੋਕ-ਟੋਕ ਨਹੀਂ ਸੀ ਰਹੀ। ਸੋਹਣ ਸਿੰਘ ਆਪਣੀ ਧੀ ਨੂੰ ਵਿਆਹੁਣ ਲਈ ਇੰਡੀਆ ਚਲਿਆ ਗਿਆ। ਘਰ ਦੀਆਂ ਕਿਸ਼ਤਾਂ ਟੁੱਟਣ ਲੱਗ ਗਈਆਂ ਜੋ ਹੌਲੀ-ਹੌਲੀ ਬੈਂਕ ਵਾਲੇ ਲੈ ਗਏ। ਕਰਨ ਨੇ ਆਪਣੇ ਨਾਂ 'ਤੇ ਘਰ ਲੈ ਲਿਆ। ਉਹ ਜੱਸੀ ਅਤੇ ਮੁੰਡੇ ਨੂੰ ਲੈ ਕੇ ਉਥੇ ਰਹਿਣ ਲੱਗ ਗਿਆ। ਮੁੰਡੇ ਦੇ ਡੀ.ਐਨ.ਏ. ਅਤੇ ਕਰਨ ਤੇ ਜੱਸੀ ਦੇ ਪ੍ਰੇਮ ਵਿਆਹ ਦੇ ਆਧਾਰ 'ਤੇ ਕਰਨ ਨੂੰ ਗਰੀਨ ਕਾਰਡ ਮਿਲ ਗਿਆ। ਹੁਣ ਜਦੋਂ ਦੇਬੀ ਨੇ ਦੁਬਾਰਾ ਜੱਸੀ ਨਾਲ ਵਿਆਹ ਕਰਵਾਉਣ ਬਾਰੇ ਕਰਨ ਨਾਲ ਗੱਲ ਕੀਤੀ ਤਾਂ ਅੱਗਿਓਂ ਕਰਨ ਕਹਿੰਦਾ, "ਦੇਬੀ ਵੀਰ, ਜੇ ਜੱਸੀ ਤੇਰੇ ਨਾਲ ਰਹਿਣਾ ਚਾਹੁੰਦੀ ਹੈ ਤਾਂ ਤੂੰ ਪੁੱਛ ਲੈ, ਮੈਨੂੰ ਕੋਈ ਇਤਰਾਜ਼ ਨਹੀਂ।" ਹੁਣ ਦੇਬੀ ਦੀਆਂ ਅੱਖਾਂ ਤੋਂ ਵਿਸ਼ਵਾਸ ਵਾਲੀ ਪੱਟੀ ਲੱਥ ਗਈ ਅਤੇ ਕਰਨ ਉਸ ਨੂੰ ਯਾਰ ਨਹੀਂ, ਕੋਈ ਫਨੀਅਰ ਨਾਗ ਦਿਸਿਆ ਜਿਸ ਨੇ ਉਸ ਦੀ ਬੁੱਕਲ ਵਿਚ ਬਹਿ ਕੇ ਡੰਗ ਮਾਰਿਆ। ਹੁਣ ਦੇਬੀ ਵਿਚਾਰਾ ਕੱਪੜਿਆਂ ਵਾਲਾ ਅਟੈਚੀ ਟਰੱਕ ਵਿਚ ਰੱਖੀ ਬੈਠਾ ਹੈ। ਜ਼ੀਰੋ ਤੋਂ ਹੀਰੋ ਬਣਨਾ ਹਰ ਲੋਚਦਾ ਹੈ ਪਰ ਯਾਰ ਦੇ ਗਲ 'ਤੇ ਪੈਰ ਰੱਖ ਕੇ ਉਚਾਈਆਂ ਛੋਹਣ ਵਾਲਾ ਇਕ ਦਿਨ ਧਰਤੀ 'ਤੇ ਮੂਧੇ ਮੂੰਹ ਜ਼ਰੂਰ ਡਿੱਗਦਾ ਹੈ। ਬੱਸ, ਇਹ ਦਿਨ ਦੇਖਣ ਲਈ ਦੇਬੀ ਜਿਉਂਦਾ ਹੈ!

# ਹਨੇਰੇ 'ਚ ਸੁਗੰਧ

ਮੈਂ ਨਹੀਂ ਜਾਣਦਾ ਕਿ ਮੈਥੋਂ ਪਹਿਲਾਂ ਵਾਲੇ ਅਫ਼ਸਰਾਂ ਨੂੰ ਸੁਕਯਾ ਨੇ ਇਹ ਦਾਸਤਾਨ ਸੁਣਾਈ ਜਾਂ ਨਹੀਂ। ਹੋ ਸਕਦਾ ਹੈ, ਉਨ੍ਹਾਂ ਦੇ ਚਿਹਰਿਆਂ 'ਤੇ ਲਿਖੀ ਬੇਰੁਖ਼ੀ ਨੂੰ ਪੜ੍ਹ ਕੇ ਉਸ ਨੇ ਦੱਸਣਾ ਵਿਅਰਥ ਸਮਝਿਆ ਹੋਏ। ਉਸ ਦੀਆਂ ਅਨੁਭਵੀ ਅੱਖਾਂ ਨੇ ਮੇਰੇ ਅੰਦਰਲੇ ਨੂੰ ਪੜ੍ਹ ਲਿਆ ਸੀ ਕਿ ਇਹ ਅਫ਼ਸਰ ਕੁਝ ਵੱਖਰਾ ਹੈ। ਇਸ ਲਈ ਖ਼ੁਦ ਹੀ ਦੱਸਣ ਬੈਠ ਗਿਆ ਸੀ। ਅਚਾਨਕ ਮੈਂ ਸੁਕਯਾ ਨੂੰ ਪੁੱਛਿਆ, "ਸਾਂਵਲੀ ਨਾਲ ਮੁਲਾਕਾਤ ਹੋ ਸਕਦੀ ਏ?"

ਮੇਰੇ ਇਸ ਬੇਤੁਕੇ ਸਵਾਲ 'ਤੇ ਸੁਕਯਾ ਤ੍ਰਭਕਿਆ, "ਸਰ ਜੀ! ਤੁਸੀਂ ਮਿਲੋਗੇ ਸਾਂਵਲੀ ਨੂੰ! ਨਾ! ਨਾ! ਉਹ ਮੁਜਰਿਮ ਏ ਸਰ ਜੀ!" ਉਸ ਦੀਆਂ ਅੱਖਾਂ ਵਿਚ ਅਵਿਸ਼ਵਾਸ ਤੈਰ ਰਿਹਾ ਸੀ, "ਪੁਲਿਸ ਨੇ ਉਸ ਨੂੰ ਮਾਰਨ 'ਤੇ ਵੱਡਾ ਇਨਾਮ ਰੱਖਿਆ ਹੋਇਆ ਏ।"

"ਮੈਂ ਉਸ ਦੀ ਖ਼ੁਦਦਾਰੀ ਦਾ ਜਲਵਾ ਦੇਖਣਾ ਚਾਹੁੰਨਾਂ। ਉਸ ਨੇ ਜਿਹੜਾ ਏਡਾ ਵੱਡਾ ਕਦਮ ਚੁੱਕਿਐ, ਉਸ ਵਿਚ ਕੋਈ ਗੱਲ ਤਾਂ ਹੈ ਈ ਜਿਹੜੀ ਸਮਝ ਤੋਂ ਪਰ੍ਹੇ ਐ।" ਮੈਂ ਸੁਕਯਾ ਨੂੰ ਕਿਹਾ।

"ਪਰ ਉਹ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰੇਗੀ ਸਰ ਜੀ। ਉਹ ਕਿਸੇ ਪੁਲਿਸ ਵਾਲੇ 'ਤੇ ਭਰੋਸਾ ਨਹੀਂ ਕਰ ਸਕਦੀ। ਉਹ ਕਿਸੇ ਹਾਲਤ ਵਿਚ ਤਿਆਰ ਨਹੀਂ ਹੋਵੇਗੀ।" ਸੁਕਯਾ ਗਿੜਗਿੜਾ ਰਿਹਾ ਸੀ, "ਨਾਲੇ ਉਸ ਤਕ ਪਹੁੰਚਣ ਦਾ ਕੋਈ ਸੁਰਾਗ ਵੀ ਤਾਂ ਨਹੀਂ।"

"ਤੂੰ ਤਾਂ ਮਿਲਿਆ ਈ ਹੋਵੇਂਗਾ ਸੁਕਯਾ ਕਦੀ ਉਸ ਨੂੰ? ਉਹ ਤਾਂ ਤੇਰੀ ਭਤੀਜੀ ਵੀ ਲੱਗਦੀ ਏ।" ਮੈਂ ਪੁੱਛਿਆ।

ਉਹ ਯਕਦਮ ਘਬਰਾ ਗਿਆ, ਬੋਲਿਆ, "ਨਹੀਂ ਸਰ ਜੀ! ਮੈਂ ਵਿਭਾਗ ਦਾ ਨਮਕ ਖਾਧਾ ਏ। ਮੈਂ ਮਿਲਦਾ ਤਾਂ ਜ਼ਰੂਰ ਉਸ ਦਾ ਸੁਰਾਗ ਦੇ ਦਿੰਦਾ।" ਉਹ ਸਫਾਈ ਦੇ ਰਿਹਾ ਸੀ।

ਅਗਲੀ ਮੀਟਿੰਗ ਲਗਭਗ ਡੇਢ ਮਹੀਨੇ ਬਾਅਦ ਹੋਈ। ਵਿਚਕਾਰ ਸੀ.ਐਮ. ਦਾ ਦੌਰਾ, ਤਿਉਹਾਰਾਂ ਤੇ ਤੀਰਥ ਸਥਾਨਾਂ 'ਤੇ ਭੱਜ-ਨੱਠ, ਉਸ ਪਿੱਛੋਂ ਬੇੜੀ ਦੁਰਘਟਨਾ, ਫੇਰ ਦਹੇਜ ਦਾ ਮਾਮਲਾ। ਘਟਨਾਵਾਂ ਦੀ ਇਕ ਕੜੀ ਜਿਹੀ ਜੁੜਦੀ ਰਹੀ। ਪੁਲਿਸ ਕਪਤਾਨ ਨੂੰ ਵਿਹਲ ਹੀ ਨਹੀਂ ਮਿਲੀ। ਮੀਟਿੰਗ ਵਿਚ ਮੈਂ ਇਕ ਲਾਈਨ ਆਫ਼ ਐਕਸ਼ਨ ਪੁਲਿਸ ਕਪਤਾਨ ਨੂੰ ਦੱਸਿਆ। ਸੁਣ ਕੇ ਕੁਝ ਚਿਰ ਉਹ ਗੰਭੀਰ ਰਹੇ, ਫੇਰ ਬੋਲੇ, "ਮਿਸਟਰ ਰੋਹਿਤ! ਯੂ ਆਰ ਯੰਗ ਐਂਡ ਐਨਰਜਿਟਿਕ। ਜੋ ਵੀ ਕਰਨਾ ਭਾਵੁਕ ਹੋ ਕੇ ਨਾ ਕਰਨਾ। ਇਸ ਮਹਿਕਮੇ ਨੂੰ ਸਭ ਕੁਝ ਕਬੂਲ ਏ, ਸਿਵਾਏ ਭਾਵਨਾ ਦੇ। ਸਾਹਮਣੇ ਨੰਗੀ ਸੱਚਾਈ ਏ। ਤੁਸੀਂ ਇਹ ਵੀ ਜਾਣਦੇ ਓ ਕਿ ਅਗਲੇ ਵਰ੍ਹੇ ਚੋਣਾਂ ਆ ਰਹੀਆਂ ਨੇ। ਇਹ ਵੀ ਜਾਣ ਲਓ ਕਿ ਇੱਥੋਂ ਦੇ ਮੰਤਰੀ ਦਾ ਜਿਹੜਾ ਇੱਥੋਂ ਦਾ ਵਿਧਾਇਕ ਵੀ ਏ, ਭਵਿੱਖ ਇਹ ਨਕਸਲੀ ਤੈਅ ਕਰਨਗੇ। ਇਸ ਲਈ ਜੇ ਤਾਲਮੇਲ ਠੀਕ ਨਾ ਹੋ ਸਕਿਆ ਤਾਂ ਮੰਤਰੀ ਚਾਹੇਗਾ ਕਿ ਸਾਂਵਲੀ ਦਾ ਮੁਕਾਬਲਾ ਬਣਾ ਦਿੱਤਾ ਜਾਏ, ਤਾਂ ਕਿ ਉਹ ਚੋਣਾਂ ਵਿਚ ਆਪਣੀ ਜਿੱਤ ਨੂੰ ਆਸਾਨ ਤੇ ਪੱਕੀ ਕਰ ਸਕੇ।"

"ਸਰ! ਮੇਰਾ ਇਰਾਦਾ ਏ ਕਿ ਉਸ ਦੇ ਰੁਖ਼ ਨੂੰ ਮੋੜ ਦਿੱਤਾ ਜਾਏ ਜਿਹੜਾ ਨਾ ਤਾਂ ਰਾਜਨੀਤੀ ਰਾਹੀਂ ਸੰਭਵ ਏ ਤੇ ਨਾ ਹੀ ਪ੍ਰਸ਼ਾਸਨ ਦੇ ਵੱਸ ਦਾ ਰੋਗ ਏ।" ਮੈਂ ਆਪਣੀ ਗੱਲ 'ਤੇ ਅੜਿਆ ਰਿਹਾ।

ਕਪਤਾਨ ਨੇ ਟੇਢਾ ਜਿਹਾ ਸਵਾਲ ਕੀਤਾ, "ਰੋਹਿਤ ਤੁਸੀਂ ਅਜੇ ਬੈਚੂਲਰ ਓ ਨਾ?"

"ਯਸ ਸਰ!"

ਉਨ੍ਹਾਂ ਦੇ ਚਿਹਰੇ ਉਤੇ ਮੁਸਕਾਨ ਆਈ ਤੇ ਫੇਰ ਲੋਪ ਹੋ ਗਈ। ਬੋਲੇ, "ਤੁਸੀਂ ਅਜੇ ਉਸ ਨਕਸਲੀ ਔਰਤ ਨੂੰ ਦੇਖਿਆ ਨਹੀਂ। ਉਸ ਦੇ ਸ਼ਬਾਬ (ਜੋਬਨ) ਨੂੰ ਜਦੋਂ ਦੇਖੋਗੇ ਤਾਂ ਗਸ਼ ਖਾ ਕੇ ਡਿੱਗ ਪਓਗੇ। ਅਜੇ ਸਿਰਫ ਵੀਹ ਸਾਲ ਦੀ ਹੋਈ ਏ ਉਹ। ਉਸ ਨੂੰ ਦੇਖ ਕੇ ਉਸ ਦੇ ਖ਼ੌਫ਼ ਨਾਲੋਂ ਵੱਧ ਉਸ ਦੀ ਕਾਮਨਾ ਜਾਗਦੀ ਏ। ਯੂ ਕਾਂਟ ਇਮੈਜਨ ਕਿ ਬਿਊਟੀ ਅਤੇ ਟੈਰਰ ਦਾ ਵੀ ਕਿਤੇ ਮੇਲ ਹੋ ਸਕਦਾ ਏ। ਫਿਕਰ ਵਾਲੀ ਗੱਲ ਇਹ ਐ ਕਿ ਇੱਥੋਂ ਦੇ ਵਾਸੀ ਉਸ ਨੂੰ ਪੂਜਣ ਲੱਗ ਪਏ ਨੇ। ਉਹ ਔਰਤ ਹੈ ਵੀ ਗ਼ਜ਼ਬ ਦੀ। ਹੁਣੇ ਇੱਥੇ ਤੇ ਘੰਟੇ ਬਾਅਦ ਦਸ ਮੀਲ ਉਧਰ ਕਿਸੇ ਦੂਜੀ ਜਗ੍ਹਾ...ਜੰਗਲ ਵਿਚ ਜਾਂ ਕਿਸੇ ਪਿੰਡ ਵਿਚ। ਹਵਾਂ ਵਾਂਗ ਉਡਦੀ ਹੋਈ ਜਿੱਥੇ ਚਾਹੇ ਪਹੁੰਚ ਜਾਂਦੀ ਏ। ਆਈ ਵਾਰਨ ਯੂ ਮਿਸਟਰ ਰੋਹਿਤ ਕਿ ਉਸ ਦੇ ਜਾਦੂ ਵਿਚ ਨਾ ਫਸ ਜਾਣਾ...।"

ਮੀਟਿੰਗ ਹਾਲ 'ਚ ਹਾਸਿਆਂ ਦੇ ਠਹਾਕੇ ਗੂੰਜ ਰਹੇ ਸਨ। ਮਜ਼ਾਕ ਵਾਂਗ ਲੱਗਦਾ ਸੀ ਪਰ ਕਪਤਾਨ ਨੇ ਇਹ ਮਜ਼ਾਕ ਨਹੀਂ ਸੀ ਕੀਤਾ। ਕਾਫੀ ਗੰਭੀਰ ਗੱਲਾਂ ਸਨ ਇਹ, ਤੇ ਅਸੀਂ ਇਨ੍ਹਾਂ ਦੀ ਡੂੰਘਾਈ ਜਾਣਦੇ-ਸਮਝਦੇ ਸਾਂ। ਮੈਂ ਉਨ੍ਹਾਂ ਗੱਲਾਂ ਕਰਕੇ ਝਕਿਆ ਨਹੀਂ, ਤੇ ਨਾ ਹੀ ਇਹ ਠਹਾਕੇ ਮੇਰੇ ਉਤੇ ਲਾਏ ਗਏ ਸਨ। ਬੋਲਿਆ, "ਮੈਨੂੰ ਸਭ ਗੱਲਾਂ ਦਾ ਪਤਾ ਏ ਸਰ! ਮੈਂ ਸਾਂਵਲੀ ਨਾਲ ਮੁਲਾਕਾਤ ਦੀ ਕੋਸ਼ਿਸ਼ ਕਰ ਰਿਹਾਂ। ਇਕ ਵਾਰੀ ਉਸ ਦੇ ਰੂ-ਬ-ਰੂ ਹੋਣਾਂ ਚਾਹੁੰਦਾਂ। ਆਈ ਐਨਸ਼ਿਓਰ ਯੂ ਸਰ! ਅਜਿਹਾ ਕੁਝ ਵੀ ਨਹੀਂ ਹੋਵੇਗਾ ਜਿਸ ਨਾਲ ਮੇਰੇ ਬਾਰੇ ਤੁਹਾਡੇ ਮਨ ਵਿਚ ਕੋਈ ਸ਼ੱਕ ਪੈਦਾ ਹੋਏ। ਇਹ ਸਿਰਫ ਟੈਸਟ ਹੋਵੇਗਾ ਤੇ ਉਹ ਵੀ ਸਿਰਫ ਇਕ ਵਾਰੀ।"

"ਕੀ...ਕੀ ਕਹਿ ਰਹੇ ਓ ਤੁਸੀਂ ਰੋਹਿਤ?" ਉਨ੍ਹਾਂ ਦੀਆਂ ਅੱਖਾਂ ਹੈਰਾਨੀ ਵੱਸ ਫੈਲ ਗਈਆਂ ਸਨ, "ਉਹਨੂੰ ਫੜਨ ਜਾਂ ਮਾਰ ਦੇਣ ਦੀ ਬਜਾਏ ਤੁਸੀਂ ਉਸ ਨਾਲ ਗੱਲਬਾਤ ਕਰਨਾ ਚਾਹੁੰਦੇ ਓ!"

"ਹਾਂ ਸਰ! ਬੱਸ ਇਕ ਵਾਰ। ਸਰ, ਮੈਂ ਲੀਕ ਤੋਂ ਹਟ ਕੇ ਕੁਛ ਕਰਨਾ ਚਾਹੁੰਦਾਂ। ਨਕਸਲੀਆਂ ਦੀ ਸੋਚ ਦੇ ਪਿੱਛੇ ਉਨ੍ਹਾਂ ਨਾਲ ਹੋ ਰਹੇ ਅਨਿਆਂ ਦਾ ਪ੍ਰਤੀਕਰਮ ਏਂ। ਇਕ ਹੱਦ ਤਕ ਸਹਿੰਦੇ ਰਹਿਣਾ, ਅਖ਼ੀਰ ਹਿੰਸਾ ਵਿਚ ਤਬਦੀਲ ਹੋ ਜਾਣਾ ਏਂ। ਤੇ ਦੇਖਣ ਵਾਲੀ ਗੱਲ ਤਾਂ ਇਹ ਐ ਕਿ ਉਨ੍ਹਾਂ ਦੀ ਹਿੰਸਾ ਕਿਸੇ ਅਨਿਆਂ ਦੇ ਵਿਰੋਧ ਸਰੂਪ ਉਪਜੀ ਹੈ ਜਾਂ ਸੁਭਾਵਕ ਹੈ। ਮੇਰਾ ਉਨ੍ਹਾਂ ਬਾਰੇ ਅਧਿਐਨ ਇਹ ਹੈ ਕਿ ਉਹ ਸਿਰਫ ਆਤੰਕ ਫੈਲਾਉਣ ਦੀ ਗਰਜ਼ ਨਾਲ ਹਿੰਸਾ ਨਹੀਂ ਕਰ ਰਹੇ। ਇਹੀ ਕਾਰਨ ਏ ਕਿ ਉਨ੍ਹਾਂ ਦੀ ਏਡੀ ਵੱਡੀ ਜਥੇਬੰਦੀ ਏ...ਤੇ ਇਹ ਜਥੇਬੰਦੀ ਇਕ ਰਾਤ ਜਾਂ ਇਕ ਸਾਲ ਵਿਚ ਨਹੀਂ ਬਣ ਗਈ। ਉਸ ਦੇ ਬੀਜ ਸਾਡੇ ਸਿਸਟਮ ਵਿਚ ਹੀ ਕਿਤੇ ਮੌਜੂਦ ਹੈਨ।"

"ਯੂ ਆਰ ਰਾਈਟ ਮਿਸਟਰ ਰੋਹਿਤ। ਪ੍ਰੋਸੀਡ ਆਨ। ਮੈਂ ਚਾਹੁੰਦਾਂ ਕਿ ਵਿਭਾਗ ਵਿਚ ਹਟ ਕੇ ਸੋਚਣ ਵਾਲੇ ਕੁਝ ਅਫ਼ਸਰ ਵੀ ਹੋਣ।" ਮੀਟਿੰਗ ਖ਼ਤਮ ਹੋ ਗਈ। ਮੀਟਿੰਗ ਪਿੱਛੋਂ ਕੁਝ ਅਧਿਕਾਰੀਆਂ ਨੇ ਮੈਨੂੰ ਘੇਰ ਲਿਆ। ਮੈਂ ਸ਼ਾਇਦ ਉਨ੍ਹਾਂ ਉਤੇ ਕੋਈ ਡੂੰਘਾ ਅਸਰ ਪਾ ਦਿੱਤਾ ਸੀ ਜਾਂ ਮੈਂ ਬਿਲਕੁਲ ਨਵਾਂ ਰਸਤਾ ਚੁਣਿਆ ਸੀ।

ਵਾਪਸ ਆਇਆ ਤਾਂ ਇਕੱਲ ਖਾਣ ਲੱਗੀ। ਇੱਥੇ ਨਾ ਤਾਂ ਕੋਈ ਕੰਪਨੀ ਸੀ ਤੇ ਨਾ ਕੋਈ ਮੈਗਜ਼ੀਨ ਜਾਂ ਕਿਤਾਬ ਹੀ ਮਿਲਦੀ ਸੀ।

ਇਕ ਸ਼ਾਮ ਦੀ ਗੱਲ ਹੈ। ਗਾੜ੍ਹਾ ਹਨੇਰਾ ਤੇਜ਼ੀ ਨਾਲ ਚੁਫੇਰੇ ਪਸਰ ਰਿਹਾ ਸੀ। ਪਹਾੜਾਂ ਤੇ ਜੰਗਲਾਂ ਨਾਲ ਘਿਰੀਆਂ ਬਸਤੀਆਂ ਵਿਚ ਸ਼ਾਮ ਜਲਦੀ ਹੋ ਜਾਂਦੀ ਹੈ। ਬੰਗਲੇ ਦੇ ਪਿੱਛੇ ਪਗਡੰਡੀ ਜਿਹੀ ਸੀ ਜਿਹੜੀ ਸਿੱਧੀ ਜੰਗਲ ਵਿਚ ਜਾਂਦੀ ਸੀ। ਦੋਵੇਂ ਪਾਸੇ ਚੀੜ ਤੇ ਸਰਈ ਦੇ ਰੁੱਖ ਸਨ। ਇਸ ਕਰਕੇ ਹਨੇਰਾ ਵੱਧ ਸੰਘਣਾ ਲੱਗ ਰਿਹਾ ਸੀ। ਮੈਂ ਰੋਜ਼ ਹੀ ਇਸ ਵੇਲੇ ਘੁੰਮਣ ਨਿਕਲ ਜਾਂਦਾ ਸਾਂ। ਪੁਲਿਸ ਵਲਿਆਂ ਨੂੰ ਭਾਵੇਂ ਅਜਿਹੀ ਕੋਈ ਆਦਤ ਨਹੀਂ ਪਾਉਣੀ ਚਾਹੀਦੀ ਕਿਉਂਕਿ ਆਦਤਾਂ ਵਿਚ ਹੀ ਕਮਜ਼ੋਰੀਆਂ ਲੁਕੀਆਂ ਹੁੰਦੀਆਂ ਨੇ। ਅੱਜ ਮੈਂ ਖ਼ਿਆਲਾਂ ਵਿਚ ਖੁੱਭਿਆ ਤੁਰਿਆ ਜਾ ਰਿਹਾ ਸਾਂ। ਬੰਗਲਾ ਅੱਧਾ ਜਾਂ ਪੌਣਾ ਕਿਲੋਮੀਟਰ ਪਿੱਛੇ ਰਹਿ ਗਿਆ ਸੀ। ਅਚਾਨਕ ਇੰਜ ਲੱਗਿਆ ਜਿਵੇਂ ਮੈਂ ਤੇਜ਼ ਗੰਧ ਵਾਲੀ ਫੁੱਲਾਂ ਦੀ ਵਾਦੀ ਵਿਚ ਪਹੁੰਚ ਗਿਆ ਹੋਵਾਂ। ਤੇਜ਼ ਗੰਧ ਜਿਸ ਨੇ ਨੱਕ ਦੇ ਅਗਲੇ ਹਿੱਸੇ ਨੂੰ ਹਿੱਲਣ ਲਾ ਦਿੱਤਾ ਸੀ, ਮੈਨੂੰ ਚਾਰੇ ਪਾਸਿਓਂ ਘੇਰ ਕੇ ਨਸ਼ਿਆ ਰਹੀ ਸੀ। ਮੈਂ ਤ੍ਰਬਕਿਆ ਕਿ ਇੱਥੇ ਚਾਰੇ ਪਾਸੇ ਰੁੱਖਾਂ ਤੋਂ ਇਲਾਵਾ ਕੁਝ ਵੀ ਨਹੀਂ ਹੈ। ਫੇਰ ਇਹ ਤੇਜ਼ ਗੰਧ ਕਿੱਥੋਂ ਆ ਰਹੀ ਹੈ! ਰੋਜ਼ ਤਾਂ ਇੰਜ ਨਹੀਂ ਸੀ ਹੁੰਦਾ। ਮੈਂ ਅੱਖਾਂ ਪਾੜ ਪਾੜ ਕੇ ਚਾਰੇ ਪਾਸੇ ਦੇਖਣ ਲੱਗਾ। ਉਥੇ ਰੁੱਖਾਂ ਦੇ ਪੱਤਿਆਂ ਦੀ ਸਰਸਰਾਹਟ ਤੇ ਜੰਗਲ ਦੀਆਂ ਅਬੁੱਝ ਆਵਾਜ਼ਾਂ ਦੇ ਸਿਵਾਏ ਕੁਝ ਨਹੀਂ ਸੀ। ਗੂੜ੍ਹਾ ਹਨੇਰਾ ਹੋਰ ਗੂੜ੍ਹਾ ਹੋ ਗਿਆ ਸੀ। ਲੱਗਦਾ ਸੀ ਅੱਜ ਕਾਫੀ ਅੱਗੇ ਨਿਕਲ ਆਇਆ ਸਾਂ। ਹਨੇਰੇ 'ਚ ਗੰਧ ਦੇ ਸੋਮੇ ਨੂੰ ਲੱਭਣਾ ਬੜਾ ਮੁਸ਼ਕਿਲ ਸੀ ਪਰ ਗੰਧ ਨੇ ਮੈਨੂੰ ਲੱਭ ਲਿਆ ਸੀ।

"ਰੁਕ ਜਾ! ਜਿੱਥੇ ਐਂ ਉਥੇ ਈ ਖੜ੍ਹਾ ਰਹਿ। ਆਪਣੀ ਜਗ੍ਹਾ ਤੋਂ ਹਿੱਲਣਾ ਨਹੀਂ ਡਿਪਟੀ।" ਗੰਧ ਨੇ ਹਨੇਰੇ 'ਚ ਕਿਸੇ ਪਾਸਿਓਂ ਚਿਤਾਵਨੀ ਦਿੱਤੀ।

ਮੈਂ ਠਠੰਬਰ ਗਿਆ। ਡਰ ਦੀ ਲਹਿਰ ਜਿਹੀ ਮੇਰੀ ਰੀੜ੍ਹ ਦੀ ਹੱਡੀ ਵਿਚ ਦੌੜ ਗਈ। ਉਸ ਤੇਜ਼ ਗੰਧ ਕਰਕੇ ਮੇਰਾ ਬੁਰਾ ਹਾਲ ਸੀ। ਆਵਾਜ਼ ਕਿਸੇ ਔਰਤ ਦੀ ਸੀ ਤੇ ਹਨੇਰੇ ਵਿਚ ਇੰਜ ਬੇਖ਼ੌਫ਼ ਲਲਕਾਰਨ ਵਾਲੀ ਸਾਂਵਲੀ ਹੀ ਹੋ ਸਕਦੀ ਹੈ। 'ਸਾਂਵਲੀ' ਸ਼ਬਦ ਜਿਵੇਂ ਹੀ ਮੇਰੇ ਦਿਮਾਗ ਵਿਚ ਆਇਆ, ਮੈਨੂੰ ਕੰਬਣੀ ਜਿਹੀ ਛਿੜ ਗਈ।

***(ਬਾਕੀ ਅਗਲੇ ਅੰਕ 'ਚ)***

# ਸ਼੍ਰੋਮਣੀ ਕਮੇਟੀ

***(ਸਫਾ 30 ਦੀ ਬਾਕੀ)***

ਟਿੱਪਣੀ ਕੀਤੀ, ਉਹ ਵਾਕਿਆ ਹੀ ਸਾਡੇ ਲਈ ਸ਼ਰਮ ਵਾਲੀ ਗੱਲ ਹੈ। ਉਸ ਦਾ ਕਹਿਣਾ ਸੀ ਕਿ 'ਇਨ੍ਹਾਂ ਸਾਰੇ ਬਾਂਦਰ ਮੂੰਹਿਆਂ ਨੂੰ ਇਕੱਠੇ ਕਰਕੇ ਸ਼ਿੱਪ ਉਤੇ ਚੜ੍ਹਾ ਕੇ ਐਟਲਾਂਟਿਕ ਵਿਚ ਡੁਬੋ ਦਿੱਤਾ ਜਾਵੇ।' ਨਮੋਸ਼ੀ ਵਾਲੀਆਂ ਇਹੋ ਜਿਹੀਆਂ ਗੱਲਾਂ ਉਨ੍ਹਾਂ ਚੰਦ ਕੁ ਲੋਕਾਂ ਕਰਕੇ ਸੁਣਨ ਨੂੰ ਮਿਲਦੀਆਂ ਹਨ ਜੋ ਗੁਰਦੁਆਰਿਆਂ ਉਤੇ ਚੌਧਰਪੁਣੇ ਲਈ ਜੱਫਾ ਮਾਰੀ ਰੱਖਣਾ ਚਾਹੁੰਦੇ ਹਨ।

ਇਨ੍ਹਾਂ ਬਾਹਰਲੇ ਗੁਰਦੁਆਰਿਆਂ ਦੀ ਇਹ ਗੱਲ ਮਾੜੀ ਜਿਹੀ ਇਸ ਕਰਕੇ ਸਾਂਝੀ ਕੀਤੀ ਹੈ ਕਿ ਜਿੰਨੀ ਦੇਰ ਸ਼੍ਰੋਮਣੀ ਕਮੇਟੀ ਵਿਚ ਨਿਘਾਰ ਵਾਲੀਆਂ ਗੱਲਾਂ ਹੋਣਗੀਆਂ, ਉਨਾ ਚਿਰ ਬਾਹਰ ਦਾ ਮਾਹੌਲ ਵੀ ਠੀਕ ਨਹੀਂ ਹੋਣਾ; ਕਿਉਂਕਿ ਸਾਡੀਆਂ ਚੰਗੀਆਂ-ਮੰਦੀਆਂ ਤਾਰਾਂ ਉਥੋਂ ਹੀ ਜੁੜਦੀਆਂ ਰਹਿਣਗੀਆਂ। ਇਸੇ ਕਰਕੇ ਹਰ ਸਿੱਖ ਜਿੱਥੇ ਵੀ ਰਹਿੰਦਾ ਹੈ, ਉਹ ਸ਼੍ਰੋਮਣੀ ਕਮੇਟੀ ਦੀਆਂ ਇਨ੍ਹਾਂ ਚੋਣਾਂ ਨੂੰ ਜਿਵੇਂ ਵੀ ਹੋ ਸਕਦਾ, ਜ਼ਰੂਰ ਪ੍ਰਭਾਵਿਤ ਕਰੇ ਤਾਂ ਕਿ ਮਸੰਦ-ਸੋਚ ਅਤੇ ਬਿਪਰਵਾਦ ਦਾ ਗੁਰਦੁਆਰਿਆਂ ਵਿਚੋਂ ਪਹਿਰਾ ਨਿਕਲ ਸਕੇ।

# ਜਿਧਰ ਦੇਖੋ ਲੋਕ ਹੀ ਲੋਕ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਲੋਕਪਾਲ ਵਾਲੇ ਲੇਖ ਵਿਚ ਲੋਕ ਸ਼ਬਦ ਦੀ ਕੁਝ ਚਰਚਾ ਹੋ ਚੁੱਕੀ ਹੈ ਪਰ ਵਿਭਿੰਨ ਪਸਾਰਾਂ ਵਾਲਾ ਇਹ ਸ਼ਬਦ ਵੱਖਰੇ ਵਿਚਾਰ ਦੀ ਮੰਗ ਕਰਦਾ ਹੈ। ਇਹ ਨਿੱਘ ਭਰਿਆ ਸ਼ਬਦ ਲੋਕ ਮਾਨਸ ਦੇ ਬਹੁਤ ਹੀ ਨਿਕਟ ਪ੍ਰਤੀਤ ਹੁੰਦਾ ਹੈ। ਜਿਥੇ ਜਨਤਾ ਸ਼ਬਦ ਇਕ ਤਰ੍ਹਾਂ ਦਾ ਨਿਰਪੇਖ ਜਿਹਾ, ਵਿਅਕਤੀਆਂ ਦੇ ਸਮੂਹ ਦਾ ਪ੍ਰਤੀਕ ਹੈ, ਉਥੇ ਲੋਕ ਹਮਦਰਦੀ ਰੱਖਣ ਵਾਲਾ, ਵਿਅਕਤੀਆਂ ਦੇ ਦੁਖ ਸੁਖ ਵਿਚ ਨਿੱਜੀ ਦਿਲਚਸਪੀ ਰੱਖਣ ਵਾਲਾ ਧੜਕਦੇ ਸਮੂਹ ਦਾ ਅਰਥਾਵਾ ਹੈ। ਇਹ ਇਕ ਤਰ੍ਹਾਂ ਨਾਲ ਸਮਾਜ ਦੇ ਅਰਥਾਂ ਨੂੰ ਜਾ ਛੂਹਦਾ ਹੈ, ਖਾਸ ਤੌਰ 'ਤੇ ਲੋਕਾਚਾਰ ਦਾ ਰੂਪ ਧਾਰ ਕੇ। ਦੇਖਿਆ ਜਾਵੇ ਤਾਂ ਸਮਾਜ ਸ਼ਬਦ ਨੂੰ ਆਮ ਲੋਕ ਕਿੱਥੇ ਵਰਤਦੇ ਹਨ? ਦੁਖ ਸੁਖ ਵਿਚ ਸਹਿਜ ਸੁਭਾ ਲੋਕ ਤੋਂ ਹੀ ਬਣੇ 'ਲੋਕਾ' ਜਾਂ 'ਲੋਕੋ' ਦੀ ਰੱਬ, ਮਾਂ ਜਾਂ ਨਿੱਜੀ ਮਹਿਰਮ ਦੀ ਤਰ੍ਹਾਂ ਪੁਕਾਰ ਕੀਤੀ ਜਾਂਦੀ ਹੈ ਜਿਵੇਂ, 'ਲੋਕੋ ਮਾਰਿਆ ਗਿਆ ਮੈਂ ਤਾਂ', 'ਆਈਂ ਵੇ ਲੋਕਾ' ਆਦਿ। ਕੁਝ ਵੀ ਕਰਨ ਲੱਗਿਆਂ ਇਸ ਗੱਲ ਦੀ ਪਰਵਾਹ ਕੀਤੀ ਜਾਂਦੀ ਹੈ ਕਿ ਲੋਕ ਕੀ ਕਹਿਣਗੇ। ਲੋਕ ਜਾਣੋਂ ਰੱਬ ਦੀ ਤਰ੍ਹਾਂ ਚੌਤੇ ਪਹਿਰ ਸਾਡੀਆਂ ਸਭ ਹਰਕਤਾਂ ਭਾਪ ਰਿਹਾ ਹੈ। ਕਾਮਰੇਡਾਂ ਨੇ ਤਾਂ ਇਹ ਸ਼ਬਦ ਰਗੜ ਰਗੜ ਕੇ ਘਸਾ ਹੀ ਦਿੱਤਾ ਹੈ; ਪਾਰਟੀਆਂ ਨੇ ਆਪਣੇ ਨਾਂਵਾਂ ਵਿਚ ਇਸ ਦੀ ਵਰਤੋਂ ਕੀਤੀ ਹੈ; ਬਹੁਤ ਸਾਰੇ ਲੋਕ ਗੀਤਾਂ (ਲੋਕਾਂ ਭਾਣੇ ਰੱਬ ਰੁੱਸਿਆ, ਅਜੇ ਨਾ ਟੋਕੀਂ ਲੋਕਾ ਵੇ) ਅਤੇ ਕਵੀਆਂ ਦੀਆਂ ਕਵਿਤਾਵਾਂ ਵਿਚ ਲੋਕ ਸ਼ਬਦ ਜਾਂ ਇਸ ਦੇ ਵਿਉਤਪਤ ਰੂਪਾਂ ਵਿਚ ਇਸ ਦੀ ਖੁਲ੍ਹੀ ਵਰਤੋਂ ਮਿਲਦੀ ਹੈ। ਨੌਜਵਾਨ ਕਵੀ ਅਫ਼ਜ਼ਲ ਸਹਿਰ ਦਾ ਕਲਾਮ ਸੁਣੋ:

ਚੇਤਰ ਰੰਗ ਨਰੋਏ ਵੇ ਲੋਕਾ!
ਚੇਤਰ ਰੰਗ ਨਰੋਏ।
ਭੋਏਂ ਤੇ ਨਵੀਂ ਹਯਾਤੀ ਖਿੜ ਪਈ
ਅਸੀਂ ਮੋਏ ਦੇ ਮੋਏ।

ਮਾਂ ਵਲੋਂ ਹੀ ਪੁੱਤ ਨੂੰ ਜ਼ਹਿਰ ਦੇਣ ਜਿਹੇ ਘੋਰ ਪਾਪ ਦੀ ਸ਼ਿਕਾਇਤ ਭਾਈ ਗੁਰਦਾਸ ਲੋਕਾਂ ਪਾਸ ਹੀ ਕਰਦੇ ਹਨ:

ਸੁਣਿ ਵੇਖਹੁ ਲੋਕਾ ਇਹੁ ਵਿਡਾਣੁ॥

ਗੁਰਬਾਣੀ ਵਿਚੋਂ ਕੁਝ ਉਦਾਹਰਣਾਂ:

ਲੋਕਾ ਮਤ ਕੋ ਫਕੜਿ ਪਾਇ
(ਆਸਾ, ਗੁਰੂ ਨਾਨਕ)

***

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ
(ਗੁਰੂ ਅਰਜਨ ਦੇਵ)

***

ਅਨਦਿਨੁ ਸਿਮਰਹੁ ਤਜਿ ਲੋਕ ਲੋਕਾਣੀਆ
(ਗੁਰੂ ਅਰਜਨ ਦੇਵ)

ਲੋਕਪਾਲ ਵਾਲੇ ਲੇਖ ਵਿਚ ਇਸ ਸ਼ਬਦ ਦੇ ਕੁਝ ਪੱਖਾਂ ਦਾ ਨਿਪਟਾਰਾ ਕਰ ਲਿਆ ਸੀ, ਸੋ ਏਥੇ ਇਸ ਦੇ ਧਾਤੂ ਰੂਪ ਨੂੰ ਦਰਸਾਉਣ ਤੋਂ ਬਿਨਾਂ ਬਾਕੀ ਸਭ ਕਾਸੇ ਦੀ ਦੁਹਰਾਈ ਨਹੀਂ ਕੀਤੀ ਜਾਵੇਗੀ। ਅਸੀਂ ਦੱਸ ਚੁਕੇ ਹਾਂ ਕਿ ਲੋਕ ਸ਼ਬਦ ਹਲੰਤ ਵਾਲੇ ਸੰਸਕ੍ਰਿਤ ਸ਼ਬਦ 'ਲੋਕ' ਤੋਂ ਹੀ ਬਣਿਆ ਹੈ ਜਿਸ ਦਾ ਮੂਲ ਅਰਥ ਹੈ ਦੇਖਣਾ, ਨਿਹਾਰਨਾ, ਪ੍ਰਤੱਖ ਕਰਨਾ। ਇਸ ਦਾ ਅਰਥ ਜਾਣਨਾ ਜਾਂ ਪਛਾਨਣਾ ਵੀ ਹੈ। ਜਦ ਅਸੀਂ ਬਾਹਰੀ ਪਰਪੰਚ ਵੱਲ ਦੇਖਦੇ ਹਾਂ ਤਾਂ ਜੋ ਪ੍ਰਤੱਖ ਹੁੰਦਾ ਹੈ ਉਹੀ ਲੋਕ ਹੈ, ਅਰਥਾਤ ਦਿਸਦਾ ਜਗਤ, ਸੰਸਾਰ ਲੋਕ ਹੈ। ਲੋਕ ਦਾ ਹੀ ਇਕ ਹੋਰ ਬਦਲਿਆ ਰੂਪ 'ਲੋਅ' ਹੈ ਜਿਸ ਤੋਂ ਇਹ ਸ਼ਬਦ ਹੋਰ ਵੀ ਜਲੌਅ ਵਿਚ ਆਉਂਦਾ ਹੈ। 'ਲੋਅ' ਦਾ ਅਰਥ ਰੋਸ਼ਨੀ ਤਾਂ ਹੈ ਹੀ; ਲੋਅ ਹੋ ਜਾਣਾ ਉਕਤੀ ਵਿਚ ਚਾਨਣ ਹੋ ਜਾਣਾ ਅਰਥਾਤ ਗਿਆਨ ਹੋ ਜਾਣਾ ਵੀ ਹੈ। ਪੁਰਾਣੀ ਪੰਜਾਬੀ ਵਿਚ ਲੋਅ ਦਾ ਅਰਥ ਦਿਸਦਾ ਜਗਤ, ਲੋਕ, ਜਨਤਾ ਵੀ ਹੈ। ਇਸ ਦਾ ਮਤਲਬ ਲੋਕ ਜਾਂ ਲੋਅ ਨੂੰ ਪ੍ਰਤੱਖਣ ਵਾਲੀ ਇੰਦਰਾਵੀ ਸ਼ਕਤੀ ਅਰਥਾਤ ਅੱਖਾਂ ਦੀ ਨਜ਼ਰ ਵੀ ਹੈ। ਗੱਲ ਕੀ ਸਾਰੀ ਸ੍ਰਿਸ਼ਟੀ ਦਾ ਜੀਵ ਨਿਰਜੀਵ ਜਗਤ, ਇਸ ਨੂੰ ਉਜਾਗਰ ਕਰਨ ਵਾਲੀ ਊਰਜਾ ਅਤੇ ਫਿਰ ਇਸ ਨੂੰ ਮਨੁਖੀ ਦੇਹ ਵਿਚ ਪ੍ਰਤੱਖਣ ਵਾਲੀ ਸ਼ਕਤੀ-ਸਭ ਲੋਅ ਹੀ ਲੋਅ ਹਨ; ਭਲਾ ਫਿਰ ਹੋਰ ਕੀ ਰਹਿ ਗਿਆ?



ਲੋਅ ਸ਼ਬਦ ਉਪਰ ਗਿਣਾਏ ਬਹੁਤ ਸਾਰੇ ਅਰਥਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਵਾਰ ਆਇਆ ਹੈ। ਰੋਸ਼ਨੀ ਦੇ ਅਰਥਾਂ ਵਿਚ:

ਚਹੁ ਚਕੀ ਕੀਅਨੁ ਲੋਆ
(ਗੁਰੂ ਅਮਰ ਦਾਸ)

ਦਿਸਦਾ ਜਗਤ:

ਸੁਣਿਐ ਦੀਪ ਲੋਅ ਪਾਤਾਲ (ਜਪੁਜੀ)

ਅਤੇ ਜਨਤਾ ਦੇ ਅਰਥਾਂ ਵਿਚ:

ਕਰਮ ਵਧਹਿ ਕੈ ਲੋਅ ਖਪਿ ਮਰਿਜਾਈ
(ਗੁਰੂ ਨਾਨਕ)

ਅਸਲ ਵਿਚ 'ਲੋਕ' ਧਾਤੂ ਦੇ ਹੋਰ ਧਾਤੂਆਂ 'ਲੁਚ' ਅਤੇ 'ਰੁਚ' ਨਾਲ ਵੀ ਜੁੜਿਆ ਹੋਇਆ ਹੈ ਅਰਥਾਤ ਇਹ ਦੋਵੇਂ 'ਲੁਕ' ਦੇ ਰੁਪਾਂਤਰ ਹਨ। ਲੁਚ ਦਾ ਅਰਥ ਵੀ ਦੇਖਣਾ, ਨਜ਼ਰ ਮਾਰਨਾ, ਪ੍ਰਤੱਖ ਕਰਨਾ ਹੀ ਹੈ ਪਰ ਇਸ ਦਾ ਅਰਥ-ਵਿਕਾਸ ਕੁਝ ਹੋਰ ਦਿਸ਼ਾਵਾਂ ਵੱਲ ਵੀ ਹੋਇਆ ਹੈ, ਖਾਸ ਤੌਰ 'ਤੇ ਬੋਲਣਾ, ਚਮਕਣਾ ਦੇ ਭਾਵਾਂ ਵਿਚ। ਇਸ ਤੋਂ ਅੱਖ ਦੇ ਅਰਥ ਵਾਲਾ 'ਲੋਚਨ' ਤੇ ਇਸੇ ਤੋਂ ਅੱਗੇ ਵਿਗੜੇ ਲੋਇਨ ਜਾਂ ਲੋਇਣ ਸ਼ਬਦ ਹਨ:

ਪੰਥੁ ਨਿਹਾਰੈ ਕਾਮਨੀ
ਲੋਚਨ ਭਰੀ ਲੇ ਉਸਾਸਾ॥ (ਕਬੀਰ)
ਗੁਰਹਿ ਦਿਖਾਇਓ ਲੋਇਨਾ
(ਗੁਰੂ ਅਰਜਨ ਦੇਵ)

ਦੇਖਣਾ ਵਾਲੇ ਅਰਥਾਂ ਤੋਂ ਅੱਗੇ ਜਾ ਕੇ ਲੋਚਨ ਜਾਂ ਲੋਚਾ ਵਿਚ ਢੂੰਡਣਾ, ਇੱਛਾ ਕਰਨਾ, ਤਾਂਘਣਾ, ਚਾਹੁਣਾ ਦੇ ਅਰਥ ਵੀ ਸਮਾ ਗਏ ਹਨ:

ਹਰਿ ਲੋਚਾ ਪੂਰਨ ਮੇਰੀਆ
(ਗੁਰੂ ਅਰਜਨ ਦੇਵ)

ਲੋਚ ਤੋਂ ਹੀ ਤਿੰਨ ਅੱਖਾਂ ਵਾਲੇ ਸ਼ਿਵ ਦੇ ਅਰਥਾਂ ਵਿਚ ਤ੍ਰੈਲੋਚਨ ਸ਼ਬਦ ਵਿਕਸਿਤ ਹੋਇਆ। ਸੁਹਣੀਆਂ ਅੱਖਾਂ ਵਾਲੀ ਇਸਤਰੀ ਸੁਲੋਚਨਾ ਕਹਾਉਂਦੀ ਹੈ। ਆਲੋਚਨਾ ਸ਼ਬਦ ਵੀ ਇਸੇ ਦੀ ਦੇਣ ਹੈ। ਸੰਤ ਸਿੰਘ ਸੇਖੋਂ ਨੇ ਆਲੋਚਨਾ ਜਿਹੇ ਵਿਸ਼ੇ ਦੀ ਕਿੰਨੀ ਸੰਖੇਪ ਪਰ ਭਾਵਪੂਰਤ ਵਿਆਖਿਆ ਕਰ ਦਿੱਤੀ ਹੈ, "ਆਲੋਚਨਾ ਸ਼ਬਦ ਲੁਚ ਤੋਂ ਬਣਿਆ ਹੈ ਜਿਸ ਦਾ ਅਰਥ ਦੇਖਣਾ ਹੁੰਦਾ ਹੈ, ਅਸੀਂ ਉਸ ਚੀਜ਼ ਨੂੰ ਦੇਖਦੇ ਹਾਂ ਜਿਸ ਦਾ ਮੁੱਲ ਪਾਉਣਾ ਹੋਵੇ।" ਲਿਸ਼ ਲਿਸ਼ ਕਰਨਾ ਵਿਚ ਲੋਚਣਾ ਦੇ ਚਮਕਣਾ ਵਾਲੇ ਅਰਥ ਦੇਖੇ ਜਾ ਸਕਦੇ ਹਨ।

ਲੁਕ ਧਾਤੂ ਦੇ ਅਗਲੇ ਰੁਪਾਂਤਰ 'ਰੁਚ' ਦੇ ਵੀ ਮੁਢਲੇ ਅਰਥ ਲਗਭਗ ਏਹੋ ਹਨ ਪਰ ਸੰਸਕ੍ਰਿਤ ਵਿਚ ਇਹ ਵਧੇਰੇ ਕਰਕੇ ਚਮਕਣਾ, ਲਿਸ਼ਕਣਾ ਵੱਲ ਵਧਦੇ ਹਨ। ਪੰਜਾਬੀ ਵਿਚ ਇਸ ਦੀ ਮੁਖ ਵਰਤੋਂ ਰੁਚੀ ਸ਼ਬਦ ਵਜੋਂ ਹੀ ਹੁੰਦੀ ਹੈ ਜੋ ਲੋਚਾ ਦੀ ਤਰ੍ਹਾਂ ਹੀ ਹੈ। ਰੁਚੀ ਦੇ ਅਰਥ ਹਨ, ਪ੍ਰਵਿਰਤੀ, ਤਬੀਅਤ, ਇੱਛਾ। ਸੰਸਕ੍ਰਿਤ ਦਾ ਰੁਕਮ ਸ਼ਬਦ ਜਿਸ ਦਾ ਅਰਥ ਸੋਨੇ ਦੀ ਸਜਾਵਟ ਹੁੰਦਾ ਹੈ, ਇਸੇ ਤੋਂ ਬਣਿਆ। ਰੁਕਮਣੀ ਨਾਂ ਇਸੇ ਨਾਲ ਜਾ ਜੁੜਦਾ ਹੈ। ਰੁਚੀ ਦਾ ਅਰਥ ਦਿਲਚਸਪੀ ਤੇ ਇਸ ਤੋਂ ਅੱਗੇ ਵਧਦਾ ਪ੍ਰੇਮ, ਪਿਆਰ ਵੀ ਹੋ ਗਿਆ ਹੈ।


ਪ੍ਰਭ ਸੁੰਦਰ ਚਤੁਰ ਅਨੂਪ ਵਿਧਾਤੇ
ਤਿਸ ਸਿਉ ਰੁਚ ਨਹੀ ਰਾਈ॥
(ਗੁਰੂ ਅਰਜਨ ਦੇਵ)

ਜਿਵੇਂ ਲੋਕ ਸਭ ਥਾਂ ਹਨ, ਲੋਅ ਸਭ ਜਗ੍ਹਾ ਹੈ, ਇਸੇ ਤਰ੍ਹਾਂ ਜਾਪਦਾ ਹੈ ਇਨ੍ਹਾਂ ਸ਼ਬਦਾਂ ਦੇ ਕੋੜਮੇ ਵੀ ਵਿਸ਼ਵਵਿਆਪੀ ਹਨ। ਇਕ ਭਾਰੋਪੀ ਮੂਲ leuk ਲਭਿਆ ਗਿਆ ਹੈ ਜੋ ਇਨ੍ਹਾਂ ਸਭ ਸ਼ਬਦਾਂ ਨੂੰ ਜੋੜਦਾ ਹੈ। ਲਿਊਕ ਦਾ ਅਰਥ ਹੈ ਰੋਸ਼ਨੀ, ਚਮਕ। ਰੋਸ਼ਨੀ ਦੇ ਅਰਥਾਂ ਵਾਲਾ ਅੰਗਰੇਜ਼ੀ ਦਾ ਲਾਇਟ light ਸ਼ਬਦ ਇਸੇ ਭਾਰੋਪੀ ਮੂਲ ਨਾਲ ਜਾ ਜੁੜਦਾ ਹੈ। ਲਾਇਟ ਦਾ ਪਛਮੀ ਜਰਮੈਨਿਕ ਰੂਪ 'ਲਿਉਖਟਮ' ਮਿਲਦਾ ਹੈ। ਪੁਰਾਣੀ ਫ਼ਰੀਜ਼ੀਅਨ, ਮਧ ਡੱਚ ਤੇ ਜਰਮਨ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਮਿਲਦੇ ਹਨ ਜਿਨ੍ਹਾਂ ਦਾ ਅਰਥ ਚਾਨਣ ਹੀ ਹੈ। ਆਰਮੀਨੀਅਨ ਭਾਸ਼ਾ ਵਿਚ ਇਸ ਤੋਂ ਬਣੇ ਦੋ ਸ਼ਬਦਾਂ ਦੇ ਅਰਥ ਰੋਸ਼ਨੀ ਅਤੇ ਚੰਦ ਹਨ। ਗਰੀਕ ਵਿਚ ਲਿਊਕੋਸ ਦਾ ਅਰਥ ਚਮਕਦਾਰ, ਉਜਲਾ, ਸਫੈਦ ਹੁੰਦਾ ਹੈ। ਲਾਤੀਨੀ ਵਿਚ ਲੂਸੀਅਰ lucere ਦਾ ਅਰਥ ਚਮਕਣਾ ਹੈ। ਲਾਤੀਨੀ ਵਿਚ ਹੀ ਲਕਸ ਦਾ ਅਰਥ ਰੋਸ਼ਨੀ, ਲੋਅ ਹੈ। ਪ੍ਰਕਾਸ਼ ਦੀ ਇਕਾਈ ਵਜੋਂ ਇਹ ਸ਼ਬਦ ਅੰਗਰੇਜ਼ੀ ਵਿਚ ਵੀ ਆ ਗਿਆ ਹੈ। ਇਕ ਸਾਬਣ ਦਾ ਨਾਂ ਇਸ ਦੇ ਇਨ੍ਹਾਂ ਅਰਥਾਂ ਤੋਂ ਹੀ ਪਿਆ ਹੈ। ਪੁਰਾਣੀ ਆਇਰਿਸ਼ ਵਿਚ ਇਸ ਤੋਂ ਬਣੇ ਇਕ ਸ਼ਬਦ ਦਾ ਅਰਥ ਅਸਮਾਨੀ ਬਿਜਲੀ ਹੈ। ਲਿਥੂਏਨੀਅਨ ਵਿਚ ਇਸ ਤੋਂ ਉਦਭਵ ਸ਼ਬਦ ਦਾ ਅਰਥ ਖੇਤ ਭੋਇੰ ਹੋ ਜਾਂਦਾ ਹੈ। ਏਥੇ ਕੇਂਦਰੀ ਵਿਚਾਰ ਸਾਫ ਕਰਨ ਤੋਂ ਹੈ। ਸਵੇਰ ਨੂੰ ਚੜ੍ਹਦੇ ਸ਼ੁਕਰ ਗ੍ਰਹਿ ਨੂੰ ਇਸ ਦੀ ਤੀਬਰ ਰੋਸ਼ਨੀ ਕਾਰਨ ਲੂਸੀਫ਼ਰ ਕਿਹਾ ਜਾਂਦਾ ਹੈ। ਹੋਰ ਭਾਸ਼ਾਵਾਂ ਵਿਚ ਜਿਹੜੇ ਜਿਹੜੇ ਅਰਥ ਵਿਕਸਿਤ ਹੋਏ ਹਨ, ਉਹ ਹਨ: ਜਗਾਉਣਾ, ਬਾਲਣਾ, ਲਾਟ, ਚਰਾਗਾਹ (ਜਿਥੇ ਰੋਸ਼ਨੀ ਪੈਂਦੀ ਹੈ), ਆਭਾ, ਝਾਲ, ਸ਼ੁਧ, ਚੰਦ (ਲੂਨਾ), ਤਾਰੇ, ਦੀਵਾ, ਦਿਨ। ਚੰਦ ਦੇਵਤੇ ਦਾ ਨਾਂ ਲੂਨਾ ਅਤੇ lunar (ਚੰਦ ਸਬੰਧੀ) ਸ਼ਬਦ ਵੀ ਇਸੇ ਮੂਲ ਤੋਂ ਆਪਣੀ ਰੋਸ਼ਨੀ ਲੈਂਦੇ ਹਨ।

ਅੰਗਰੇਜ਼ੀ ਦੇ ਬੇਸ਼ੁਮਾਰ ਸ਼ਬਦ ਲੋਅ ਨਾਲ ਸਬੰਧਤ ਲਾਤੀਨੀ ਤੇ ਗਰੀਕ ਸ਼ਬਦਾਂ ਤੋਂ ਵੀ ਬਣੇ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਜਾਣੇ-ਪਛਾਣੇ ਗਿਣਾਏ ਜਾ ਸਕਦੇ ਹਨ: lucid, lucent, luster, luminous, illumination, luminary, illustration, leukemia, lukewarm, lynx, leucorrhoea; leukaemia

ਪਰ ਸਭ ਤੋਂ ਦਿਲਚਸਪ ਗੱਲ ਜੋ ਮੈਂ ਦੱਸਣ ਲੱਗਾ ਹਾਂ ਉਹ ਇਹ ਹੈ ਕਿ ਫਾਰਸੀ ਵਲੋਂ ਆਇਆ ਰੋਸ਼ਨੀ ਸ਼ਬਦ ਵੀ ਇਸੇ ਮੂਲ ਤੋਂ ਵਿਉਤਪਤ ਹੋਇਆ ਹੈ। ਜ਼ੈਂਦ ਵਿਚ ਇਸ ਦਾ ਰੂਪ ਰੋਖਸ਼ਨਾ ਸੀ ਜਿਸਦਾ ਮੂਲ 'ਰੁਖਸ਼' ਲਭਿਆ ਗਿਆ ਹੈ। ਫਾਰਸੀ ਵਿਚ ਇਸ ਸ਼ਬਦ ਦਾ ਰੂਪ ਰੌਸ਼ਨਾ ਹੈ। ਸਿਕੰਦਰ ਮਹਾਨ ਦੀ ਇਕ ਰਾਣੀ ਦਾ ਨਾਂ ਵੀ ਇਹੋ ਸੀ ਪਰ ਇਸ ਨੂੰ ਗਰੀਕ ਵਿਚ ਰੋਕਸੈਨਾ ਕਹਿੰਦੇ ਸਨ। ਫਾਰਸੀ ਵਿਚ ਚਰਬੀ, ਘਿਉ, ਤੇਲ, ਮੁਲਾਇਮੀ ਅਤੇ ਰੰਗ ਦਾ ਅਰਥ ਦਿੰਦਾ ਸ਼ਬਦ 'ਰੌਗਨ' ਵੀ ਇਸੇ ਮੂਲ ਤੋਂ ਉਪਜਿਆ ਹੈ। ਇਸ ਸ਼ਬਦ ਦੇ ਮੂਲ ਵਿਚ ਆਭਾ, ਚਮਕ ਦੇ ਭਾਵ ਨਿਹਿਤ ਹਨ। ਫਾਰਸੀ ਤੋਂ ਹੀ ਆਇਆ ਇਕ ਹੋਰ ਇਸੇ ਮੂਲ ਨਾਲ ਜੁੜਦਾ ਲਫ਼ਜ਼ ਹੈ 'ਰੋਜ਼'। ਫਾਰਸੀ ਵਿਚ ਇਸ ਦਾ ਅਰਥ ਦਿਨ ਹੈ ਪਰ ਪੰਜਾਬੀ ਵਿਚ ਇਹ 'ਹਰ ਦਿਨ' ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਜਿਵੇਂ ਅਸੀਂ ਮੈਂ 'ਦਿਨ ਚੜ੍ਹਦੇ ਆਵਾਂਗਾ' ਨੂੰ 'ਮੈਂ ਰੋਜ਼ ਚੜ੍ਹਦੇ ਨੂੰ ਆਵਾਂਗਾ' ਨਹੀਂ ਕਹਿ ਸਕਦੇ। ਇਸੇ ਤਰ੍ਹਾਂ 'ਤੇਰਾ ਰੋਜ਼ ਦਾ ਏਹੀ ਕੰਮ ਫੜਿਆ' ਨੂੰ 'ਤੇਰਾ ਦਿਨ ਦਾ ਏਹੀ ਕੰਮ ਫੜਿਆ' ਨਹੀਂ ਬਲਕਿ 'ਤੇਰਾ ਨਿਤ ਦਾ ਜਾਂ ਹਰ ਦਿਨ ਦਾ ਏਹੀ ਕੰਮ ਫੜਿਆ' ਕਹਿ ਸਕਦੇ ਹਾਂ। ਰੋਜ਼ ਤੋਂ ਬਣੇ ਰੋਜ਼ਾਨਾ, ਰੋਜ਼ਨਾਮਾ ਜਾਂ ਰੋਜ਼ਨਾਮਚਾ ਸ਼ਬਦ ਪੰਜਾਬੀ ਵਿਚ ਆਮ ਹੀ ਵਰਤੇ ਜਾਂਦੇ ਹਨ। ਰੋਜ਼ ਤੋਂ ਹੀ ਰੋਜ਼ਗਾਰ ਸ਼ਬਦ ਬਣਿਆ ਜਿਸ ਦਾ ਭਾਵ ਹੈ ਰੋਜ਼ ਦਾ ਕੰਮ। ਰੋਜ਼ ਦੀ ਖੁਰਾਕ, ਭੱਤਾ ਜਾਂ ਕੰਮ ਦੇ ਅਰਥਾਂ ਵਾਲਾ 'ਰੋਜ਼ੀ' (ਖਾਸ ਤੌਰ 'ਤੇ ਰੋਟੀ-ਰੋਜ਼ੀ ਦੇ ਸ਼ਬਦ ਯੁਗਮ ਵਜੋਂ ਵਰਤੀਦਾ) ਸ਼ਬਦ ਦਾ ਸਿਰਾ ਵੀ ਇਸੇ ਮੂਲ ਨਾਲ ਸਬੰਧਤ ਹੈ।

# ਅੰਨ ਦਾਤਾ ਭੁੱਖਾ ਕਿਉਂ?



ਨਿੰਮਾ ਡੱਲੇਵਾਲਾ
ਫੋਨ:513-432-9754

ਸਾਡੇ ਜਨਮ ਦਾਤੇ ਤਾਂ ਸਾਨੂੰ ਇਕ ਵਾਰ ਜਨਮ ਦੇ ਕੇ ਇਸ ਦੁਨੀਆਂ ਉਤੇ ਲੈ ਆਉਂਦੇ ਹਨ ਪਰ ਸਾਡਾ ਅੰਨ ਦਾਤਾ ਕਿਸਾਨ ਜਿਸ ਦਾ ਪੈਦਾ ਕੀਤਾ ਅਨਾਜ ਸਾਰੀ ਉਮਰ ਸਾਡਾ ਢਿੱਡ ਭਰਦਾ ਹੈ, ਉਸ ਨੂੰ ਕਈ ਵਾਰੀ ਭੁੱਖੇ ਪੇਟ ਸੌਣਾ ਪੈਂਦਾ ਹੈ। ਪੰਜਾਬ ਦਾ ਕਿਸਾਨ ਭਾਰਤ ਦਾ ਤਾਂ ਅੰਨਦਾਤਾ ਕਹਾਉਂਦਾ ਹੈ ਪਰ ਖੁਦ ਉਹ ਤੰਗੀਆਂ ਦੀ ਮਾਰ ਝੱਲ ਰਿਹਾ ਹੈ। ਰੋਟੀ ਦਾ ਅਨੰਦ ਅਸੀਂ ਸਭ ਮਾਣਦੇ ਹਾਂ ਪਰ ਕਦੇ ਕਿਸੇ ਨੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਸ ਨੂੰ ਇਸ ਦੀ ਮੰਜ਼ਿਲ ਤੱਕ ਪਹੁੰਚਾਉਣ ਲਈ ਕਿਸੇ ਕਿਸਾਨ ਦੇ ਮੱਥੇ ਤੋਂ ਕਿੰਨਾ ਪਸੀਨਾ ਚੋਇਆ? ਇਹ ਸਿਰਫ ਇਕ ਦਾਣੇ ਦੇ ਸੌ ਦਾਣੇ ਬਣਾਉਣ ਵਾਲਾ ਕਿਸਾਨ ਹੀ ਜਾਣਦਾ ਹੈ ਜਿਸ ਨੇ ਹਰ ਸਾਹ ਅਤੇ ਹਰ ਹੌਕਾ ਇਸ ਦੇ ਨਾਲ ਭਰਿਆ ਹੁੰਦਾ ਹੈ।

ਲੋਕ ਸੁੱਤੇ ਵੀ ਨਹੀਂ ਉਠੇ ਹੁੰਦੇ ਤੇ ਕਿਸਾਨ ਨੇ ਹਲ ਜੋੜਿਆ ਹੁੰਦਾ ਹੈ। ਕਦੇ ਹਲ ਛੱਡ ਕੇ ਨੱਕੇ ਮੋੜਨ ਜਾਂਦਾ ਹੈ ਤੇ ਕਦੇ ਥੋੜ੍ਹਾ ਆਰਾਮ ਕਰਨ ਵਾਸਤੇ ਟਾਹਲੀ ਦੀ ਛਾਂਵੇਂ ਜਾ ਬੈਠਦਾ ਹੈ ਤੇ ਨਜ਼ਰ ਰੱਖਦਾ ਹੈ ਪਿੰਡੋਂ ਆਉਂਦੀ ਪਹੀ ਉਤੇ। ਉਡੀਕ ਕਰਦਾ ਹੈ ਭੱਤਾ ਲੈ ਕੇ ਆਉਣ ਵਾਲੀ ਆਪਣੀ ਸੁਆਣੀ ਦਾ। ਜਿਹੋ ਜਿਹੀ ਰੁੱਖੀ ਸੁੱਕੀ ਮਿਲ ਜਾਵੇ, ਖਾ ਕੇ ਅਤੇ ਪਾਣੀ ਪੀ ਕੇ ਰੱਬ-ਰੱਬ ਕਰਦਾ ਫਿਰ ਹਲ ਜੋੜ ਲੈਂਦਾ ਹੈ। ਬੀਜ ਆਉਂਦਾ ਹੈ ਮਿੱਟੀ ਨਾਲ ਮਿੱਟੀ ਹੋ ਕੇ ਬੀਜ ਦੇ ਨਾਲ-ਨਾਲ ਪਸੀਨੇ ਦੀਆਂ ਬੂੰਦਾਂ।

ਜਿਵੇਂ ਕੋਈ ਮਾਂ ਆਪਣੇ ਨਵ-ਜੰਮੇ ਬੱਚੇ ਨੂੰ ਦੁੱਧ ਦੇਣ ਦਾ ਖਿਆਲ ਰੱਖਦੀ ਹੈ, ਬਿਲਕੁਲ ਇਵੇਂ ਹੀ ਕਿਸਾਨ ਆਪਣੀ ਫਸਲ ਲਈ ਪਾਣੀ ਤੇ ਖਾਦ ਖੁਰਾਕ ਦਾ ਖਿਆਲ ਰੱਖਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਸ ਦੇ ਵਧਣ-ਫੁੱਲਣ 'ਚ ਰੁਕਾਵਟ ਪਾਉਣ ਵਾਲੀ ਕਾਂ ਗਿਆਰੀ ਨੂੰ ਕਿਵੇਂ ਨੱਥ ਪਾਉਣੀ ਹੈ।

ਲੱਖਾਂ ਢਿੱਡ ਪਾਲਣ ਵਾਲਾ ਅਤੇ ਅੰਨ ਦਾਤੇ ਦਾ ਰੁਤਬਾ ਲੈਣ ਵਾਲਾ ਕਿਸਾਨ ਅੰਦਰੋਂ ਅੰਦਰੀ ਲੂਣ ਵਾਂਗੂੰ ਖੁਰਦਾ ਜਾ ਰਿਹਾ ਹੈ। ਖਬਰੇ ਕਦੋਂ ਇਸ ਦੇ ਸਿਰੋਂ ਕਰਜ਼ੇ ਦੇ ਪਹਾੜ ਹਟਣੇ ਨੇ? ਖਬਰੇ ਕਦੋਂ ਇਸ ਦੇ ਚਾਰੇ ਲੜ ਪੂਰੇ ਹੋਣਗੇ? ਚੰਗੇ ਭਲੇ ਸਮਿਆਂ ਦੀ ਘੁਲਾੜੀ ਵਿਚ ਪਿੜਦਾ ਆਪਣੇ ਢਿੱਡ ਦੀ ਪੀੜ ਵੀ ਭੁੱਲ ਜਾਂਦਾ ਹੈ। ਆਪਣੀ ਫਸਲ ਨੂੰ ਜਵਾਨ ਹੁੰਦਿਆਂ ਦੇਖ ਕੇ ਦਿਨੇ ਕੜਕ ਦੀਆਂ ਧੁੱਪਾਂ ਵਿਚ ਅਣਥੱਕ ਮਿਹਨਤ ਕਰਦਾ, ਰਾਤਾਂ ਦੇ ਹਨੇਰਿਆਂ ਵਿਚ ਸੱਪਾਂ ਦੀਆਂ ਸਿਰੀਆਂ ਮਿੱਧਦਾ, ਸ਼ਾਹੂਕਾਰਾਂ ਤੋਂ ਪੈਸੇ ਫੜ-ਫੜ ਆਪਣੀ ਫਸਲ ਪਾਲਣ 'ਤੇ ਲਾਉਂਦਾ ਲੈ ਆਉਂਦਾ ਹੈ ਆਪਣੀ ਫਸਲ ਨੂੰ ਕਾਮਯਾਬੀ ਦਿਆਂ ਸਿਖਰਾਂ 'ਤੇ। ਉਹ ਜਵਾਨ ਹੋਈ ਫਸਲ ਉਤੇ ਜਵਾਨ ਹੋਏ ਪੁੱਤ ਵਾਂਗੂੰ ਆਸਾਂ ਲਾਉਂਦਾ ਨਹੀਂ ਥੱਕਦਾ। ਪੀਂਘ ਦੇ ਹੁਲਾਰੇ ਵਾਂਗ ਝੂਮਦੀ ਫਸਲ ਦੇਖ ਕੇ ਝੂਮਦਾ ਹੋਇਆ ਮਨੋ-ਮਨੀ ਵਿਉਂਤ ਬਣਾਉਂਦਾ ਹੈ ਛੋਟਾ ਟਰੈਕਟਰ ਵੇਚ ਕੇ ਵੱਡਾ ਟਰੈਕਟਰ ਲੈਣ ਦੀ, ਤੇ ਕਦੇ ਘਰ ਵਾਲੀ ਨਾਲ ਸਲਾਹਾਂ ਕਰਦਾ ਹੈ ਕੱਚਿਆਂ ਨੂੰ ਢਾਹ ਕੇ ਚੁਬਾਰਾ ਪਾਉਣ ਦੀਆਂ। ਆਪਣੀ ਮਿਹਨਤ ਨੂੰ ਮੰਜ਼ਿਲਾਂ ਤੈਅ ਕਰ ਕੇ ਸਫ਼ਲਤਾ ਦੇ ਦਰਵਾਜ਼ੇ ਖੜਕਾਉਂਦੀ ਦੇਖ ਕੇ ਕਈ ਵਾਰੀ ਘਰ ਦੀ ਕੱਢੀ ਦਾ ਪੈਗ ਮਾਰ, ਬੜ੍ਹਕ ਮਾਰ ਨੱਚਣ ਦੇ ਮੂਡ ਵਿਚ ਵੀ ਆ ਜਾਂਦਾ ਹੈ। ਮੂਡ ਵਿਚ ਆਵੇ ਵੀ ਕਿਉਂ ਨਾ ਕਿਉਂਕਿ ਕਿਸਾਨ ਦੀ ਪੱਕੀ ਫਸਲ ਮੋਢਿਆਂ ਤੱਕ ਪਹੁੰਚੇ ਪੁੱਤ ਵਾਂਗੂੰ ਹੁੰਦੀ ਹੈ!

ਸਵੇਰੇ ਉਠ ਜਦੋਂ ਸੂਰਜ ਦੀ ਥਾਂ ਅਸਮਾਨ 'ਤੇ ਘਟਾਵਾਂ ਚੜ੍ਹੀਆਂ ਦੇਖਦਾ ਹੈ ਤਾਂ ਫਿਕਰਾਂ ਵਿਚ ਘਿਰਿਆ ਰੱਬ ਅੱਗੇ ਅਰਦਾਸਾਂ ਕਰਦਾ ਹੈ ਕਿ ਦੇਖੀਂ ਰੱਬਾ! ਪੱਕੀ ਫਸਲ 'ਤੇ ਮੀਂਹ ਨਾ ਪਾ ਦਈਂ। ਗੜਿਆਂ ਦੀਆਂ ਗੋਲੀਆਂ ਤੋਂ ਡਰਦਾ ਕਾਹਲਾ ਪੈ ਜਾਂਦਾ ਹੈ ਫਸਲ ਦੀ ਵਾਢੀ ਲਈ। ਇਹ ਸੋਚ ਕੇ, ਕਿ ਪਿਛਲੇ ਤੋਂ ਪਿਛਲੇ ਸਾਲ ਵਾਂਗ ਇਸ ਸਾਲ ਵੀ ਹਾੜ੍ਹੀ ਵੀ ਹੜ੍ਹਾਂ ਵਿਚ ਨਾ ਹੜ੍ਹ ਜਾਵੇ, ਉਹ ਸ਼ੁਰੂ ਕਰਵਾ ਦਿੰਦਾ ਹੈ ਫਸਲ ਦੀ ਵਾਢੀ। ਰੁਝ ਜਾਂਦਾ ਹੈ ਸਾਰਾ ਟੱਬਰ ਖੇਤਾਂ ਵਿਚ ਖਿੰਡਿਆ ਸੋਨਾ ਸਮੇਟਣ। ਇਕ ਪਾਸੇ ਤੂੜੀ ਦਾ ਢੇਰ ਅਤੇ ਦੂਜੇ ਪਾਸੇ ਕਣਕ ਦਾ ਬੋਹਲ। ਵਧੀਆ ਝਾੜ ਦੇਖ ਕੇ ਮਨੋ ਮਨੀ ਖੁਸ਼ ਹੁੰਦਾ ਹੈ ਤੇ ਬੁਰੀਆਂ ਨਜ਼ਰਾਂ ਤੋਂ ਬਚਾਉਣ ਲਈ ਬੋਹਲ ਵਿਚ ਦੰਦਲ ਦਾਤੀ ਗੱਡ ਦਿੰਦਾ ਹੈ। ਮਿਹਨਤ ਦੇ ਫਲ ਦੀ ਲੱਗੀ ਢੇਰੀ ਨੂੰ ਸੁੰਨੀ ਛੱਡ ਅੱਜ ਦੀ ਰਾਤ ਤਾਂ ਘਰ ਵੀ ਨਹੀਂ ਜਾਂਦਾ, ਤੇ ਪੈ ਜਾਂਦਾ ਹੈ ਉਥੇ ਹੀ ਬਾਣ ਦੀ ਮੰਜੀ ਤੇ, ਸਲਾਂਘਾਂ ਸਰਹਾਣੇ ਰੱਖ ਕੇ। ਦੂਜੇ ਦਿਨ ਘਰੇ ਖਾਣ ਜੋਗੀ ਰੱਖ ਕੇ ਬਾਕੀ ਟਰਾਲੀ ਵਿਚ ਲੱਦ ਲੈ ਜਾਂਦਾ ਹੈ ਮੰਡੀ। ਬੜਾ ਚਾਈਂ-ਚਾਈਂ ਜਾਂਦਾ ਹੈ ਆਪਣੀ ਮਿਹਨਤ ਦਾ ਮੁੱਲ ਵੱਟਣ ਪਰ ਉਦੋਂ ਬੜਾ ਦੁਖੀ ਹੁੰਦਾ ਹੈ ਜਦੋਂ ਕਈ-ਕਈ ਦਿਨ ਫਸਲ ਮੰਡੀ ਵਿਚ ਰੁਲਣ ਬਾਅਦ ਤੁਲਦੀ ਹੈ ਤੇ ਉਹ ਵੀ ਘਾਟੇ ਵਿਚ। ਉਸ ਤੋਂ ਬਾਅਦ ਜਦੋਂ ਆੜ੍ਹਤੀਆਂ ਦੀ ਲਾਲ ਬਹੀ ਵਿਚ ਲਿਖਿਆ ਲੇਖਾ-ਜੋਖਾ ਹੁੰਦਾ ਹੈ ਤਾਂ ਧੀ ਦੇ ਵਿਆਹ ਲਈ ਚੁੱਕਿਆ ਕਰਜ਼ਾ ਅਤੇ ਤੇਲ ਖਾਦ ਲਈ ਫੜੇ ਪੈਸੇ ਵੀ ਪੂਰੇ ਨਹੀਂ ਹੁੰਦੇ। ਹੱਡ-ਭੰਨਵੀਂ ਕਮਾਈ ਦਾ ਇਕ ਰੁਪਈਆ ਵੀ ਖੀਸੇ ਵਿਚ ਨਾ ਪੈਂਦਾ ਦੇਖ ਕੇ ਕੁਝ ਪਲਾਂ ਲਈ ਸੁੰਨ ਜਿਹਾ ਹੋ ਜਾਂਦਾ ਹੈ ਤੇ ਦਿਲ ਦੇ ਸਭ ਅਰਮਾਨ, ਅਰਮਾਨ ਹੀ ਰਹਿ ਜਾਂਦੇ ਹਨ। ਉਹ ਜਾਣ ਜਾਂਦਾ ਹੈ ਕਿ ਕਰਜ਼ੇ ਥੱਲੇ ਦੱਬੇ ਕਿਸਾਨ ਖੁਦਕੁਸ਼ੀਆਂ ਕਿਉਂ ਕਰਦੇ ਹਨ!

ਅੱਜ ਦਾ ਜ਼ਿਮੀਂਦਾਰ ਦੇਖ ਲੋ।
ਹੋਇਆ ਫਿਰੇ ਲਾਚਾਰ ਦੇਖ ਲੋ।
ਜਿਹੜਾ ਸਾਰੇ ਮੁਲਕ ਦਾ ਯਾਰੋ ਢਿੱਡ ਭਰੇ।
ਖੁਦਕੁਸ਼ੀਆਂ ਕਿਉਂ ਕਰਕੇ ਅੱਜ ਕਿਸਾਨ ਮਰੇ।

ਇਸ ਦੁਨੀਆ ਦੇ ਅੰਨ ਦਾਤੇ ਦੀ ਦਰਦ ਕਹਾਣੀ ਇਕ ਕੰਨ ਤੋਂ ਸੁਣ ਦੂਜੇ ਕੰਨ 'ਚੋਂ ਕੱਢਣ ਵਾਲੀਆਂ ਸਰਕਾਰਾਂ ਨੂੰ ਇਹ ਸਿਰਫ ਵੋਟਾਂ ਦੇ ਵਕਤ ਹੀ ਯਾਦ ਆਉਂਦਾ ਹੈ। ਪੰਜਾਬ ਦੀ ਹਰ ਬਦਲਦੀ ਸਰਕਾਰ ਦਾਅਵੇ ਤਾਂ ਬਹੁਤ ਕਰਦੀ ਹੈ ਪਰ ਇਸ ਦੀ ਸਾਰ ਕੋਈ ਨਹੀਂ ਲੈਂਦੀ। ਬੜੀ ਵਾਰ ਇਸ ਦੇ ਸਿਰ ਚੜ੍ਹੇ ਕਰਜ਼ੇ ਮੁਆਫ ਹੋਏ ਹਨ, ਪਰ ਕਾਗਜ਼ਾਂ ਵਿਚ ਹੀ। ਇਕ ਵਾਰ ਸੁਣਨ ਵਿਚ ਆਇਆ ਸੀ ਕਿ ਮੋਟਰਾਂ ਦੇ ਬਿਲ ਮੁਆਫ ਹੋ ਗਏ। ਉਨ੍ਹਾਂ ਮੁਆਫ ਹੋਏ ਮੋਟਰਾਂ ਦੇ ਬਿੱਲਾਂ ਦਾ ਲਾਭ ਸਿਰਫ ਉਸੇ ਜ਼ਿਮੀਂਦਾਰ ਨੂੰ ਹੋ ਸਕਦਾ ਹੈ ਜਿਸ ਦੇ ਮੋਟਰਾਂ ਹਨ ਅਤੇ ਜਿਸ ਦੇ ਮੋਟਰਾਂ ਹਨ, ਉਸ ਦੀ ਆਰਥਿਕ ਹਾਲਤ ਇੰਨੀ ਮਾੜੀ ਨਹੀਂ ਹੋ ਸਕਦੀ। ਉਹ ਨੀਵੇਂ ਪੱਧਰ ਦੇ ਕਿਸਾਨ ਨਾਲੋਂ ਪੈਰਾਂ ਸਿਰ ਹੋਵੇਗਾ। 2-4 ਕਿੱਲਿਆਂ ਦੀ ਖੇਤੀ ਕਰਨ ਵਾਲੇ ਕਿਸਾਨ ਨੀਵੇਂ ਪੱਧਰ ਵਿਚ ਆਉਂਦੇ ਹਨ ਤੇ ਉਹ ਖੇਤੀ ਇੰਜਣ ਵਿਚ ਮਹਿੰਗੇ ਮੁੱਲ ਦਾ ਤੇਲ ਫੂਕ ਕੇ ਕਰਦੇ ਹਨ। ਉਨ੍ਹਾਂ ਨੂੰ ਮੁਆਫ਼ ਕੀਤੇ ਬਿੱਲਾਂ ਦਾ ਲਾਭ ਕਦੇ ਵੀ ਨਹੀਂ ਹੋ ਸਕਦਾ। ਅਗਰ ਫਸਲਾਂ ਦੇ ਭਾਅ ਵਧੇ ਹਨ ਤਾਂ ਉਸ ਦੇ ਮੁਕਾਬਲੇ ਖਾਦ, ਡੀਜ਼ਲ, ਦਵਾਈਆਂ ਤੇ ਮਸ਼ੀਨਰੀ ਦੇ ਭਾਅ ਕਿਤੇ ਜ਼ਿਆਦਾ ਵਧੇ ਹਨ। ਲੋਕਾਂ ਦੀਆਂ ਕਾਰਾਂ ਕੋਠੀਆਂ ਦੇਖ ਕੇ ਜੱਟ ਦੇ ਮਨ ਵਿਚ ਵੀ ਰੀਝ ਉਠਦੀ ਹੈ ਅਤੇ ਮਹਿੰਗਾਈ ਦੇ ਇਸ ਜ਼ਮਾਨੇ ਵਿਚ ਰੀਝਾਂ ਪੂਰੀਆਂ ਕਰਨ ਵਾਸਤੇ ਇਸ ਨੂੰ ਜ਼ਮੀਨ ਵੇਚਣੀ ਪੈ ਰਹੀ ਹੈ। ਅਗਰ ਖੇਤੀ ਵਿਚੋਂ ਕਿਸਾਨ ਦੀ ਮਿਹਨਤ ਦਾ ਪੂਰਾ-ਪੂਰਾ ਮੁੱਲ ਨਿਕਲਦਾ ਹੋਵੇ ਤਾਂ ਦਿਲੀ ਖਾਹਿਸ਼ਾਂ ਪੂਰੀਆਂ ਕਰਨ ਵਾਸਤੇ ਆਪਣੀ ਮਾਂ ਬਰੋਬਰ ਜ਼ਮੀਨ ਉਹ ਕਿਉਂ ਵੇਚੇ? 20 ਕਿੱਲਿਆਂ ਵਿਚੋਂ ਇਕ ਕਿਲਾ ਵੇਚ ਕੇ ਕੋਠੀ ਪਾ ਲਈ ਜਾਂ ਮੁੰਡਾ ਬਾਹਰ ਘੱਲ ਦਿੱਤਾ, ਉਸ ਨੂੰ ਕੋਈ ਬਹੁਤਾ ਫਰਕ ਨਹੀਂ ਪੈਂਦਾ। ਜ਼ਿਕਰਯੋਗ ਅਤੇ ਫਿਕਰਯੋਗ ਗੱਲ ਤਾਂ ਨੀਵੇਂ ਪੱਧਰ ਦੇ ਕਿਸਾਨ ਦੀ ਹੈ ਜਿਸ ਨੂੰ ਅੱਜ ਦਾ ਮਹਿੰਗਾਈ ਵਾਲਾ ਜ਼ਮਾਨਾ ਪਤਾਲ ਵੱਲ ਖਿੱਚੀ ਲਿਜਾ ਰਿਹਾ ਹੈ, ਜਿਹੜਾ 2-4 ਕਿੱਲਿਆਂ ਨੂੰ ਕੀ ਵੇਚੇਗਾ ਤਾਂ ਕੀ ਵਾਹੇਗਾ? ਇਹ ਖੁਸ਼ਹਾਲ ਤਾਂ ਹੋਵੇ ਪਰ ਜ਼ਮੀਨਾਂ ਵੇਚ ਕੇ ਨਹੀਂ।

ਸਰਕਾਰ, ਪੰਜਾਬ ਦੀ ਤਰੱਕੀ ਦੇ ਅੰਕੜਿਆਂ ਦੀ ਗੱਲ ਕਰਦੀ ਹੈ। ਸੂਬੇ ਦੀ ਤਰੱਕੀ ਦਾ ਗਰੀਬ ਕਿਸਾਨ ਨੂੰ ਕੀ ਫਾਇਦਾ? ਉਹ ਤਾਂ ਅੱਜ ਵੀ ਹਮੇਸ਼ਾ ਦੀ ਤਰ੍ਹਾਂ ਭੁੱਖ, ਗਰੀਬੀ ਅਤੇ ਲਾਚਾਰੀ ਦੇ ਹੜ੍ਹਾਂ ਵਿਚ ਹੜ੍ਹ ਰਿਹਾ ਹੈ:

ਗੌਰ ਕਰੋ ਇਸ ਗੱਲ ਤੇ,
ਥੋੜ੍ਹਾ ਰੱਖ ਧਿਆਨ ਨੂੰ।
ਮਿੱਟੀ ਵਿਚ ਉਗਾਵੇ ਸੋਨਾ,
ਤੋੜ-ਤੋੜ ਜੋ ਜਾਨ ਨੂੰ।
ਭੁੱਖਾ ਕਾਹਤੋਂ ਉਹ ਮਰੇ,
ਰਜਾਵੇ ਜੋ ਜਹਾਨ ਨੂੰ।
ਆਪੇ ਬਚ ਜੂ ਦੇਸ਼ ਵੇ ਲੋਕੋ,
ਬਚਾ ਲੋ ਅੱਜ ਕਿਸਾਨ ਨੂੰ।

# ਉਦਾਸ ਹਾਸਿਆਂ ਦਾ ਭੰਡਾਰ-ਭੂਸ਼ਨ ਧਿਆਨਪੁਰੀ

ਯਾਦਾਂ ਦਾ ਝਰੋਖਾ

**ਹਰਪਾਲ ਸਿੰਘ ਪੰਨੂ**

ਰੋਪੜ ਸ਼ਹਿਰ ਵਿਚ ਭੂਸ਼ਨ ਧਿਆਨਪੁਰੀ ਦਾ ਘਰ ਸੀ, ਉਥੇ ਹੀ ਸਰਕਾਰੀ ਕਾਲਜ ਵਿਚ ਉਹ ਅਧਿਆਪਕ ਸੀ। ਕੰਟਰੋਲਰ ਦਾ ਫੋਨ ਮੇਰੇ ਕੋਲ ਆਉਂਦਾ, ਪ੍ਰੀਖਿਆ ਕੇਂਦਰਾਂ ਦੀ ਚੈਕਿੰਗ ਵਾਸਤੇ ਜਾਣਾ ਪਏਗਾ ਪੰਨੂ ਸਾਹਿਬ। ਕਿਧਰ ਭੇਜੀਏ? ਮੈਂ ਆਖ ਦਿੰਦਾ, ਜੀ ਅਨੰਦਪੁਰ ਸਾਹਿਬ। ਮੱਥਾ ਟੇਕ ਆਊਂਗਾ ਨਾਲੇ ਭੂਸ਼ਣ ਨੂੰ ਮਿਲ ਲਊਂਗਾ, ਇਸ ਤਰੀਕੇ, ਡਿਊਟੀ ਵੀ ਹੋ ਜਾਊ। ਭੂਸ਼ਣ ਨੂੰ ਮੈਂ ਫਲਾਇੰਗ ਸਕੁਐਡ ਦੇ ਮੈਂਬਰ ਵਜੋਂ ਟੀਮ ਵਿਚ ਪਾ ਲੈਂਦਾ। ਦੋ ਤਿੰਨ ਕਾਲਜ ਚੈਕ ਕਰ ਲੈਂਦੇ। ਉਹਦੀਆਂ ਗੱਲਾਂ ਸੁਣਦਾ ਸੁਣਦਾ ਅਕਸਰ ਮੈਂ ਸੋਚਦਾ-ਮੇਰੇ ਕੋਲੋਂ ਇਸ ਤਰ੍ਹਾਂ ਦੀ ਗੱਲ ਕਿਉਂ ਨਹੀਂ ਕਰ ਹੁੰਦੀ?

ਉਹ ਨਹੀਂ ਰਿਹਾ ਚਲੋ ਫੇਰ ਕੀ ਹੋਇਆ। ਉਸ ਦੀ ਮਹਿਕੀ ਤਾਜ਼ਗੀ ਮੇਰੇ ਆਲੇ ਦੁਆਲੇ ਮੰਡਰਾ ਰਹੀ ਹੈ। ਗੱਲ ਕਰਨ ਦੀ ਹੀ ਨਹੀਂ, ਉਸ ਨੂੰ ਗੱਲ ਸੁਣਨ ਦੀ ਵੀ ਜਾਚ ਸੀ। ਮੈਂ ਉਸ ਨੂੰ ਜਨਮ ਸਾਖੀਆਂ ਸੁਣਾਉਂਦਾ। ਇੱਕ ਵਾਕ ਆਇਆ-ਭੈਣ ਦਾ ਸੁਨੇਹਾ ਮਿਲਿਆ ਤਾਂ ਮਿਲਣ ਵਾਸਤੇ ਬਾਬਾ ਜੀ ਮੋਦੀਖਾਨੇ ਤੋਂ ਘਰ ਵਲ ਤੁਰ ਪਏ। ਰਸਤੇ ਵਿਚ ਹੱਟੀ ਆਈ ਤਾਂ ਖਿਆਲ ਆਇਆ, ਭੈਣ ਘਰ ਚਲਿਆ ਹਾਂ ਖਾਲੀ ਨਹੀਂ ਜਾਣਾ ਚਾਹੀਦਾ। ਝੋਲੀ ਵਿਚ ਪਤਾਸੇ ਪਵਾਏ। ਚਲ ਪਏ।

ਮੈਂ ਪੁੱਛਿਆ, ਭੂਸ਼ਣ ਸਾਹਿਬ ਅਸੀਂ ਮਲਵਈ, ਕਮੀਜ਼ ਦੇ ਅਗਲੇ ਲਮਕਦੇ ਹਿੱਸੇ ਵਿਚ ਚੀਜ਼ ਪੁਆਉਣ ਨੂੰ ਝੋਲੀ ਆਖਦੇ ਹਾਂ। ਕੀ ਮਹਾਰਾਜ ਕਮੀਜ਼ ਦੀ ਝੋਲੀ ਵਿਚ ਪਤਾਸੇ ਪੁਆ ਕੇ ਗਏ? ਭੂਸ਼ਣ ਨੇ ਕਿਹਾ, ਨਹੀਂ। ਮੋਢੇ ਉਪਰਲੇ ਪਰਨੇ ਵਿਚ ਚੀਜ਼ ਵਸਤ ਪੁਆਈ ਜਾਏ, ਉਹ ਵੀ ਝੋਲੀ ਹੁੰਦੀ ਹੈ। ਭੱਠੀ 'ਤੇ ਦਾਣੇ ਭੁਨਾਉਣ ਵਾਸਤੇ ਇਹੋ ਪਰਨੇ ਦੀ ਝੋਲੀ ਲੈ ਜਾਈਦੀ ਹੈ। ਮਾਂ ਰੱਬ ਅੱਗੇ ਚੁੰਨੀ ਦੇ ਪੱਲੇ ਦੀ ਝੋਲੀ ਅੱਡਦੀ ਹੈ।

ਇੱਕ ਦਿਨ ਦੂਜੀ ਸਾਖੀ ਸੁਣਾਈ। ਪਹਿਲੀ ਉਦਾਸੀ ਬਾਦ ਜਦੋਂ ਵਾਪਸ ਸੁਲਤਾਨਪੁਰ ਪਰਤੇ ਤਾਂ ਬੇਬੇ ਨਾਨਕੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, ਆਪਣਾ ਬਾਬਾ ਤਾਂ ਅਤੀਤ ਪੁਰਖ ਹੋਇਆ ਭਾਈ। ਤੂੰ ਮੇਰੇ ਵਰਗਾ ਈ ਐਂ। ਬਾਬੇ ਨੂੰ ਨਾ ਪੀਣ ਦਾ, ਨਾ ਖਾਣ, ਨਾ ਪਹਿਨਣ ਦਾ ਸ਼ੌਕ, ਤੂੰ ਦੱਸ। ਏਡੀ ਮੁੱਦਤ ਬਾਹਰ ਬਿਤਾਈ। ਖਾਣਾ ਕੀ ਹੈ, ਪੀਣਾ ਕੀ ਹੈ, ਪਹਿਨਣਾ ਕੀ ਹੈ, ਮੈਨੂੰ ਦੱਸ ਮੈਂ ਤੇਰੇ ਦਿਲ ਦੀ ਇੱਛਾ ਪੂਰੀ ਕਰਾਂਗੀ। ਭਾਈ ਮਰਦਾਨੇ ਨੇ ਕਿਹਾ, ਜੇ ਮਿਹਰਬਾਨ ਹੋਈ ਹੈਂ ਭੈਣ, ਤਾਂ ਨਵੀਂ ਰਬਾਬ ਖਰੀਦ ਕੇ ਦੇਹ। ਇਹ ਪੁਰਾਣੀ ਹੋ ਗਈ ਹੈ। ਮਹਾਰਾਜ ਦੀ ਆਵਾਜ਼ ਦਾ ਸਾਥ ਨਹੀਂ ਦਿੰਦੀ ਠੀਕ ਤਰ੍ਹਾਂ।


ਸੁਣ ਕੇ ਭੂਸ਼ਣ ਮੁਸਕਰਾਇਆ, ਕਹਿਣ ਲੱਗਾ, ਪਤੈ ਭਾਈ ਮਰਦਾਨਾ ਜੀ ਦੇ ਇਸ ਵਾਕ ਦਾ ਅਰਥ? ਵੱਡੇ, ਗੱਲ ਸਿਧੀ ਨਹੀਂ ਕਰਿਆ ਕਰਦੇ ਵੱਡਿਆਂ ਨਾਲ। ਇਸ਼ਾਰਿਆਂ ਨਾਲ ਸਮਝਾ ਦਿੰਦੇ ਹਨ। ਭਾਈ ਮਰਦਾਨਾ ਜੀ ਨੇ ਖਾਣ-ਪੀਣ, ਪਹਿਨਣ ਦੀ ਥਾਂ ਰਬਾਬ ਦੀ ਮੰਗ ਕੀਤੀ। ਬੀਬੀ ਸਮਝ ਗਈ। ਭਾਈ ਮਰਦਾਨਾ ਜੀ ਬਾਬਾ ਜੀ ਵਰਗੇ ਹੋ ਗਏ ਹਨ। ਸਮਝ ਗਈ ਕਿ ਹੁਣ ਫੇਰ ਇਹ ਜਾਣਗੇ, ਘਰ ਨਹੀਂ ਰਹਿਣਗੇ। ਇਸੇ ਤਰ੍ਹਾਂ ਦੀਆਂ ਗੱਲਾਂ ਕਰਿਆ ਕਰਦੇ ਹਨ ਸੰਸਾਰ ਦੇ ਮਾਲਕ।

ਮੇਰੇ ਘਰ ਆ ਗਏ। ਅੱਧੀ ਰਾਤ ਤਕ ਗੱਲਾਂ ਹੁੰਦੀਆਂ ਰਹੀਆਂ। ਮੇਰੀ ਪਤਨੀ ਸੌਂ ਕੇ ਜਾਗ ਉਠੀ। ਆ ਕੇ ਕਿਹਾ, ਸੌਂਇਆ ਨਹੀਂ ਜਾਂਦਾ ਤੁਹਾਡੇ ਤੋਂ ਹੁਣ? ਭੂਸ਼ਣ ਨੇ ਕਿਹਾ, ਹਲਵਾਈ ਦੇ ਦੋ ਨੌਕਰ ਆਪਸ ਵਿਚ ਲੜ ਪਏ। ਇੱਕ ਨੇ ਦੂਜੇ ਉਪਰ ਜਲੇਬੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਦੂਜੇ ਨੇ ਲੱਡੂ ਮਾਰਨੇ ਸ਼ੁਰੂ ਕਰ ਦਿਤੇ। ਹਲਵਾਈ ਨੇ ਮਸਾਂ ਹਟਾਏ। ਲੜਾਈ ਨੌਕਰਾਂ ਦੀ, ਤਬਾਹੀ ਮਾਲਕਾਂ ਦੀ, ਠੀਕ ਐ ਭਾਈ। ਆਪਾਂ ਵੀ ਲੱਡੂ-ਜਲੇਬੀਆਂ ਮਾਰਨੋ ਹਟ ਕੇ ਸੌਂ ਜਾਈਏ ਹੁਣ।

ਇੱਕ ਵਾਰ ਦੱਸਿਆ, ਮੈਂ ਕਾਲਜ ਦੀ ਡਿਊਟੀ ਨਿਭਾ ਕੇ ਘਰ ਵਲ ਤੁਰਿਆ ਤਾਂ ਤਿੰਨ ਸਿੱਖ ਜੁਆਨ ਪਿਛੇ ਪਿਛੇ ਤੁਰਦੇ ਆਉਂਦੇ ਦੇਖੇ। ਦੋ ਤਿੰਨ ਵਾਰ ਗਰਦਨ ਘੁਮਾਈ... ਆ ਰਹੇ ਸਨ। ਘਰ ਅੰਦਰ ਲੰਘਿਆ, ਅੰਦਰ ਆ ਗਏ। ਇੱਕ ਨੇ ਕਿਹਾ, ਕੁਝ ਦਿਨ ਰਹਾਂਗੇ। ਪ੍ਰੋਫੈਸਰ ਸਾਹਿਬ ਚਿੰਤਾ ਨਾ ਕਰਿਉ। ਬਸ ਰਹਿਣਾ ਹੈ, ਜੋ ਸਾਦੀ ਦਾਲ ਰੋਟੀ ਤੁਸੀਂ ਖਾਂਦੇ ਹੋ ਉਹੋ ਅਸੀਂ ਖਾ ਲਿਆ ਕਰਾਂਗੇ। ਸਾਰਾ ਘਰ ਤਣਾਉ ਵਿਚ, ਖੌਫ ਵਿਚ ਘਿਰ ਗਿਆ। ਲੰਗਰ ਪਾਣੀ ਛਕਾਇਆ। ਘਰ ਵਿਚ ਆਖਰ ਮੈਂ ਹੀ ਵੱਡਾ ਸਾਂ, ਸੋ ਰਸਤਾ ਮੈਂ ਹੀ ਕੱਢਣਾ ਸੀ ਕੋਈ, ਛੱਡਣ ਭਾਵੇਂ ਮਾਰਨ, ਇਹ ਇਨ੍ਹਾਂ ਦੀ ਮਰਜ਼ੀ। ਫੇਰ ਵੀ ਗੱਲ ਬਾਤ ਤਾਂ ਕਰੀਏ।

ਮੈਂ ਉਨ੍ਹਾਂ ਕੋਲ ਜਾ ਕੇ ਬੈਠ ਗਿਆ। ਪੁਛਿਆ, ਸਾਡੇ ਘਰ ਚਰਨ ਪਾਏ, ਸੇਵਾ ਮਿਲੀ, ਇਹ ਤਾਂ ਠੀਕ, ਪਰ ਬਾਬਿਓ ਮੇਰਾ ਘਰ ਹੀ ਤੁਸੀਂ ਕਿਉਂ ਚੁਣਿਆ, ਕੁਝ ਪਤਾ ਲੱਗੇ? ਇਕ ਨੇ ਕਿਹਾ, ਜੀ ਮੈਂ ਬੀ.ਏ. ਵਿਚ ਤੁਹਾਡੇ ਕੋਲੋਂ ਪੜ੍ਹਿਆ ਹਾਂ। ਮੇਰਾ ਨਾਮ ਇਹ ਹੈ। ਸਾਨੂੰ ਹੋਰ ਕਿਸੇ ਉਪਰ ਇਤਬਾਰ ਨਹੀਂ ਸੀ। ਸੋ ਤੁਹਾਡੇ ਕੋਲ ਆ ਗਏ।

ਇਹ ਸੁਣ ਕੇ ਮੈਂ ਨਿਸ਼ਚਿੰਤ ਹੋ ਗਿਆ। ਘਰ ਵਿਚ ਸਹਿਜ ਵਰਤ ਗਿਆ। ਇਹ ਤਾਂ ਮੇਰੇ ਵਿਦਿਆਰਥੀ ਆਏ ਨੇ। ਠੀਕ ਐ ਸਭ। ਗੱਲਾਂ ਕਰਦਿਆਂ ਅਗਲੇ ਦਿਨ ਮੈਂ ਪੁੱਛਿਆ, ਖਾਲਿਸਤਾਨ ਤਾਂ ਬਣਨਾ ਈ ਬਣਨੈ ਹੁਣ। ਇੱਕ ਗੱਲ ਦੱਸੋ। ਸਾਰੇ ਹਿੰਦੂਆਂ ਨੂੰ ਮਾਰ ਦਿਉਂਗੇ ਕਿ ਭੱਜ ਜਾਣ



ਦੀ ਆਗਿਆ ਵੀ ਮਿਲੇਗੀ ਕਿਸੇ ਨੂੰ? ਉਤਰ ਮਿਲਿਆ, ਨਾ ਮਾਰਾਂਗੇ, ਨਾ ਭੱਜ ਕੇ ਜਾਣ ਦਿਆਂਗੇ। ਖਾਲਿਸਤਾਨ ਵਿਚ ਜੇ ਹਿੰਦੂ ਨਾ ਰਹੇ ਫੇਰ ਰਾਜ ਕੀਹਦੇ ਉਤੇ ਕਰਾਂਗੇ ਜੀ ਅਸੀਂ?

ਕਵਿਤਾ ਦੀ ਇੱਕ ਟੁਕੜੀ ਜ਼ਬਾਨੀ ਯਾਦ ਹੈ। ਮੇਰੇ ਕੋਲ ਕਿਤਾਬ ਪਈ ਹੈ ਉਸ ਦੀ। ਕਿਤਾਬ ਛੂਹਣ ਨੂੰ ਅਜੇ ਦਿਲ ਨਹੀਂ ਕਰਦਾ। ਕੁਝ ਦਿਨ ਲਗਣਗੇ ਅਜੇ, ਫੇਰ ਕਿਤਾਬ ਚੁਕਾਂਗਾ:

ਚੋਰੀ ਕਰਦਿਆਂ ਆ ਗਿਆ ਚੋਰ ਕਾਬੂ,
ਕੰਮ ਰੋਜ਼ ਦਾ ਸੀ ਆਖਰ ਫਸਣਾ ਸੀ।
ਫੜ ਕੇ ਫੇਰਿਆ ਪੁਲਸ ਨੇ ਖੂਬ ਡੰਡਾ,
ਹਵਾਲਾਤ ਵਿਚੋਂ ਕਿਥੇ ਨੱਸਣਾ ਸੀ।
ਜੇ ਨਾ ਚੋਰ ਦੀ ਚੋਰ ਇਮਦਾਦ ਕਰਦੇ,
ਚੋਰ ਸਾਧ ਬਣ ਕੇ ਸੁਖੀ ਵਸਣਾ ਸੀ।
ਠਾਣੇਦਾਰ ਸਿਫਾਰਿਸ਼ਾਂ ਦੇਖ ਕਹਿੰਦਾ,
ਸਾਨੂੰ ਕਮਲਿਆ ਤੂੰ ਪਹਿਲੋਂ ਦੱਸਣਾ ਸੀ।

ਭੂਸ਼ਣ ਨੇ ਵਾਰਤਕ ਦੀ ਜੋ ਵਿਧਾ ਚਲਾਈ, ਉਹ ਮੈਨੂੰ ਪਸੰਦ ਨਹੀਂ ਆਈ। ਕਵਿਤਾ ਕਵਿਤਾ ਹੈ, ਵਾਰਤਕ ਵਾਰਤਕ। ਫੋਨ 'ਤੇ ਕਦੀ ਗੱਲ ਹੁੰਦੀ। ਉਸ ਦੀ ਇੱਛਾ ਸੀ, ਮੈਂ ਉਸ ਦੀ ਵਾਰਤਕ ਸ਼ੈਲੀ ਉਪਰ ਟਿੱਪਣੀ ਕਰਾਂ। ਜੇ ਮੈਨੂੰ ਚੰਗੀ ਲੱਗੀ ਹੁੰਦੀ ਯਕੀਨਨ ਦਾਦ ਦਿੰਦਾ। ਮੈਂ ਉਸ ਵਿਚ ਦਰਜ ਘਟਨਾਵਾਂ ਦੀ ਦਾਦ ਦਿੰਦਾ। ਹੁਣ ਵੀ ਚੰਗੀਆਂ ਲਗਦੀਆਂ ਹਨ। ਭੂਸ਼ਣ ਹੈ ਈ ਜਦੋਂ ਚੰਗਾ ਸੀ।

ਕਈ ਵਾਰ ਗੱਲ ਚਲੀ ਕਿ ਉਹ ਮੇਰੀ ਨਿਗਰਾਨੀ ਹੇਠ ਪੀ-ਐਚ.ਡੀ. ਕਰੇ। ਮੈਂ ਉਸ ਵਾਸਤੇ ਫਾਰਮ ਖਰੀਦ ਲਿਆ। ਨਿਗਰਾਨੀ ਤਾਂ ਨਾਮ-ਮਾਤਰ ਸੀ, ਮੈਂ ਉਸ ਨੂੰ ਕੀ ਸਿਖਾਉਣਾ ਸੀ? ਉਸ ਨੇ ਫਾਰਮ ਲੈ ਲਿਆ। ਭਰਿਆ ਨਹੀਂ। ਕੰਮ ਸ਼ੁਰੂ ਨਹੀਂ ਕੀਤਾ। ਉਹ ਉਸਤਾਦ, ਮੈਂ ਉਸ ਦਾ ਪਾਠਕ, ਸਰੋਤਾ। ਉਸਤਾਦ ਨੂੰ ਪਾਠਕ ਦੀ ਨਿਗਰਾਨੀ ਵਿਚ ਕੰਮ ਕਰਨਾ ਮਨਜ਼ੂਰ ਨਹੀਂ, ਜੇ ਰਸਮੀ ਹੈ, ਨਾਮ-ਮਾਤਰ ਹੈ, ਤਾਂ ਵੀ ਨਹੀਂ।

ਇੱਕ ਵਾਰ ਦੱਸਿਆ, ਘਰ ਵਿਚ ਗਰੀਬੀ ਸੀ, ਦਸਵੀਂ ਕਰ ਲਈ। ਮੈਨੂੰ ਕਾਗਜਾਂ ਉਤੇ ਪੈਨਸਿਲ ਨਾਲ ਮੂਰਤਾਂ ਵਾਹੁਣ ਦਾ ਸ਼ੌਕ ਸੀ ਜਿਸ ਕਰਕੇ ਅਕਸਰ ਝਿੜਕਾਂ ਪੈਂਦੀਆਂ। ਪਿਤਾ ਜੀ ਨੇ ਦੇਖਿਆ, ਰਾਜਸਥਾਨ ਤੋਂ ਆਏ ਸ਼ਿਲਪਕਾਰ ਦੀ ਨਿਗਰਾਨੀ ਹੇਠ ਮੰਦਰ ਦੀ ਉਸਾਰੀ ਹੋ ਰਹੀ ਸੀ। ਮੂਰਤੀਆਂ ਤਿਆਰ ਹੋ ਰਹੀਆਂ ਸਨ। ਮੈਨੂੰ ਲੈ ਕੇ ਪਿਤਾ ਜੀ ਪਹਿਲਾਂ ਦੁਕਾਨਦਾਰ ਕੋਲ ਫੇਰ ਉਸਤਾਦ ਕੋਲ ਗਏ। ਦੁਕਾਨਦਾਰ ਤੋਂ ਦਸਤਾਰ, ਸਵਾ ਰੁਪਿਆ ਅਤੇ ਪਤਾਸੇ ਉਧਾਰ ਲਏ। ਜਾ ਕੇ ਚਰਨ ਛੁਹੇ ਤੇ ਕਿਹਾ, ਬਾਬਾ, ਇਸ ਮੁੰਡੇ ਨੂੰ ਕੰਮ ਸਿਖਾ ਦਿਉਂ ਤਾਂ ਰੋਟੀ ਜੋਗਾ ਹੋ ਜਾਊ। ਨੌਕਰੀ ਤਾਂ ਕਿਧਰੇ ਮਿਲਣੀ ਨਹੀਂ। ਉਸਤਾਦ ਨੇ ਪੁੱਛਿਆ, ਚਿਤਰਕਾਰੀ ਬਾਰੇ ਜਾਣਦੈਂ ਥੋੜਾ ਬਹੁਤ? ਕਿਹਾ, ਹਾਂ ਜੀ। ਕਰ ਲੈਨਾ ਚਿਤਰਕਾਰੀ। ਉਸ ਨੇ ਇੱਕ ਪਿਆਲੀ ਫੜਾਈ ਜਿਸ ਉਪਰ ਇੰਚ ਕੁ ਦੀ ਸ਼ਿਵ ਜੀ ਦੀ ਤਸਵੀਰ ਸੀ। ਇੱਕ ਵਰਕਾ 6×9 ਇੰਚ ਦਾ ਦਿਤਾ, ਗਣੇਸ਼ ਦੀ ਤਸਵੀਰ, ਇੱਕ ਪੂਰਾ ਕੈਲੰਡਰ ਮਾਤਾਰਾਣੀ ਦਾ ਫੜਾ ਕੇ ਕਿਹਾ, ਇਨ੍ਹਾਂ ਤਿੰਨਾਂ ਨੂੰ 4×6 ਇੰਚ ਕਰਕੇ ਲਿਆ, ਛੋਟੀ ਵੱਡੀ ਕਰਕੇ, ਵੱਡੀਆਂ ਛੋਟੀਆਂ ਕਰਕੇ ਦੋ ਦਿਨਾਂ ਬਾਦ ਤਸਵੀਰਾਂ ਤਿਆਰ ਕਰਕੇ ਲੈ ਗਿਆ। ਆਪਣੀ ਹਰੇਕ ਤਸਵੀਰ ਦੇ ਕੋਨੇ ਵਿਚ ਆਪਣਾ ਨਾਮ ਲਿਖ ਦਿੱਤਾ।

ਉਸ ਨੇ ਮੇਰੇ ਹੱਥ ਦੀ ਦਾਦ ਦਿਤੀ। ਫਿਰ, ਸ਼ਿਵ ਜੀ ਦੀ ਤਸਵੀਰ ਹੇਠ ਕੀ ਲਿਖਿਆ ਹੈ, ਪੁੱਛਿਆ। ਮੈਂ ਕਿਹਾ, ਜੀ ਲਿਖਿਆ ਜੈ ਸ੍ਰੀ ਭੋਲਾ ਨਾਥ। ਦੂਜੀ ਦੇ ਹੇਠਾਂ ਕੀ ਲਿਖਿਐ, ਮੈਂ ਕਿਹਾ- ਜੀ ਲਿਖਿਐ ਜੈ ਸ੍ਰੀ ਗਣੇਸ਼। ਤੀਜੀ ਹੇਠ, ਜੈ ਮਾਂ ਦੁਰਗੇ।

ਉਸਤਾਦ ਜੀ ਬੋਲੇ, ਮੈਨੂੰ ਕੋਈ ਬੋਲੀ ਪੜ੍ਹਨੀ ਨਹੀਂ ਆਉਂਦੀ। ਇਹ ਤਿੰਨੇ ਗੱਲਾਂ ਤੂੰ ਕਿਸ ਬੋਲੀ ਵਿਚ ਲਿਖੀਆਂ ਨੇ? ਮੈਂ ਕਿਹਾ, ਜੀ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ। ਉਸਤਾਦ ਨੇ ਕਿਹਾ, ਮੈਂ ਗਜ਼ਬ ਦੀ ਦੇਖੀ ਤੇਰੀ ਗੁਰਮੁਖੀ ਲਿਪੀ। ਲਕੀਰਾਂ ਦੇ ਨਿਸ਼ਾਨ ਤਿੰਨੇ ਥਾਂ ਇਕੋ ਜਿਹੇ ਨੇ ਪਰ ਇਹ ਗੱਲਾਂ ਤਿੰਨ ਤਰ੍ਹਾਂ ਦੀਆਂ ਕਰ ਰਹੇ ਨੇ। ਤੂੰ ਮੈਨੂੰ ਇਹ ਲਿਪੀ ਸਿਖਾ ਯਾਰ। ਮੈਂ ਤੈਨੂੰ ਆਪਣੀ ਸਾਰੀ ਵਿਦਿਆ ਦੇ ਦਿਆਂਗਾ।

ਮੈਂ ਸ਼ਰਮਿੰਦਾ ਹੋਇਆ। ਚਰਨੀਂ ਹੱਥ ਲਾਏ, ਕਿਹਾ, ਜੀ ਮੈਂ ਝੂਠ ਬੋਲਿਆ ਹੈ। ਬਾਬਾ ਜੀ, ਖਿਮਾ ਕਰ ਦਿਉ। ਤਿੰਨੇ ਥਾਈਂ ਇਹ ਤਾਂ ਨਾਮ ਹੈ ਮੇਰਾ। ਹੱਸ ਕੇ ਉਹ ਬੋਲੇ, ਜੇ ਜੀਵਨ ਵਿਚ ਕੁਝ ਸਿੱਖਣਾ ਹੈ, ਆਪਣਾ ਨਾਮ ਭੁੱਲ ਜਾ ਪੁੱਤਰ। ਸਭ ਕੁਝ ਸਿੱਖ ਜਾਵੇਂਗਾ ਜੇ ਆਪਣਾ ਨਾਮ ਭੁਲੇਂਗਾ। ਜੇ ਆਪਣਾ ਨਾਮ ਯਾਦ ਰਖੇਂਗਾ, ਫਿਰ ਇਸ ਤੋਂ ਬਾਦ ਹੋਰ ਕੁਝ ਯਾਦ ਨਹੀਂ ਕਰ ਸਕੇਂਗਾ ਤੂੰ।

ਜਿਨ੍ਹਾਂ ਤੋਂ ਮੈਨੂੰ ਕਦੀ ਕਦਾਈਂ ਸ਼ਾਬਾਸ਼ ਮਿਲਦੀ, ਉਹ ਦੋਸਤ ਹੁਣ ਇੱਕ ਇਕ ਕਰਕੇ ਜਾਣ ਲੱਗੇ ਹਨ। ਪੰਜਾਬੀ ਪਿਆਰਿਆਂ ਦੀ ਨਜ਼ਰ ਇਸ ਵਕਤ ਟੈਗੋਰ ਦਾ ਗੀਤ ਭੇਟ ਕਰਦਾ ਹਾਂ:

ਮੇਰਾ ਘਰ ਛੋਟਾ ਹੈ ਨਾ ਮਾਲਕ,
ਜਿਹੜਾ ਚਲਾ ਜਾਂਦਾ ਹੈ,
ਮੁੜ ਕੇ ਨਹੀਂ ਆਉਂਦਾ।
ਤੇਰਾ ਘਰ, ਤੇਰਾ ਦਿਲ ਵੱਡਾ ਹੈ।
ਤੇਰੇ ਕੋਲ ਆ ਰਿਹਾਂ ਮੈਂ ਵੀ ਹੁਣ
ਪਰਤ ਗਏ ਮਹਿਮਾਨਾਂ ਕੋਲ।
ਮੈਨੂੰ ਦੁਬਾਰਾ
ਇਸ ਛੋਟੇ ਘਰ ਵਿਚ ਨਾ ਭੇਜੀਂ

***

ਚੰਦਰਮਾ ਦੀਆਂ ਰਿਸ਼ਮਾਂ ਰਾਹੀਂ
ਰੱਬ ਧਰਤੀ ਕੋਲ ਪ੍ਰੇਮ ਪੱਤਰ ਭੇਜਦਾ ਹੈ।
ਘਾਹ ਉਪਰ ਵਿਛੇ ਤ੍ਰੇਲ ਤੁਪਕਿਆਂ ਰਾਹੀਂ
ਧਰਤੀ ਖਤਾਂ ਦਾ ਜਵਾਬ ਦਿੰਦੀ ਹੈ।

# ਕਿਹੜਾ ਧਿਆਨਪੁਰੀ-ਭੂਸ਼ਨ ਧਿਆਨਪੁਰੀ

***ਭੂਸ਼ਨ ਗੱਲਾਂ ਦਾ ਖਜ਼ਾਨਾ ਸੀ। ਉਸ ਦੀਆਂ ਗੱਲਾਂ ਹਾਸਾ ਵੀ ਪਾਉਂਦੀਆਂ ਅਤੇ ਨਾਲ ਹੀ ਦਰਦ ਦੀ ਚੋਭ ਵੀ ਦਿੰਦੀਆਂ। ਉਸ ਦੇ ਹਾਸੇ ਵਿਚ ਇਕ ਅਜੀਬ ਉਦਾਸੀ ਵੀ ਹਮੇਸ਼ਾ ਰਹਿੰਦੀ। ਕਿਸੇ 'ਤੇ ਚੋਟ ਕਰਨ ਲੱਗਿਆਂ ਉਹ ਜ਼ਰਾ ਵੀ ਨਾ ਝਕਦਾ, ਖੁਦ ਆਪਣੇ 'ਤੇ ਵੀ ਨਹੀਂ। ਮੈਂ ਪਹਿਲੀ ਵਾਰ ਉਸ ਨੂੰ 1975 ਵਿਚ ਮਰਹੂਮ ਕੁਮਾਰ ਵਿਕਲ ਨਾਲ ਮਿਲਿਆ ਸਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਮਾਰਕਿਟ ਵਿਚ ਬਣੇ ਬਸ ਸਟੈਂਡ 'ਤੇ। ਉਨ੍ਹੀਂ ਦਿਨੀਂ ਉਹ ਪੰਜਾਬ ਸਕੱਤਰੇਤ ਵਿਚ ਕਲਰਕ ਹੋਇਆ ਕਰਦਾ ਸੀ। ਰਾਤ ਕੋਈ 10 ਵਜੇ ਦਾ ਟਾਈਮ ਸੀ। ਉਹ ਉਚੀ ਉਚੀ ਉਨ੍ਹੀਂ ਦਿਨੀਂ ਲੱਗੀ ਹੋਈ ਐਮਰਜੈਂਸੀ ਦੇ ਖਿਲਾਫ ਬੋਲ ਰਹੇ ਸਨ। ਅਸੀਂ ਸਾਰੇ ਉਨ੍ਹਾਂ ਨੂੰ ਚੁਪ ਕਰਾ ਰਹੇ ਸਾਂ ਤੇ ਉਹ ਦੋਵੇਂ ਸ਼ਰਾਬ ਨਾਲ ਗੁੱਟ ਹੋਏ ਚੁਪ ਹੋਣ ਦਾ ਨਾਂ ਨਹੀਂ ਸਨ ਲੈ ਰਹੇ। ਪੰਜਾਬੀ ਸਾਹਿਤ ਜਗਤ ਦਾ ਭੂਸ਼ਨ ਧਿਆਨਪੁਰੀ ਦੇ ਨਾਂ ਨਾਲ ਵਗਦਾ ਦਰਿਆ ਹੁਣ ਮੁੱਕ ਚੁਕਾ ਹੈ। ਉਸ ਦੀ ਇਹ ਲਿਖਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਪਿੰਡ ਰਹਿੰਦਿਆਂ ਸਾਹਿਤ ਨਾਲ ਵਾਹ ਐਵੇਂ ਜ਼ਬਾਨੀ-ਕਲਾਮੀ ਹੀ ਸੀ। ਪੜ੍ਹਨ ਲਈ ਬਹੁਤ ਘੱਟ ਮਸਾਲਾ ਮਿਲਦਾ ਸੀ। ਕੋਰਸ ਦੀਆਂ ਕਿਤਾਬਾਂ ਵਿਚ ਸ਼ਾਮਲ ਸਭ ਕਵਿਤਾ-ਕਹਾਣੀਆਂ ਰਟੀਆਂ ਪਈਆਂ ਸਨ। ਐਵੇਂ ਇਕੱਲਿਆਂ ਹੀ ਗੁਣਗੁਣਾਉਂਦੇ ਫਿਰਨਾ। ਹੋਰਨਾਂ ਨੂੰ ਸੁਣਾਉਂਦੇ ਫਿਰਨਾ। ਕੋਈ ਕਿਸੇ ਵੀ ਕਿਸਮ ਦੀ ਕਿਤਾਬ, ਅਖਬਾਰ ਜਾਂ ਰਸਾਲਾ ਹੱਥ ਲੱਗ ਜਾਣਾ ਤਾਂ ਪੜ੍ਹ-ਪੜ੍ਹ ਕੇ ਉਹਦੀ ਪੀਚਕ ਕੱਢ ਦੇਣੀ। ਨਾਮਧਾਰੀਆਂ ਦਾ ਰਸਾਲਾ 'ਸਤਿਜੁਗ' ਅਤੇ ਰਾਧਾ ਸਵਾਮੀਆਂ ਦੀ 'ਸਾਰੀ ਦੁਨੀਆ' ਵੀ ਅੱਖਰ-ਅੱਖਰ ਵਾਚਣਾ। ਰੱਦੀ 'ਚ ਆਏ ਕਾਗਜ਼ਾਂ ਨੂੰ ਵੀ ਨਾ ਬਖਸ਼ਣਾ। ਦੇਵਨਾਗਰੀ ਅਤੇ ਗੁਰਮੁਖੀ ਵਿਚ ਛਪਿਆ ਕਿਤੋਂ ਵੀ, ਕੁਝ ਵੀ ਮਿਲ ਜਾਏ, ਬੱਸ ਚਾਅ ਚੜ੍ਹ ਜਾਣਾ। ਪਿੰਡ ਮੇਲਾ ਭਰਨਾ ਵਿਸਾਖੀ ਦਾ, ਤਾਂ ਬਹੁਤ ਸਮਾਂ ਕਿੱਸਿਆਂ ਵਾਲੀਆਂ ਦੁਕਾਨਾਂ 'ਤੇ ਫੋਲਾਫਾਲੀ ਕਰਦਿਆਂ ਲੰਘਾਉਣਾ। ਵੱਧ ਤੋਂ ਵੱਧ ਖਰੀਦਣ ਨੂੰ ਜੀਅ ਕਰਨਾ ਪਰ ਖਰਚਣ ਲਈ ਤਾਂ ਚੁਆਨੀ-ਅਠਿਆਨੀ ਹੀ ਮਿਲੀ ਹੁੰਦੀ ਸੀ। ਮਨ ਲਲਚਾਉਣਾ ਪਰ ਮਰਿਆਦਾ ਵਿਚ ਰਹਿਣਾ। ਟਾਈਟਲ ਵੇਖਦੇ ਰਹਿਣਾ। ਕੁਝ ਨਾ ਕੁਝ ਖਰੀਦ ਵੀ ਲੈਣਾ।

ਵੱਡੇ ਭਾਈ ਸਾਬ੍ਹ (ਗੁਰਚਰਨ ਸ਼ਰਮਾ) ਬਟਾਲੇ ਦੀ ਇਕ ਫੈਕਟਰੀ ਵਿਚ ਮੁਲਾਜ਼ਮ ਸਨ। ਉਨ੍ਹਾਂ ਨੇ ਦੇਵਨਾਗਰੀ ਤੇ ਗੁਰਮੁਖੀ ਤੋਂ ਬਿਨਾ ਫਾਰਸੀ ਲਿਪੀ ਵਿਚ ਵੀ ਬਹੁਤ ਕੁਝ ਪੜ੍ਹਿਆ ਹੋਇਆ ਸੀ। ਹਫਤੇ ਪਿੱਛੋਂ ਸਨਿਚਰਵਾਰ ਸ਼ਾਮ ਨੂੰ ਪਿੰਡ ਆਉਂਦੇ। ਕੋਈ ਨਾ ਕੋਈ ਕਿਤਾਬ, ਰਸਾਲਾ ਹਰ ਵਾਰੀ ਲਿਆਉਂਦੇ। ਜੋ ਅਸੀਂ ਛੋਟੇ ਖੁਦ ਨਹੀਂ ਸਾਂ ਪੜ੍ਹ ਸਕਦੇ, ਉਹ ਸਾਨੂੰ ਪੜ੍ਹ-ਪੜ੍ਹ ਸੁਣਾਉਂਦੇ, ਮਾਅਨੇ ਵੀ ਸਮਝਾਉਂਦੇ। ਬਰਕਤ ਰਾਮ ਯੁਮਨ, ਵਿਧਾਤਾ ਸਿੰਘ ਤੀਰ, ਗੋਪਾਲ ਦਾਸ ਗੋਪਾਲ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਬਹੁਤ ਸਾਰੇ ਸ਼ਾਇਰਾਂ ਦੀਆਂ ਨਜ਼ਮਾਂ ਦੇ ਚੋਣਵੇਂ ਸ਼ੇਅਰ ਉਨ੍ਹਾਂ ਨੂੰ ਖੂਬ ਆਉਂਦੇ ਸਨ। ਪਿਤਾ ਜੀ ਦੀਆਂ ਨਜ਼ਮਾਂ ਪੜ੍ਹ-ਸੁਣ ਕੇ ਉਹ ਵੀ ਛੰਦਬਾਜ਼ੀ ਕਰਨ ਲੱਗ ਗਏ। 'ਗਰੀਬਾਂ ਦੇ ਗੁਣ ਵਿਚੇ ਵਿਚ' ਸੱਚਾਈ ਨੂੰ ਉਨ੍ਹਾਂ ਹੱਡੀਂ ਹੰਢਾਇਆ। ਰੋਜ਼ੀ-ਰੋਟੀ ਦੇ ਖਲਜਗਣ ਨੇ ਏਨਾ ਉਲਝਾਇਆ ਕਿ ਕਲਮ ਨੂੰ ਸੁਆਰ ਕੇ ਫੜਨ ਦਾ ਵਕਤ ਹੀ ਨਾ ਮਿਲਿਆ। ਉਂਜ ਉਹ ਠੋਸ ਅਰਥਾਂ ਵਿਚ, ਆਖਰੀ ਦਮ ਤੱਕ ਸਾਹਿਤ ਨਾਲ ਜੁੜੇ ਰਹੇ। ਜ਼ਿੰਦਗੀ ਦੀ ਆਖਰੀ ਰਾਤ ਹਸਪਤਾਲ ਵਿਚ ਉਹ ਆਪਣੇ ਸਾਥੀ ਮਰੀਜ਼ਾਂ ਨੂੰ ਸ਼ਿਵ ਦੀ 'ਲੂਣਾ' ਗਾ ਕੇ ਸੁਣਾਉਂਦੇ ਰਹੇ। ਸਵੇਰ ਹੋਣ ਤੱਕ ਸ਼ਾਂਤ ਹੋ ਗਏ, ਹਮੇਸ਼ਾ ਲਈ।

ਸਾਹਿਤ ਦੀ ਲਾਗ ਕਹੋ ਭਾਵੇਂ ਜਾਗ, ਲੱਗਦੀ ਲੱਗਦੀ ਸਹਿਜ ਭਾਅ ਮੈਨੂੰ ਵੀ ਲੱਗ ਗਈ। ਸ਼ੁਰੂ ਵਿਚ ਤਾਂ ਐਵੇਂ ਖੇਡ ਜਿਹੀ ਸੀ। ਮਖੌਲ-ਮਖੌਲ ਵਿਚ ਤੁਕਾਂ ਜੋੜਦੇ ਰਹਿਣਾ।

ਉਨ੍ਹੀਂ ਦਿਨੀਂ ਧਿਆਨਪੁਰ ਦਾ ਇਕ ਮੁੰਡਾ ਕਵੀਆਂ ਵਰਗਾ ਲਿਬਾਸ ਪਾ ਕੇ ਪਿੰਡ ਵਿਚ ਫਿਰਦਾ ਸੀ-ਰਾਮ ਲੁਭਾਇਆ ਪਰ ਆਪਣਾ ਤਖੱਲੁਸ, ਉਹਨੇ 'ਪੈਦਲ' ਰੱਖ ਕੇ ਨਾਲ ਧਿਆਨਪੁਰੀ ਜੋੜ ਲਿਆ। ਅੰਮ੍ਰਿਤਸਰੋਂ ਛਪਦੇ ਰਸਾਲੇ 'ਫਿਲਮੀ ਕਲੀਆਂ' ਵਿਚ ਹਰ ਮਹੀਨੇ ਇਕ ਸਮੱਸਿਆ ਦਿੱਤੀ ਹੁੰਦੀ ਸੀ। ਉਹਨੂੰ ਆਧਾਰ ਬਣਾ ਕੇ ਅੱਠ-ਦਸ ਤੁਕਾਂ ਜੋੜਨੀਆਂ ਹੁੰਦੀਆਂ ਸਨ। ਇਹ ਇਕ ਤਰ੍ਹਾਂ ਦਾ ਲਿਖਤੀ ਕਵੀ ਦਰਬਾਰ ਹੁੰਦਾ ਸੀ। ਇਨ੍ਹਾਂ ਪੰਨਿਆਂ 'ਤੇ ਕਦੀ-ਕਦੀ ਇਸ ਕਵੀ ਦੀ 'ਰਚਨਾ' ਵੀ ਛਪਦੀ ਸੀ। ਉਹ ਰਸਾਲਾ ਲੈ ਕੇ, ਬੜੀ ਸ਼ਾਨ ਨਾਲ ਸਾਡੇ ਘਰ ਆਉਂਦਾ। ਰਸਾਲਾ ਵਿਖਾਉਂਦਾ। ਰਚਨਾ ਸੁਣਾਉਂਦਾ। ਮੈਨੂੰ ਵੀ ਲਿਖਣ ਅਤੇ ਛਪਣ ਲਈ ਉਕਸਾਉਂਦਾ।

ਇਕ ਵਾਰੀ ਇਸੇ ਤਰ੍ਹਾਂ 'ਪੈਦਲ' ਆਇਆ। ਇਕ ਲਿਫਾਫਾ ਉਹਦੇ ਹੱਥ ਵਿਚ ਸੀ। ਆਖਣ ਲੱਗਾ, "ਮੈਂ ਸਮੱਸਿਆ ਭੇਜਣ ਲੱਗਾ ਹਾਂ। ਜੇ ਤੂੰ ਵੀ ਲਿਖ ਲਈ ਹੈ ਤਾਂ ਦੇ ਦੇ। ਇਕੋ ਲਿਫਾਫੇ ਵਿਚ ਦੋਵੇਂ ਚਲੀਆਂ ਜਾਣਗੀਆਂ।" ਸੱਚੀਂ ਮੈਂ ਲਿਖ ਲਈ ਸੀ। ਬਿਲਕੁਲ ਯਾਦ ਨਹੀਂ ਕਿ ਕੀ ਨਾਂ ਛਪਿਆ ਸੀ। ਸ਼ਾਇਦ 'ਬੀ ਐਸ ਸ਼ਰਮਾ' ਹੋਵੇਗਾ, ਕਿਉਂਕਿ 'ਭੂਸ਼ਨ' ਤਾਂ ਮੈਂ ਦਸਵੀਂ ਪਾਸ ਕਰਨ ਤੋਂ ਪਿੱਛੋਂ ਬਣਿਆ ਸਾਂ।

ਗੱਲ ਚੱਲੀ ਹੈ ਤਾਂ ਦੱਸ ਹੀ ਦਿਆਂ ਕਿ 'ਪੈਦਲ ਧਿਆਨਪੁਰੀ' ਮੇਰੇ ਨਾਲੋਂ ਦਸ-ਪੰਦਰਾਂ ਵਰ੍ਹੇ ਵੱਡਾ ਹੈ ਅਤੇ ਉਹਦੀਆਂ ਦਸ ਪੰਦਰਾਂ ਕਿਤਾਬਾਂ ਛਪ ਚੁੱਕੀਆਂ ਹਨ। ਬਾਲ ਸਾਹਿਤ ਵਿਚ ਥਾਂ ਬਣਾ ਚੁੱਕਾ ਹੈ। ਰਿਸ਼ਤੇਦਾਰੀ 'ਚੋਂ ਮੇਰਾ ਭਾਈ ਹੈ। ਸਭ ਤੋਂ ਪਹਿਲਾਂ ਕਰਤਾਰ ਸਿੰਘ ਬਲੱਗਣ ਦੇ ਕਵਿਤਾ ਰਸਾਲੇ ਅਤੇ ਬਟਾਲੇ ਵਾਲੇ ਕਵੀ ਸ਼ਿਵ ਕੁਮਾਰ ਦਾ ਨਾਂ ਮੈਂ ਉਹਦੇ ਮੂੰਹੋਂ ਹੀ ਸੁਣਿਆ ਸੀ। ਉਹ ਅੰਮ੍ਰਿਤਸਰ ਦੇ ਇਕ ਗਿਆਨੀ ਕਾਲਜ ਦਾ ਵਿਦਿਆਰਥੀ ਰਿਹਾ ਸੀ। ਇਸ ਲਈ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਉਹਦਾ ਗਿਆਨ ਕਾਫੀ 'ਵਸੀਹ' ਸੀ। ਕਵਿਤਾ, ਪੰਜ ਦਰਿਆ, ਗੁਰੂ ਵਿਦਿਆ, ਫਿਲਮੀ ਕਲੀਆਂ, ਬਾਲਕ ਵਗੈਰਾ ਕਈ ਰਸਾਲੇ ਮੈਂ ਪਹਿਲਾਂ ਪਹਿਲ ਉਹਦੇ ਰਾਹੀਂ ਹੀ ਵੇਖੇ ਸਨ, ਅਟੱਲ ਵੀ।

'ਅਟੱਲ' ਮਾਸਿਕ ਪਰਚਾ ਸੀ। ਖੰਡਾ ਖੋਲਾ, ਬਟਾਲਾ ਤੋਂ ਨਿਕਲਦਾ ਸੀ। ਕੋਈ ਗੁਪਤਾ ਸੀ ਉਹਦਾ ਐਡੀਟਰ। ਉਸ ਪਰਚੇ ਵਿਚ 'ਪੈਦਲ' ਬਾਕਾਇਦਾ ਛਪਦਾ ਸੀ। ਹੁਣ ਉਹ ਬੁੱਢਿਆਂ ਨੂੰ ਪੜ੍ਹਾਉਣ ਵਾਲੇ ਮਹਿਕਮੇ ਵਿਚ ਨੌਕਰੀ ਕਰਦਾ ਸੀ। ਇਕ ਅੰਕ ਵਿਚ ਉਹਦੀ ਭਗਤ ਸਿੰਘ ਬਾਰੇ ਕਵਿਤਾ ਛਪੀ ਜਿਸ ਦਾ ਉਨਵਾਨ ਸੀ 'ਅਮਨ ਦਾ ਰਾਖਾ ਨੌਜਵਾਨ' ਅਤੇ ਲੇਖਕ ਵਜੋਂ ਛਪਿਆ ਸੀ ਇਹ ਵੇਰਵਾ:

ਗਿਆਨੀ ਰਾਮ ਲੁਭਾਇਆ 'ਪੈਦਲ' ਧਿਆਨਪੁਰੀ (ਗੁਰਦਾਸਪੁਰ)
ਇੰਚਾਰਜ ਸੋਸ਼ਲ ਐਜੂਕੇਸ਼ਨ ਸੈਂਟਰ, ਮੀਆਂ ਮੁਹੱਲਾ, ਬਟਾਲਾ,
ਜ਼ਿਲ੍ਹਾ ਗੁਰਦਾਸਪੁਰ, ਪੰਜਾਬ (ਇੰਡੀਆ)

ਇਸ ਪ੍ਰਭਾਵਸ਼ਾਲੀ ਸਿਰਨਾਵੇਂ ਦਾ ਮੇਰੇ ਉਤੇ ਕਾਫੀ ਪ੍ਰਭਾਵ ਪਿਆ। ਦਸਵੀਂ ਕਰ ਚੁੱਕਾ ਸਾਂ, ਪਰ ਵਿਹਲਾ ਸਾਂ, ਨਾਬਾਲਿਗ ਹੋਣ ਕਰਕੇ। ਵਿਹਲ ਕਰਕੇ ਲਿਖਣ ਦਾ ਭੁਸ ਵਧੀ ਗਿਆ। ਛਪਣ ਲਈ ਵੀ ਜੀਅ ਕਰਿਆ ਕਰੇ। ਪਰ ਤਖੱਲੁਸ ਦੀ ਘਾਟ ਖਟਕਦੀ ਸੀ। ਪਿਤਾ ਜੀ ਦਾ ਤਖੱਲੁਸ ਸੀ 'ਸ਼ਾਦਾਬ'। ਸ਼ੁਰੂ ਸ਼ੁਰੂ ਵਿਚ ਉਹ 'ਬੇਤਾਬ' ਹੁੰਦੇ ਸਨ। ਜਦੋਂ ਕਿਤਾਬ ਛਾਪੀ ਤਾਂ 'ਸ਼ਾਦਾਬ' ਹੋ ਗਏ। ਵੱਡੇ ਭਾਈ ਸਾਬ੍ਹ ਨੂੰ ਤਖੱਲੁਸ ਦੀ ਲੋੜ ਨਹੀਂ ਪਈ ਕਿਉਂਕਿ ਛਪਣ ਦੀ ਨੌਬਤ ਹੀ ਨਾ ਆਈ। ਮੈਨੂੰ ਤਾਂ ਹੁਣ ਪੂਰੀ ਲੋੜ ਸੀ। 'ਧਿਆਨਪੁਰੀ' ਤਾਂ ਮੈਂ ਲਿਖਣਾ ਹੀ ਸੀ, ਪਰ ਕਿਹੜਾ ਧਿਆਨਪੁਰੀ!

ਮੇਰਾ ਜਨਮ-ਨਾਮ ਬੇਅੰਤ ਸਰੂਪ ਹੈ, ਪਰ ਪੜ੍ਹਨੇ ਪਾਉਣ ਵੇਲੇ ਬੇਨਤੀ ਸਰੂਪ ਕਰ ਦਿੱਤਾ ਗਿਆ। ਇਹਦੇ 'ਚੋਂ ਕੋਈ ਹਿੱਸਾ ਵੀ ਤਖੱਲੁਸ ਵਰਗਾ ਨਹੀਂ ਸੀ ਲੱਗਦਾ। ਕਿਸੇ ਦੀ ਸਲਾਹ ਲੈਣਾ ਮੇਰੀ ਫਿਤਰਤ ਵਿਚ ਸ਼ਾਮਲ ਨਹੀਂ। ਕੋਸ਼ਿਸ਼ ਰਹੀ ਹੈ ਚੰਗਾ ਹੋਵੇ, ਮਾੜਾ ਹੋਵੇ, ਪਰ ਮੇਰਾ ਆਪਣਾ ਹੋਵੇ। ਆਪਣੀ ਸੋਚ ਦੁੜਾਉਣੀ ਸ਼ੁਰੂ ਕੀਤੀ। 'ਭੂਸ਼ਨ' ਨਾਲੋਂ ਵੱਧ ਕੁਝ ਨਾ ਜਚਿਆ। ਰੱਖ ਲਿਆ... ਤੇ ਬਣ ਗਿਆ, 'ਭੂਸ਼ਨ ਧਿਆਨਪੁਰੀ'। ਬੋਲ ਕੇ ਵੇਖਿਆ। ਲਿਖ ਕੇ ਵੇਖਿਆ। ... ਬਸ, ਹੋ ਗਿਆ।

ਇਹ 'ਭੂਸ਼ਨ' ਆਇਆ ਕਿੱਥੋਂ? ਇਸ ਨਾਂ ਦਾ ਬਸ਼ਰ ਮੇਰਾ ਜਮਾਤੀ ਸੀ। ਧਿਆਨਪੁਰ ਲਾਗੇ ਇਕ ਪਿੰਡ ਹੈ ਡਾਲੇ ਚੱਕ। ਉਥੋਂ ਦਾ ਮੁੰਡਾ ਭੂਸ਼ਨ ਦਾਸ ਨੇਬ। ਪੰਜਵੀਂ ਤੋਂ ਦਸਵੀਂ ਤੱਕ ਅਸੀਂ ਜਮਾਤੀ

***(ਅਗਲੇ ਸਫੇ 'ਤੇ ਜਾਰੀ)***

### 'ਅੰਨਾ ਹਜ਼ਾਰੇ ਵਾਂਗੂੰ ਨੀਂ ਹਾਂ ਕਰਵਾ ਕੇ ਛੱਡੂੰਗਾ'

# ਪੰਜਾਬੀ ਕਲਾਕਾਰ ਭਖੇ ਮੁੱਦਿਆਂ ਦਾ ਲਾਹਾ ਲੈਣ ਦੇ ਆਹਰ 'ਚ




*ਫੋਨ:91-98141-78883

ਡੁੱਬਣ ਕੰਢੇ ਪਹੁੰਚੇ ਪੰਜਾਬੀ ਸੰਗੀਤ ਉਦਯੋਗ ਨਾਲ ਜੁੜੇ ਲੋਕ ਹੁਣ ਤਿਣਕੇ ਦਾ ਸਹਾਰਾ ਵੀ ਵੱਡੀ ਆਸ ਨਾਲ ਭਾਲ ਰਹੇ ਨੇ। ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਖਿਲਾਫ਼ ਅੰਦੋਲਨ ਨੂੰ ਕਾਂਗਰਸ ਵਿਰੋਧੀ ਪਾਰਟੀਆਂ ਨੇ ਆਪਣੇ ਤਰੀਕੇ ਨਾਲ ਵਰਤਿਆ, ਤਿਰੰਗੇ ਅਤੇ ਟੋਪੀਆਂ ਵੇਚਣ ਵਾਲਿਆਂ ਆਪਣੇ ਢੰਗ ਨਾਲ, ਮੀਡੀਏ ਨੇ ਆਪਣੀ ਸੋਚ ਨਾਲ ਤੇ ਹੁਣ ਪੰਜਾਬ ਦੇ ਕਲਾਕਾਰ ਇਸ ਨੂੰ ਆਪਣੇ ਢੰਗ ਨਾਲ ਵਰਤਣ ਲੱਗੇ ਨੇ।

ਪੰਜਾਬ ਦੇ ਕਲਾਕਾਰਾਂ 'ਚੋਂ ਕਈਆਂ ਨੇ ਸੋਚਿਆ ਕਿ ਜੇ ਹਰ ਕੋਈ ਅੰਨਾ ਹਜ਼ਾਰੇ ਦੇ ਅੰਦੋਲਨ ਨੂੰ ਆਪਣੇ ਫ਼ਾਇਦੇ ਲਈ ਵਰਤ ਸਕਦੈ ਤਾਂ ਉਹ ਕਿਉਂ ਨਹੀਂ? ਇਸ ਸੋਚ ਨੂੰ ਦਰਸਾਉਂਦਾ ਇੱਕ ਗੀਤ ਦੋ ਕੁ ਟੀ.ਵੀ. ਚੈਨਲਾਂ 'ਤੇ ਦਿਖਾਈ ਦੇ ਰਿਹੈ। ਇਸ ਨੂੰ ਗਾਉਣ ਵਾਲੇ ਦਾ ਕਹਿਣੈ, 'ਮੁੱਦਾ ਭਖਿਆ ਹੋਇਆ ਸੀ ਤੇ ਅਸੀਂ ਸੋਚਿਆ ਗਰਮ ਲੋਹੇ 'ਤੇ ਸੱਟ ਮਾਰ ਲਈ ਜਾਵੇ, ਮਾਅਰਾਜ ਦੀ ਕ੍ਰਿਪਾ ਨਾਲ ਕਾਫ਼ੀ ਫ਼ਾਇਦਾ ਹੋ ਰਿਹੈ, ਕਿਉਂਕਿ ਏਨੇ ਵੱਡੇ ਮੁੱਦੇ ਨੂੰ ਵੱਖਰੇ ਢੰਗ ਨਾਲ ਗਾਣੇ ਜ਼ਰੀਏ ਪੇਸ਼ ਕਰਨਾ ਅਸਲੋਂ ਨਵਾਂ ਤਜਰਬਾ ਹੈ।'

ਜਦੋਂ ਉਸ ਨੂੰ ਪੁੱਛਿਆ, 'ਅੰਨਾ ਹਜ਼ਾਰੇ ਦਾ ਅੰਦੋਲਨ ਭ੍ਰਿਸ਼ਟਾਚਾਰ ਖਿਲਾਫ਼ ਸੀ, ਉਹ 74 ਸਾਲਾ ਬਜ਼ੁਰਗ 289 ਘੰਟੇ ਜਨ ਲੋਕਪਾਲ ਬਿੱਲ ਪਾਸ ਕਰਾਉਣ ਦੀ ਮੰਗ ਲੈ ਕੇ ਭੁੱਖਾ ਰਿਹਾ, ਪਰ ਤੁਹਾਡਾ ਗਾਣਾ ਸੁਣ ਇੰਜ ਜਾਪਦੈ ਜਿਵੇਂ ਅੰਨਾ ਹਜ਼ਾਰੇ ਨੇ ਦੇਸ ਲਈ ਨਹੀਂ, ਕਿਸੇ ਕੁੜੀ ਲਈ ਅੰਦੋਲਨ ਕੀਤਾ ਹੋਵੇ, ਕੀ ਇਹ ਠੀਕ ਹੈ?' ਤਾਂ ਗਾਉਣ ਵਾਲੇ ਨੇ ਜਵਾਬ ਦਿੱਤਾ, 'ਐਨਾ ਤਾਂ ਅਸੀਂ ਸੋਚਿਆ ਨਹੀਂ, ਬਸ ਕਾਹਲੀ-ਕਾਹਲੀ ਕਰ ਦਿੱਤਾ।'

ਜਿਹੜਾ ਗਾਣਾ ਟੀ.ਵੀ. 'ਤੇ ਚੱਲ ਰਿਹੈ, ਉਸ ਵਿਚ ਕੁੜੀ ਦੇ ਬੋਲ ਨੇ, 'ਹਾਲ ਕਾਹਦਾ ਮੈਂ ਪੁੱਛਿਆ, ਵੇ ਤੂੰ ਤਾਂ ਘਰ ਤੱਕ ਪਹੁੰਚ ਗਿਆਂ' ਤੇ ਮੁੰਡੇ ਦੇ ਬੋਲ ਨੇ :

'ਅੰਨ੍ਹੇ' ਹਜ਼ਾਰੇ ਵਾਂਗੂੰ,
ਨੀਂ ਹਾਂ ਕਰਵਾ ਕੇ ਛੱਡੂੰਗਾ।

ਇਸ ਗੀਤ ਦਾ ਗਾਇਕ ਹੈ ਰਾਜਾ ਸਿੱਧੂ ਤੇ ਨਾਲ ਗਾਉਣ ਵਾਲੀ ਹੈ ਰਾਜਵਿੰਦਰ ਕੌਰ। ਵਿਆਕਰਣ ਪੱਖੋਂ ਸਭ ਤੋਂ ਵੱਡੀ ਗ਼ਲਤੀ 'ਅੰਨਾ' ਨੂੰ 'ਅੰਨ੍ਹੇ' ਕਹਿਣਾ ਹੈ। ਉਸ ਨੂੰ 'ਅੰਨਾ' 'ਤੇ ਅੰਨ੍ਹੇ' ਵਿਚਲੇ ਅੰਤਰ ਦਾ ਵੀ ਨਹੀਂ ਪਤਾ, ਬਾਕੀ ਗੱਲਾਂ ਦਾ ਤਾਂ ਕੀ ਪਤਾ ਹੋਵੇਗਾ।

ਸਾਰਾ ਗੀਤ ਸਾਧਾਰਨ ਹੈ, ਆਮ ਦੋਗਾਣਿਆਂ ਵਰਗਾ। ਜਿਸ ਵਿਚ ਕੁੜੀ ਮੁੰਡੇ ਨੂੰ ਅਕਲ ਤੋਂ ਕੰਮ ਲੈਣ ਲਈ ਆਖਦੀ ਹੈ, ਉਸ ਵਲੋਂ ਘਰ ਤੱਕ ਪਹੁੰਚਣ ਵਾਲੇ ਕਾਰੇ 'ਤੇ ਚਿੰਤਾ ਪ੍ਰਗਟਾਉਂਦੀ ਹੈ ਪਰ ਆਸ਼ਕ ਧੁਨ ਦਾ ਪੱਕਾ ਹੈ ਅਤੇ ਪੱਕਾ ਵੀ ਏਨਾ ਕਿ ਅੰਨਾ ਹਜ਼ਾਰੇ ਦੀਆਂ ਉਦਾਹਰਨਾਂ ਦਿੰਦਾ ਹੈ, ਉਸ ਵਾਂਗ ਜ਼ਿੱਦੀ ਹੋਣ ਦੀ ਗੱਲ ਕਰਦਾ ਹੈ ਤੇ ਉਸੇ ਤਰ੍ਹਾਂ 'ਹਾਂ' ਕਰਵਾਉਣ ਲਈ ਬਜ਼ਿਦ ਹੈ।




ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਪੰਜਾਬੀ ਗਾਇਕੀ ਵਿਚ ਇਸ ਤਰ੍ਹਾਂ ਭਖਦੇ ਮੁੱਦਿਆਂ ਦਾ ਲਾਹਾ ਲੈਣ ਦੀ ਨੌਬਤ ਆਉਣੀ ਕਦੋਂ ਤੋਂ ਸ਼ੁਰੂ ਹੋਈ। ਸਾਡੀ ਜਾਚੇ ਇਹ ਉਦੋਂ ਤੋਂ ਸ਼ੁਰੂ ਹੋਇਆ, ਜਦੋਂ ਤੋਂ ਮੁਕਾਬਲੇਬਾਜ਼ੀ ਸਭ ਹੱਦਾਂ-ਬੰਨ੍ਹੇ ਟੱਪ ਗਈ, ਖਰਚੇ ਅਮਰ ਵੇਲ ਵਾਂਗ ਵਧ ਗਏ ਤੇ ਵਾਪਸੀ ਖਰਚੇ ਪੈਸਿਆਂ ਨਾਲੋਂ ਅੱਧੀ ਵੀ ਨਾ ਰਹੀ। ਪਾਇਰੇਸੀ ਦੇ ਕਹਿਰ, ਗਾਇਕਾਂ ਦੀ ਬਹੁਤਾਤ ਅਤੇ ਸੱਭਿਆਚਾਰ ਗਰੁਪਾਂ ਵਲੋਂ ਖੋਹੇ ਪ੍ਰੋਗਰਾਮਾਂ ਨੇ ਗਾਇਕਾਂ ਨੂੰ ਬੌਰੇ ਕਰ ਛੱਡਿਆ। ਅੱਜ ਉਨ੍ਹਾਂ ਨੂੰ ਸਮਝ ਨਹੀਂ ਪੈ ਰਹੀ ਕਿ ਕਰੀਏ ਤਾਂ ਕੀ ਕਰੀਏ, ਕੀ ਗਾਈਏ ਕਿ ਗੁੱਲੀ ਪੱਕਦੀ ਹੋ ਜਾਵੇ, ਕਿਹੜਾ ਵਿਸ਼ਾ ਚੁਣੀਏ ਕਿ ਲੋਕ ਲੰਮਾ ਸਮਾਂ ਕਹਿੰਦੇ ਰਹਿਣ, 'ਇਹ ਤਾਂ ਫਲਾਣੇ ਦਾ ਗੀਤ ਏ, ਫਲਾਣੇ ਦਾ...।'

ਪਾਠਕਾਂ ਨੂੰ ਯਾਦ ਹੋਵੇਗਾ, ਜਦੋਂ ਓਸਾਮਾ ਬਿਨ ਲਾਦੇਨ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਨੂੰ ਤਬਾਹ ਕਰਨ ਵਾਲੀ ਘਟਨਾ ਸਿਰੇ ਲਾਈ ਸੀ, ਉਦੋਂ ਮੀਡੀਏ ਵਿਚ 'ਲਾਦੇਨ-ਲਾਦੇਨ' ਹੋ ਗਈ ਸੀ ਤੇ ਮੌਕੇ ਦਾ ਫ਼ਾਇਦਾ ਲੈਂਦਿਆਂ ਜਿੱਥੇ 'ਤੇਰੇ ਬਿਨ ਲਾਦੇਨ' ਅਤੇ ਲਾਦੇਨ ਦੇ ਕਿਰਦਾਰ ਵਾਲੀਆਂ ਕਈ ਹੋਰ ਫ਼ਿਲਮਾਂ ਆ ਗਈਆਂ ਸਨ, ਉਥੇ ਪੰਜਾਬ ਦੇ ਤਿੰਨ-ਚਾਰ ਕਲਾਕਾਰਾਂ ਨੇ 'ਲਾਦੇਨ' ਨਾਲ ਜੁੜੇ ਗੀਤ ਗਾ ਛੱਡੇ ਸਨ। ਕਿਸੇ ਨੇ ਗਾਇਆ, 'ਤੇਰੀ ਅੱਖ ਦਾ ਨਿਸ਼ਾਨਾ ਏ ਲਾਦੇਨ ਵਰਗਾ' ਤੇ ਕਿਸੇ ਨੇ ਕਿਹਾ, 'ਲਾਦੇਨ ਵਾਂਗਰਾਂ ਧੱਕੇ ਵਿਚ ਤੂੰ ਹੋ ਗਈ ਮੋਹਰੀ ਨੀਂ।'

ਫੇਰ ਜਦੋਂ ਮੁੰਬਈ ਹਮਲੇ ਨਾਲ ਕਸਾਬ ਦਾ ਨਾਂ ਜੁੜ ਗਿਆ ਤੇ ਚਾਰੇ ਪਾਸੇ 'ਕਸਾਬ-ਕਸਾਬ' ਹੋ ਗਈ ਤਾਂ ਪੰਜ-ਸੱਤ ਜਣਿਆਂ ਨੇ 'ਕਸਾਬ' ਨੂੰ ਗੀਤਾਂ ਦਾ ਵਿਸ਼ਾ ਬਣਾ ਛੱਡਿਆ ਸੀ। ਕਈਆਂ ਨੂੰ ਪ੍ਰੇਮਿਕਾ ਵਲੋਂ ਦਿਲ 'ਤੇ ਕੀਤਾ ਜਾਣ ਵਾਲਾ ਹਮਲਾ 'ਕਸਾਬ' ਦੇ ਹਮਲੇ ਵਰਗਾ ਲੱਗਣ ਲੱਗਾ ਸੀ ਤੇ ਕਈਆਂ ਨੂੰ ਮੁਟਿਆਰਾਂ 'ਕਸਾਬ' ਵਰਗੀ ਸੋਚ ਦੀਆਂ ਮਾਲਕਣਾਂ ਜਾਪਣ ਲੱਗੀਆਂ। ਜਿਨ੍ਹਾਂ-ਜਿਨ੍ਹਾਂ ਨੇ ਉਹ ਗੀਤ ਗਾਏ, ਉਨ੍ਹਾਂ 'ਚੋਂ ਕਿਸੇ ਦਾ ਨਾਂ ਕਿਸੇ ਨੂੰ ਯਾਦ ਹੋਵੇਗਾ, ਸਾਨੂੰ ਇਸ ਗੱਲ ਦਾ ਭੋਰਾ ਯਕੀਨ ਨਹੀਂ।

ਪੰਜਾਬੀ ਗਾਇਕੀ ਦਾ ਭੇਡਚਾਲ ਨਾਲ ਬਹੁਤ ਪੁਰਾਣਾ ਰਿਸ਼ਤਾ ਏ। ਇਥੇ ਸ਼ਹੀਦ ਭਗਤ ਸਿੰਘ ਦੀ ਗੱਲ ਵਾਲਾ ਇੱਕ ਗੀਤ ਹਿੱਟ ਹੋ ਜਾਵੇ ਤਾਂ ਪੰਜਾਬ ਦੇ ਅੱਧਿਓਂ ਵੱਧ ਕਲਾਕਾਰ ਇੱਕ ਮਹੀਨੇ ਦੇ ਅੰਦਰ ਅੰਦਰ ਭਗਤ ਸਿੰਘ ਵਾਲੇ ਗੀਤ ਗਾਉਣੇ ਅਰੰਭ ਦਿੰਦੇ ਨੇ, ਸਿੱਖੀ ਨੂੰ ਲੱਗ ਰਹੀ ਢਾਹ ਵਾਲਾ ਇੱਕ ਗਾਣਾ ਹਿੱਟ ਹੋ ਜਾਵੇ, ਤਾਂ ਸ਼ੇਵ ਕਰਾਉਣ ਵਾਲੇ ਕਲਾਕਾਰ ਇੰਚ-ਇੰਚ ਦੀ ਦਾੜ੍ਹੀ ਰੱਖ, ਸਿਰਾਂ 'ਤੇ ਕੇਸਰੀ ਪਰਨੇ ਬੰਨ੍ਹ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਦੀ ਗੱਲ ਤੋਰ ਲੈਂਦੇ ਨੇ।

ਜਿਹੜੇ ਰਾਜਾ ਸਿੱਧੂ ਤੇ ਰਾਜਵਿੰਦਰ ਕੌਰ ਨੇ 'ਅੰਨਾ ਹਜ਼ਾਰੇ' ਵਾਲਾ ਗਾਣਾ ਗਾਇਐ, ਇਨ੍ਹਾਂ ਦੋਹਾਂ ਦੇ ਆਪਸੀ ਸਬੰਧ ਕਿਸੇ ਵੇਲੇ ਬੜੇ ਸੁਖਾਵੇਂ ਸਨ, ਫੇਰ ਵੱਖਰੇ ਹੋ ਗਏ ਤੇ ਹੁਣ ਮੁੜ ਇਕੱਠੇ ਹੋ ਗਏ ਨੇ। ਰਾਜਾ ਸਿੱਧੂ ਮੁਹੰਮਦ ਸਦੀਕ ਦੀ ਆਵਾਜ਼ ਪੇਸ਼ ਕਰਨ 'ਚ ਮਾਹਿਰ ਹੈ ਤੇ ਰਾਜਵਿੰਦਰ ਕੌਰ ਦੀ ਆਵਾਜ਼ ਏਨੀ ਪਤਲੀ ਹੈ ਕਿ ਉਸ 'ਚੋਂ ਰਣਜੀਤ ਕੌਰ ਦਾ ਭੁਲੇਖਾ ਪੈ ਜਾਂਦੈ। ਇਹੀ ਕਾਰਨ ਹੈ ਕਿ ਦੋਹਾਂ ਨੂੰ ਚੰਗੇ ਪ੍ਰੋਗਰਾਮ ਮਿਲਦੇ ਰਹੇ ਨੇ। ਦੋਹਾਂ ਨੇ ਪੰਜ-ਛੇ ਕੈਸਿਟਾਂ ਸਾਂਝੀਆਂ ਕੀਤੀਆਂ ਸਨ ਪਰ ਫੇਰ ਕਿਸੇ ਗੱਲੋਂ ਤੜੱਕ ਹੋ ਗਈ। ਰਾਜਾ ਬਹੁਗਿਣਤੀ ਦੋਗਾਣਾ ਗਾਇਕਾਂ ਵਾਂਗ ਸੁਦੇਸ਼ ਕੁਮਾਰੀ ਤੇ ਮਿਸ ਪੂਜਾ ਨਾਲ ਕੈਸਿਟਾਂ ਕਰਨ ਲੱਗ ਗਿਆ ਤੇ ਰਾਜਵਿੰਦਰ ਕੌਰ, ਜਸਵੰਤ ਪੱਪੂ ਨਾਲ ਗਾਉਣ ਲੱਗ ਗਈ। ਪਰ ਹੁਣ ਦੋਵੇਂ 'ਕੱਠੇ ਹੋ ਗਏ ਨੇ ਤੇ 'ਰਾਜਾ ਸਿੱਧੂ ਲਾਈਵ' ਕੈਸਿਟ ਮਾਰਕੀਟ 'ਚ ਆਈ ਹੈ।

ਭੀੜ 'ਚੋਂ ਅਲਹਿਦਾ ਦਿਸਣ ਲਈ ਹਰ ਬੰਦਾ ਵੱਖਰੇ ਯਤਨ ਕਰਦੈ। ਪੰਜਾਬ ਦੇ ਬਹੁਗਿਣਤੀ ਕਲਾਕਾਰਾਂ ਨੇ ਦੂਜਿਆਂ ਨਾਲੋਂ ਵੱਖਰੇ ਦਿਸਣ ਲਈ ਪਾਟੀਆਂ ਪੈਂਟਾਂ ਪਾਉਣ, ਵਾਲਾਂ ਨੂੰ ਜੈਲ ਲਾਉਣ ਅਤੇ ਵੀਡੀਓ ਵਿਚ ਅਜੀਬੋ-ਗਰੀਬ ਹਰਕਤਾਂ ਦਾ ਰਾਹ ਵੀ ਫੜਿਆ, ਦੋਗਾਣਾ ਜੋੜੀਆਂ ਨੇ ਮੋਬਾਈਲ ਕੰਪਨੀਆਂ, ਟਰੈਕਟਰਾਂ, ਮੋਟਰ ਸਾਈਕਲਾਂ, ਸ਼ਹਿਰਾਂ ਅਤੇ ਸੋਸ਼ਲ ਨੈਟਵਰਕਿੰਗ ਸਾਈਟਾਂ ਦੇ ਨਾਂ ਲੈਣ ਦਾ ਰਾਹ ਵੀ ਚੁਣਿਆ, ਸਿੱਟੇ ਵਜੋਂ ਕਈਆਂ ਦਾ ਤੁੱਕਾ ਲੱਗ ਵੀ ਗਿਆ, ਪਰ ਉਨ੍ਹਾਂ ਦੀ ਦੇਖਾ-ਦੇਖੀ ਬਾਕੀਆਂ ਨੇ ਜੋ-ਜੋ ਕੁੱਕੜ ਖੋਹ ਉਡਾਈ, ਉਸ ਨਾਲ ਗਾਇਕੀ ਦਾ ਪੱਧਰ ਹੋਰ ਤੋਂ ਹੋਰ ਨੀਵਾਂ ਹੁੰਦਾ ਗਿਆ।

ਇਹ ਵੀ ਹੋ ਸਕਦੈ ਕਿ ਰਾਜਾ ਸਿੱਧੂ ਦੀ ਰੀਸੇ ਕੱਲ੍ਹ ਨੂੰ ਅੰਨਾ ਹਜ਼ਾਰੇ ਮੁੱਦੇ ਵਾਲੇ ਹੋਰ ਗੀਤ ਕੰਨੀਂ ਪੈਣ ਲੱਗ ਜਾਣ। ਇਹ ਵੀ ਹੋ ਸਕਦੈ ਕਿ ਭਵਿੱਖ 'ਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਤਿਹਾੜ ਜੇਲ੍ਹ ਬੈਠੇ ਕਲਮਾਡੀ ਤੇ ਏ. ਰਾਜਾ ਵਰਗਿਆਂ ਦੀ ਤੁਲਨਾ ਮੁਟਿਆਰ ਨਾਲ ਕਰਕੇ ਗੀਤ ਗਾਏ ਜਾਣ ਲੱਗਣ। ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਕਿਸੇ ਚਲੰਤ ਮੁੱਦੇ ਨਾਲ ਜੋੜ ਕੇ ਗੀਤ ਗਾਉਣ ਵਾਲਿਆਂ ਨੂੰ ਸਬੰਧਤ ਮੁੱਦੇ ਬਾਰੇ ਪੂਰੀ ਤਾਂ ਕੀ ਅਧੂਰੀ ਜਾਣਕਾਰੀ ਵੀ ਨਹੀਂ ਹੁੰਦੀ। ਅੱਜ ਤੱਕ ਜਿਨ੍ਹਾਂ-ਜਿਨ੍ਹਾਂ ਨੇ ਪੰਜਾਬ ਨਾਲ ਹੋਏ ਧੱਕੇ ਬਾਰੇ ਗੀਤ ਗਾਏ ਨੇ, ਉਨ੍ਹਾਂ 'ਚੋਂ ਅੱਧਿਓਂ ਵੱਧ ਨੇ ਪੰਜਾਬ ਦਾ ਪੂਰਾ ਇਤਿਹਾਸ ਨਹੀਂ ਪੜ੍ਹਿਆ ਹੋਵੇਗਾ, ਜਿਨ੍ਹਾਂ-ਜਿਨ੍ਹਾਂ ਬਾਬੇ ਨਾਨਕ ਬਾਰੇ ਗਾਇਐ, ਉਨ੍ਹਾਂ ਨੂੰ ਬਾਬੇ ਨਾਨਕ ਬਾਰੇ ਦਸ-ਵੀਹ ਫ਼ੀਸਦੀ ਜਾਣਕਾਰੀ ਵੀ ਮਸੀਂ ਹੋਵੇਗੀ ਤੇ ਜਿਹੜੇ ਨਰਾਤਿਆਂ ਮੌਕੇ ਮਈਆ ਦਾ ਗੁਣਗਾਣ ਕਰਦੇ ਨੇ, ਉਨ੍ਹਾਂ 'ਚੋਂ ਜ਼ਿਆਦਾ ਨੂੰ ਮਈਆ ਬਾਰੇ ਪੰਜ-ਸੱਤ ਗੱਲਾਂ ਤੋਂ ਛੁੱਟ ਹੋਰ ਕੁੱਝ ਨਹੀਂ ਪਤਾ ਹੋਵੇਗਾ।

ਇੱਕ ਵਾਰ ਇੱਕ ਕਲਾਕਾਰ ਨੇ ਸਾਨੀਆ ਮਿਰਜ਼ਾ ਬਾਰੇ ਗੀਤ ਗਾ ਛੱਡਿਆ ਸੀ। ਉਸ ਨੇ ਆਪਣੀ ਪ੍ਰੇਮਿਕਾ ਨੂੰ ਸਾਨੀਆ ਨਾਲੋਂ ਸੁਨੱਖੀ ਅਤੇ ਉਹਦੀ ਖੇਡ ਬੈਡਮਿੰਟਨ ਵਾਂਗੂੰ ਦਿਲਾਂ ਨਾਲ ਖੇਡਣ ਵਾਲੀ ਕਿਹਾ ਸੀ ਪਰ ਜਦੋਂ ਪੱਤਰਕਾਰਾਂ ਨੇ ਗਾਇਕ ਨੂੰ ਸਾਨੀਆ ਦੀਆਂ ਪ੍ਰਾਪਤੀਆਂ ਅਤੇ ਜ਼ਿੰਦਗੀ ਬਾਰੇ ਸਵਾਲ ਪੁੱਛ ਲਿਆ ਤਾਂ ਉਹ ਨਾਲ ਗਾਉਣ ਵਾਲੀ ਦੇ ਮੂੰਹ ਵੱਲ ਏਦਾਂ ਦੇਖ ਰਿਹਾ ਸੀ, ਜਿਵੇਂ ਉਹ ਕੁੰਭ ਦੇ ਮੇਲੇ 'ਚ ਗੁਆਚਣ ਪਿੱਛੋਂ ਮਸੀਂ ਲੱਭੀ ਹੋਵੇ। ਹੁਣ ਜੇ ਕਿਸੇ ਨੇ ਰਾਜਾ ਸਿੱਧੂ ਨੂੰ ਅੰਨਾ ਹਜ਼ਾਰੇ ਦੇ ਜ਼ਿੰਦਗੀਨਾਮੇ, ਸੰਘਰਸ਼, ਪ੍ਰਾਪਤੀਆਂ ਅਤੇ ਸੋਚ ਬਾਰੇ ਸਵਾਲ ਪੁੱਛ ਲਿਆ ਤਾਂ ਸ਼ਾਇਦ ਉਸ ਨੂੰ ਤਸੱਲੀ ਬਖ਼ਸ਼ ਉੱਤਰ ਨਾ ਦੇਣਾ ਆਵੇ।

## ਕਿਹੜਾ ਧਿਆਨਪੁਰੀ-ਭੂਸ਼ਨ ਧਿਆਨਪੁਰੀ

ਰਹੇ। ਨੌਵੀਂ-ਦਸਵੀਂ ਵਿਚ ਤਾਂ ਬਾਹਲਾ ਨੇੜ ਹੋ ਗਿਆ। ਮਜ਼ਮੂਨ ਸਾਂਝੇ ਸਨ, ਸਾਇੰਸ ਤੇ ਹਿੰਦੀ। ਉਹਦੀ ਅੰਗਰੇਜ਼ੀ ਮਜ਼ਬੂਤ ਸੀ ਅਤੇ ਮੇਰੀ ਹਿੰਦੀ। ਅੰਗਰੇਜ਼ੀ ਕਰਕੇ ਉਹਦੀ ਸਾਇੰਸ ਵੀ ਚੰਗੀ ਸੀ ਮੇਰੇ ਨਾਲੋਂ। ਅੰਗਰੇਜ਼ੀ ਦੀ ਲਿਖਾਈ ਵੀ ਕਮਾਲ। ਪਰ ਕੱਚੇ-ਪੱਕੇ ਇਮਤਿਹਾਨਾਂ ਵਿਚ ਉਹ ਹਮੇਸ਼ਾ ਦੂਜੇ ਨੰਬਰ 'ਤੇ ਰਹਿੰਦਾ, ਮੈਂ ਪਹਿਲੇ 'ਤੇ। ਮਾਸਟਰ ਬਹੁਤੀ ਵਾਰੀ ਸਾਡੇ ਦੋਹਾਂ ਦਾ ਇਕੱਠਾ ਨਾਂ ਲੈਂਦੇ: ਬੇਨਤੀ ਤੇ ਭੂਸ਼ਨ। ਜਮਾਤੀਆਂ ਨੇ ਤਾਂ ਸਾਡੀ ਜੋੜੀ ਨੂੰ ਭਾਣੇ ਵਾਂਗ ਮੰਨ ਲਿਆ ਹੋਇਆ ਸੀ।

ਉਸ ਮੁੰਡੇ ਵਿਚ ਇਹ ਖਾਸੀਅਤ ਸੀ ਕਿ ਈਰਖਾ ਉਹਦੇ ਕਦੇ ਨੇੜੇ ਤੇੜੇ ਵੀ ਨਹੀਂ ਸੀ ਫਟਕੀ। ਉਹ ਮੇਰੇ ਨਾਲੋਂ ਸੋਹਣਾ ਸੀ, ਸਿਆਣਾ ਸੀ, ਤਕੜਾ ਸੀ ... ਪਰ ਹਮੇਸ਼ਾ ਸਿਫਤ ਮੇਰੀ ਕਰਦਾ। ਇਕ ਵਾਰੀ ਸਕੂਲ ਵਾਲਿਆਂ ਨੇ ਚੰਗੀ ਲਿਖਾਈ ਵਾਲੇ ਮੁੰਡਿਆਂ ਤੋਂ ਅੰਗਰੇਜ਼ੀ ਵਿਚ ਚਾਰਟ ਲਿਖਵਾਏ। ਅਸੀਂ ਤਿੰਨ ਜਣੇ ਸਾਂ। ਤੀਜਾ ਪੁਰਸ਼ੋਤਮ ਸੀ। ਮੈਂ ਪੁਰਸ਼ੋਤਮ ਵਾਲੇ ਚਾਰਟ ਦੇ ਸਾਹਮਣੇ ਆਪਣੇ ਵਾਲੇ ਨੂੰ ਛੁਟਿਆਉਣ ਲੱਗਾ ਤਾਂ ਭੂਸ਼ਨ ਦਾ ਕਹਿਣਾ ਸੀ, "ਇਹ ਵੀ ਕੋਈ ਲਿਖਾਈ ਐ? ਕੱਲਾ ਕੱਲਾ ਅੱਖਰ। ਕੁੜੀਆਂ ਵਾਲੀ ਸ਼ੋਸ਼ੇਬਾਜ਼ੀ। ਲਿਖਾਈ ਦਾਂ ਤੇਰੀ ਐ। ਵੇਖ, ਇਕ ਦੂਜੇ ਨਾਲ ਜੁੜੇ ਹੋਏ ਕਿਵੇਂ ਜਾਨਦਾਰ ਲੱਗਦੇ ਨੇ।" ਉਹ ਹਰ ਮੌਕੇ ਮੇਰਾ ਪੱਖ ਪੂਰਦਾ। ਲੋੜ ਪੈਣ 'ਤੇ ਦੂਜਿਆਂ ਨੂੰ ਘੂਰਦਾ। ਦਸਵੀਂ ਦੇ ਇਮਤਿਹਾਨ ਤੋਂ ਪਹਿਲਾਂ ਸਕੂਲ ਵਿਚ ਕਈ ਮਹੀਨੇ ਹੜਤਾਲ ਰਹੀ। ਨਤੀਜਾ ਬਹੁਤ ਮਾੜਾ ਆਇਆ। ਡੇਢ ਸੌ 'ਚੋਂ ਮਸਾਂ ਪੰਝੀ-ਤੀਹ ਜਣੇ ਪਾਸ ਹੋਏ। ਫਸਟ ਡਵੀਜ਼ਨਾਂ ਸਿਰਫ ਦੋ ਆਈਆਂ। ਮੈਂ ਫਸਟ ਅਤੇ ਭੂਸ਼ਨ ਸੈਕਿੰਡ। ਯਾਨਿ ਦੋਏਂ ਫਸਟ ਦੋਏਂ ਸੈਕਿੰਡ!

ਤਖ਼ੱਲਸ ਲੱਭ ਗਿਆ ਤਾਂ ਛਪਣਾ ਵੀ ਚਾਹੀਦਾ ਸੀ। ਭਗਤ ਸਿੰਘ ਬਾਰੇ ਲੰਬੀ ਕਵਿਤਾ ਲਿਖੀ ਪਈ ਸੀ। ਲੰਬੇ ਸਾਈਜ਼ ਦੀ ਲਾਈਨਦਾਰ ਸ਼ੀਟ 'ਤੇ ਹਾਸ਼ੀਆ ਛੱਡ ਕੇ ਕਵਿਤਾ ਉਤਾਰੀ। 'ਅਟੱਲ' ਨੂੰ ਭੇਜ ਦਿੱਤੀ। ਸਿਰਨਾਵਾਂ ਵੱਡੇ ਭਾਈ ਸਾਬੂ ਦਾ ਮਾਰਫਤ 'ਰੋਸ਼ਨ ਫਾਊਂਡਰੀ', ਰੇਲਵੇ ਰੋਡ, ਬਟਾਲਾ। ਅਗਲੇ ਮਹੀਨੇ ਦੇ ਪਹਿਲੇ ਸਨਿਚਰਵਾਰ ਭਾਈ ਸਾਬੂ ਆਏ। 'ਅਟੱਲ' ਉਨ੍ਹਾਂ ਦੇ ਝੋਲੇ ਵਿਚ ਸੀ। ਉਨ੍ਹਾਂ ਨੇ ਬੜੀ ਇਹਤਿਆਤ ਨਾਲ ਰਸਾਲਾ ਕੱਢ ਕੇ ਖੋਲ੍ਹਿਆ। ਛਪੀ ਹੋਈ ਕਵਿਤਾ ਸਾਰੇ ਟੱਬਰ ਨੂੰ ਵਿਖਾਈ। ਪੜ੍ਹ ਕੇ ਸੁਣਾਈ। ਮੇਰੀ ਹਾਲਤ ਬੜੀ ਅਜੀਬ ਸੀ ਉਸ ਵੇਲੇ। ਛਪਿਆ ਹੋਇਆ ਨਾਂ ਅੱਖਾਂ ਮੂਹਰੇ ਚਿਪਕ ਗਿਆ ਸੀ। ਹੋਰ ਕੁਝ ਦਿਸਦਾ ਹੀ ਨਹੀਂ ਸੀ:ਬੇਨਤੀ ਸਰੂਪ ਸ਼ਰਮਾ 'ਭੂਸ਼ਨ ਧਿਆਨਪੁਰੀ'। ਕਵਿਤਾ ਨਾਲ ਪੂਰੇ ਤਿੰਨ ਸਫੇ ਭਰੇ ਹੋਏ ਸਨ। ਇਨ੍ਹੀਂ ਦਿਨੀਂ ਅੰਮ੍ਰਿਤਸਰ ਤੋਂ ਨਿਕਲਦੇ 'ਕੰਵਲ' ਅਤੇ 'ਬਾਲਕ' ਨੂੰ ਕਵਿਤਾਵਾਂ ਘੱਲੀਆਂ ਸਨ, ਪਿੰਡ ਦਾ ਸਿਰਨਾਵਾਂ ਦੇ ਕੇ। ਉਹ ਵੀ ਛਪ ਗਈਆਂ। ਖ਼ੁਦ ਵਿਚ ਯਕੀਨ ਵਧ ਗਿਆ।

ਮੈਂ ਤਾਂ ਖ਼ੁਸ਼ ਸਾਂ ਪਰ ਭੂਸ਼ਨ ਨੂੰ ਕਿਵੇਂ ਪਤਾ ਲੱਗੇ। ਉਹ ਪਿੰਡੋਂ ਚਲਾ ਗਿਆ ਸੀ। ਕਿੱਥੇ ਗਿਆ ਸੀ, ਇਹ ਪਤਾ ਨਹੀਂ ਸੀ ਲੱਗਦਾ। ਅਸਲ ਵਿਚ ਉਹ ਆਪਣੇ ਕਿਸੇ ਰਿਸ਼ਤੇਦਾਰ ਕੋਲ ਰਹਿ ਕੇ ਸਾਡੇ ਨਾਲ ਪੜ੍ਹਦਾ ਸੀ ਅਤੇ ਦਸਵੀਂ ਕਰਕੇ ਚਲਾ ਗਿਆ। ਕੋਈ ਰਾਬਤਾ ਨਾ ਰਿਹਾ। ਹੁਣ ਜਦੋਂ ਪੱਕਾ ਰਾਬਤਾ ਕਾਇਮ ਕਰਨ ਦਾ ਮੌਕਾ ਆਇਆ ਤਾਂ ਕੁਝ ਸਮਝ ਹੀ ਨਾ ਆਏ। ਇਕ ਵਾਰੀ ਫੇਰ ਸੋਚ ਦਾ ਘੋੜਾ ਦੁੜਾਇਆ। ਇਕ ਸਕੀਮ ਸੁੱਝੀ।

ਅਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ 'ਚ ਉਦੋਂ ਚਿੱਠੀਆਂ ਦੇ ਜਵਾਬ ਦਿੱਤੇ ਜਾਂਦੇ ਸਨ। ਇਹ ਪ੍ਰੋਗਰਾਮ ਸ਼ਾਮ ਨੂੰ ਪ੍ਰਸਾਰਿਤ ਹੁੰਦਾ ਸੀ। ਸਾਰੇ ਸੁਣਦੇ ਸਨ। ਆਪਣਾ ਰੇਡੀਓ ਤਾਂ ਵਿਰਲੇ ਟਾਂਵੇਂ ਕੋਲ ਹੁੰਦਾ ਸੀ, ਬਹੁਤੇ ਪੰਚਾਇਤੀ ਰੇਡੀਓ ਦੁਆਲੇ ਜੁੜ ਬਹਿੰਦੇ ਸਨ। ਮੈਂ ਇਸ ਪ੍ਰੋਗਰਾਮ ਵਿਚ ਚਿੱਠੀ ਲਿਖੀ। ਆਪਣਾ ਪੂਰਾ ਪਤਾ ਲਿਖਿਆ ਤਖ਼ੱਲਸ ਸਮੇਤ। ਜਵਾਬ ਦੇਣ ਵਾਲੇ ਖਤਾਂ ਵਿਚ ਸ਼ਾਮਲ ਹੋਣ ਕਰਕੇ ਮੇਰਾ ਨਾਂ ਤਿੰਨ-ਚਾਰ ਵਾਰ ਬੋਲਿਆ ਗਿਆ। ਤੀਜੇ ਚੌਥੇ ਦਿਨ ਭੂਸ਼ਨ ਦੀ ਚਿੱਠੀ ਆਈ। ਉਹਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਬਹੁਤ ਖੂਬਸੂਰਤ ਅੰਗਰੇਜ਼ੀ ਵਿਚ ਲਿਖੀ ਹੋਈ ਉਹਦੀ ਚਿੱਠੀ ਮੈਂ ਕਈ ਵਰ੍ਹੇ ਸੰਭਾਲ ਕੇ ਰੱਖੀ। ਫੇਰ ਪਤਾ ਨਹੀਂ ਕਦੋਂ ਕਾਗਜ਼ਾਂ ਦੀ ਭੀੜ ਵਿਚ ਏਧਰ ਓਧਰ ਹੋ ਗਈ। ਪਿੱਛੋਂ ਸਾਡਾ ਦੋਹਾਂ ਦਾ ਸੰਪਰਕ ਵੀ ਕਾਇਮ ਨਾ ਰਹਿ ਸਕਿਆ। ਪਰ ਹੁਣ ਵੀ ਲੋਕ ਮੈਨੂੰ ਉਹਦੇ ਨਾਂ ਕਰਕੇ ਹੀ ਜਾਂਦੇ ਨੇ।

ਹਾਂ, ਤੇ ਜਦੋਂ ਕੁਝ ਲੋਕਲ ਜਿਹੇ ਪਰਚਿਆਂ ਵਿਚ ਨਾਂ ਛਪ ਗਿਆ ਤਾਂ ਮੈਂ ਜ਼ਰਾ ਵੱਡੀ ਉਡਾਰੀ ਲਾਉਣੀ ਚਾਹੀ। 'ਸਾਵੇ ਪੱਤਰ' ਪੜ੍ਹੀ ਹੋਈ ਸੀ। 'ਪੰਜ ਦਰਿਆ' ਦੇ ਕੁਝ ਅੰਕ ਵੀ ਹੱਥ ਲੱਗ ਕੇ ਦਿਲ ਦਿਮਾਗ ਤੱਕ ਛਾ ਚੁੱਕੇ ਸਨ। ਹੌਸਲਾ ਕਰਕੇ ਕੁਝ ਨਜ਼ਮਾਂ ਪ੍ਰੋ. ਮੋਹਨ ਸਿੰਘ ਹੁਰਾਂ ਨੂੰ ਭੇਜ ਦਿੱਤੀਆਂ। ਨਾਲ ਟਿਕਟ-ਲੱਗਾ, ਪਤਾ-ਲਿਖਿਆ ਲਿਫਾਫਾ ਵੀ ਨੱਥੀ ਕੀਤਾ। ਮਹੀਨਾ ਭਰ ਉਡੀਕਿਆ ਅਤੇ ਯਾਦ ਕਰਾਉਣ ਲਈ ਖਤ ਲਿਖਿਆ। ਕੁਝ ਦਿਨਾਂ ਪਿੱਛੋਂ ਅੰਗਰੇਜ਼ੀ ਵਿਚ ਟਾਈਪ ਕੀਤਾ ਜਵਾਬ ਮਿਲਿਆ ਜਿਸ 'ਤੇ ਪ੍ਰੋਫੈਸਰ ਸਾਹਿਬ ਦੇ ਦਸਤਖ਼ਤ ਵੀ ਅੰਗਰੇਜ਼ੀ ਵਿਚ ਸਨ। ਛਾਪਣ ਤੋਂ ਅਸਮਰਥਾ ਪ੍ਰਗਟਾਈ ਸੀ, ਪਰ ਪੰਜ ਦਰਿਆ ਦਾ ਚੰਦਾ ਭੇਜਣ ਦੀ ਹਦਾਇਤ ਕੀਤੀ ਸੀ। ਹਦਾਇਤ ਤਾਂ ਮੈਂ ਨਾ ਮੰਨੀ ਪਰ ਉਹ ਖਤ ਵੀ ਪੰਜ-ਸੱਤ ਸਾਲ ਮੇਰੇ ਜ਼ਰੂਰੀ ਕਾਗਜ਼ਾਂ ਦਾ ਹਿੱਸਾ ਬਣਿਆ ਰਿਹਾ ਕਿਉਂਕਿ ਉਸ 'ਤੇ ਇਕ ਮਹਾਨ ਕਵੀ ਨੇ ਆਪਣੇ ਹੱਥ ਨਾਲ ਦਸਤਖ਼ਤ ਕੀਤੇ ਹੋਏ ਸਨ।

ਚੰਡੀਗੜ੍ਹ ਆ ਕੇ ਤਾਂ ਮੈਂ ਸ਼ੌਕ ਦੇ ਹਿਸਾਬ ਨਾਲ ਛਪਣ ਲੱਗਾ। ਹੌਲੀ-ਹੌਲੀ ਆਪਣੇ ਨਾਂ ਨੂੰ ਹੌਲਾ ਕਰਦਾ ਗਿਆ। ਅਖੀਰ 'ਧਿਆਨਪੁਰੀ' ਵੀ ਲਹਿ ਗਿਆ। ਸਿਰਫ 'ਭੂਸ਼ਨ' ਹੀ ਰਹਿ ਗਿਆ। 1965-66 ਦੀ ਗੱਲ ਹੈ। ਜੀ. ਡੀ. ਚੌਧਰੀ ਦੀ ਕਿਤਾਬ ਛਪ ਰਹੀ ਸੀ, ਜਵਾਲਾਮੁਖੀ। ਉਹਨੇ ਆਪਣੇ ਜੋਤਿਸ਼ ਦੇ ਜ਼ੋਰ ਨਾਲ ਮੇਰਾ ਸਾਹਿਤਕ ਭਵਿੱਖ ਪੜ੍ਹਿਆ ਅਤੇ ਆਪਣੀ ਕਿਤਾਬ ਲਈ ਮੈਨੂੰ ਕੁਝ ਪੰਨੇ ਲਿਖਣ ਲਈ ਕਿਹਾ। ਨਾਲ ਹੀ ਕਿਹਾ ਕਿ ਆਪਣਾ ਉਹੀ ਨਾਂ ਲਿਖੀਂ ਜਿਹੜਾ ਆਪਣੀ ਕਿਤਾਬ ਛਪਣ ਵੇਲੇ ਲਿਖਣਾ ਚਾਹੇਂਗਾ। ਮੈਂ ਸਿਰਫ ਭੂਸ਼ਨ ਲਿਖਿਆ। ਇਹੋ ਛਪਿਆ।

ਜਦੋਂ ਮੇਰੀ ਪਹਿਲੀ ਕਿਤਾਬ 'ਇਕ ਮਸੀਹਾ ਹੋਰ' ਛਪਣ ਜਾਣ ਲੱਗੀ ਤਾਂ ਸ਼ਿਵ ਕੁਮਾਰ ਨੇ ਭੂਮਿਕਾ ਲਿਖਣ ਦੇ ਨਾਲ ਨਾਲ ਇਹ ਸਲਾਹ ਵੀ ਦਿੱਤੀ ਕਿ ਪਹਿਲੀ ਕਿਤਾਬ ਉਤੇ 'ਧਿਆਨਪੁਰੀ' ਦੀ ਲੋੜ ਹੈ। ਪਿੱਛੋਂ ਭਾਵੇਂ ਲਾਹ ਦੇਈਂ। ਆਪਣੇ ਵਲੋਂ ਕਦੋਂ ਦਾ ਲਾਹ ਦਿੱਤਾ ਹੋਇਆ ਹੈ। ਪਰ ਕੀ ਇਹ ਲੱਥ ਸਕਦਾ ਹੈ?

ਪਹਿਲਾਂ ਪੁੱਛਦੇ ਸਨ: ਕਿਹੜਾ ਧਿਆਨਪੁਰੀ?
ਕਹਿਣਾ ਪੈਂਦਾ ਸੀ: ਭੂਸ਼ਨ
ਹੁਣ ਪੁੱਛਦੇ ਨੇ: ਕਿਹੜਾ ਭੂਸ਼ਨ?
ਕਹਿਣਾ ਪੈਂਦਾ ਹੈ: ਧਿਆਨਪੁਰੀ।

### ਤੇਰੇ ਨਾਂ ਪਿੱਛੇ ਜੋ ਬਾਦਲ ਲੱਗਿਆ

ਮਨਪ੍ਰੀਤ ਤੇਰੀ ਸੋਚ ਨੂੰ ਲੋਕੀਂ
ਪਿਆਰ ਤਾਂ ਡਾਢਾ ਕਰਦੇ ਨੇ,
ਤੇਰੇ ਨਾਂ ਪਿੱਛੇ ਜੋ ਬਾਦਲ ਲੱਗਿਆ
ਉਸ ਤੋਂ ਥੋੜਾ ਡਰਦੇ ਨੇ।

ਦੋ ਭੁੱਖੇ ਸ਼ੇਰ ਪੰਜਾਬ ਅੰਦਰ ਜੋ
ਪੰਜ ਪੰਜ ਸਾਲ ਲਈ ਆਉਂਦੇ ਨੇ,
ਇਹ ਸੱਚ ਹੈ ਲੋਕੀਂ ਇਨ੍ਹਾਂ ਤੋਂ
ਖਹਿੜਾ ਛੁਡਵਾਉਣਾ ਚਾਹੁੰਦੇ ਨੇ।
ਪਰ ਦੁੱਧ ਦੇ ਸੜੇ ਉਹ
ਲੱਸੀ ਦੀ ਘੁਟ ਫੂਕ ਫੂਕ ਕੇ ਭਰਦੇ ਨੇ।
ਤੇਰੇ ਨਾਂ ਪਿੱਛੇ...।

ਬਸ ਦੋ ਹੀ ਕੋਲ ਪੰਜਾਬੀਆਂ ਦੇ
ਪੰਜ ਸਾਲੀ ਝੰਡਾ ਬਦਲ ਲੈਂਦੇ,
ਕੁਟ ਖਾਣੀ ਸਾਡੀ ਫਿਤਰਤ ਹੈ
ਬਸ ਹੱਥ ਤੇ ਡੰਡਾ ਬਦਲ ਲੈਂਦੇ।
ਹੁਣ ਤੈਨੂੰ ਇਹ ਅਜ਼ਮਾਉਣ ਦੀਆਂ
ਜੁੜ ਜੁੜ ਕੇ ਗੱਲਾਂ ਕਰਦੇ ਨੇ।
ਤੇਰੇ ਨਾਂ ਪਿੱਛੇ...।

ਚੱਕੀ ਦੇ ਦੋ ਪੁੜਾਂ ਵਿਚਾਲੇ
ਬੜਾ ਪੰਜਾਬੀ ਪਿਸ ਲਏ ਨੇ,
ਅੱਥਰੂ ਸਾਡੀਆਂ ਮਾਂਵਾਂ ਦੇ
ਅੱਖੀਆਂ 'ਚੋਂ ਬੜੇ ਹੀ ਰਿਸ ਲਏ ਨੇ।
ਨਸ਼ਿਆਂ ਦਾ ਦਰਿਆ ਪੰਜਾਬੀ
ਮਰ ਮਰ ਕੇ ਜਦ ਤਰਦੇ ਨੇ।
ਤੇਰੇ ਨਾਂ ਪਿੱਛੇ...।

ਰੱਬ ਕਰੇ ਕਿ ਮੌਕਾ ਮਿਲ ਜਾਵੇ
ਤੈਨੂੰ ਸਾਡਾ ਦਰਦ ਵੰਡਾਉਣ ਲਈ,
ਮੈਂ ਆਖਾਂਗਾ ਹਰ ਇਕ ਤਾਈਂ
ਬਸ ਵੋਟ ਤੈਨੂੰ ਹੀ ਪਾਉਣ ਲਈ।
ਤੇਰੀ ਸੋਚ ਨੂੰ ਮੰਗਲੀ ਵਰਗੇ
ਕਈ ਬੜਾ ਪਿਆਰ ਵੀਰਿਆ ਕਰਦੇ ਨੇ।
ਤੇਰੇ ਨਾਂ ਪਿੱਛੇ...।

-ਦੀਪ ਮੰਗਲੀ, ਨਿਊ ਯਾਰਕ
ਫੋਨ:917-242-6768

# ਬਾਲੀਵੁੱਡ 'ਚ ਵਿਦੇਸ਼ੀ ਹੁਸਨ ਦਾ ਜਲੌਅ


ਨਰਗਿਸ ਫਾਖ਼ਰੀ

ਇਸ ਵੇਲੇ ਬਾਵੀਵੁੱਡ 'ਚ ਵਿਦੇਸ਼ੀ ਸੁੰਦਰੀਆਂ ਦਾ ਬੋਲਬਾਲਾ ਹੈ। ਪਿਛਲੇ ਦਿਨੀਂ ਆਈ 'ਮਰਡਰ-2' ਵਿਚ ਸ੍ਰੀਲੰਕਾਈ ਬਿਊਟੀ ਜੈਕਲੀਨ ਫਰਨਾਂਡੀਜ਼ ਆਪਣੀਆਂ ਮਨਮੋਹਕ ਅਦਾਵਾਂ ਤੇ ਅਦਾਕਾਰੀ ਨਾਲ ਕਰੋੜਾਂ ਹਿੰਦੁਸਤਾਨੀਆਂ ਦਾ ਦਿਲ ਮੋਹਣ 'ਚ ਸਫਲ ਰਹੀ। ਉਸੇ ਵਾਂਗ ਇਮਤਿਆਜ਼ ਅਲੀ ਦੇ ਨਿਰਦੇਸ਼ਨ 'ਚ ਬਣੀ ਤੇ ਛੇਤੀ ਰਿਲੀਜ਼ ਹੋਣ ਵਾਲੀ ਰਣਬੀਰ ਕਪੂਰ ਸਟਾਰਰ ਫ਼ਿਲਮ 'ਰੌਕਸਟਾਰ' ਰਾਹੀਂ ਪਾਕਿਸਤਾਨੀ ਅਦਾਕਾਰਾ ਨਰਗਿਸ ਫਾਖਰੀ ਵੀ ਤਹਿਲਕਾ ਮਚਾਉਣ ਲਈ ਤਿਆਰ ਹੈ। ਇਸ ਤੋਂ ਇਲਾਵਾ ਕੋਲੰਬੀਆ ਦੀ ਪੌਪ ਸੈਂਸੇਸ਼ਨ ਸ਼ਕੀਰਾ ਵੀ ਹੁਣ ਫ਼ਿਲਮ 'ਰਾ ਵਨ' 'ਚ ਸ਼ਾਹਰੁਖ ਖਾਨ ਨਾਲ ਮਹਿਮਾਨ ਭੂਮਿਕਾ 'ਚ ਨਜ਼ਰ ਆਉਣ ਵਾਲੀ ਹੈ। ਇਸ ਤੋਂ ਇਲਾਵਾ ਉਹ ਇਕ ਫ਼ਿਲਮ 'ਕਾਲੀ' ਵੀ ਕਰ ਰਹੀ ਹੈ।

ਇਸੇ ਸੂਚੀ 'ਚ ਨਵਾਂ ਨਾਂ ਮਿਲਿਤਜਾ ਮਿਲੋਵਿਕ ਦਾ ਹੈ। ਇਹ ਬ੍ਰਿਟਿਸ਼ ਮਾਡਲ ਫ਼ਿਲਮ 'ਫਾਇਰਡ' 'ਚ ਰਾਹੁਲ ਬੋਸ ਦੇ ਆਪੋਜ਼ਿਟ ਨਜ਼ਰ ਆਏਗੀ। ਫ਼ਿਲਮ 'ਚ ਮਿਲਿਤਜਾ ਇਕ ਮਾਸੂਮ ਕੁੜੀ ਰੂਬੀ ਦੇ ਕਿਰਦਾਰ 'ਚ ਹੈ ਜੋ ਪਿਆਰ ਬਾਰੇ ਕੁਝ ਵੀ ਨਹੀਂ ਸਮਝਦੀ। ਇਸ ਤੋਂ ਇਲਾਵਾ ਫਰਾਂਸੀਸੀ ਅਦਾਕਾਰਾ ਲੁਸੀਆ ਕੇਟਸ ਵੀ 'ਐਕਸਕਿਊਜ਼ ਮੀ ਪਲੀਜ਼' 'ਚ ਗੋਵਿੰਦਾ ਨਾਲ ਜਦਕਿ ਪ੍ਰਕਾਸ਼ ਝਾਅ ਦੇ ਅਗਲੇ ਪ੍ਰਾਜੈਕਟ 'ਚ ਦ੍ਰੋਪਦੀ ਦੇ ਰੋਲ ਲਈ ਐਂਜਲੀਨਾ ਜੋਲੀ ਉਨ੍ਹਾਂ ਦੀ ਪਹਿਲੀ ਪਸੰਦ ਹੈ। ਖਾਸ ਗੱਲ ਇਹ ਹੈ ਕਿ ਸਾਰੀਆਂ ਵਿਦੇਸ਼ੀ ਅਭਿਨੇਤਰੀਆਂ ਇਨ੍ਹਾਂ ਫ਼ਿਲਮਾਂ 'ਚ ਐਕਸਟਰਾ ਜਾਂ ਫਿਰ ਸੈਕਿੰਡ ਲੀਡ 'ਚ ਨਜ਼ਰ ਨਹੀਂ ਆਉਣਗੀਆਂ ਸਗੋਂ ਇਹ ਸਾਰੀਆਂ ਲੀਡ ਰੋਲ ਕਰ ਰਹੀਆਂ ਹਨ।

**ਬ੍ਰਾਜ਼ੀਲੀਅਨ ਬਿਊਟੀ ਗਿਜ਼ੇਲ ਮੋਂਟੇਰੀਓ ਭਾਵ 'ਲਵ ਆਜਕਲ' ਦੀ ਹਰਲੀਨ ਕੌਰ ਕਹਿੰਦੀ ਹੈ ਕਿ ਉਸ ਨੂੰ ਭਾਰਤ ਨਾਲ ਖਾਸ ਲਗਾਅ ਹੈ। ਅਕਸਰ ਲੋਕ ਉਸ ਨੂੰ ਪੰਜਾਬਣ ਸਮਝ ਲੈਂਦੇ ਹਨ। ਇਸ ਨਾਲ ਉਸ ਨੂੰ ਬਹੁਤ ਖੁਸ਼ ਹੁੰਦੀ ਹੈ।**

ਉਂਜ ਦੇਖਿਆ ਜਾਏ ਤਾਂ ਇਕ ਦੌਰ ਉਹ ਵੀ ਸੀ ਜਦੋਂ ਹਿੰਦੀ ਫ਼ਿਲਮਾਂ 'ਚ ਆਈਟਮ ਨੰਬਰ ਲਈ ਗੋਰੀ ਚਮੜੀ ਵਾਲੀ ਵਿਦੇਸ਼ੀ ਮੇਮ ਚਾਹੀਦੀ ਹੁੰਦੀ ਸੀ ਪਰ ਅੱਜ ਹਿੰਦੀ ਫ਼ਿਲਮਾਂ ਦਾ ਇਹ ਰੁਝਾਨ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਹੁਣ ਇਹ ਵਿਦੇਸ਼ੀ ਕੁੜੀਆਂ ਖੁਦ ਬਾਲੀਵੁੱਡ ਵੱਲ ਆਕਰਸ਼ਿਤ ਹੋ ਰਹੀਆਂ ਹਨ। ਪਿਛਲੇ ਕੁਝ ਸਾਲਾਂ 'ਚ ਰਿਲੀਜ਼ ਹਿੰਦੀ ਫ਼ਿਲਮਾਂ 'ਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਸਾਲਾਂ 'ਚ ਵੱਡੀ ਗਿਣਤੀ 'ਚ ਵਿਦੇਸ਼ੀ ਅਭਿਨੇਤਰੀਆਂ ਬਾਲੀਵੁੱਡ 'ਚ ਆਈਆਂ ਹਨ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ।


ਸ਼ਕੀਰਾ

ਭਾਵੇਂਕਿ ਕੁਝ ਸਮਾਂ ਪਹਿਲਾਂ ਤਕ ਇਨ੍ਹਾਂ ਵਿਦੇਸ਼ੀ ਕੁੜੀਆਂ ਨੂੰ 'ਐਕਸਟਰਾ' ਦਾ ਦਰਜਾ ਦਿੱਤਾ ਜਾਂਦਾ ਸੀ ਪਰ ਅੱਜ ਇਨ੍ਹਾਂ ਨੇ ਚੰਗੇ ਕੰਮ ਨਾਲ ਆਪਣੀ ਹਾਜ਼ਰੀ ਦਰਜ ਕਰਵਾਈ ਹੈ।

ਬਾਲੀਵੁੱਡ ਦੀਆਂ ਫ਼ਿਲਮਾਂ 'ਚ ਵਿਦੇਸ਼ੀ ਮੁਟਿਆਰਾਂ ਦੇ ਰੁਝਾਨ ਨੂੰ ਸ਼ੁਰੂ ਕਰਨ ਵਾਲੇ ਪਹਿਲੇ ਫ਼ਿਲਮਕਾਰ ਬਾਲੀਵੁੱਡ ਦੇ ਪਹਿਲੇ ਸ਼ੋਅਮੈਨ ਰਾਜ ਕਪੂਰ ਸਨ। ਰਾਜਕਪੂਰ ਨੇ ਹੀ ਸਭ ਤੋਂ ਪਹਿਲਾਂ ਵਿਦੇਸ਼ੀ ਅਦਾਕਾਰਾ ਸੇਨੀਆ ਯਾਬਿਨਕਿਨਾ ਨੂੰ ਭਾਰਤੀ ਸਿਨੇਮਾ ਨਾਲ ਰੂ-ਬਰੂ ਕਰਵਾਇਆ ਸੀ। ਉਨ੍ਹਾਂ ਨੇ ਆਪਣੀ ਫ਼ਿਲਮ 'ਮੇਰਾ ਨਾਮ ਜੋਕਰ' ਨੂੰ ਹਿੱਟ ਕਰਵਾਉਣ ਲਈ ਰੂਸੀ ਸੁੰਦਰੀ ਸੇਨੀਆ ਯਾਬਿਨਕਿਨਾ ਨੂੰ ਫ਼ਿਲਮ 'ਚ ਲਿਆ ਸੀ। ਉਸ ਪਿੱਛੋਂ ਵਿਦੇਸ਼ਾਂ ਤੋਂ ਕਈ ਅਭਿਨੇਤਰੀਆਂ ਇਥੇ ਆਈਆਂ ਤੇ ਬਾਲੀਵੁੱਡ 'ਚ ਲੰਬੀ ਪਾਰੀ ਨਾ ਖੇਡਣ ਦੇ ਬਾਵਜੂਦ ਆਪਣੀ ਪਛਾਣ ਛੱਡ ਗਈਆਂ।

ਗੁਆਂਢੀ ਦੇਸ਼ ਪਾਕਿਸਤਾਨ ਦੀਆਂ ਵੀ ਕਈ ਅਭਿਨੇਤਰੀਆਂ ਨੇ ਇਥੇ ਆਪਣੀ ਫ਼ਿਲਮੀ ਪਾਰੀ ਦੀ ਸ਼ੁਰੂਆਤ ਕੀਤੀ, ਭਾਵੇਂ ਉਨ੍ਹਾਂ ਨੂੰ ਖਾਸ ਪ੍ਰਾਪਤੀ ਨਾ ਹੋਈ ਹੋਵੇ। ਫ਼ਿਲਮ 'ਨਿਕਾਹ' ਦੀ ਸਲਮਾ ਆਗਾ ਤੇ 'ਹਿਨਾ' ਦੀ ਜੇਬਾ ਬਖਤਿਆਰ ਨੂੰ ਸ਼ਾਇਦ ਹੀ ਫ਼ਿਲਮ ਪ੍ਰੇਮੀ ਭੁੱਲੇ ਹੋਣ।

ਉਂਜ ਵੀ ਗੋਰਾ ਰੰਗ, ਹਲਕੀਆਂ ਅੱਖਾਂ ਤੇ ਸੁਨਹਿਰੀ ਵਾਲਾਂ ਪ੍ਰਤੀ ਭਾਰਤੀ ਮਰਦਾਂ ਦਾ ਆਕਰਸ਼ਣ ਕਿਸੇ ਤੋਂ ਲੁਕਿਆ ਨਹੀਂ ਹੈ। ਇਸੇ ਕਾਰਨ ਭਾਵੇਂ ਥੋੜ੍ਹੇ ਸਮੇਂ ਲਈ ਹੀ ਸਹੀ ਪਰ ਇਹ ਵਿਦੇਸ਼ੀ ਮੁਟਿਆਰਾਂ ਹਿੰਦੀ ਫ਼ਿਲਮਾਂ 'ਚ ਆਪਣਾ ਸਥਾਨ ਹਾਸਲ ਕਰਨ 'ਚ ਸਫਲ ਸਿੱਧ ਹੋ ਰਹੀਆਂ ਹਨ। ਫ਼ਿਲਮ 'ਰੰਗ ਦੇ ਬਸੰਤੀ' 'ਚ ਮੈਰੀਗੋਲਡ ਲੇਕਸਟਨ, 'ਲਗਾਨ' 'ਚ ਰਿਚੇਲ ਸ਼ੈਲੀ, 'ਸਲਾਮ-ਏ-ਇਸ਼ਕ' 'ਚ ਸਟੈਫਨੀ ਕਲਾਡੀਆ ਵਰਗੀਆਂ ਵਿਦੇਸ਼ੀ ਅਭਿਨੇਤਰੀਆਂ ਆਪਣੇ ਕੰਮ ਨਾਲ ਖਾਸ ਚਰਚਾ ਹਾਸਲ ਕਰਨ 'ਚ ਸਫਲ ਰਹੀਆਂ। ਅਮਰੀਕਨ ਅਦਾਕਾਰਾ ਡੈਨਿਸ ਰਿਚਰਚਡਸ ਨੇ ਸਾਜਿਦ ਨਾਡਿਆਦਵਾਲਾ ਦੀ ਫ਼ਿਲਮ 'ਕੰਬਖਤ ਇਸ਼ਕ' ਨਾਲ ਬਾਲੀਵੁੱਡ 'ਚ ਐਂਟਰੀ ਕੀਤੀ ਤਾਂ ਲੈਟਿਨ ਬਿਊਟੀ ਬਾਰਬਰਾ ਮੋਰੀ ਰਿਤਿਕ ਰੋਸ਼ਨ ਨਾਲ 'ਕਾਈਟਸ' 'ਚ ਨਜ਼ਰ ਆਈ। ਇਸ ਤੋਂ ਇਲਾਵਾ ਫ਼ਿਲਮ 'ਕਿਸਨਾ' 'ਚ ਵਿਵੇਕ ਓਬਰਾਏ ਦੇ ਆਪੋਜ਼ਿਟ ਅਦਾਕਾਰਾ ਐਂਟੀਨੀਓ ਬਰਨਾਥ ਨਜ਼ਰ ਆਈ ਤਾਂ ਅਦਾਕਾਰਾ ਅਲੀ ਲਾਰਟਰ ਨੇ ਸਲਮਾਨ ਖਾਨ ਸਟਾਰਰ ਫ਼ਿਲਮ 'ਮੈਰੀਗੋਲਡ' 'ਚ ਕੰਮ ਕੀਤਾ। ਉਥੇ ਹੀ ਬਰਨਾਰਡ, ਰੋਡਰਿਕਸ ਫ਼ਿਲਮ 'ਆਊਟ ਆਫ ਕੰਟਰੋਲ' 'ਚ ਰਿਤੇਸ਼ ਦੇਸ਼ਮੁੱਖ ਦੀ ਅਮਰੀਕਨ ਪਤਨੀ ਦੇ ਰੂਪ 'ਚ ਨਜ਼ਰ ਆਈ ਜਦਕਿ ਇਹ ਫ਼ਿਲਮ ਸੁਪਰ ਫਲਾਪ ਰਹੀ।

ਅਮਰੀਕਨ ਅਦਾਕਾਰਾ ਲਿੰਡਾ ਅਰਸੇਨੀਓ ਜਾਨ ਅਬ੍ਰਾਹਿਮ ਨਾਲ 'ਕਾਬੁਲ ਐਕਸਪ੍ਰੈਸ' 'ਚ ਨਜ਼ਰ ਆਈ। ਫਿਰ ਆਫਤਾਬ ਸ਼ਿਵਦਾਸਾਨੀ ਨਾਲ ਫ਼ਿਲਮ 'ਆਲੂ ਚਾਟ' ਤੋਂ ਇਲਾਵਾ ਫ਼ਿਲਮ 'ਮੁੰਬਈ ਸਾਲਸਾ' 'ਚ ਵੀ ਨਜ਼ਰ ਆਈ। ਉਸ ਦੇ ਕੰਮ ਤੇ ਖੂਬਸੂਰਤੀ ਨੂੰ ਸਰਾਹਿਆ ਗਿਆ ਪਰ ਕੋਈ ਖਾਸ ਚਰਚਾ ਨਹੀਂ ਹੋਈ। ਹਿੰਦੀ ਫ਼ਿਲਮਾਂ 'ਚ ਕੰਮ ਨਹੀਂ ਮਿਲਿਆ ਤਾਂ ਲਿੰਡਾ ਨੇ ਦੱਖਣ ਵੱਲ ਰੁਖ਼ ਕਰ ਲਿਆ ਤੇ ਉਹ ਮਲਿਆਲਮ ਫ਼ਿਲਮ 'ਹਾਸੀ ਰਾਜਾ' 'ਚ ਨਜ਼ਰ ਆਈ।


ਜੈਕਲੀਨ ਫਰਨਾਂਡੀਜ਼

ਉਂਜ ਹਿੰਦੀ ਫ਼ਿਲਮਾਂ 'ਚ ਵਿਦੇਸ਼ੀ ਅਭਿਨੇਤਰੀਆਂ ਦੀ ਇਹ ਲਿਸਟ ਇਥੇ ਹੀ ਖਤਮ ਨਹੀਂ ਹੁੰਦੀ ਕਿਉਂਕਿ ਇਸ ਤੋਂ ਪਹਿਲਾਂ ਇੰਟਰਨੈਸ਼ਨਲ ਪੌਪ ਸਟਾਰ ਕਾਇਲੀ ਮਿਨੋਗ ਫ਼ਿਲਮ 'ਬਲਿਊ' 'ਚ ਨਜ਼ਰ ਆਈ ਸੀ ਤਾਂ ਗਿਜ਼ੇਲ ਮੋਂਟੇਰੀਓ ਇਮਤਿਆਜ਼ ਅਲੀ ਦੀ ਫ਼ਿਲਮ 'ਲਵ ਆਜਕਲ' 'ਚ ਨਜ਼ਰ ਆਈ ਸੀ। ਬ੍ਰਾਜ਼ੀਲੀਅਨ ਬਿਊਟੀ ਗਿਜ਼ੇਲ ਮੋਂਟੇਰੀਓ ਭਾਵ 'ਲਵ ਆਜਕਲ' ਦੀ ਹਰਲੀਨ ਕੌਰ ਕਹਿੰਦੀ ਹੈ ਕਿ ਉਸ ਨੂੰ ਭਾਰਤ ਨਾਲ ਖਾਸ ਲਗਾਅ ਹੈ। ਅਕਸਰ ਲੋਕ ਉਸ ਨੂੰ ਪੰਜਾਬੀ ਕੁੜੀ ਸਮਝ ਲੈਂਦੇ ਹਨ ਤੇ ਇਸ ਨਾਲ ਉਸ ਨੂੰ ਬਹੁਤ ਖੁਸ਼ੀ ਮਿਲਦੀ ਹੈ।

# ਮਧੂ ਬਾਲਾ: ਹਿੰਦੀ ਫ਼ਿਲਮਾਂ ਦੀ ਅਨਾਰਕਲੀ

ਬਾਲੀਵੁੱਡ 'ਚ ਸਭ ਤੋਂ ਵੱਧ ਚਰਚਿਤ ਫ਼ਿਲਮ 'ਮੁਗਲ-ਏ-ਆਜ਼ਮ' ਦੀ ਨਾਇਕਾ 'ਅਨਾਰਕਲੀ' ਦਾ ਬਚਪਨ ਦਾ ਘਰੇਲੂ ਨਾਂ ਮੁਮਤਾਜ਼ ਬੇਗਮ ਜਹਾਂ ਦੇਹਲਵੀ ਸੀ ਜੋ ਬਾਅਦ ਵਿਚ ਫ਼ਿਲਮਾਂ ਵਿਚ ਆਉਣ 'ਤੇ ਮਧੂ ਬਾਲਾ ਨਾਂ ਨਾਲ ਮਸ਼ਹੂਰ ਹੋਈ। ਮਧੂ ਬਾਲਾ ਦਾ ਜਨਮ ਇਕ ਪਸ਼ਤੂਨ ਮੁਸਲਿਮ ਪਰਿਵਾਰ ਵਿਚ ਹੋਇਆ ਸੀ। ਮਧੂ ਬਾਲਾ ਆਪਣੇ ਪਿਤਾ ਦੀ ਪੰਜਵੀਂ ਸੰਤਾਨ ਸੀ। ਉਂਜ ਮਧੂ ਬਾਲਾ ਦੇ 10 ਭੈਣ-ਭਰਾ ਹੋਰ ਸਨ।

ਬਾਲੀਵੁੱਡ ਵਿਚ ਮਧੂ ਬਾਲਾ ਦਾ ਦਾਖਲਾ ਬੇਬੀ ਮੁਮਤਾਜ਼ ਦੇ ਨਾਂ ਨਾਲ ਹੋਇਆ। ਉਹ ਸੱਚਮੁੱਚ ਅਭਿਨੈ ਤੇ ਸੁੰਦਰਤਾ ਦੀ ਮੂਰਤ ਸੀ। ਉਸ ਦੀ ਪਹਿਲੀ ਫ਼ਿਲਮ 'ਬਸੰਤ' ਸੀ ਜੋ ਸੰਨ 1942 ਵਿਚ ਬਣੀ ਸੀ। ਇਸ ਫ਼ਿਲਮ ਵਿਚਲੇ ਬੇਬੀ ਮੁਮਤਾਜ਼ ਦੇ ਅਭਿਨੈ ਤੋਂ ਦੇਵਿਕਾ ਰਾਣੀ ਏਨੀ ਪ੍ਰਭਾਵਿਤ ਹੋਈ ਕਿ ਬੇਬੀ ਮੁਮਤਾਜ਼ ਦਾ ਨਾਂ ਬਦਲ ਕੇ ਮਧੂ ਬਾਲਾ ਰੱਖ ਦਿੱਤਾ ਗਿਆ।

ਅਭਿਨੈ ਦੀ ਇਸ ਯਾਤਰਾ ਵਿਚ ਮਧੂ ਬਾਲਾ ਨੂੰ ਮੁੱਖ ਭੂਮਿਕਾ ਨਿਭਾਉਣ ਦਾ ਪਹਿਲਾ ਮੌਕਾ ਕੇਦਾਰ ਸ਼ਰਮਾ ਨੇ ਆਪਣੀ ਫ਼ਿਲਮ 'ਨੀਲ ਕਮਲ' ਵਿਚ ਦਿੱਤਾ। ਇਹ ਫ਼ਿਲਮ ਸੰਨ 1947 ਵਿਚ ਬਣੀ ਸੀ। ਇਸ ਫ਼ਿਲਮ ਵਿਚ ਉਸ ਦਾ ਸਾਥੀ ਕਲਾਕਾਰ ਰਾਜ ਕਪੂਰ ਸੀ। ਇਸ ਫ਼ਿਲਮ ਵਿਚ ਮਧੂ ਬਾਲਾ ਦੇ ਵਧੀਆ ਅਭਿਨੈ ਤੋਂ ਬਾਅਦ ਮਧੂ ਬਾਲਾ ਨੂੰ 'ਸੁੰਦਰਤਾ ਦੀ ਦੇਵੀ' ਕਿਹਾ ਜਾਣ ਲੱਗਾ। ਇਸ ਫ਼ਿਲਮ ਤੋਂ ਦੋ ਮਹੀਨੇ ਬਾਅਦ ਬੰਬੇ ਟਾਕੀਜ਼ ਦੀ ਫ਼ਿਲਮ 'ਮਹੱਲ' ਵਿਚ ਮਧੂ ਬਾਲਾ ਨੇ ਅਭਿਨੈ ਕੀਤਾ। ਇਸ ਫ਼ਿਲਮ ਦਾ ਗੀਤ 'ਆਏਗਾ... ਆਏਗਾ... ਆਏਗਾ... ਆਨੇ ਵਾਲਾ ਆਏਗਾ', ਅੱਜ ਵੀ ਲੋਕ ਮਨਾਂ 'ਚ ਵਸਿਆ ਹੋਇਆ ਹੈ। ਇਸ ਗੀਤ ਨੂੰ ਆਵਾਜ਼ ਪਿੱਠਵਰਤੀ ਗਾਇਕਾ ਲਤਾ ਮੰਗੇਸ਼ਕਰ ਨੇ ਦਿੱਤੀ ਸੀ।

ਇਸ ਫ਼ਿਲਮ ਦੀ ਅਪਾਰ ਸਫ਼ਲਤਾ ਤੋਂ ਬਾਅਦ ਮਧੂ ਬਾਲਾ ਨੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸੰਨ 1950 ਦੇ ਦਹਾਕੇ ਵਿਚ ਮਧੂ ਬਾਲਾ ਦੀਆਂ ਕੁਝ ਫ਼ਿਲਮਾਂ ਫਲਾਪ ਹੋਈਆਂ ਤਾਂ ਉਨ੍ਹਾਂ ਦੇ ਆਲੋਚਕ ਕਹਿਣ ਲੱਗੇ, ਮਧੂ ਬਾਲਾ ਵਿਚ ਕਲਾ ਪ੍ਰਤਿਭਾ ਨਹੀਂ, ਬਸ ਖ਼ੂਬਸੂਰਤੀ ਹੀ ਹੈ ਜਿਸ ਦੇ ਸਹਾਰੇ ਉਹ ਪਹਿਲਾਂ ਸਬੱਬੀ ਹੀ ਸਫ਼ਲ ਹੋ ਗਈ।



ਦਰਅਸਲ ਫ਼ਿਲਮਾਂ ਦੇ ਫਲਾਪ ਹੋਣ ਦਾ ਕਾਰਨ ਮਧੂ ਬਾਲਾ ਜਾਂ ਉਸ ਦੀ ਪ੍ਰਤਿਭਾ ਨਹੀਂ ਸੀ ਸਗੋਂ ਮਧੂ ਬਾਲਾ ਦੇ ਪਿਤਾ ਜੋ ਉਸ ਦੇ ਮੈਨੇਜਰ ਵਜੋਂ ਕੰਮ ਦੇਖਦਾ ਸੀ, ਨੇ ਹੀ ਫ਼ਿਲਮਾਂ ਦੀ ਚੋਣ ਕਰਨ ਵਿਚ ਗ਼ਲਤੀ ਕੀਤੀ ਸੀ। ਮਧੂ ਬਾਲਾ ਹੀ ਉਸ ਦੇ ਪਰਿਵਾਰ ਵਿਚੋਂ ਕਮਾਉਣ ਵਾਲੀ ਸੀ ਜਿਸ ਦੀ ਕਮਾਈ ਨਾਲ ਇਹ ਵੱਡਾ ਪਰਿਵਾਰ ਗੁਜ਼ਾਰਾ ਕਰਦਾ ਸੀ। ਇਸੇ ਕਰਕੇ ਹੀ ਮਧੂ ਬਾਲਾ ਦਾ ਪਿਤਾ ਪਰਿਵਾਰ ਦੀ ਲੋੜ ਨੂੰ ਮੁੱਖ ਰੱਖ ਕੇ ਕਿਸੇ ਵੀ ਤਰ੍ਹਾਂ ਦੀ ਫ਼ਿਲਮ ਦੀ ਚੋਣ ਕਰ ਲੈਂਦਾ ਸੀ।

1958 ਵਿਚ ਮਧੂ ਬਾਲਾ ਨੇ ਆਪਣੀ ਪ੍ਰਤਿਭਾ ਨੂੰ ਮੁੜ ਕਾਇਮ ਕੀਤਾ। ਇਸੇ ਸਾਲ ਉਸ ਦੀਆਂ ਫ਼ਿਲਮਾਂ ਫਾਗੁਨ, ਹਾਵੜਾ ਬ੍ਰਿਜ, ਕਾਲਾਪਾਨੀ ਤੇ ਚਲਤੀ ਕਾ ਨਾਮ ਗਾੜੀ ਆਈਆਂ। ਇਹ ਫ਼ਿਲਮਾਂ ਸੁਪਰ ਹਿੱਟ ਰਹੀਆਂ। 1960 ਵਿਚ ਮਧੂ ਬਾਲਾ ਨੇ ਗਾਇਕ ਅਭਿਨੇਤਾ ਕਿਸ਼ੋਰ ਕੁਮਾਰ ਨਾਲ ਵਿਆਹ ਕਰਾ ਲਿਆ। ਇਸ ਵਿਆਹ ਨੂੰ ਕਿਸ਼ੋਰ ਕੁਮਾਰ ਦੇ ਪਰਿਵਾਰ ਨੇ ਕਦੇ ਮਾਨਤਾ ਨਾ ਦਿੱਤੀ ਤੇ ਮਧੂ ਬਾਲਾ ਨੂੰ ਕਿਸ਼ੋਰ ਦੇ ਮਾਤਾ-ਪਿਤਾ ਨੇ ਕਦੇ ਆਪਣੀ ਨੂੰਹ ਵਜੋਂ ਸਵੀਕਾਰ ਨਹੀਂ ਕੀਤਾ ਕਿਉਂਕਿ ਕਿਸ਼ੋਰ ਕੁਮਾਰ ਦੇ ਮਾਤਾ-ਪਿਤਾ ਦਾ ਵਿਚਾਰ ਸੀ ਕਿ ਮਧੂ ਬਾਲਾ ਹੀ ਕਿਸ਼ੋਰ ਕੁਮਾਰ ਦਾ ਪਹਿਲਾ ਵਿਆਹ ਤੋੜਨ ਲਈ ਜ਼ਿੰਮੇਵਾਰ ਹੈ। ਇਸ ਤੋਂ ਬਾਅਦ ਕਿਸ਼ੋਰ ਕੁਮਾਰ ਨੇ ਦੁਖੀ ਮਾਤਾ-ਪਿਤਾ ਨੂੰ ਖੁਸ਼ ਕਰਨ ਦੀ ਇਕ ਤਰਕੀਬ ਕੱਢੀ ਤੇ ਮੁੜ ਹਿੰਦੂ ਰਸਮਾਂ ਅਨੁਸਾਰ ਮਧੂ ਬਾਲਾ ਨਾਲ ਵਿਆਹ ਕਰਾ ਲਿਆ।

5 ਅਗਸਤ ਸੰਨ 1960 ਨੂੰ ਜਦ ਫ਼ਿਲਮ 'ਮੁਗਲ-ਏ-ਆਜ਼ਮ' ਪ੍ਰਦਰਸ਼ਿਤ ਹੋਈ ਤਾਂ ਫ਼ਿਲਮ ਸਮੀਖਿਅਕਾਂ ਤੇ ਦਰਸ਼ਕਾਂ ਨੂੰ ਇਸ ਵਿਚ ਮਧੂ ਬਾਲਾ ਦੀ ਸਖ਼ਤ ਮਿਹਨਤ ਤੇ ਲਗਨ ਸਾਫ਼ ਨਜ਼ਰ ਆਈ। ਦਰਅਸਲ ਇਹ ਮਧੂ ਬਾਲਾ ਦੀ ਮਿਹਨਤ ਹੀ ਸੀ ਜਿਸ ਨੇ 'ਮੁਗਲ-ਏ-ਆਜ਼ਮ' ਦੀ ਸਫ਼ਲਤਾ ਵਿਚ ਚਾਰ ਚੰਨ ਲਾਏ ਸਨ। ਇਸ ਫ਼ਿਲਮ ਵਿਚ ਨਿਭਾਏ ਕਿਰਦਾਰ ਲਈ ਮਧੂ ਬਾਲਾ ਨੂੰ ਫ਼ਿਲਮ ਫੇਅਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਪਰ ਇਹ ਐਵਾਰਡ ਉਸ ਨੂੰ ਨਾ ਮਿਲ ਸਕਿਆ।

**5 ਅਗਸਤ 1960 ਨੂੰ ਜਦ ਫ਼ਿਲਮ 'ਮੁਗਲ-ਏ-ਆਜ਼ਮ' ਪ੍ਰਦਰਸ਼ਿਤ ਹੋਈ ਤਾਂ ਫ਼ਿਲਮ ਸਮੀਖਿਅਕਾਂ ਤੇ ਦਰਸ਼ਕਾਂ ਨੂੰ ਇਸ ਵਿਚ ਮਧੂ ਬਾਲਾ ਦੀ ਸਖ਼ਤ ਮਿਹਨਤ ਤੇ ਲਗਨ ਸਾਫ਼ ਨਜ਼ਰ ਆਈ। ਦਰਅਸਲ ਇਹ ਮਧੂ ਬਾਲਾ ਦੀ ਮਿਹਨਤ ਹੀ ਸੀ ਜਿਸ ਨੇ 'ਮੁਗਲ-ਏ-ਆਜ਼ਮ' ਦੀ ਸਫ਼ਲਤਾ ਨੂੰ ਚਾਰ ਚੰਨ ਲਾਏ ਸਨ।**

ਮਧੂ ਬਾਲਾ ਦਿਲ ਦੇ ਰੋਗ ਤੋਂ ਪੀੜਤ ਸੀ ਜਿਸ ਦਾ ਪਤਾ ਉਸ ਨੂੰ 1950 ਵਿਚ ਲੱਗ ਗਿਆ ਸੀ ਪਰ ਉਸ ਨੇ ਇਹ ਗੱਲ ਜਗ ਜ਼ਾਹਿਰ ਨਾ ਕੀਤੀ। ਇਕ ਦਿਨ ਜਦੋਂ ਮਧੂ ਬਾਲਾ ਦਿਲ ਦੇ ਰੋਗ ਦੇ ਇਲਾਜ ਲਈ ਲੰਦਨ ਗਈ ਤਾਂ ਡਾਕਟਰਾਂ ਨੇ ਉਸ ਦੀ ਸਰਜਰੀ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਡਰ ਸੀ ਕਿ ਸਰਜਰੀ ਕਰਦਿਆਂ ਮਧੂ ਬਾਲਾ ਦੀ ਜਾਨ ਵੀ ਜਾ ਸਕਦੀ ਹੈ। ਸੋ ਜ਼ਿੰਦਗੀ ਦੇ ਆਖਰੀ 9 ਸਾਲ ਮਧੂ ਬਾਲਾ ਨੂੰ ਬਿਸਤਰ 'ਤੇ ਹੀ ਬਿਤਾਉਣੇ ਪਏ। 23 ਫਰਵਰੀ 1969 ਨੂੰ ਇਸ ਬਿਮਾਰੀ ਦੀ ਵਜ੍ਹਾ ਕਰਕੇ 36 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਦੋ ਸਾਲ ਬਾਅਦ 1971 ਵਿਚ ਉਨ੍ਹਾਂ ਦੀ ਇਕ ਫ਼ਿਲਮ 'ਜਲਵਾ' ਪ੍ਰਦਰਸ਼ਿਤ ਹੋਈ। ਮਧੂ ਬਾਲਾ ਨੇ 70 ਤੋਂ ਵਧੇਰੇ ਫ਼ਿਲਮਾਂ ਵਿਚ ਕੰਮ ਕੀਤਾ ਸੀ।



Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com




ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਦੂਜਾ ਕਬੱਡੀ ਕੱਪ



## ਬੇਕਰਸਫੀਲਡ ਵਿੱਚ





ਸਮੂਹ ਬੇਕਰਸਫੀਲਡ ਸੰਗਤਾਂ ਵਲੋਂ

15 ਅਕਤੂਬਰ 2011 ਦਿਨ ਸ਼ਨੀਵਾਰ

ਸਥਾਨ ▶ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ

8100, ਸਟਾਈਨ ਰੋਡ, ਬੇਕਰਸਫੀਲਡ

ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ

ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ

**ਜੇਤੂ ਕਲੱਬ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 3100**

**21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100**

ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ

| | | | | | |
|---|---|---|---|---|---|
| ਜੱਸੀ ਗਿੱਲ 661-331-6766 | ਜੀਤਾ ਮਾਣਕ 661-444-7799 | ਬਲਜੀਤ ਧੂਤ 661-304-0087 | ਦੀਪਾ ਢੀਂਡਸਾ 661-444-7666 | ਜੀਤਾ ਢਿਲੋਂ 661-472-3717 | ਗੁਰਿੰਦਰ ਬਸਰਾ 661-873-5181 |
| ਤਰਲੋਚਨ ਸਿੰਘ 661-979-1495 | ਸੇਵਾ ਕੁਲਥਮ 661-204-3785 | ਗੁਰਮੀਤ ਸਿੱਧੂ 661-332-9491 | ਜਾਪੀ ਢਿਲੋਂ 661-301-4693 | ਜਗਤਾਰ ਗਿੱਲ 661-900-7466 | ਮਲਕੀਤ ਸਿੰਘ 661-978-5795 |

ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸੜ, ਮਲਕੀਤ (ਡਾਲਾ), ਦਲਜੀਤ ਭੰਗੂ, ਗੁਰਸੇਵਕ ਭੰਗੂ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਂਡਸਾ, ਰਾਮ ਸਿੰਘ ਸੰਘਾ, ਜੀਤਾ ਢਿਲੋਂ, ਦੀਪਾ ਢੀਂਡਸਾ, ਸੋਹੀ ਸਮਰ, ਹਰਮਨ ਤੂਰ, ਬਿੰਟਾ ਤੂਰ (PIXLEY) ਰਿਸ਼ਪਾਲ SUNRISE, ਬੌਬ ਬਾਠ (Pixley), ਪਰਦੀਪ ਬਰਾੜ, ਹਰਦਮ ਸਿੰਘ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਕੁਲਦੀਪ ਤੂਰ, ਜਤਿੰਦਰ ਰੂਬੀ, ਲੱਕੀ ਸਿੰਘ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ 24/7, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਬਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੌਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਭੁੱਲਰ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਸੁਰਜੀਤ ਸਿੰਘ (ਅਰਵਨ), ਹੈਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਦੀਪਾ ਸਿਵੀਆ, ਬਲਦੇਵ ਸਿੰਘ (FRED LIQUOR) ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਐਨ. ਕੇ. ਸਾਈਨ, ਸੁਖਦੇਵ ਗਿੱਲ, ਡੱਡੀ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, Bob Virk, Amarjit Singh Brar, Road Liner Log, Bhuto, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ ।

ਨੋਟ : ਮੈਚ 9:00 ਵਜੇ ਸ਼ੁਰੂ ਹੋਵੇਗਾ ਅਤੇ ਹਰ ਇਕ ਟੀਮ ਦੀ ਐਂਟਰੀ ਮੈਚ ਤੋਂ 30 ਮਿੰਟ ਪਹਿਲਾਂ ਜ਼ਰੂਰੀ ਹੈ ।
ਟੀਮਾਂ ਦੀ ਐਂਟਰੀ ਲਈ ਕਾਲ ਕਰ ਸਕਦੇ ਹੋ





ਇਸ ਟੂਰਨਾਮੈਂਟ ਦੀ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ ਅਤੇ ਜਗਦੀਪ ਬਿੰਦ ਕਰਨਗੇ

**ਹਰ ਪਾਸੇ ਸਿਕਿਊਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ**

Design & Print Quik Signs www.quiksigns.us *661-703-8795 *661-900-7357 singh_tanjit@yahoo.com or manmit5020@yahoo.com